

# Moving to Indiana?

**Contact Ray Dhaliwal @ 317-993-4987**

Helpful in Easy and Accessible Home Loans at best Interest Rates.

Listing and Selling Homes in Indianapolis Area.
Good relations with all the well reputed leading Builders in the Area.
Specialized in Pre-Sale homes for Investment and Residential purposes.

*Ray Dhaliwal*
*Real Estate Broker*

CENTURY 21 SCHEETZ
RAYD@C21Scheetz.com



Twenty-Fourth Year of Publication

ਨਿਊ ਯਾਰਕ ਐਡੀਸ਼ਨ Price 50¢

Email:punjabtimes1@gmail.com
www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 24, Issue 19, May 13 2023 | 20451 N. Plum Grove Rd., Palatine, IL 60074 | Ph:847-359-0746, Fax:847-705-9388


## ਦਰਬਾਰ ਸਾਹਿਬ ਨੇੜੇ ਧਮਾਕਿਆਂ ਪਿੱਛੋਂ ਹਾਈ ਅਲਰਟ

**ਅੰਮ੍ਰਿਤਸਰ:** ਸ੍ਰੀ ਦਰਬਾਰ ਸਾਹਿਬ ਨੇੜੇ ਹੈਰੀਟੇਜ ਸਟਰੀਟ ਵਿਚ ਸਿਰਫ 30 ਘੰਟਿਆਂ ਦੇ ਵਕਫ਼ੇ ਦੌਰਾਨ ਹੀ ਦੋ ਧਮਾਕਿਆਂ ਕਾਰਨ ਦਹਿਸ਼ਤ ਦਾ ਮਾਹੌਲ ਬਣ ਗਿਆ। ਇਨ੍ਹਾਂ ਧਮਾਕਿਆਂ ਵਿਚ ਕੁਝ ਲੋਕ ਜ਼ਖਮੀ ਹੋਏ ਹਨ ਹਾਲਾਂਕਿ ਜਾਨੀ ਨੁਕਸਾਨ ਤੋਂ ਬਚਾਅ ਹੋ ਗਿਆ। ਸ਼ੁਰੂ ਵਿਚ ਭਾਵੇਂ ਪੁਲਿਸ ਇਨ੍ਹਾਂ ਧਮਾਕਿਆਂ ਨੂੰ ਹੋਟਲ ਦੀ ਚਿਮਨੀ ਫਟਣ ਨਾਲ ਜੋੜਦੀ ਰਹੀ ਪਰ ਛੇਤੀ ਹੀ ਸਾਫ ਹੋ ਗਿਆ ਕਿ ਇਸ ਵਿਚ ਵਿਸਫੋਟਕ ਸਮੱਗਰੀ ਦੀ ਵਰਤੋਂ ਕੀਤੀ ਗਈ ਅਤੇ ਇਹ ਕੋਲਡ ਡਰਿੰਕ ਵਾਲੇ ਕੈਨ ਵਿਚ ਰੱਖੀ ਗਈ ਸੀ।



ਸ਼ੁਰੂਆਤੀ ਜਾਂਚ ਵਿਚ ਇਹ ਵੀ ਪਤਾ ਲੱਗਾ ਹੈ ਕਿ ਇਨ੍ਹਾਂ ਧਮਾਕਿਆਂ ਦਾ ਮਕਸਦ ਜਾਨੀ ਨੁਕਸਾਨ ਦੀ ਥਾਂ ਸਿਰਫ ਦਹਿਸ਼ਤ ਵਾਲਾ ਮਾਹੌਲ ਪੈਦਾ ਕਰਨਾ ਸੀ। ਫਿਲਹਾਲ ਇਸ ਮਾਮਲੇ ਦੀ ਜਾਂਚ ਲਈ ਕੇਂਦਰੀ ਏਜੰਸੀਆਂ ਵੀ ਸਰਗਰਮ ਹੋ ਗਈਆਂ ਹਨ। ਕੌਮੀ ਜਾਂਚ ਏਜੰਸੀ ਦੀ ਟੀਮ ਵੀ ਜਾਂਚ ਵਿਚ ਜੁਟੀ ਹੋਈ ਹੈ।

ਉਧਰ, ਇਨ੍ਹਾਂ ਧਮਾਕਿਆਂ ਪਿੱਛੋਂ ਪੰਜਾਬ ਪੁਲਿਸ ਹਾਈ ਅਲਰਟ ਉਤੇ ਹੈ। ਡੀ.ਜੀ.ਪੀ. ਗੌਰਵ ਯਾਦਵ ਦੀ ਅਗਵਾਈ ਹੇਠ ਪੰਜਾਬ ਪੁਲਿਸ ਨੇ ਸੂਬਾ ਪੱਧਰੀ ਅਪਰੇਸ਼ਨ 'ਓ.ਪੀ.ਐਸ. ਵਿਜੀਲ' ਚਲਾਇਆ ਗਿਆ। ਡੀ.ਜੀ.ਪੀ. ਗੌਰਵ ਯਾਦਵ ਦਾ ਕਹਿਣਾ ਹੈ ਕਿ ਏ.ਡੀ.ਜੀ.ਪੀ/ ਆਈ.ਜੀ.ਪੀ. ਰੈਂਕ ਦੇ ਅਧਿਕਾਰੀਆਂ ਦੀ ਨਿਗਰਾਨੀ ਹੇਠ ਪੁਲਿਸ ਟੀਮਾਂ ਵੱਲੋਂ ਰੇਲਵੇ ਸਟੇਸ਼ਨਾਂ, ਬੱਸ ਸਟੈਂਡਾਂ ਅਤੇ ਬਾਜ਼ਾਰਾਂ ਸਮੇਤ ਭੀੜ ਵਾਲੀਆਂ ਸਾਰੀਆਂ ਸੰਵੇਦਨਸ਼ੀਲ ਜਨਤਕ ਥਾਵਾਂ ਦੀ ਬਾਰੀਕੀ ਨਾਲ ਚੈਕਿੰਗ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਸੂਬਾ ਪੱਧਰੀ ਅਪਰੇਸ਼ਨ ਚਲਾਉਣ ਦਾ ਉਦੇਸ਼ ਲੋਕਾਂ ਵਿਚ ਵਿਸ਼ਵਾਸ ਵਧਾਉਣ ਦੇ ਨਾਲ-ਨਾਲ ਸਮਾਜ ਵਿਰੋਧੀ ਤੱਤਾਂ ਵਿਚ ਡਰ ਪੈਦਾ ਕਰਨ ਲਈ ਪੁਲਿਸ ਦੀ ਮੌਜੂਦਗੀ ਨੂੰ ਵਧਾਉਣਾ ਹੈ।

ਪੁਲਿਸ ਬਲਾਂ ਵੱਲੋਂ ਸ਼ੱਕੀ ਵਿਅਕਤੀਆਂ ਦੀ ਤਲਾਸ਼ੀ ਲਈ ਜਾ ਰਹੀ ਹੈ ਅਤੇ ਸੰਵੇਦਨਸ਼ੀਲ ਇਲਾਕਿਆਂ ਦੀ ਪੂਰੀ ਚੈਕਿੰਗ ਲਈ ਜਾ ਰਹੀ ਹੈ। ਪੁਲਿਸ ਟੀਮਾਂ ਵੱਖ-ਵੱਖ ਧਾਰਮਿਕ ਸਥਾਨਾਂ ਸਮੇਤ ਗੁਰਦੁਆਰਿਆਂ, ਮੰਦਰਾਂ, ਚਰਚਾਂ ਅਤੇ ਮਸਜਿਦਾਂ ਵਿਚ ਜਾ ਕੇ ਸੁਰੱਖਿਆ ਪ੍ਰਬੰਧਾਂ ਦਾ ਜਾਇਜ਼ਾ ਲੈਣਗੀਆਂ ਅਤੇ ਇਹ ਵੀ ਯਕੀਨੀ ਬਣਾਉਣਗੀਆਂ ਕਿ ਸਾਰੀਆਂ ਥਾਵਾਂ ਉਤੇ ਸੀ.ਸੀ.ਟੀ.ਵੀ. ਕੈਮਰੇ ਲਗਾਏ ਗਏ ਹਨ ਅਤੇ ਇਹ ਚੰਗੀ ਤਰ੍ਹਾਂ ਕੰਮ ਕਰ ਰਹੇ ਹਨ। ਪੁਲਿਸ ਟੀਮਾਂ ਵੱਲੋਂ ਸੰਵੇਦਨਸ਼ੀਲ ਖੇਤਰਾਂ ਵਿੱਚ ਫਲੈਗ ਮਾਰਚ ਕੱਢਿਆ ਜਾ ਰਿਹਾ ਹੈ।

ਉਧਰ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਨੂੰ ਆਉਂਦੇ ਵਿਰਾਸਤੀ ਮਾਰਗ ਉਤੇ ਹੋਏ ਧਮਾਕਿਆਂ ਮਗਰੋਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪੰਜਾਬ ਸਰਕਾਰ ਤੇ ਪੁਲਿਸ ਤੋਂ ਇਸ ਮਾਮਲੇ ਦੀ ਡੂੰਘਾਈ ਨਾਲ ਜਾਂਚ ਕੀਤੇ ਜਾਣ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਧਮਾਕਿਆਂ ਨਾਲ ਜੁੜਿਆ ਸੱਚ ਸਾਹਮਣੇ ਲਿਆਂਦਾ ਜਾਵੇ ਤਾਂ ਜੋ ਸ਼ਰਧਾਲੂ ਭੈਅ-ਮੁਕਤ ਹੋ ਕੇ ਗੁਰੂ ਘਰ ਆ ਸਕਣ।

ਉਨ੍ਹਾਂ ਕਿਹਾ ਕਿ ਸ੍ਰੀ ਹਰਿਮੰਦਰ ਸਾਹਿਬ ਸਿੱਖਾਂ ਦਾ ਕੇਂਦਰੀ ਅਸਥਾਨ ਹੈ ਜਿੱਥੇ ਨਾ ਸਿਰਫ ਸਿੱਖ ਸੰਗਤ ਨਤਮਸਤਕ ਹੋਣ ਆਉਂਦੀ ਹੈ ਸਗੋਂ ਦੇਸ਼ ਦੁਨੀਆ ਤੋਂ ਵੱਖ-ਵੱਖ ਧਰਮਾਂ, ਫਿਰਕਿਆਂ ਅਤੇ ਵਰਗਾਂ ਦੇ ਲੋਕ ਵੀ ਇੱਥੇ ਨਤਮਸਤਕ ਹੁੰਦੇ ਹਨ। ਦੋ ਦਿਨਾਂ ਅੰਦਰ ਵਾਪਰੀਆਂ ਧਮਾਕੇ ਦੀਆਂ ਘਟਨਾਵਾਂ ਨਾਲ ਸੰਗਤ ਦੇ ਮਨਾਂ ਅੰਦਰ ਕਈ ਤਰ੍ਹਾਂ ਦੇ ਸ਼ੰਕੇ ਅਤੇ ਸਵਾਲਾਂ ਦੇ ਨਾਲ ਭੈਅ ਵੀ ਪੈਦਾ ਹੋਇਆ ਹੈ ਜਿਸ ਬਾਰੇ ਪੰਜਾਬ ਸਰਕਾਰ ਨੂੰ ਸਥਿਤੀ ਸਪਸ਼ਟ ਕਰਨੀ ਚਾਹੀਦੀ ਹੈ।


***(ਬਾਕੀ ਸਫਾ 6 'ਤੇ)***


## ਕਿਸਾਨ ਜਥੇਬੰਦੀਆਂ ਦਾ ਦਿੱਲੀ ਵੱਲ ਮੁੜ ਕੂਚ



ਨਵੀਂ ਦਿੱਲੀ: ਜਿਨਸੀ ਸ਼ੋਸ਼ਣ ਮਾਮਲੇ ਵਿਚ ਪਹਿਲਵਾਨਾਂ ਵੱਲੋਂ ਜੰਤਰ-ਮੰਤਰ 'ਤੇ ਭਾਰਤੀ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਬ੍ਰਿਜ ਭੂਸ਼ਣ ਸ਼ਰਨ ਸਿੰਘ ਖ਼ਿਲਾਫ਼ ਕੀਤੇ ਜਾ ਰਹੇ ਪ੍ਰਦਰਸ਼ਨ ਨੂੰ ਕਿਸਾਨ ਜਥੇਬੰਦੀਆਂ ਅਤੇ ਖਾਪ ਪੰਚਾਇਤਾਂ ਦੀ ਹਮਾਇਤ ਪਿੱਛੋਂ ਇਕ ਵਾਰ ਫਿਰ ਦਿੱਲੀ ਦੀ 'ਘੇਰਾਬੰਦੀ' ਹੋਣ ਲੱਗੀ ਹੈ। ਖੇਤੀ ਕਾਨੂੰਨਾਂ ਖ਼ਿਲਾਫ਼ ਕਿਸਾਨ ਅੰਦੋਲਨ ਤੋਂ ਬਾਅਦ ਪਹਿਲੀ ਵਾਰ ਇਨ੍ਹਾਂ ਪ੍ਰਦਰਸ਼ਨ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਇਕੱਠ ਹੋਣਾ ਸ਼ੁਰੂ ਹੋ ਗਿਆ ਹੈ।

ਪੰਜਾਬ ਤੇ ਹਰਿਆਣਾ ਤੋਂ ਵੱਡੀ ਗਿਣਤੀ ਲੋਕ ਦਿੱਲੀ ਵੱਲ ਨੂੰ ਚਾਲੇ ਪਾ ਰਹੇ ਹਨ ਹਾਲਾਂਕਿ ਪੁਲਿਸ ਵੱਲੋਂ ਕਿਸਾਨਾਂ ਨੂੰ ਸਿੰਘੂ ਬਾਰਡਰ ਉਤੇ ਰੋਕਣ ਦੀ ਕੋਸ਼ਿਸ਼ ਕੀਤੀ ਗਈ ਪਰ ਪ੍ਰਦਰਸ਼ਨਕਾਰੀਆਂ ਨੇ ਪੁਲਿਸ ਵੱਲੋਂ ਲਾਈਆਂ ਰੋਕਾਂ ਤੋੜ ਦਿੱਤੀਆਂ। ਕਿਸਾਨ ਬੈਰੀਕੇਡਾਂ 'ਤੇ ਚੜ੍ਹ ਗਏ ਤੇ ਧਰਨੇ ਵਾਲੀ ਥਾਂ ਦਾਖਲ ਹੋਣ ਦੀ ਕੋਸ਼ਿਸ਼ ਕੀਤੀ। ਧਰਨਾਕਾਰੀ ਪਹਿਲਵਾਨਾਂ ਨਾਲ ਇੱਕਮੁੱਠਤਾ ਪ੍ਰਗਟਾਉਣ ਲਈ ਵੱਡੀ ਗਿਣਤੀ ਕਿਸਾਨ ਧਰਨੇ ਵਾਲੀ ਥਾਂ 'ਤੇ ਇਕੱਠੇ ਹੋਏ ਹਨ। ਕਿਸਾਨਾਂ ਨੇ ਕਈ ਬੈਰੀਕੇਡ ਘਸੀਟ ਕੇ ਪਾਸੇ ਕਰ ਦਿੱਤੇ। ਧਰਨੇ ਵਿਚ ਸ਼ਾਮਲ ਹੋਣ ਲਈ ਪੰਜਾਬ, ਹਰਿਆਣਾ ਤੇ ਉੱਤਰ ਪ੍ਰਦੇਸ਼ ਤੋਂ ਕਿਸਾਨ ਜੰਤਰ-ਮੰਤਰ ਵਿਖੇ ਪਹੁੰਚੇ। ਦਿੱਲੀ ਪੁਲਿਸ ਵੱਲੋਂ ਟਿਕਰੀ, ਸਿੰਘੂ ਤੇ ਗਾਜ਼ੀਪੁਰ ਬਾਰਡਰਾਂ ਉਪਰ ਚੌਕਸੀ ਵਧਾਉਣ ਕਰ ਕੇ ਕਿਸਾਨਾਂ ਨੇ ਹੁਣ ਰੇਲ ਗੱਡੀਆਂ ਰਾਹੀਂ ਦਿੱਲੀ ਦਾਖਲ ਹੋਣ ਦਾ ਰਾਹ ਚੁਣਿਆ ਹੈ। ਕਈ ਕਿਸਾਨ ਉਕਤ ਰਾਜਾਂ ਤੋਂ ਆਉਂਦੀਆਂ ਰੇਲਾਂ ਤੋਂ ਦਿੱਲੀ ਰੇਲਵੇ ਸਟੇਸ਼ਨਾਂ ਉਪਰ ਉਤਰਦੇ ਦੇਖੇ ਗਏ।

ਕਿਸਾਨ ਜਥੇਬੰਦੀਆਂ ਵੱਲੋਂ ਇਸ ਮਸਲੇ ਉਤੇ ਅੱਗੇ ਦੀ ਰਣਨੀਤੀ ਉਲੀਕੀ ਜਾ ਰਹੀ ਹੈ। ਕਿਸਾਨ ਜਥੇਬੰਦੀਆਂ ਵੀ ਕੇਂਦਰ ਸਰਕਾਰ ਵੱਲੋਂ ਵਾਅਦਿਆਂ ਤੋਂ ਮੁੱਕਰਨ ਖ਼ਿਲਾਫ਼ ਮੁੜ ਸੰਘਰਸ਼ ਵਿੱਢਣ ਦੀਆਂ ਲਗਾਤਾਰ ਚਿਤਾਵਨੀਆਂ ਦੇ ਰਹੀਆਂ ਸਨ, ਇਸ ਸੂਰਤ ਵਿਚ ਭਲਵਾਨਾਂ ਦੀ ਹਮਾਇਤ ਆਸਰੇ ਜਥੇਬੰਦੀਆਂ ਦਾ ਦਿੱਲੀ ਦਾਖਲ ਸਰਕਾਰ ਲਈ ਵੱਡੀ ਚੁਣੌਤੀ ਖੜ੍ਹੀ ਕਰ ਸਕਦਾ ਹੈ। ਪਹਿਲਵਾਨ 23 ਅਪਰੈਲ ਤੋਂ ਜੰਤਰ-ਮੰਤਰ 'ਤੇ ਧਰਨਾ ਲਾਈ ਬੈਠੇ ਹਨ। ਉਹ ਭਾਰਤੀ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਖ਼ਿਲਾਫ਼ ਜਿਨਸੀ ਸ਼ੋਸ਼ਣ ਦੇ ਦੋਸ਼ਾਂ ਨੂੰ ਲੈ ਕੇ ਕਾਰਵਾਈ ਦੀ ਮੰਗ ਕਰ ਰਹੇ ਹਨ। ਇਨ੍ਹਾਂ ਰੋਸ ਪ੍ਰਦਰਸ਼ਨਾਂ ਨੂੰ ਪੂਰੇ ਮੁਲਕ ਵਿਚ ਹਮਾਇਤ ਮਿਲ ਰਹੀ ਹੈ।





Personal Injury and Wrongful Death Attorneys

No Fees Unless Recovery for Your Injuries is Made
CONTACT US AT:
Phone: (510) 474-0028 • E-mail: info@thebainsfirm.com
www.thebainsfirm.com


*Personal Injury and Wrongful Death Attorneys*

**Case Results***

**$10 MILLION**
Motorcycle vs. Truck Collision

**$8 MILLION**
Wrongful Death

**$5.25 MILLION**
Traumatic Brain Injury



Offices in San Francisco and Union City

WILLIAM E. WEISS
Of Counsel



*ਬੌਬੀ ਸਿੰਘ*

ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ

(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418

*ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।*

ਪੰਜਾਬੀ ਭਰਾਵਾਂ ਦੀ ਸੇਵਾ 'ਚ ਹਰ ਪਲ ਹਾਜ਼ਰ

120-20 101 Ave. S. Richmond Hill, New York 11419

# ਖਾਪ ਪੰਚਾਇਤਾਂ ਤੇ ਕਿਸਾਨ ਜਥੇਬੰਦੀਆਂ ਪਹਿਲਵਾਨਾਂ ਦੀ ਹਮਾਇਤ ਵਿਚ ਨਿੱਤਰੀਆਂ

**ਨਵੀਂ ਦਿੱਲੀ:** ਦੇਸ਼ ਦੇ ਉੱਤਰੀ ਰਾਜਾਂ ਤੋਂ ਖਾਪ ਪੰਚਾਇਤਾਂ ਤੇ ਕਿਸਾਨ ਜਥੇਬੰਦੀਆਂ ਵੱਲੋਂ ਪਹਿਲਵਾਨਾਂ ਦੇ ਹੱਕ ਵਿਚ ਦਿੱਲੀ ਦੇ ਜੰਤਰ-ਮੰਤਰ ਦੇ ਧਰਨੇ ਵਿਚ ਸ਼ਾਮਲ ਹੋਣ ਦੇ ਐਲਾਨ ਮਗਰੋਂ ਦਿੱਲੀ ਪੁਲਿਸ ਨੇ ਜੰਤਰ-ਮੰਤਰ ਦੁਆਲੇ ਸੁਰੱਖਿਆ ਵਿਵਸਥਾ ਹੋਰ ਸਖਤ ਕਰ ਦਿੱਤੀ ਹੈ। ਨਵੀਂ ਦਿੱਲੀ ਦੇ ਇਸ ਅੰਦਰੂਨੀ ਇਲਾਕੇ ਵਿਚ ਅਰਧ ਸੈਨਿਕ ਬਲ ਸਮੇਤ ਦਿੱਲੀ ਪੁਲਿਸ ਦੇ ਜਵਾਨਾਂ ਨੇ ਚੌਕਸੀ ਵਧਾ ਦਿੱਤੀ ਹੈ। ਇਹ ਪਹਿਲਵਾਨ ਭਾਰਤੀ ਕੁਸ਼ਤੀ ਫੈੱਡਰੇਸ਼ਨ ਦੇ ਪ੍ਰਧਾਨ ਬ੍ਰਿਜਭੂਸ਼ਣ ਨੂੰ ਗ੍ਰਿਫਤਾਰ ਕਰਨ ਦੀ ਮੰਗ ਨੂੰ ਲੈ ਕੇ ਪ੍ਰਦਰਸ਼ਨ ਕਰ ਰਹੇ ਹਨ, ਬ੍ਰਿਜਭੂਸ਼ਣ ਉਤੇ ਕੁਝ ਖਿਡਾਰਨਾਂ ਨਾਲ ਜਿਨਸੀ ਸ਼ੋਸ਼ਣ ਦੇ ਦੋਸ਼ ਲੱਗੇ ਹਨ।



ਤਿੰਨ ਖੇਤੀ ਕਾਨੂੰਨ ਵਾਪਸ ਕਰਵਾਉਣ ਵਾਲੇ ਸੰਯੁਕਤ ਕਿਸਾਨ ਮੋਰਚੇ ਵੱਲੋਂ ਧਰਨੇ ਵਿਚ ਸ਼ਮੂਲੀਅਤ ਕੀਤੀ ਗਈ ਅਤੇ ਮੋਰਚੇ ਦੇ ਕਈ ਆਗੂਆਂ ਨੇ ਪਹਿਲਵਾਨਾਂ ਦੇ ਧਰਨੇ ਵਿਚ ਭਾਸ਼ਣ ਦਿੱਤੇ। ਪੁਲਿਸ ਅਧਿਕਾਰੀਆਂ ਵੱਲੋਂ ਦਿੱਲੀ ਦੇ ਸਿੰਘੂ, ਟਿਕਰੀ ਤੇ ਗਾਜ਼ੀਪੁਰ ਬਾਰਡਰਾਂ ਉਪਰ ਵੀ ਇਹਤਿਆਤ ਵਰਤੀ ਗਈ ਤੇ ਆਵਾਜਾਈ ਉਪਰ ਪੁਲਿਸ ਦੀ ਤਿੱਖੀ ਨਜ਼ਰ ਰਹੀ। ਖੁਫ਼ੀਆ ਵਿੰਗਾਂ ਦੇ ਅਧਿਕਾਰੀਆਂ ਨੇ ਵੀ ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਦੇ ਭਾਸ਼ਣਾਂ ਉੱਪਰ ਨਜ਼ਰ ਰੱਖੀ। ਪੁਲਿਸ ਵੱਲੋਂ ਅੱਥਰੂ ਗੈਸ ਦੇ ਗੋਲੇ ਦਾਗਣ ਵਾਲਾ ਦਸਤਾ ਵੀ ਧਰਨੇ ਨੇੜੇ ਤਾਇਨਾਤ ਕੀਤਾ ਹੋਇਆ ਹੈ। ਵੱਡੀ ਗਿਣਤੀ ਵਿਚ ਮਹਿਲਾ ਪੁਲਿਸ ਦੀ ਤਾਇਨਾਤੀ ਕੀਤੀ ਹੋਈ ਹੈ। ਜ਼ਿਕਰਯੋਗ ਹੈ ਕਿ ਭਾਰਤੀ ਕੁਸ਼ਤੀ ਫੈਡਰੇਸ਼ਨ ਦੇ ਮੁਖੀ ਬ੍ਰਿਜ ਭੂਸ਼ਣ ਸ਼ਰਨ ਸਿੰਘ ਵਿਰੁੱਧ 7 ਮਈ ਨੂੰ ਜੰਤਰ-ਮੰਤਰ 'ਤੇ ਪਹਿਲਵਾਨਾਂ ਦਾ ਪ੍ਰਦਰਸ਼ਨ ਜਾਰੀ ਰਿਹਾ।

ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ) ਦੇ ਕਾਰਕੁਨ ਦਿੱਲੀ ਪੁਲਿਸ ਦੀਆਂ ਰੋਕਾਂ ਨੂੰ ਪਾਰ ਕਰਦਿਆਂ ਪਹਿਲਵਾਨਾਂ ਦੇ ਜੰਤਰ-ਮੰਤਰ 'ਤੇ ਚਲ ਰਹੇ ਧਰਨੇ ਵਿਚ ਸ਼ਾਮਲ ਹੋਏ। ਪੁਲਿਸ ਨੇ ਪਹਿਲਾਂ ਉਨ੍ਹਾਂ ਨੂੰ ਟਿਕਰੀ ਬਾਰਡਰ ਉੱਪਰ ਹੀ ਰੋਕ ਲਿਆ। ਇਸ 'ਤੇ ਕਿਸਾਨਾਂ ਨੇ ਉਥੇ ਹੀ ਪੁਲਿਸ ਨਾਕੇ ਕੋਲ ਧਰਨਾ ਲਾ ਦਿੱਤਾ।

ਵੱਡੀ ਗਿਣਤੀ ਕਿਸਾਨ ਔਰਤਾਂ ਪੀਲੀਆਂ ਚੁੰਨੀਆਂ ਲੈ ਕੇ ਜਦੋਂ ਦਿੱਲੀ ਵੱਲ ਵਧਣ ਲੱਗੀਆਂ ਤਾਂ ਪੁਲਿਸ ਨਾਲ ਸ਼ਬਦੀ ਤਕਰਾਰ ਹੋਇਆ। ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ) ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਨੇ ਦੱਸਿਆ ਕਿ ਪੁਲਿਸ ਦਾ ਪਹਿਲਾ ਨਾਕਾ ਔਰਤਾਂ ਨੇ ਖੁਲ੍ਹਵਾਇਆ ਤੇ ਫਿਰ ਦਿੱਲੀ ਪੁਲਿਸ ਨੂੰ ਦੂਜਾ ਨਾਕਾ ਦਿੱਲੀ-ਬਹਾਦਰਗੜ੍ਹ ਰੋਡ ਉੱਪਰੋਂ ਖੋਲ੍ਹਣਾ ਪਿਆ। ਉਨ੍ਹਾਂ ਕਿਹਾ ਕਿ ਫਿਰ ਦਿੱਲੀ ਪੁਲਿਸ ਬੱਸਾਂ ਜੰਤਰ-ਮੰਤਰ ਦੇ ਇਲਾਕੇ ਵਿਚ ਦਾਖਲ ਕਰਨ ਤੋਂ ਮੁਨਕਰ ਹੋਣ ਲੱਗੀ। ਮਹਿਲਾ ਪਹਿਲਵਾਨਾਂ ਦੇ ਸੰਘਰਸ਼ 'ਚ ਸਾਥ ਦੇਣ ਆਈਆਂ ਉਗਰਾਹਾਂ ਯੂਨੀਅਨ ਦੀਆਂ ਮਹਿਲਾ ਆਗੂਆਂ ਹਰਿੰਦਰ ਕੌਰ ਬਿੰਦੂ ਤੇ ਸ਼ਿੰਗਾਰਾ ਸਿੰਘ ਮਾਨ ਨੇ ਪੁਲਿਸ ਨੂੰ ਚਿਤਾਵਨੀ ਦਿੱਤੀ ਕਿ ਬੱਸਾਂ ਨਾ ਜਾਣ ਦੀ ਸੂਰਤ ਵਿੱਚ ਯੂਨੀਅਨ ਦਿੱਲੀ ਦੀਆਂ ਸੜਕਾਂ ਤੋਂ ਪੈਦਲ ਮਾਰਚ ਕੱਢਦੀ ਹੋਈ ਜੰਤਰ-ਮੰਤਰ ਤੱਕ ਜਾਵੇਗੀ। ਇਸ ਮਗਰੋਂ ਦਿੱਲੀ ਪੁਲਿਸ ਦੇ ਅਧਿਕਾਰੀ ਢਿੱਲੇ ਪਏ ਤਾਂ ਕਾਰਕੁਨ ਧਰਨੇ ਵਿਚ ਸ਼ਾਮਲ ਹੋ ਸਕੇ।

ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਨੇ ਮਹਿਲਾ ਪਹਿਲਵਾਨਾਂ ਨਾਲ ਹੋਈ ਨਾਇਨਸਾਫ਼ੀ ਨੂੰ ਇਨਸਾਨੀਅਤ ਉਪਰ ਹਮਲਾ ਕਰਾਰ ਦਿੱਤਾ ਤੇ ਭਾਜਪਾ ਦੇ ਆਗੂਆਂ ਦੂਹਰੇ ਕਿਰਦਾਰ ਨੂੰ ਨੰਗਾ ਕੀਤਾ। ਉਨ੍ਹਾਂ ਕਿਹਾ ਕਿ ਸ਼ਾਹੀਨ ਬਾਗ਼ ਦੇ ਮੋਰਚੇ ਮੌਕੇ ਪੁਲਿਸ ਨੇ ਘੱਟ ਗਿਣਤੀਆਂ ਦੇ ਆਗੂਆਂ ਉਪਰ ਤਾਂ ਮਾਮਲੇ ਦਰਜ ਕੀਤੇ ਪਰ ਆਰ.ਐਸ.ਐਸ. ਦੇ ਫੁੱਟ ਪਾਊ ਬਿਆਨ ਦੇਣ ਵਾਲਿਆਂ ਨੂੰ ਕੁਝ ਨਹੀਂ ਕਿਹਾ। ਇਸੇ ਤਰ੍ਹਾਂ ਗੁਜਰਾਤ ਦੰਗਿਆਂ ਵਿਚ ਪਰਿਵਾਰ ਨੂੰ ਮਾਰਨ ਵਾਲਿਆਂ ਨੂੰ ਸਜ਼ਾ ਪੂਰੀ ਹੋਣ ਤੋਂ ਪਹਿਲਾਂ ਹੀ ਛੱਡ ਦਿੱਤਾ ਗਿਆ, ਸਗੋਂ ਦੋਸ਼ੀਆਂ ਦਾ ਸਵਾਗਤ ਵੀ ਕੀਤਾ ਗਿਆ। ਹਰਿੰਦਰ ਕੌਰ ਬਿੰਦੂ ਨੇ ਕਿਹਾ ਕਿ ਮਹਿਲਾ ਪਹਿਲਵਾਨਾਂ ਦੇ ਸ਼ੋਸ਼ਣ ਖ਼ਿਲਾਫ਼ ਦੇਸ਼ ਦੇ ਲੋਕ ਇੱਕਜੁੱਟ ਹੋਏ ਹਨ। ਉਨ੍ਹਾਂ ਕਿਹਾ ਕਿ ਹਰ ਅਦਾਰੇ ਵਿੱਚ ਔਰਤਾਂ ਦਾ ਸ਼ੋਸ਼ਣ ਹੁੰਦਾ ਹੈ ਤੇ ਸਦੀਆਂ ਤੋਂ ਉਹ ਭੁਗਤਦੀਆਂ ਹਨ ਪਰ ਮਹਿਲਾ ਪਹਿਲਵਾਨ ਬਾਹੂਬਲੀ ਸੰਸਦ ਮੈਂਬਰ ਬ੍ਰਿਜਭੂਸ਼ਣ ਨਾਲ ਲੜ ਰਹੀਆਂ ਹਨ।

### ਕਿਸਾਨ ਜਥੇਬੰਦੀਆਂ ਤੇ ਖਾਪਾਂ ਨੇ 21 ਮਈ ਤੱਕ ਅਲਟੀਮੇਟਮ ਦਿੱਤਾ

**ਨਵੀਂ ਦਿੱਲੀ:** ਪ੍ਰਦਰਸ਼ਨਕਾਰੀ ਪਹਿਲਵਾਨਾਂ ਦੇ ਹੱਕ 'ਚ ਹਜ਼ਾਰਾਂ ਦੀ ਗਿਣਤੀ 'ਚ ਖਾਪ ਨੇਤਾਵਾਂ ਅਤੇ ਕਿਸਾਨ ਜਥੇਬੰਦੀਆਂ ਨੇ ਇਕਜੁੱਟਤਾ ਦਾ ਹੁੰਗਾਰਾ ਦੇਣ ਦੇ ਨਾਲ-ਨਾਲ ਚਿਤਾਵਨੀ ਜਾਰੀ ਕਰਦਿਆਂ ਕਿਹਾ ਕਿ ਜੇਕਰ 21 ਮਈ ਤੱਕ ਭਾਰਤੀ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਬ੍ਰਿਜਭੂਸ਼ਣ ਨੂੰ ਗ੍ਰਿਫਤਾਰ ਨਾ ਕੀਤਾ ਗਿਆ ਤਾਂ ਇਹ ਅੰਦੋਲਨ ਹੋਰ ਤਿੱਖਾ ਕੀਤਾ ਜਾਵੇਗਾ ਤੇ ਵੱਡਾ ਫੈਸਲਾ ਲਿਆ ਜਾਵੇਗਾ।

# ਪਾਠਕ੍ਰਮ ਵਿਚੋਂ ਸਾਜ਼ਿਸ਼ ਤਹਿਤ ਹਟਾਇਆ ਜਾ ਰਿਹਾ ਹੈ ਸਿੱਖ ਇਤਿਹਾਸ: ਸੰਧਵਾਂ

**ਮੁਹਾਲੀ:** ਰਾਮਗੜ੍ਹੀਆ ਸਭਾ ਮੁਹਾਲੀ ਵੱਲੋਂ ਇਥੋਂ ਦੇ ਫੇਜ਼-3ਬੀ-1 ਸਥਿਤ ਰਾਮਗੜ੍ਹੀਆ ਭਵਨ ਵਿਚ ਸਿੱਖ ਰਾਜ ਦੇ ਉਸਰਈਏ ਅਤੇ 18ਵੀਂ ਸਦੀ ਦੇ ਮਹਾਨ ਜਰਨੈਲ ਜੱਸਾ ਸਿੰਘ ਰਾਮਗੜ੍ਹੀਆ ਦੇ 300ਵੇਂ ਜਨਮ ਦਿਹਾੜੇ ਨੂੰ ਸਮਰਪਿਤ ਸਮਾਰੋਹ ਕਰਵਾਇਆ ਗਿਆ। ਇਸ ਸਮਾਗਮ ਵਿਚ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ।

ਸ੍ਰੀ ਸੰਧਵਾਂ ਨੇ ਕਿਹਾ ਕਿ ਵਿਦਿਆਰਥੀਆਂ ਨੂੰ ਆਪਣੇ ਸ਼ਾਨਾਮੱਤੇ ਇਤਿਹਾਸ ਤੋਂ ਵਿਰਵੇ ਕਰਨ ਲਈ ਸਕੂਲ ਪਾਠਕ੍ਰਮ ਵਿਚੋਂ ਡੂੰਘੀ ਸਾਜ਼ਿਸ਼ ਤਹਿਤ ਖ਼ਾਸ ਕਰ ਕੇ ਸਿੱਖ ਇਤਿਹਾਸ ਨਾਲ ਸਬੰਧਤ ਘਟਨਾਵਾਂ ਨੂੰ ਹਟਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਰਬਾਬ ਤੋਂ ਰਣਜੀਤ ਨਗਾੜੇ ਤੱਕ ਦੇ ਸਿੱਖ ਇਤਿਹਾਸ ਨਾਲ ਵਿਦਿਆਰਥੀਆਂ ਨੂੰ ਜੋੜ ਕੇ ਰੱਖਣਾ ਸਮੇਂ ਦੀ ਮੁੱਖ ਲੋੜ ਹੈ। ਉਨ੍ਹਾਂ ਕਿਹਾ ਕਿ ਆਪਣੇ ਇਤਿਹਾਸ ਅਤੇ ਗੁਰਬਾਣੀ ਨਾਲ ਜੁੜ ਕੇ ਜੇਕਰ ਬੱਚੇ ਚੰਗੇ ਇਨਸਾਨ ਬਣ ਗਏ ਤਾਂ ਜ਼ਿੰਦਗੀ ਦੇ ਬਾਕੀ ਪੜਾਅ ਵੀ ਉਹ ਸੁਖਾਲਿਆਂ ਤੈਅ ਕਰ ਸਕਣਗੇ। ਜੱਸਾ ਸਿੰਘ ਰਾਮਗੜ੍ਹੀਆ ਦੀ ਗੁਰੂ ਘਰ ਲਈ ਨਿਸ਼ਕਾਮ ਸੇਵਾ ਦਾ ਜ਼ਿਕਰ ਕਰਦਿਆਂ ਸ੍ਰੀ ਸੰਧਵਾਂ ਨੇ ਕਿਹਾ, ''ਲਾਲ ਕਿਲ੍ਹਾ ਫਤਹਿ ਕਰਨ ਮਗਰੋਂ ਉਨ੍ਹਾਂ ਗੁਰੂ ਘਰਾਂ ਨੂੰ ਉਸਾਰਨ ਵੱਲ ਤਰਜੀਹ ਦਿੱਤੀ ਅਤੇ ਉਨ੍ਹਾਂ ਜਿਹੇ ਸੂਰਬੀਰਾਂ ਦੀ ਬਹਾਦਰੀ ਨੇ ਸਾਨੂੰ ਸਦਾ ਦੇਸ਼ ਲਈ ਨਿਰਸਵਾਰਥ ਕੁਰਬਾਨੀਆਂ ਦੇਣ ਲਈ ਪ੍ਰੇਰਿਆ ਹੈ। ਇਹ ਸਾਡੇ ਲਈ ਮਾਣ ਵਾਲੀ ਗੱਲ ਹੈ ਕਿ ਅਸੀਂ ਅਜਿਹੀ ਸ਼ਾਨਦਾਰ ਵਿਰਾਸਤ ਦੇ ਵਾਰਿਸ ਹਾਂ, ਜਿਸ ਦੀ ਦੁਨੀਆਂ ਵਿੱਚ ਕੋਈ ਮਿਸਾਲ ਨਹੀਂ।'' ਇਸ ਮੌਕੇ ਸਪੀਕਰ ਨੇ ਗੁਰਦੁਆਰੇ ਦੇ ਪ੍ਰਬੰਧ ਹੋਰ ਵਧੀਆ ਢੰਗ ਨਾਲ ਚਲਾਉਣ ਲਈ ਦੋ ਲੱਖ ਰੁਪਏ ਦੀ ਗਰਾਂਟ ਦੇਣ ਦਾ ਐਲਾਨ ਵੀ ਕੀਤਾ।

# ਪਰਮਜੀਤ ਸਿੰਘ ਪੰਜਵੜ ਦੀ ਲਾਹੌਰ ਵਿਚ ਹੱਤਿਆ

**ਲਾਹੌਰ:** ਖਾਲਿਸਤਾਨੀ ਪਰਮਜੀਤ ਸਿੰਘ ਪੰਜਵੜ ਦੀ ਲਾਹੌਰ ਵਿਚ ਸਵੇਰੇ ਦੋ ਅਣਪਛਾਤੇ ਹਮਲਾਵਰਾਂ ਨੇ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ। ਦੱਸਣਯੋਗ ਹੈ ਕਿ ਪੰਜਵੜ (63) ਪਾਬੰਦੀਸ਼ੁਦਾ 'ਖਾਲਿਸਤਾਨ ਕਮਾਂਡੋ ਫੋਰਸ-ਪੰਜਵੜ ਗਰੁੱਪ' ਦੀ ਅਗਵਾਈ ਕਰ ਰਿਹਾ ਸੀ ਤੇ ਨਸ਼ਿਆਂ-ਹਥਿਆਰਾਂ ਦੀ ਤਸਕਰੀ ਅਤੇ ਹੋਰ ਦਹਿਸ਼ਤੀ ਗਤੀਵਿਧੀਆਂ ਵਿਚ ਸ਼ਾਮਲ ਸੀ।




ਉਸ ਨੂੰ ਭਾਰਤ ਵਿਚ ਯੂ.ਏ.ਪੀ.ਏ. ਕਾਨੂੰਨ ਤਹਿਤ 2020 ਵਿਚ ਅਤਿਵਾਦੀ ਗਰਦਾਨਿਆ ਗਿਆ ਸੀ। ਵੇਰਵਿਆਂ ਮੁਤਾਬਕ ਸਵੇਰੇ ਜਦ ਉਹ ਲਾਹੌਰ ਵਿਚ ਜੌਹਰ ਨਿਆਜ਼ ਬੇਗ ਨੇੜੇ ਨਵਾਬ ਕਸਬੇ ਦੀ 'ਸਨ ਫਲਾਵਰ ਹਾਊਸਿੰਗ ਸੁਸਾਇਟੀ' ਦੇ ਪਾਰਕ ਵਿਚ ਆਪਣੇ ਗਾਰਡ ਨਾਲ ਮੌਜੂਦ ਸੀ ਤਾਂ ਦੋ ਜਣਿਆਂ ਨੇ ਉਸ ਉਤੇ ਗੋਲੀ ਚਲਾ ਦਿੱਤੀ। ਪਾਕਿਸਤਾਨ ਦੀ ਪੰਜਾਬ ਪੁਲਿਸ ਦੇ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਹਮਲਾਵਰ ਮੌਕੇ ਤੋਂ ਮੋਟਰਸਾਈਕਲ ਉਤੇ ਭੱਜ ਗਏ। ਜਾਣਕਾਰੀ ਮੁਤਾਬਕ ਪੰਜਵੜ ਇਸੇ ਸੁਸਾਇਟੀ ਵਿਚ ਰਹਿ ਰਿਹਾ ਸੀ। ਉਸ ਨੂੰ ਤੁਰਤ ਹਸਪਤਾਲ ਲਿਜਾਇਆ ਗਿਆ ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਗਾਰਡ ਦੇ ਵੀ ਗੋਲੀਆਂ ਲੱਗੀਆਂ ਹਨ ਤੇ ਹਾਲਤ ਗੰਭੀਰ ਹੈ। ਅਧਿਕਾਰੀ ਨੇ ਦੱਸਿਆ ਕਿ ਹਮਲਾਵਰ ਨੇ ਪੰਜਵੜ ਦੇ ਸਿਰ ਵਿਚ ਗੋਲੀ ਮਾਰੀ। ਭਾਰਤ ਵਿਚਲੀਆਂ ਕਈ ਸਿੱਖ ਜਥੇਬੰਦੀਆਂ ਨੇ ਵੀ ਇਸ ਘਟਨਾ ਦੀ ਪੁਸ਼ਟੀ ਕੀਤੀ ਹੈ। ਦਲ ਖਾਲਸਾ ਜਥੇਬੰਦੀ ਨੇ ਆਪਣੇ ਸੋਸ਼ਲ ਮੀਡੀਆ ਪੇਜ ਉੱਤੇ ਇਸ ਘਟਨਾ ਦੀ ਪੁਸ਼ਟੀ ਕੀਤੀ ਹੈ। ਸੰਨ 1986 'ਚ ਪੰਜਵੜ ਖਾਲਿਸਤਾਨ ਕਮਾਂਡੋ ਫੋਰਸ (ਕੇ.ਸੀ.ਐਫ.) ਵਿਚ ਸ਼ਾਮਲ ਹੋ ਗਿਆ ਸੀ। ਮਗਰੋਂ ਉਹ ਇਸੇ ਸੰਗਠਨ ਦੀ ਅਗਵਾਈ ਕਰਨ ਲੱਗਾ ਤੇ ਪਾਕਿਸਤਾਨ ਚਲਾ ਗਿਆ। ਕੇ.ਸੀ.ਐਫ. 'ਤੇ ਵੀ ਭਾਰਤ ਵਿਚ ਯੂ.ਏ.ਪੀ.ਏ. ਕਾਨੂੰਨ ਤਹਿਤ ਪਾਬੰਦੀ ਲੱਗੀ ਹੋਈ ਹੈ। ਪੰਜਵੜ ਹਾਲਾਂਕਿ ਪਿਛਲੇ ਕਈ ਸਾਲਾਂ ਤੋਂ ਸਰਗਰਮ ਨਹੀਂ ਸੀ, ਪਰ ਲਾਹੌਰ ਉਸ ਦੀਆਂ ਗਤੀਵਿਧੀਆਂ ਦਾ ਕੇਂਦਰ ਰਿਹਾ ਤੇ ਉਹ ਪਾਕਿਸਤਾਨ ਵਿਚ ਨੌਜਵਾਨਾਂ ਨੂੰ ਹਥਿਆਰਾਂ ਦੀ ਸਿਖਲਾਈ ਦੇਣ ਵਿਚ ਵੀ ਸ਼ਾਮਲ ਰਿਹਾ। ਕੇਂਦਰੀ ਗ੍ਰਹਿ ਮੰਤਰਾਲੇ ਦੀ ਰਿਪੋਰਟ ਮੁਤਾਬਕ ਉਹ ਹਥਿਆਰ-ਅਸਲਾ ਸਪਲਾਈ ਕਰਨ ਤੇ ਮਗਰੋਂ ਭਾਰਤ ਵਿਚ ਘੁਸਪੈਠ ਕਰਵਾ ਕੇ 'ਵੀ.ਆਈ.ਪੀਜ਼' ਅਤੇ ਕਈ ਅਹਿਮ ਟਿਕਾਣਿਆਂ ਨੂੰ ਨਿਸ਼ਾਨਾ ਬਣਾਉਣ ਵਿਚ ਵੀ ਸ਼ਾਮਲ ਰਿਹਾ। ਉਸ ਨੇ 'ਰੇਡੀਓ ਪਾਕਿਸਤਾਨ' ਉਤੇ ਕਈ ਪ੍ਰੋਗਰਾਮ ਵੀ ਕੀਤੇ।

# ਨਸ਼ਿਆਂ ਵਿਰੁੱਧ ਕੇਸ 'ਚ ਤਿੰਨ ਮੁਲਜ਼ਮਾਂ ਦੀ ਗ੍ਰਿਫਤਾਰੀ ਬਾਕੀ

**ਚੰਡੀਗੜ੍ਹ:** ਸਾਬਕਾ ਵਿਧਾਇਕ ਬਿਕਰਮ ਸਿੰਘ ਮਜੀਠੀਆ ਖਿਲਾਫ ਐਨ.ਡੀ.ਪੀ.ਐਸ. ਐਕਟ ਤਹਿਤ ਕੇਸ ਦਰਜ ਕੀਤੇ ਜਾਣ ਤੋਂ ਇਕ ਸਾਲ ਬਾਅਦ ਪੰਜਾਬ ਸਰਕਾਰ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੂੰ ਦੱਸਿਆ ਕਿ ਇਸ ਕੇਸ ਦੇ ਤਿੰਨ ਮੁਲਜ਼ਮ ਅਜੇ ਗ੍ਰਿਫਤਾਰ ਕੀਤੇ ਜਾਣੇ ਬਾਕੀ ਹਨ। ਪੁਲਿਸ ਦੇ ਏ.ਆਈ.ਜੀ. ਵੱਲੋਂ ਦਾਇਰ ਕੀਤੇ ਹਲਫ਼ਨਾਮੇ 'ਚ ਅਦਾਲਤ ਨੂੰ ਦੱਸਿਆ ਕਿ ਨਸ਼ਾ ਤਸਕਰੀ 'ਚ ਸਿੱਧੇ ਜਾਂ ਅਸਿੱਧੇ ਢੰਗ ਨਾਲ ਸ਼ਾਮਲ ਸਾਰੇ ਪੁਲਿਸ ਅਫਸਰਾਂ ਦੀ ਭੂਮਿਕਾ ਦੀ ਵੀ ਜਾਂਚ ਕੀਤੀ ਜਾਵੇਗੀ ਤੇ ਇਹ ਜਾਂਚ ਇਕ ਮਹੀਨੇ ਅੰਦਰ ਮੁਕੰਮਲ ਕਰ ਲਈ ਜਾਵੇਗੀ। ਉਨ੍ਹਾਂ ਕਿਹਾ, 'ਇਸ ਜਾਂਚ ਪ੍ਰਕਿਰਿਆ ਦੌਰਾਨ ਸਿਟ ਦੀਆਂ ਸਾਰੀਆਂ ਤਿੰਨੇ ਰਿਪੋਰਟਾਂ ਨੂੰ ਧਿਆਨ 'ਚ ਰੱਖਿਆ ਜਾਵੇਗਾ।' ਜਦੋਂ ਨਸ਼ਿਆਂ ਨਾਲ ਸਬੰਧਤ ਕੇਸ ਦੀ ਸੁਣਵਾਈ ਸ਼ੁਰੂ ਹੋਈ ਤਾਂ ਬੈਂਚ ਨੂੰ ਦੱਸਿਆ ਕਿ ਵਿਸ਼ੇਸ਼ ਟਾਸਕ ਫੋਰਸ ਦੇ ਮੁਖੀ ਵੱਲੋਂ ਪੇਸ਼ ਇਕ ਰਿਪੋਰਟ 'ਚ ਜ਼ਿਕਰ ਕੀਤੀਆਂ ਛੇ ਐਫ.ਆਈ.ਆਰਜ਼ 'ਚ ਜਿਨ੍ਹਾਂ 12 ਮੁਲਜ਼ਮਾਂ ਦੇ ਨਾਂ ਸ਼ਾਮਲ ਹਨ, ਉਨ੍ਹਾਂ ਦੀ ਹਵਾਲਗੀ ਦੀ ਕਾਰਵਾਈ ਸ਼ੁਰੂ ਕੀਤੀ ਗਈ ਹੈ।

ਜਸਟਿਸ ਜੀ.ਐਸ. ਸੰਧਾਵਾਲੀਆ ਤੇ ਜਸਟਿਸ ਹਰਪ੍ਰੀਤ ਕੌਰ ਜੀਵਨ ਦੇ ਬੈਂਚ ਅੱਗੇ ਪੇਸ਼ ਕੀਤੇ ਗਏ ਹਲਫ਼ਨਾਮੇ ਵਿਚ ਪੰਜਾਬ ਦੇ ਵਧੀਕ ਐਡਵੋਕੇਟ ਜਨਰਲ ਗੌਰਵ ਗਰਗ ਧੂਰੀਵਾਲਾ ਨੇ ਕਿਹਾ ਕਿ ਰਿਪੋਰਟ ਵਿਚ ਨਸ਼ਰ ਕੀਤੇ ਤੱਥਾਂ ਦੇ ਆਧਾਰ 'ਤੇ 20 ਦਸੰਬਰ 2021 ਨੂੰ ਬਿਕਰਮ ਸਿੰਘ ਮਜੀਠੀਆ ਖਿਲਾਫ ਮੁਹਾਲੀ ਦੇ ਥਾਣੇ 'ਚ ਕੇਸ ਦਰਜ ਕੀਤਾ ਗਿਆ ਸੀ। ਇਸ ਕੇਸ ਵਿਚ ਤਿੰਨ ਹੋਰ ਵਿਅਕਤੀ ਸਤਪ੍ਰੀਤ ਸਿੰਘ ਉਰਫ ਸੱਤਾ, ਪਰਮਿੰਦਰ ਸਿੰਘ ਉਰਫ ਪਿੰਦੀ ਅਤੇ ਅਮਰਿੰਦਰ ਸਿੰਘ ਛੀਨਾ ਉਰਫ ਲਾਡੀ ਛੀਨਾ ਨੂੰ ਮੁਲਜ਼ਮਾਂ ਵਜੋਂ ਨਾਮਜ਼ਦ ਕੀਤਾ ਗਿਆ ਸੀ। ਉਨ੍ਹਾਂ ਦੱਸਿਆ ਕਿ 24 ਫਰਵਰੀ 2022 ਨੂੰ ਗ੍ਰਿਫਤਾਰ ਕੀਤੇ ਗਏ ਬਿਕਰਮ ਸਿੰਘ ਮਜੀਠੀਆ ਨੂੰ 10 ਅਗਸਤ 2022 ਨੂੰ ਹਾਈ ਕੋਰਟ ਤੋਂ ਜ਼ਮਾਨਤ ਮਿਲ ਗਈ ਸੀ ਜਦਕਿ ਬਾਕੀ ਰਹਿੰਦੇ ਤਿੰਨ ਮੁਲਜ਼ਮ ਅਜੇ ਗ੍ਰਿਫਤਾਰ ਕੀਤੇ ਜਾਣੇ ਬਾਕੀ ਹਨ। ਉਹ ਸਾਰੇ ਇਸ ਸਮੇਂ ਕੈਨੇਡਾ ਰਹਿ ਰਹੇ ਹਨ।

# ਮਾਫੀਆ ਰਾਜ ਖਾਤਮ ਹੋਣ ਦਾ ਦਾਅਵਾ

**ਜਲੰਧਰ:** ਪੰਜਾਬ ਦੇ ਵਿੱਤ ਮੰਤਰੀ ਹਰਪਾਲ ਚੀਮਾ ਨੇ ਕਿਹਾ ਕਿ ਪੰਜਾਬ ਵਿਚ ਪਹਿਲੀ ਵਾਰ ਲੋਕਾਂ ਨੇ ਤੀਜੀ ਧਿਰ ਦਾ ਮੁੱਖ ਮੰਤਰੀ ਚੁਣਿਆ ਤੇ ਉਹ ਵੀ ਇਤਿਹਾਸਕ ਬਹੁਮਤ ਨਾਲ। ਹੁਣ 'ਆਪ' ਸਰਕਾਰ ਅਤੇ ਮੁੱਖ ਮੰਤਰੀ ਭਗਵੰਤ ਮਾਨ ਲੋਕਾਂ ਉਮੀਦਾਂ 'ਤੇ ਖਰੇ ਉਤਰ ਰਹੇ ਹਨ।

'ਆਪ' ਦੇ ਸੀਨੀਅਰ ਆਗੂ ਤੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਅਰਵਿੰਦ ਕੇਜਰੀਵਾਲ ਤੇ 'ਆਪ' ਪਾਰਟੀ ਦਾ ਇਕੋ ਉਦੇਸ਼ ਇਮਾਨਦਾਰ ਰਾਜਨੀਤੀ ਹੈ। ਪਾਰਟੀ ਭ੍ਰਿਸ਼ਟਾਚਾਰ ਵਿਰੋਧੀ ਲਹਿਰ ਵਿਚੋਂ ਪੈਦਾ ਹੋਈ ਸੀ। ਸ੍ਰੀ ਚੀਮਾ ਨੇ ਕਿਹਾ ਕਿ ਪੰਜਾਬ ਵਿਚ ਇਮਾਨਦਾਰ ਸਰਕਾਰ ਕਰ ਕੇ ਸੂਬੇ ਦੇ ਸਮੁੱਚੇ ਮਾਲੀਏ ਵਿਚ ਚੋਖਾ ਵਾਧਾ ਹੋਇਆ ਹੈ। ਪਿਛਲੇ ਸਾਲ ਦੇ ਮੁਕਾਬਲੇ ਇਸ ਸਾਲ ਜੀ.ਐਸ.ਟੀ. ਮਾਲੀਏ ਵਿਚ ਵੱਡਾ ਵਾਧਾ ਹੋਇਆ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੇ ਹੁਣ ਸੂਬੇ ਵਿਚੋਂ ਮਾਫੀਆ ਦਾ ਖਾਤਮਾ ਕਰ ਦਿੱਤਾ ਹੈ। ਸ੍ਰੀ ਚੀਮਾ ਨੇ ਕਿਹਾ ਕਿ 'ਆਪ' ਸਰਕਾਰ ਨੇ ਦੋ ਬਜਟ ਪੇਸ਼ ਕੀਤੇ ਹਨ ਪਰ ਕੋਈ ਵੀ ਨਵਾਂ ਟੈਕਸ ਨਹੀਂ ਲਗਾਇਆ। ਇਸ ਦੇ ਬਾਵਜੂਦ ਮਾਲੀਏ ਵਿਚ ਸ਼ਲਾਘਾਯੋਗ ਵਾਧਾ ਹੋਣ ਦਾ ਮਤਲਬ ਹੈ ਕਿ ਇਮਾਨਦਾਰ ਸਰਕਾਰ ਤੇ ਲੋਕਾਂ ਦੇ ਸਹਿਯੋਗ ਨਾਲ ਸਭ ਕੁਝ ਸੰਭਵ ਹੈ।

## ਫਿਲਮ ਨਿਰਦੇਸ਼ਕ ਅਤੇ ਉੱਘੇ ਨਾਵਲਕਾਰ ਬੂਟਾ ਸਿੰਘ ਸ਼ਾਦ ਨਹੀਂ ਰਹੇ

**ਬਠਿੰਡਾ:** ਮਸ਼ਹੂਰ ਫਿਲਮ ਨਿਰਦੇਸ਼ਕ ਬੂਟਾ ਸਿੰਘ ਸ਼ਾਦ ਦਾ ਹਰਿਆਣਾ ਦੇ ਸਿਰਸਾ ਜ਼ਿਲ੍ਹੇ ਦੀ ਤਹਿਸੀਲ ਏਲਨਾਬਾਦ ਦੇ ਪਿੰਡ ਕੁਮਥਲਾ ਵਿਖੇ ਦੇਹਾਂਤ ਹੋ ਗਿਆ। ਬੂਟਾ ਸਿੰਘ ਸ਼ਾਦ ਦਾ ਪੂਰਾ ਪਰਿਵਾਰ ਬਠਿੰਡਾ ਜ਼ਿਲ੍ਹੇ ਦੇ ਪਿੰਡ ਦਾਨ ਸਿੰਘ ਵਾਲਾ ਨੂੰ ਛੱਡ ਕੇ ਹਰਿਆਣਾ ਦੇ ਸਿਰਸਾ ਜ਼ਿਲ੍ਹੇ ਦੇ ਪਿੰਡ ਕੁਮਥਲਾ ਵਿਚ ਰਹਿਣ ਲੱਗ ਪਿਆ ਸੀ। ਬੂਟਾ ਸਿੰਘ ਨੇ ਫਿਲਮ ਸਿਟੀ ਮੁੰਬਈ ਵਿਚ ਰਹਿ ਕੇ ਕਈ ਫਿਲਮਾਂ ਬਣਾਈਆਂ ਅਤੇ ਉਨ੍ਹਾਂ ਦਾ ਨਿਰਦੇਸ਼ਨ ਕੀਤਾ। ਸ਼ੁਰੂ ਵਿਚ ਪ੍ਰਕਾਸ਼ਿਤ ਹੋਈ ਉਨ੍ਹਾਂ ਦੀ ਮੋਰਨੀ ਕਹਾਣੀ ਬਹੁਤ ਮਸ਼ਹੂਰ ਹੋਈ, ਜਿਸ ਕਾਰਨ ਉਨ੍ਹਾਂ ਨੂੰ ਬੂਟਾ ਸਿੰਘ ਸ਼ਾਦ ਮੋਰਨੀ ਵਾਲਾ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਸੀ। ਉਨ੍ਹਾਂ 35 ਨਾਵਲ ਵੀ ਲਿਖੇ, ਜੋ ਬਹੁਤ ਪ੍ਰਸਿੱਧ ਹੋਏ। ਪਿਛਲੇ ਕਾਫੀ ਸਮੇਂ ਤੋਂ ਉਹ ਏਲਨਾਬਾਦ ਨੇੜੇ ਪਿੰਡ ਕੁਮਥਲਾ ਵਿਚ ਆਪਣੇ ਪਰਿਵਾਰ ਕੋਲ ਰਹਿ ਰਹੇ ਸਨ।

# ਨਿਯੁਕਤੀ ਪੱਤਰ ਵਾਲੇ ਅਧਿਆਪਕਾਂ ਵੱਲੋਂ ਪੱਕਾ ਮੋਰਚਾ ਸ਼ੁਰੂ

**ਸ੍ਰੀ ਆਨੰਦਪੁਰ ਸਾਹਿਬ:** ਸਕੂਲਾਂ ਵਿਚ ਜੁਆਇਨਿੰਗ ਨੂੰ ਲੈ ਕੇ 4161 ਮਾਸਟਰ ਕੇਡਰ ਯੂਨੀਅਨ ਵੱਲੋਂ ਆਗੂਆਂ ਗੁਰਮੇਲ ਸਿੰਘ ਕੁਲਰੀਆਂ ਅਤੇ ਰਸਪਾਲ ਜਲਾਲਾਬਾਦ ਦੀ ਅਗਵਾਈ ਹੇਠ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੇ ਪਿੰਡ ਗੰਭੀਰਪੁਰ ਵਿਚ ਅਣਮਿੱਥੇ ਸਮੇਂ ਲਈ ਧਰਨੇ ਦੀ ਸ਼ੁਰੂਆਤ ਕੀਤੀ ਗਈ। ਇਸ ਧਰਨੇ ਦੀ ਹਮਾਇਤ ਜੀ.ਟੀ.ਯੂ. ਦੇ ਜਰਨਲ ਸਕੱਤਰ ਗੁਰਵਿੰਦਰ ਸਿੰਘ ਸਸਕੌਰ, ਡੀ.ਟੀ.ਐਫ. ਦੇ ਆਗੂ ਅਤੇ ਕਿਸਾਨ ਜਥੇਬੰਦੀਆਂ ਦੇ ਆਗੂਆਂ ਵੱਲੋਂ ਵੀ ਕੀਤੀ ਜਾ ਰਹੀ ਹੈ। ਇਸ ਮੌਕੇ ਇਕੱਤਰ ਯੂਨੀਅਨ ਦੇ ਮੈਂਬਰਾਂ ਨੇ ਦੱਸਿਆ ਕਿ ਉਨ੍ਹਾਂ ਦੀ ਇਕੋ-ਇਕ ਮੰਗ ਹੈ ਕਿ ਇਸੇ ਹਫਤੇ 4161 ਚੁਣੇ ਹੋਏ ਉਮੀਦਵਾਰਾਂ ਨੂੰ ਸਕੂਲਾਂ ਵਿਚ ਜੁਆਇਨ ਕਰਵਾਇਆ ਜਾਵੇ।



ਯੂਨੀਅਨ ਦੇ ਮੈਂਬਰਾਂ ਨੇ ਕਿਹਾ ਕਿ ਪਿਛਲੇ ਦਿਨੀਂ ਅਪਰੈਲ ਮਹੀਨੇ ਵਿਚ ਸਿੱਖਿਆ ਮੰਤਰੀ ਹਰਜੋਤ ਬੈਂਸ ਵੱਲੋਂ ਚੰਡੀਗੜ੍ਹ ਵਿਚ ਯੂਨੀਅਨ ਦੇ ਆਗੂਆਂ ਨਾਲ ਮੀਟਿੰਗ ਕੀਤੀ ਗਈ ਸੀ, ਜਿਸ ਵਿਚ ਭਰੋਸਾ ਦਿੱਤਾ ਗਿਆ ਸੀ ਕਿ ਮਈ ਦੇ ਪਹਿਲੇ ਹਫਤੇ ਚੁਣੇ ਹੋਏ ਉਮੀਦਵਾਰਾਂ ਨੂੰ ਟਰੇਨਿੰਗ ਲਗਾ ਕੇ ਸਕੂਲਾਂ ਵਿਚ ਭੇਜ ਦਿੱਤਾ ਜਾਵੇਗਾ। ਇਨ੍ਹਾਂ ਅਧਿਆਪਕਾਂ ਨੇ ਕਿਹਾ ਕਿ ਸਿੱਖਿਆ ਮੰਤਰੀ ਨੇ ਜਲੰਧਰ ਵਿਚ ਇਕ ਪ੍ਰੈਸ ਕਾਨਫਰੰਸ ਵਿਚ ਵੀ ਇਹ ਐਲਾਨ ਕੀਤਾ ਸੀ ਕਿ ਮਈ ਦੇ ਪਹਿਲੇ ਹਫਤੇ 4161 ਮਾਸਟਰ ਕੇਡਰ ਭਰਤੀ ਨੂੰ ਪੂਰਾ ਕਰ ਦਿੱਤਾ ਜਾਵੇਗਾ ਪਰ ਅਜੇ ਤੱਕ 4161 ਕੇਡਰ ਨੂੰ ਸਕੂਲਾਂ ਵਿਚ ਨਹੀਂ ਭੇਜਿਆ ਗਿਆ ਹੈ।

ਯੂਨੀਅਨ ਦੇ ਆਗੂਆਂ ਨੇ ਕਿਹਾ ਕਿ 4161 ਮਾਸਟਰ ਕੇਡਰ 5 ਜਨਵਰੀ ਤੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਹੱਥੋਂ ਨਿਯੁਕਤੀ ਪੱਤਰ ਲੈ ਕੇ ਆਪਣੀਆਂ ਪ੍ਰਾਈਵੇਟ ਨੌਕਰੀਆਂ ਛੱਡ ਕੇ ਘਰਾਂ ਵਿਚ ਬੈਠੇ ਹਨ ਅਤੇ ਅੱਜ ਤੱਕ ਉਨ੍ਹਾਂ ਨੂੰ ਸਕੂਲਾਂ ਵਿਚ ਨਹੀਂ ਭੇਜਿਆ ਗਿਆ ਹੈ। ਪਿਛਲੀ ਵਾਰ ਅਪਰੈਲ ਮਹੀਨੇ ਪ੍ਰਸ਼ਾਸਨ ਵੱਲੋਂ 4161 ਮਾਸਟਰ ਕੇਡਰ ਦੀ ਟਰੇਨਿੰਗ ਅਪਰੈਲ ਮਹੀਨੇ ਦੇ ਆਖਰੀ ਹਫਤੇ ਲਗਾਉਣ ਦਾ ਲਿਖਤੀ ਭਰੋਸਾ ਮਿਲਣ 'ਤੇ ਧਰਨਾ ਸਮਾਪਤ ਕੀਤਾ ਗਿਆ ਸੀ ਪਰ ਹੁਣ ਤੱਕ 4161 ਮਾਸਟਰ ਕੇਡਰ ਨੂੰ ਸਕੂਲਾਂ ਵਿਚ ਨਹੀਂ ਭੇਜਿਆ ਗਿਆ ਹੈ।

# Machinist Wanted
# ਮਸ਼ੀਨਿਸਟ ਦੀ ਲੋੜ ਹੈ

## ਤਜਰਬੇਕਾਰ ਸੈਟਅਪ, ਪ੍ਰੋਗਰਾਮਰ ਅਤੇ ਓਪਰੇਟਰ ਦੀ ਲੋੜ ਹੈ

Set Up, Programmer and Operators are all required with experience for

Lathe Machine & Milling Machine

**Apply as Walk In, Email or Telephone (510) 585-5848**

Systomatic Inc.
33372 Dowe Ave,
Union City CA
info@systomaticinc.com



# ਪੈਨਸਲਵੇਨੀਆ ਵਿਚ ਗੇਸ ਸਟੇਸ਼ਨ ਵਿਕਾਊ ਹੈ

**ਹੈਰਿਸ ਬਰਗ (ਪੈਨਸਲਵੇਨੀਆ) ਵਿਚ ਵੈਰੀ ਹਾਈ ਸੇਲ ਗੈਸ ਸਟੇਸ਼ਨ ਵਿਦ ਪ੍ਰਾਪਰਟੀ ਵਿਕਾਊ ਹੈ**

**ਚਾਹਵਾਨ ਸੰਪਰਕ ਕਰਨ: 717-525-1543**


# Change of Name

This is to certify that I Charanjeet Singh Jammu S/o Resham singh resident of village: Anarkali , Changali Jadid , Ferozepur, PO: Faridewala , Punjab 152004 India, now living at 5688 pintail LN ,Greenwood, IN 46143, have changed my name to Charanjeet Singh. All concerned please note.

# Matrimonials

## ਲੜਕੀ ਦੀ ਲੋੜ ਹੈ

Verma family looking for a suitable match for their son. Age 31, Ht 5'10", USA citizen, divorsed (No Kid), well settled. Caste no bar. Please send biodata/pictures
Whatsapp: (224) 595-9926
inderjeetverma08@gmail.com

17-20

---

Jatt Sikh family looking for a suitable match for their handsome son, 31 years, 5'11'', USA green card holder, well settled. Girl in Canada or USA on study visa, F1B visa, or visitor visa will be preffered. Please contact and send biodata/ picture @ whatsapp : 559 944 9597.

15-18

---

Jatt Sikh family looking for a suitable Jatt Sikh match for their USA born and raised (1990) 5'10" handsome son. Bachelor in Cyber Security (Information Technology). Currently working. Prefer girl in USA or Canada. A girl on study visa or H1B visa holder can also be considered. Well educated family with liberal values. Please contact and send Bio-data/pic at WhatsApp no +919041452784.

14-17

---

Sikh Family looking for a suitable match for their USA Citizen handsome son 32, 5'11" , Well educated, Well Settled. Prefer Punjabi Girl in America or Canada. Minimum height 5'4". Serious enquiries only.
Please Contact us at: +15103968812

---

Sikh Arora family looking for a suitable match for their 5'-8" B.tech. PMlM son, living in Canada (getting P R soon). Father Associate Professor in a college having Urban Agriculture land also.Want sikh beautiful girl with professional qualifications. Please Contact us at: +9198963-19944 (India).

## ਲੜਕੇ ਦੀ ਲੋੜ ਹੈ

Looking for a suitable Ramgarhia Sikh Dhiman match for our beautiful daughter (US Citizen), 29 years, 5' 7", MSC - Physics (India), and licensed paraprofessional educator, residing in Chicago area. Please contact:
manpreets1211@gmail.com

17-20

---

Ramgarhia,Dhiman Sikh Family looking for a suitable match for their August 10,1990 born, 5'2" daughter , working as a nurse assistant in USA in Michigan. Ghotar- Munday, Virdi. Please contact us at :- 7343532316 or binnumunday@gmail.com

---

Jatt Sikh family seeks suitable match for their daughter who has her MD and is currently working in the Bay Area (California) as a doctor. 37 yrs old (never married). 5'-5" tall. The boy should be settled in the Bay Area (California) with a university degree and professionally employed. Please contact 408-763-3949


# SUPER TRAVEL

**847-676-9090, 773-465-5566**

*E-mail: supertravel2003@live.com*

**Lowest Fares With Excellent Service**

*United Airlines*
*British Airways*



*Etihad, Air India, KLM, Lufthansa, Delta, Qatar Airlines.*

For Emergency Call anytime at
847-673-3825

EARLY BIRD SALE!!!!

Domestic fares available





# UMA TRAVELS

**2535 West Devon Ave., Chicago, IL 60659**

**For Delhi-Bombay Ahmedabad, Hydrabad-Madra**
**Call For Special Sale Fares**

# Call: 773-338-5603

# ਜਥੇਦਾਰ ਵੱਲੋਂ ਸਿੱਖ ਕੌਮ ਨੂੰ ਧੜੇਬੰਦੀ ਛੱਡ ਕੇ ਇਕ ਮੰਚ 'ਤੇ ਆਉਣ ਦਾ ਸੱਦਾ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਵੱਲੋਂ ਸਿੱਖ ਜਰਨੈਲ ਜੱਸਾ ਸਿੰਘ ਰਾਮਗੜ੍ਹੀਆ ਦੇ 300 ਸਾਲਾ ਜਨਮ ਦਿਹਾੜੇ ਨੂੰ ਸਮਰਪਿਤ ਮੁੱਖ ਸਮਾਗਮ ਮੰਜੀ ਸਾਹਿਬ ਦੀਵਾਨ ਹਾਲ ਵਿਚ ਕਰਵਾਇਆ ਗਿਆ। ਇਸ ਦੌਰਾਨ ਬੁਲਾਰਿਆਂ ਨੇ ਮੌਜੂਦਾ ਹਾਲਾਤ ਵਿਚ ਪੰਥਕ ਏਕਤਾ ਦੀ ਲੋੜ 'ਤੇ ਜ਼ੋਰ ਦਿੱਤਾ। ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਵੱਡੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਵਾਸਤੇ ਵੱਖ-ਵੱਖ ਧੜਿਆਂ ਤੇ ਜਥੇਬੰਦੀਆਂ ਵਿਚ ਵੰਡੀ ਸਿੱਖ ਕੌਮ ਦਾ ਇਕ ਮੰਚ 'ਤੇ ਇਕੱਠਾ ਹੋਣਾ ਜ਼ਰੂਰੀ ਹੈ।

ਸਮਾਗਮ ਦੌਰਾਨ ਸੰਬੋਧਨ ਕਰਦਿਆਂ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਅੱਜ ਜਦੋਂ ਸਿੱਖ ਕੌਮ ਨੂੰ ਵੱਡੀਆਂ ਚੁਣੌਤੀਆਂ ਪੇਸ਼ ਹਨ ਤਾਂ ਕੌਮ ਨੂੰ ਇਤਿਹਾਸ ਤੋਂ ਸੇਧ ਲੈਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਜੱਸਾ ਸਿੰਘ ਰਾਮਗੜ੍ਹੀਆ ਸਿੱਖ ਪੰਥ ਦੇ ਵੱਡੇ ਨਾਇਕ ਸਨ, ਜਿਨ੍ਹਾਂ ਨੇ ਪੰਥ ਪ੍ਰਤੀ ਸਮਰਪਣ ਦੀ ਮਿਸਾਲ ਕਾਇਮ ਕੀਤੀ।



ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਪੁਰਾਤਨ ਸਮਿਆਂ ਅੰਦਰ ਗੁਰੂ ਦੇ ਸਿੱਖਾਂ 'ਚ ਜੇ ਮਨ-ਮੁਟਾਵ ਹੁੰਦੇ ਵੀ ਸਨ ਤਾਂ ਉਹ ਆਪਸੀ ਮਿਲਵਰਤਨ ਅਤੇ ਸਦਭਾਵਨਾ ਨਾਲ ਹੱਲ ਕਰ ਲੈਂਦੇ ਸਨ। ਅੱਜ ਵੀ ਖਾਲਸਾ ਪੰਥ ਨੂੰ ਪੁਰਾਣੀਆਂ ਰਿਵਾਇਤਾਂ ਅਨੁਸਾਰ ਜੁੜ ਬੈਠਣ ਦੀ ਲੋੜ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਅੱਜ ਕਈ ਤਾਕਤਾਂ ਸਿੱਖ ਸ਼ਕਤੀ ਨੂੰ ਵੰਡਣ ਲਈ ਲੱਗੀਆਂ ਹੋਈਆਂ ਹਨ, ਜਿਨ੍ਹਾਂ ਦਾ ਟਾਕਰਾ ਕਰਨ ਲਈ ਪੰਥ ਦੀਆਂ ਸੰਸਥਾਵਾਂ ਨੂੰ ਮਜ਼ਬੂਤ ਕਰਨਾ ਸਮੇਂ ਦੀ ਵੱਡੀ ਲੋੜ ਹੈ। ਇਸ ਤੋਂ ਪਹਿਲਾਂ ਹਜ਼ੂਰੀ ਰਾਗੀ ਜਥਿਆਂ ਨੇ ਕੀਰਤਨ ਕੀਤਾ ਅਤੇ ਢਾਡੀ, ਕਵੀਸ਼ਰ ਜਥਿਆਂ ਨੇ ਜੱਸਾ ਸਿੰਘ ਰਾਮਗੜ੍ਹੀਆ ਦੀ ਦੇਣ ਨੂੰ ਵਾਰਾਂ ਰਾਹੀਂ ਪੇਸ਼ ਕੀਤਾ।

300 ਸਾਲਾ ਜਨਮ ਦਿਹਾੜੇ ਸਬੰਧੀ ਸਵੇਰੇ ਬੁੰਗਾ ਰਾਮਗੜ੍ਹੀਆ ਵਿਚ ਅਖੰਡ ਪਾਠ ਦੇ ਭੋਗ ਪਾਏ ਗਏ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਬੁੰਗੇ ਦੀ ਲੋੜੀਂਦੀ ਸਾਂਭ-ਸੰਭਾਲ ਅਤੇ ਨਵੀਨੀਕਰਨ ਦੀ ਸੇਵਾ ਮਗਰੋਂ ਇਸ ਦਾ ਰਸਮੀ ਤੌਰ 'ਤੇ ਉਦਘਾਟਨ ਵੀ ਕੀਤਾ ਗਿਆ।


### ਜਥੇਦਾਰ ਅਕਾਲੀ ਦਲ ਦੇ ਨਿਸ਼ਾਨੇ ਬਾਰੇ ਸਪਸ਼ਟ ਕਰਨ: ਦਲ ਖਾਲਸਾ

**ਅੰਮ੍ਰਿਤਸਰ:** ਸਿੱਖ ਜਥੇਬੰਦੀ ਦਲ ਖਾਲਸਾ ਨੇ ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਪੰਥਕ ਏਕਤਾ ਦੇ ਦਿੱਤੇ ਸੱਦੇ ਅਤੇ ਇਸ ਕਾਰਜ ਲਈ ਸ਼੍ਰੋਮਣੀ ਅਕਾਲੀ ਦਲ ਨੂੰ ਮੋਹਰੀ ਭੂਮਿਕਾ ਨਿਭਾਉਣ ਦੀ ਤਜਵੀਜ਼ ਉਤੇ ਆਪਣਾ ਪ੍ਰਤੀਕਰਮ ਪ੍ਰਗਟ ਕਰਦਿਆਂ ਕਿਹਾ ਕਿ ਅਜੋਕੇ ਦੌਰ ਵਿਚ ਪੰਥਕ ਜਥੇਬੰਦੀਆਂ 'ਚ ਏਕਤਾ ਤਾਂ ਹੀ ਸੰਭਵ ਹੋ ਸਕਦੀ ਹੈ, ਜੇਕਰ ਉਨ੍ਹਾਂ ਦਰਮਿਆਨ ਸਿਧਾਂਤ, ਨਿਸ਼ਾਨੇ ਅਤੇ ਮਿਸ਼ਨ ਪ੍ਰਤੀ ਇਕਸਾਰਤਾ ਤੇ ਇਕਸੁਰਤਾ ਹੋਵੇ ਤੇ ਉਨ੍ਹਾਂ ਦੇ ਦੋਸਤ ਤੇ ਦੁਸ਼ਮਣ ਵੀ ਸਾਂਝੇ ਹੋਣ। ਜਥੇਬੰਦੀ ਦੇ ਸੀਨੀਅਰ ਆਗੂ ਕੰਵਰਪਾਲ ਸਿੰਘ ਨੇ ਕਿਹਾ ਕਿ ਪਹਿਲਾਂ ਜਥੇਦਾਰ ਸਾਹਿਬ ਨੂੰ ਸਪਸ਼ਟ ਕਰਨਾ ਚਾਹੀਦਾ ਹੈ ਕਿ ਅਕਾਲੀ ਦਲ ਦਾ ਸਿਧਾਂਤ ਅਤੇ ਨਿਸ਼ਾਨਾ ਕੀ ਹੈ ਅਤੇ ਉਹ ਕਿਸ ਨੂੰ ਪੰਥ ਦਾ ਹਮਦਰਦ ਅਤੇ ਕਿਸ ਨੂੰ ਦੁਸ਼ਮਣ ਮੰਨਦੇ ਹਨ।

# ਸ੍ਰੀ ਹੇਮਕੁੰਟ ਸਾਹਿਬ ਵਾਸਤੇ ਪਹਿਲਾ ਜਥਾ 17 ਨੂੰ ਹੋਵੇਗਾ ਰਵਾਨਾ

**ਅੰਮ੍ਰਿਤਸਰ:** ਉਤਰਾਖੰਡ ਸਥਿਤ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ ਵਾਸਤੇ ਸਿੱਖ ਸ਼ਰਧਾਲੂਆਂ ਦਾ ਪਹਿਲਾ ਜਥਾ 17 ਮਈ ਨੂੰ ਰਿਸ਼ੀਕੇਸ਼ ਤੋਂ ਰਵਾਨਾ ਹੋਵੇਗਾ, ਜਿਸ ਨੂੰ ਉਤਰਾਖੰਡ ਦੇ ਰਾਜਪਾਲ ਲੈਫਟੀਨੈਂਟ ਜਨਰਲ ਸੇਵਾਮੁਕਤ ਗੁਰਮੀਤ ਸਿੰਘ ਰਵਾਨਾ ਕਰਨਗੇ।

ਸਾਲਾਨਾ ਯਾਤਰਾ ਤਹਿਤ ਗੁਰਦੁਆਰਾ ਹੇਮਕੁੰਟ ਸਾਹਿਬ ਦੇ ਕਿਵਾੜ 20 ਮਈ ਨੂੰ ਸੰਗਤ ਵਾਸਤੇ ਖੋਲ੍ਹੇ ਜਾਣਗੇ। ਇਹ ਜਾਣਕਾਰੀ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਮੈਨੇਜਮੈਂਟ ਟਰੱਸਟ ਦੇ ਚੇਅਰਮੈਨ ਨਰਿੰਦਰਜੀਤ ਸਿੰਘ ਬਿੰਦਰਾ ਨੇ ਦਿੱਤੀ ਹੈ। ਉਨ੍ਹਾਂ ਦੇਹਰਾਦੂਨ ਵਿਚ ਰਾਜਪਾਲ ਨਾਲ ਮੁਲਾਕਾਤ ਕੀਤੀ ਹੈ ਅਤੇ ਯਾਤਰਾ ਵਿਚ ਸ਼ਾਮਲ ਹੋਣ ਵਾਸਤੇ ਰਸਮੀ ਸੱਦਾ ਦਿੱਤਾ। ਇਸ ਦੌਰਾਨ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੇ ਆਲੇ-ਦੁਆਲੇ ਜੰਮੀ ਬਰਫ ਹਟਾਉਣ ਅਤੇ ਸੰਗਤ ਦੀ ਆਮਦ ਵਾਸਤੇ ਰਸਤੇ ਬਣਾਉਣ ਦਾ ਕੰਮ ਜਾਰੀ ਹੈ। ਸ੍ਰੀ ਬਿੰਦਰਾ ਨੇ ਦੱਸਿਆ ਕਿ ਇਸ



ਮੁਲਾਕਾਤ ਦੌਰਾਨ ਰਾਜਪਾਲ ਨੇ ਸ੍ਰੀ ਹੇਮਕੁੰਟ ਸਾਹਿਬ ਯਾਤਰਾ ਦੀਆਂ ਤਿਆਰੀਆਂ ਸਬੰਧੀ ਜਾਣਕਾਰੀ ਵੀ ਹਾਸਲ ਕੀਤੀ ਹੈ। ਰਾਜਪਾਲ ਨੇ ਆਖਿਆ ਕਿ ਸ਼ਰਧਾਲੂਆਂ ਨੂੰ ਯਾਤਰਾ ਦੌਰਾਨ ਕੋਈ ਮੁਸ਼ਕਲ ਨਹੀਂ ਆਉਣੀ ਚਾਹੀਦੀ।

# ਬਹਿਬਲ ਗੋਲੀ ਕਾਂਡ: ਨਿਆਂ ਵਿਚ ਦੇਰੀ ਤੋਂ ਪੀੜਤ ਪਰੇਸ਼ਾਨ

**ਫਰੀਦਕੋਟ:** ਬਹਿਬਲ ਕਲਾਂ ਗੋਲੀ ਕਾਂਡ ਦੇ ਪੀੜਤਾਂ ਨੇ ਇੱਥੇ ਸਰਕਟ ਹਾਊਸ ਵਿਚ ਪ੍ਰੈੱਸ ਕਾਨਫਰੰਸ ਕਰ ਕੇ ਦੋਸ਼ ਲਾਇਆ ਕਿ ਪੰਜਾਬ ਸਰਕਾਰ ਆਖਰੀ ਚਲਾਨ ਪੇਸ਼ ਨਹੀਂ ਕਰ ਰਹੀ, ਜਿਸ ਕਰਕੇ ਲੰਬੇ ਸਮੇਂ ਤੋਂ ਸੁਣਵਾਈ ਲਟਕ ਰਹੀ ਹੈ। ਸੁਖਰਾਜ ਸਿੰਘ ਨਿਆਮੀਵਾਲਾ ਨੇ ਕਿਹਾ ਕਿ ਜਾਂਚ ਟੀਮ ਵੱਲੋਂ ਕੋਟਕਪੂਰਾ ਗੋਲੀ ਕਾਂਡ ਵਿਚ ਚਲਾਨ ਪੇਸ਼ ਕਰ ਦਿੱਤਾ ਗਿਆ ਹੈ ਪਰ ਬਹਿਬਲ ਕਲਾਂ ਗੋਲੀ ਕਾਂਡ ਵਿਚ ਅੰਤਿਮ ਚਲਾਨ ਨਹੀਂ ਆਇਆ।

ਹਾਈ ਕੋਰਟ ਦੇ ਹੁਕਮਾਂ ਮੁਤਾਬਕ ਕੋਟਕਪੂਰਾ ਤੇ ਬਹਿਬਲ ਕਲਾਂ ਗੋਲੀ ਕਾਂਡ ਦੀ ਸੁਣਵਾਈ ਇਕੱਠਿਆਂ ਤੇ ਇਕੋ ਜੱਜ ਵੱਲੋਂ ਕੀਤੀ ਜਾਣੀ ਹੈ, ਇਸ ਲਈ ਚਲਾਨ ਬਿਨਾਂ ਸੁਣਵਾਈ ਨਹੀਂ ਹੋਵੇਗੀ। ਸੁਖਰਾਜ ਸਿੰਘ ਨੇ ਕਿਹਾ ਕਿ ਉਹ ਬਹਿਬਲ ਕਲਾਂ ਗੋਲੀ ਕਾਂਡ ਤੇ ਬੇਅਦਬੀ ਕਾਂਡ ਦੇ ਦੋਸ਼ੀਆਂ ਨੂੰ ਕਾਨੂੰਨ ਮੁਤਾਬਕ ਸਜਾ ਦਿਵਾਉਣ ਲਈ ਇਕ ਸਾਲ ਤੋਂ ਧਰਨੇ 'ਤੇ ਬੈਠੇ ਹੋਏ ਹਨ। ਇਸ ਦੇ ਬਾਵਜੂਦ ਸਰਕਾਰ ਪੜਤਾਲ ਵਿਚ ਸਰਗਰਮੀ ਨਹੀਂ ਦਿਖਾ ਰਹੀ। ਉਨ੍ਹਾਂ ਕਿਹਾ ਕਿ ਜੇ ਸਰਕਾਰ ਨੇ ਚਲਾਨ ਪੇਸ਼ ਕਰਨ ਦੀ ਪ੍ਰਕਿਰਿਆ



ਤੇਜ ਨਾ ਕੀਤੀ ਤਾਂ ਉਨ੍ਹਾਂ ਨੂੰ ਮਜਬੂਰਨ ਤਿੱਖਾ ਸੰਘਰਸ਼ ਵਿੱਢਣਾ ਪਵੇਗਾ। ਉਨ੍ਹਾਂ ਕਿਹਾ ਕਿ ਕੇਸ ਲਟਕਣ ਕਾਰਨ ਹੁਣ ਤੱਕ ਬਹਿਬਲ ਗੋਲੀ ਕਾਂਡ ਦੇ ਦੋ ਗਵਾਹਾਂ ਦੀ ਮੌਤ ਵੀ ਹੋ ਚੁੱਕੀ ਹੈ। ਇਨਸਾਫ਼ ਦੀ ਲੜਾਈ 'ਚ ਰਾਜਨੀਤੀ ਨਹੀਂ ਕਰਨ ਦਿੱਤੀ ਜਾਵੇਗੀ। ਦੱਸਣਯੋਗ ਹੈ ਕਿ ਬਹਿਬਲ ਕਲਾਂ ਗੋਲੀ ਕਾਂਡ ਵਿਚ ਤਿੰਨ ਸਾਲ ਪਹਿਲਾਂ ਸੱਤ ਦੋਸ਼ੀਆਂ ਖਿਲਾਫ਼ ਚਲਾਨ ਪੇਸ਼ ਹੋ ਗਿਆ ਸੀ। ਜਾਂਚ ਟੀਮ ਇਸ ਕੇਸ ਵਿਚ ਇਕ ਹੋਰ ਸਪਲੀਮੈਂਟਰੀ ਚਲਾਨ ਪੇਸ਼ ਕਰਨਾ ਚਾਹੁੰਦੀ ਹੈ। ਬਹਿਬਲ ਕਲਾਂ ਗੋਲੀ ਕਾਂਡ ਦੀ ਪੜਤਾਲ ਆਈ.ਜੀ. ਨੌਨਿਹਾਲ ਸਿੰਘ ਦੀ ਅਗਵਾਈ ਵਿਚ ਕੀਤੀ ਜਾ ਰਹੀ ਹੈ। ਇਹ ਜਾਂਚ ਟੀਮ ਦੋ ਸਾਲ ਬਾਅਦ ਵੀ ਸਪਲੀਮੈਂਟਰੀ ਚਲਾਨ ਅਦਾਲਤ ਵਿਚ ਪੇਸ਼ ਨਹੀਂ ਕਰ ਸਕੀ।

# ਸ਼੍ਰੋਮਣੀ ਕਮੇਟੀ ਦੇ ਯਤਨਾਂ ਸਦਕਾ 15 ਸਿੱਖ ਨੌਜਵਾਨ ਰਿਹਾਅ

**ਅੰਮ੍ਰਿਤਸਰ:** ਪੰਜਾਬ ਦੇ ਸਿੱਖ ਨੌਜਵਾਨਾਂ ਦੀ ਪੁਲਿਸ ਵੱਲੋਂ ਬੀਤੇ ਦਿਨੀਂ ਕੀਤੀ ਫੜੋ-ਫੜੀ ਦੌਰਾਨ ਹਰੀਕੇ ਪੁਲ ਉਤੇ ਧਰਨੇ ਉਤੇ ਬੈਠੀਆਂ ਸੰਗਤਾਂ ਖ਼ਿਲਾਫ ਦਰਜ ਕੀਤੇ ਗਏ ਕੇਸਾਂ ਅਤੇ ਗ੍ਰਿਫਤਾਰ ਨੌਜਵਾਨਾਂ ਦੇ ਮਾਮਲਿਆਂ ਦੀ ਪੈਰਵਾਈ ਕਰਦਿਆਂ ਸ਼੍ਰੋਮਣੀ ਕਮੇਟੀ ਵੱਲੋਂ 15 ਸਿੱਖ ਨੌਜਵਾਨਾਂ ਦੀ ਰਿਹਾਈ ਕਰਵਾਈ ਹੈ।

ਸ਼੍ਰੋਮਣੀ ਕਮੇਟੀ ਅਤੇ ਇਸ ਦੀ ਕਾਨੂੰਨੀ ਟੀਮ ਦੇ ਯਤਨਾਂ ਨਾਲ ਰਿਹਾਅ ਹੋਏ ਨੌਜਵਾਨ ਇਥੇ ਸ਼੍ਰੋਮਣੀ ਕਮੇਟੀ ਦਫਤਰ ਵਿਖੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦਾ ਧੰਨਵਾਦ ਕਰਨ ਲਈ ਪੁੱਜੇ, ਜਿਨ੍ਹਾਂ ਨੂੰ ਉਨ੍ਹਾਂ ਸਿਰਪਾਓ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਐਡਵੋਕੇਟ ਧਾਮੀ ਨੇ ਉਨ੍ਹਾਂ ਨੂੰ ਵਿਸ਼ਵਾਸ ਦਿਵਾਇਆ ਕਿ ਕਿਸੇ ਨਾਲ ਵੀ ਅਨਿਆਂ ਹੋਣ ਉਤੇ ਸਿੱਖ ਸੰਸਥਾ ਸ਼੍ਰੋਮਣੀ ਕਮੇਟੀ ਸਹਾਇਤਾ ਅਤੇ ਸਹਿਯੋਗ ਲਈ ਵਚਨਬੱਧ ਹੈ ਅਤੇ ਰਹੇਗੀ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਪੰਜਾਬ ਅੰਦਰ ਡਰ ਦਾ ਮਾਹੌਲ ਪੈਦਾ ਕਰਨ ਤੋਂ ਗੁਰੇਜ਼ ਕਰੇ ਅਤੇ ਪੰਜਾਬ ਅੰਦਰ ਨੌਜਵਾਨਾਂ ਉਤੇ ਦਰਜ ਕੀਤੇ ਪਰਚਿਆਂ ਨੂੰ ਰੱਦ ਕਰੇ।

ਐਡਵੋਕੇਟ ਧਾਮੀ ਨੇ ਦੱਸਿਆ ਕਿ ਐਡਵੋਕੇਟ ਭਗਵੰਤ ਸਿੰਘ ਸਿਆਲਕਾ ਦੀ ਅਗਵਾਈ 'ਚ ਕਾਨੂੰਨੀ ਪੈਨਲ ਗਠਿਤ ਕੀਤਾ ਗਿਆ ਸੀ, ਜਦਕਿ ਇਸ ਦੇ ਨਾਲ ਹੀ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਵੱਲੋਂ ਸਾਬਕਾ ਜਥੇਦਾਰ ਭਾਈ ਜਸਬੀਰ ਸਿੰਘ ਰੋਡੇ ਦੀ ਅਗਵਾਈ 'ਚ ਇਕ ਕਮੇਟੀ ਬਣਾਈ ਗਈ ਸੀ, ਤੇ ਦੋਵਾਂ ਵੱਲੋਂ ਨੌਜਵਾਨਾਂ ਦੇ ਕੇਸਾਂ ਦੀ ਪੈਰਵਾਈ ਸਾਂਝੇ ਤੌਰ 'ਤੇ ਕੀਤੀ ਗਈ ਹੈ, ਜਿਸ ਦੇ ਨਤੀਜੇ ਵਜੋਂ ਹਰੀਕੇ ਕੇਸ ਵਿਚ ਗ੍ਰਿਫਤਾਰ 15 ਨੌਜਵਾਨ ਰਿਹਾਅ ਕਰਵਾਏ ਗਏ ਹਨ। ਇਸ ਮੌਕੇ ਭਾਈ ਜਸਬੀਰ ਸਿੰਘ ਰੋਡੇ ਨੇ ਕਿਹਾ ਕਿ ਪੰਜਾਬ ਸਰਕਾਰ ਨੂੰ ਬੀਤੇ ਦਿਨਾਂ ਅੰਦਰ ਹੋਰ ਨੌਜਵਾਨ ਉਤੇ ਪਾਏ ਕੇਸਾਂ ਨੂੰ ਸੰਜੀਦਗੀ ਨਾਲ ਮੁੜ ਵਿਚਾਰਨਾ ਚਾਹੀਦਾ ਹੈ। ਐਡਵੋਕੇਟ ਸਿਆਲਕਾ ਨੇ ਦੱਸਿਆ ਕਿ ਰਿਹਾਅ ਹੋਏ 15 ਵਿਚੋਂ 9 ਨੌਜਵਾਨਾਂ ਉੱਪਰ ਦਰਜ ਕੀਤੇ ਕੇਸ ਖਾਰਜ ਹੋਏ ਹਨ, ਜਦਕਿ 6 ਦੀ ਜ਼ਮਾਨਤ ਕਰਵਾਈ ਗਈ ਹੈ।

# ਸ਼ਰੀਕਾਂ ਨੂੰ ਫਸਾਉਣ ਲਈ ਨਿਹੰਗ ਵੱਲੋਂ ਗੁਟਕਾ ਸਾਹਿਬ ਦੀ ਬੇਅਦਬੀ

**ਬਟਾਲਾ:** ਇਥੇ ਇਕ ਨਿਹੰਗ ਨੇ ਆਪਣੇ ਸ਼ਰੀਕਾਂ ਨੂੰ ਫਸਾਉਣ ਲਈ ਗੁਟਕਾ ਸਾਹਿਬ ਦੀ ਬੇਅਦਬੀ ਕੀਤੀ। ਥਾਣਾ ਸ੍ਰੀਹਰਗੋਬਿੰਦਪੁਰ ਸਾਹਿਬ ਦੀ ਪੁਲਿਸ ਨੇ ਨਿਹੰਗ ਕਰਮ ਸਿੰਘ ਨੂੰ ਕਾਬੂ ਕਰ ਕੇ ਉਸ ਖ਼ਿਲਾਫ਼ 295ਏ ਤਹਿਤ ਕੇਸ ਦਰਜ ਕਰ ਲਿਆ ਹੈ। ਮੁਲਜ਼ਮ ਨੇ ਸਿੱਖ ਜਥੇਬੰਦੀਆਂ ਅਤੇ ਪੁਲਿਸ ਦੀ ਹਾਜ਼ਰੀ ਵਿਚ ਆਪਣਾ ਗੁਨਾਹ ਕਬੂਲ ਕਰਦਿਆਂ ਦੱਸਿਆ ਕਿ ਉਸ ਕੋਲੋਂ ਵੱਡੀ ਗਲਤੀ ਹੋਈ ਹੈ। ਰੋਹ ਵਿਚ ਆਏ ਸਿੱਖ ਜਥੇਬੰਦੀਆਂ ਦੇ ਕਾਰਕੁਨਾਂ ਨੇ ਨਿਹੰਗ ਦਾ ਘਰ ਢਾਹ ਦਿੱਤਾ ਹੈ। ਥਾਣਾ ਮੁਖੀ ਨੇ ਦੱਸਿਆ ਕਿ ਕਰਮ ਸਿੰਘ ਸੜਕ ਕਿਨਾਰੇ ਇਕ ਝੌਂਪੜੀ ਨੁਮਾ ਘਰ 'ਚ ਰਹਿ ਰਿਹਾ ਹੈ। ਮੁਲਜ਼ਮ ਨਿਹੰਗ ਨੇ ਦੱਸਿਆ ਕਿ ਉਸ ਦੇ ਸ਼ਰੀਕੇ 'ਚੋਂ ਕੁਝ ਮੁੰਡੇ ਉਸ ਕੋਲ ਆਏ ਤਾਂ ਉਸ ਦੀ ਕੁੱਟਮਾਰ ਕੀਤੀ। ਇਸ ਦੀ ਕਿੜ ਕੱਢਣ ਲਈ ਹੀ ਮੁੰਡਿਆਂ ਨੂੰ ਨਾਜਾਇਜ਼ ਫਸਾਉਣ ਲਈ ਆਪਣੇ ਕੋਲ ਰੱਖੇ ਗੁਟਕਾ ਸਾਹਿਬ ਦੇ ਕੁਝ ਪੱਤਰੇ ਪਾੜ ਦਿੱਤੇ।

### ਬੇਅਦਬੀ ਕਰਨ ਵਾਲੇ ਮੁਲਜ਼ਮ ਮਾਨਸਿਕ ਰੋਗੀ ਨਹੀਂ ਹੁੰਦੇ: ਧਾਮੀ

**ਸ੍ਰੀ ਮੁਕਤਸਰ ਸਾਹਿਬ:** ਸ਼੍ਰੋਮਣੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਬੇਅਦਬੀ ਦੇ ਮੁੱਦਿਆਂ 'ਤੇ ਸਵਾਲ ਦਾ ਜਵਾਬ ਦਿੰਦਿਆਂ ਕਿਹਾ ਕਿ ਅਕਸਰ ਬੇਅਦਬੀ ਕਰਨ ਵਾਲਿਆਂ ਨੂੰ ਮਾਨਸਿਕ ਰੋਗੀ ਕਹਿ ਦਿੱਤਾ ਜਾਂਦਾ ਹੈ ਪਰ ਇਹ ਸੱਚ ਨਹੀਂ ਕਿਉਂਕਿ ਅਜਿਹੇ ਵਿਅਕਤੀ ਆਪਣੇ ਪਰਿਵਾਰ ਦਾ ਕੋਈ ਨੁਕਸਾਨ ਨਹੀਂ ਕਰਦੇ, ਇਸ ਪਿੱਛੇ ਸਾਜ਼ਿਸ਼ ਕੰਮ ਕਰਦੀ ਹੈ।

# ਸ਼੍ਰੋਮਣੀ ਕਮੇਟੀ ਨੇ ਗੁਰਦੁਆਰਾ ਡਾਂਗਮਾਰ ਸਾਹਿਬ ਮਾਮਲੇ ਬਾਰੇ ਸਬ ਕਮੇਟੀ ਬਣਾਈ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸਿੱਕਮ ਸਥਿਤ ਗੁਰਦੁਆਰਾ ਗੁਰੂ ਡਾਂਗਮਾਰ ਸਾਹਿਬ ਬਾਰੇ ਸਿੱਕਮ ਹਾਈ ਕੋਰਟ ਵੱਲੋਂ ਦਿੱਤੇ ਗਏ ਫੈਸਲੇ ਦੇ ਮੱਦੇਨਜ਼ਰ ਲੋੜੀਂਦੀ ਕਾਰਵਾਈ ਲਈ ਇਕ ਸਬ-ਕਮੇਟੀ ਦਾ ਗਠਨ ਕੀਤਾ ਹੈ। ਇਹ ਸਬ-ਕਮੇਟੀ ਛੇਤੀ ਹੀ ਸਿੱਕਮ ਲਈ ਰਵਾਨਾ ਹੋਵੇਗੀ ਅਤੇ ਉਥੋਂ ਦੀਆਂ ਸਥਾਨਕ ਸਿੱਖ ਜਥੇਬੰਦੀਆਂ ਦੇ ਪ੍ਰਤੀਨਿਧਾਂ ਨਾਲ ਵਿਚਾਰ-ਚਰਚਾ ਕਰੇਗੀ।

ਜ਼ਿਕਰਯੋਗ ਹੈ ਕਿ ਹਾਈ ਕੋਰਟ ਨੇ ਗੁਰਦੁਆਰਾ ਗੁਰੂ ਡਾਂਗਮਾਰ ਸਾਹਿਬ ਦੇ ਮਾਮਲੇ ਬਾਰੇ ਸਿੱਕਮ ਸਰਕਾਰ ਨੂੰ ਆਖਿਆ ਕਿ ਉਹ ਇਸ ਮਾਮਲੇ ਸਬੰਧੀ ਕੀਤੀ ਗਈ ਕਾਰਵਾਈ ਬਾਰੇ ਆਪਣੀ ਰਿਪੋਰਟ 18 ਅਗਸਤ ਤੱਕ ਅਦਾਲਤ ਵਿਚ ਪੇਸ਼ ਕਰੇ। ਇਸ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਵਲੋਂ ਸ੍ਰੀ ਗੁਰੂ ਸਿੰਘ ਸਭਾ ਦੇ ਸਹਿਯੋਗ ਨਾਲ ਸਿੱਕਮ ਦੀ ਹਾਈ ਕੋਰਟ ਵਿਚ ਪਟੀਸ਼ਨ ਦਾਇਰ ਕਰਕੇ ਦੋਸ਼ ਲਾਇਆ ਗਿਆ ਸੀ ਕਿ ਸਥਾਨਕ ਸਰਕਾਰ ਦੀ ਸ਼ਹਿ 'ਤੇ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਇਤਿਹਾਸਕ ਗੁਰਦੁਆਰੇ 'ਤੇ ਕਬਜ਼ਾ ਕਰ ਲਿਆ ਗਿਆ ਹੈ ਤੇ ਗੁਰਮਤਿ ਨਾਲ ਜੁੜੀਆਂ ਵਸਤਾਂ ਨੂੰ ਬਾਹਰ ਰੱਖ ਦਿੱਤਾ ਗਿਆ, ਜਿਸ ਨਾਲ ਬੇਅਦਬੀ ਹੋਈ ਹੈ। ਦੂਜੇ ਪਾਸੇ ਸਿੱਕਮ ਸਰਕਾਰ ਨੇ ਇਸ ਮਾਮਲੇ ਵਿਚ ਆਪਣਾ ਜਵਾਬ ਦਾਇਰ ਕੀਤਾ ਹੈ, ਜਿਸ ਤੋਂ ਬਾਅਦ ਅਦਾਲਤ ਨੇ ਇਹ ਫੈਸਲਾ ਦਿੱਤਾ ਹੈ।

ਇਸ ਬਾਰੇ ਸ਼੍ਰੋਮਣੀ ਕਮੇਟੀ ਪ੍ਰਧਾਨ ਦੇ ਓ.ਐਸ.ਡੀ. ਸਤਬੀਰ ਸਿੰਘ ਨੇ ਦੱਸਿਆ ਕਿ ਗੁਰਦੁਆਰਾ ਗੁਰੂ ਡਾਂਗਮਾਰ ਸਾਹਿਬ ਦੇ ਮਾਮਲੇ ਸਬੰਧੀ ਐਡਵੋਕੇਟ ਧਾਮੀ ਵੱਲੋਂ ਬਣਾਈ ਸਬ-ਕਮੇਟੀ ਵਿੱਚ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ,



ਮੈਂਬਰ ਭਾਈ ਰਜਿੰਦਰ ਸਿੰਘ ਮਹਿਤਾ, ਐਡਵੋਕੇਟ ਭਗਵੰਤ ਸਿੰਘ ਸਿਆਲਕਾ ਤੇ ਇਤਿਹਾਸਕਾਰ ਡਾ. ਦਲਵਿੰਦਰ ਸਿੰਘ ਗਰੇਵਾਲ ਨੂੰ ਸ਼ਾਮਲ ਕੀਤਾ ਗਿਆ ਹੈ ਜਦੋਂ ਕਿ ਇਸ ਕਮੇਟੀ ਦੇ ਕੋਆਰਡੀਨੇਟਰ ਸ਼੍ਰੋਮਣੀ ਕਮੇਟੀ ਦੇ ਮੀਤ ਸਕੱਤਰ ਜਸਵਿੰਦਰ ਸਿੰਘ ਜੱਸੀ ਹੋਣਗੇ।

ਉਨ੍ਹਾਂ ਦੱਸਿਆ ਕਿ ਸਿੱਕਮ ਹਾਈ ਕੋਰਟ ਦੇ ਆਏ ਤਾਜ਼ਾ ਫੈਸਲੇ ਤੋਂ ਬਾਅਦ ਸ਼੍ਰੋਮਣੀ ਕਮੇਟੀ ਵੱਲੋਂ ਇਹ ਸਬ-ਕਮੇਟੀ ਜਲਦੀ ਹੀ ਸਿੱਕਮ ਜਾਵੇਗੀ ਅਤੇ ਤਾਜ਼ਾ ਹਾਲਾਤ ਦੀ ਸਮੀਖਿਆ ਕਰਕੇ ਮਸਲਾ ਹੱਲ ਕਰਨ ਲਈ ਅਗਲੇਰੀ ਚਾਰਾਜੋਈ ਕਰੇਗੀ। ਕਾਬਲੇਗੌਰ ਹੈ ਕਿ ਹਾਲ ਹੀ ਵਿਚ ਅਰੁਣਾਚਲ ਪ੍ਰਦੇਸ਼ ਵਿਚ ਵੀ ਇਕ ਗੁਰਦੁਆਰੇ ਨੂੰ ਬੋਧ ਧਰਮ ਅਸਥਾਨ 'ਚ ਤਬਦੀਲ ਕਰ ਦਿੱਤਾ ਗਿਆ ਹੈ, ਜਿਸ ਦਾ ਸ਼੍ਰੋਮਣੀ ਕਮੇਟੀ ਸਮੇਤ ਸਿੱਖ ਜਥੇਬੰਦੀਆਂ ਨੇ ਵਿਰੋਧ ਕੀਤਾ ਹੈ। ਕੌਮੀ ਘੱਟ ਗਿਣਤੀ ਕਮਿਸ਼ਨ ਵੱਲੋਂ ਇਸ ਮਾਮਲੇ ਬਾਰੇ ਉਥੋਂ ਦੀ ਸਰਕਾਰ ਕੋਲੋਂ ਰਿਪੋਰਟ ਵੀ ਮੰਗੀ ਗਈ ਹੈ।

# ਸੁਪਰੀਮ ਕੋਰਟ ਵੱਲੋਂ ਰਾਜੋਆਣਾ ਦੀ ਸਜ਼ਾ ਉਮਰ ਕੈਦ ਵਿਚ ਬਦਲਣ ਤੋਂ ਨਾਂਹ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਮਰਹੂਮ ਬੇਅੰਤ ਸਿੰਘ ਹੱਤਿਆ ਕਾਂਡ ਦੇ ਦੋਸ਼ੀ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿਚ ਬਦਲਣ ਤੋਂ ਇਨਕਾਰ ਕਰ ਦਿੱਤਾ ਹੈ। ਸਿਖਰਲੀ ਕੋਰਟ ਨੇ ਕਿਹਾ ਕਿ ਰਾਜੋਆਣਾ ਦੀ ਰਹਿਮ ਦੀ ਅਪੀਲ 'ਤੇ ਸਮਰੱਥ ਅਥਾਰਿਟੀ ਫੈਸਲਾ ਕਰੇਗੀ।

ਰਾਜੋਆਣਾ ਪਿਛਲੇ 26 ਸਾਲ ਤੋਂ ਜੇਲ੍ਹ ਵਿਚ ਹੈ। ਚੇਤੇ ਰਹੇ ਕਿ ਸੁਪਰੀਮ ਕੋਰਟ ਨੇ ਦੋਸ਼ੀ ਵੱਲੋਂ ਪੇਸ਼ ਸੀਨੀਅਰ ਵਕੀਲ ਮੁਕੁਲ ਰੋਹਤਗੀ ਤੇ ਵਧੀਕ ਸੌਲੀਸਿਟਰ ਜਨਰਲ ਕੇ.ਐਮ. ਨਟਰਾਜ ਦੀਆਂ ਦਲੀਲਾਂ ਸੁਣਨ ਮਗਰੋਂ ਰਾਜੋਆਣਾ ਦੀ ਪਟੀਸ਼ਨ 'ਤੇ 2 ਮਾਰਚ ਨੂੰ ਫੈਸਲਾ ਰਾਖਵਾਂ ਰੱਖ ਲਿਆ ਸੀ। ਇਸ ਤੋਂ ਪਹਿਲਾਂ ਰਾਜੋਆਣਾ ਦੇ ਵਕੀਲ ਨੇ ਕਿਹਾ ਸੀ ਕਿ ਉਸ ਵੱਲੋਂ ਦਾਇਰ ਰਹਿਮ ਦੀ ਅਪੀਲ 'ਤੇ ਲੰਮੇ ਸਮੇਂ ਤੱਕ ਕੋਈ ਫੈਸਲਾ ਨਾ ਲੈਣਾ, ਮੌਤ ਦੀ ਸਜ਼ਾ 'ਤੇ ਚੱਲ ਰਹੇ ਮੁਵੱਕਿਲ ਦੇ ਬੁਨਿਆਦੀ ਹੱਕਾਂ ਦੀ ਉਲੰਘਣਾ ਹੈ। ਰਾਜੋਆਣਾ ਦੀ ਰਹਿਮ ਦੀ ਅਪੀਲ ਦਹਾਕੇ ਤੋਂ ਵੀ ਵੱਧ ਸਮੇਂ ਤੋਂ ਸਰਕਾਰ ਕੋਲ ਬਕਾਇਆ ਪਈ ਹੈ। ਸੁਪਰੀਮ ਕੋਰਟ ਨੇ ਪਿਛਲੇ ਸਾਲ 11 ਅਕਤੂਬਰ ਨੂੰ ਕਿਹਾ ਸੀ ਕਿ ਰਾਜੋਆਣਾ ਦੀ ਪਟੀਸ਼ਨ ਨੂੰ ਸੁਣਨ ਲਈ ਤਿੰਨ ਜੱਜਾਂ ਦਾ ਬੈਂਚ ਕਾਇਮ ਕੀਤਾ ਜਾਵੇਗਾ। ਰੋਹਤਗੀ ਨੇ ਕਿਹਾ ਸੀ ਕਿ ਉਨ੍ਹਾਂ ਦਾ ਮੁਵੱਕਿਲ 26 ਸਾਲਾਂ ਤੋਂ ਜੇਲ੍ਹ ਵਿਚ ਸੀ ਅਤੇ ਸੁਪਰੀਮ ਕੋਰਟ ਦੇ ਫੈਸਲਿਆਂ ਦੇ ਆਧਾਰ 'ਤੇ ਇਕ ਮਜ਼ਬੂਤ ਕੇਸ ਹੈ ਕਿ ਸੰਵਿਧਾਨ ਦੀ ਧਾਰਾ 21 (ਜੀਵਨ ਅਤੇ ਨਿੱਜੀ ਆਜ਼ਾਦੀ ਦੀ ਸੁਰੱਖਿਆ ਦਾ ਅਧਿਕਾਰ)



ਤਹਿਤ ਉਸ ਦੇ ਅਧਿਕਾਰਾਂ ਦੀ ਉਲੰਘਣਾ ਕੀਤੀ ਗਈ ਹੈ।

ਪਿਛਲੇ ਸਾਲ 28 ਸਤੰਬਰ ਨੂੰ ਸੁਪਰੀਮ ਕੋਰਟ ਨੇ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿਚ ਤਬਦੀਲ ਕਰਨ ਦੀ ਪਟੀਸ਼ਨ 'ਤੇ ਫੈਸਲਾ ਲੈਣ ਵਿਚ ਕੇਂਦਰ ਦੀ ਅਸਫਲਤਾ 'ਤੇ ਅਸੰਤੁਸ਼ਟੀ ਜ਼ਾਹਿਰ ਕੀਤੀ ਸੀ। ਰੋਹਤਗੀ ਨੇ ਕਿਹਾ ਸੀ ਕਿ ਰਾਜੋਆਣਾ ਜਨਵਰੀ 1996 ਤੋਂ ਜੇਲ੍ਹ ਵਿਚ ਹੈ ਤੇ ਉਸ ਦੀ ਰਹਿਮ ਦੀ ਅਪੀਲ ਮਾਰਚ 2012 ਵਿਚ ਦਾਖਲ ਕੀਤੀ ਗਈ ਸੀ। ਰੋਹਤਗੀ ਨੇ ਕਿਹਾ ਕਿ ਉਨ੍ਹਾਂ ਦਾ ਮੁਵੱਕਿਲ 2007 ਤੋਂ ਮੌਤ ਦੀ ਸਜ਼ਾ 'ਤੇ ਹੈ। ਰਾਜੋਆਣਾ ਨੇ ਆਪਣੀ ਲੰਮੀ ਕੈਦ ਦੇ ਅਧਾਰ 'ਤੇ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿਚ ਬਦਲਣ ਦੀ ਮੰਗ ਕੀਤੀ ਸੀ। ਸੁਪਰੀਮ ਕੋਰਟ ਨੇ ਪਿਛਲੇ ਸਾਲ 2 ਮਈ ਨੂੰ ਕੇਂਦਰ ਸਰਕਾਰ ਨੂੰ ਕਿਹਾ ਸੀ ਕਿ ਉਹ ਰਾਜੋਆਣਾ ਦੀ ਸਜ਼ਾ ਤਬਦੀਲੀ ਸਬੰਧੀ ਅਪੀਲ ਬਾਰੇ ਦੋ ਮਹੀਨਿਆਂ 'ਚ ਫੈਸਲਾ ਲਏ।

ਸੁਪਰੀਮ ਕੋਰਟ ਨੇ ਰਾਜੋਆਣਾ ਦੀ ਰਹਿਮ ਦੀ ਅਪੀਲ ਨੂੰ ਰਾਸ਼ਟਰਪਤੀ ਕੋਲ ਭੇਜਣ ਵਿਚ ਕੀਤੀ ਦੇਰੀ ਉੱਤੇ ਵੀ ਸਵਾਲ ਉਠਾਏ ਸਨ। ਸਿਖਰਲੀ ਕੋਰਟ ਨੇ ਉਦੋਂ ਸਰਕਾਰ ਨੂੰ ਕਿਹਾ ਸੀ ਕਿ ਉਹ ਉਸ ਨੂੰ ਜਾਣੂ ਕਰਵਾਏ ਕਿ ਸਬੰਧਤ ਅਥਾਰਿਟੀਜ਼ ਨੇ ਸੰਵਿਧਾਨ ਦੀ ਧਾਰਾ 72 ਤਹਿਤ ਰਾਸ਼ਟਰਪਤੀ ਨੂੰ ਤਜਵੀਜ਼ ਕਦੋਂ ਭੇਜੀ ਸੀ। ਪੰਜਾਬ ਪੁਲਿਸ ਦੇ ਸਾਬਕਾ ਕਾਂਸਟੇਬਲ ਰਾਜੋਆਣਾ ਨੂੰ 31 ਅਗਸਤ 1995 ਨੂੰ ਪੰਜਾਬ ਸਿਵਲ ਸਕੱਤਰੇਤ ਦੇ ਬਾਹਰ ਕੀਤੇ ਧਮਾਕੇ, ਜਿਸ ਵਿਚ ਮੁੱਖ ਮੰਤਰੀ ਬੇਅੰਤ ਸਿੰਘ ਦੀ ਜਾਨ ਜਾਂਦੀ ਰਹੀ ਸੀ, ਵਿਚ ਸ਼ਮੂਲੀਅਤ ਲਈ ਦੋਸ਼ੀ ਠਹਿਰਾਇਆ ਗਿਆ ਸੀ। ਵਿਸ਼ੇਸ਼ ਕੋਰਟ ਨੇ ਜੁਲਾਈ 2007 ਵਿਚ ਰਾਜੋਆਣਾ ਨੂੰ ਮੌਤ ਦੀ ਸਜ਼ਾ ਸੁਣਾਈ ਸੀ।

## ਕੇਂਦਰ 'ਤੇ ਦੋਹਰੇ ਮਾਪਦੰਡ ਅਪਣਾਉਣ ਦੇ ਦੋਸ਼

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ ਕੇਂਦਰ ਸਰਕਾਰ ਵੱਲੋਂ ਸੁਪਰੀਮ ਕੋਰਟ ਵਿਚ ਬਲਵੰਤ ਸਿੰਘ ਰਾਜੋਆਣਾ ਦੀ ਰਿਹਾਈ 'ਤੇ ਯੂ-ਟਰਨ ਲੈਣ ਅਤੇ ਦੋਹਰੇ ਮਾਪਦੰਡ ਅਪਣਾਉਣ ਦੇ ਦੋਸ਼ ਲਾਏ ਹਨ। ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਨੇ ਕਿਹਾ ਕਿ ਇਸ ਮਾਮਲੇ 'ਤੇ ਭਾਜਪਾ ਤੇ 'ਆਪ' ਦਾ ਗੁਪਤ ਸਮਝੌਤਾ ਹੋ ਚੁੱਕਾ ਹੈ, ਜੋ ਬੰਦੀ ਸਿੰਘਾਂ ਦੀ ਰਿਹਾਈ ਵਿਚ ਅੜਿੱਕਾ ਬਣ ਰਿਹਾ ਹੈ। ਸ੍ਰੀ ਮਜੀਠੀਆ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਸਿੱਖ ਕੌਮ ਦੀਆਂ ਭਾਵਨਾਵਾਂ ਨੂੰ ਸੱਟ ਮਾਰੀ ਹੈ। ਉਨ੍ਹਾਂ ਕਿਹਾ ਕਿ ਪਹਿਲਾਂ 2019 ਵਿਚ ਗੁਰੂ ਨਾਨਕ ਦੇਵ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਗੁਰੂ ਗ੍ਰੰਥ ਸਾਹਿਬ ਦੀ ਹਾਜ਼ਰੀ ਵਿਚ ਕੇਂਦਰ ਸਰਕਾਰ ਨੇ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਉਮਰ ਕੈਦ ਵਿਚ ਤਬਦੀਲ ਕਰਵਾਉਣ ਦੀ ਗੱਲ ਆਖੀ ਸੀ ਤੇ ਮਗਰੋਂ ਬਲਵੰਤ ਸਿੰਘ ਰਾਜੋਆਣਾ ਦੀ ਰਹਿਮ ਦੀ ਅਪੀਲ 'ਤੇ ਆਪਣਾ ਸਟੈਂਡ ਬਦਲ ਲਿਆ।

## ਸ਼੍ਰੋਮਣੀ ਕਮੇਟੀ ਵੱਲੋਂ ਤੁਰਤ ਫੈਸਲਾ ਲੈਣ ਦੀ ਅਪੀਲ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਅਦਾਲਤ ਦੇ ਫੈਸਲੇ ਮਗਰੋਂ ਬਲਵੰਤ ਸਿੰਘ ਰਾਜੋਆਣਾ ਦੀ ਸਜ਼ਾ ਨੂੰ ਉਮਰ ਕੈਦ ਵਿਚ ਬਦਲਣ ਦੀ ਜ਼ਿੰਮੇਵਾਰੀ ਹੁਣ ਕੇਂਦਰ ਸਰਕਾਰ ਦੀ ਹੈ, ਇਸ ਲਈ ਕੇਂਦਰ ਸਰਕਾਰ ਇਹ ਸਜ਼ਾ ਮੁਆਫ ਕਰ ਕੇ ਰਾਜੋਆਣਾ ਨੂੰ ਤੁਰਤ ਰਿਹਾਅ ਕਰੇ। ਐਡਵੋਕੇਟ ਧਾਮੀ ਨੇ ਕਿਹਾ ਹੈ ਕਿ ਸੁਪਰੀਮ ਕੋਰਟ ਨੇ ਭਾਈ ਰਾਜੋਆਣਾ ਦੇ ਕੇਸ ਵਿਚ ਗ੍ਰਹਿ ਮੰਤਰਾਲੇ ਨੂੰ ਫੈਸਲਾ ਲੈਣ ਦੇ ਨਿਰਦੇਸ਼ ਦਿੱਤੇ ਹਨ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੇ ਗੁਰੂ ਨਾਨਕ ਦੇਵ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਰਾਜੋਆਣਾ ਦੀ ਸਜ਼ਾ ਤਬਦੀਲੀ ਸਬੰਧੀ ਨੋਟੀਫਿਕੇਸ਼ਨ ਜਾਰੀ ਕੀਤਾ ਸੀ, ਜਿਸ ਦੇ ਮੱਦੇਨਜ਼ਰ ਹੁਣ ਸਰਕਾਰ ਨੂੰ ਤੁਰਤ ਇਹ ਫੈਸਲਾ ਲੈਣਾ ਚਾਹੀਦਾ ਹੈ ਕਿਉਂਕਿ ਰਾਜੋਆਣਾ ਉਮਰ ਕੈਦ ਤੋਂ ਵੱਧ ਸਜ਼ਾ ਭੁਗਤ ਚੁੱਕੇ ਹਨ।

# ਪਿੰਡ ਮੂਸਾ ਪਹੁੰਚਿਆ ਨਾਈਜ਼ੀਰੀਅਨ ਮੂਲ ਦਾ ਰੈਪਰ ਟਿਓਨ ਵੇਨ

**ਮਾਨਸਾ:** ਨਾਈਜ਼ੀਰੀਅਨ ਮੂਲ ਦਾ ਰੈਪਰ ਟਿਓਨ ਵੇਨ ਆਪਣੇ ਨਵੇਂ ਗੀਤ ਦੀ ਸ਼ੂਟਿੰਗ ਲਈ ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਪਿੰਡ ਮੂਸਾ ਪਹੁੰਚਿਆ, ਜਿਥੇ ਉਸ ਨੇ ਮਰਹੂਮ ਗਾਇਕ ਦੇ ਮਾਤਾ-ਪਿਤਾ ਨਾਲ ਲੰਬਾ ਸਮਾਂ ਸਿੱਧੂ ਮੂਸੇਵਾਲਾ ਦੀਆਂ ਯਾਦਾਂ ਤਾਜ਼ਾ ਕੀਤੀਆਂ।

ਇੰਗਲੈਂਡ ਵਿਚ ਰਹਿੰਦਾ ਨਾਈਜ਼ੀਰੀਅਨ ਮੂਲ ਦਾ ਇਹ ਕਲਾਕਾਰ ਇਸ ਮੌਕੇ ਸਿੱਧੂ ਮੂਸੇਵਾਲਾ ਦੀ ਸਮਾਧ 'ਤੇ ਵੀ ਗਿਆ ਅਤੇ ਉਸ ਦੇ ਖੇਤਾਂ ਸਣੇ ਪਿੰਡ ਦੀਆਂ ਹੋਰ ਥਾਵਾਂ 'ਤੇ ਵੀ ਘੁੰਮਿਆ। ਟਿਓਨ ਵੇਨ ਨੇ ਪਿੰਡ ਜਵਾਹਰਕੇ ਜਾ ਕੇ ਉਹ ਥਾਂ ਵੀ ਵੇਖਿਆ, ਜਿਥੇ ਸਿੱਧੂ ਮੂਸੇਵਾਲਾ ਦਾ ਕਤਲ ਕੀਤਾ ਗਿਆ ਸੀ। ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਨੇ ਦੱਸਿਆ ਕਿ ਸ਼ੁਭਦੀਪ ਨੇ ਇਸ ਕਲਾਕਾਰ ਨਾਲ ਇਕ ਗੀਤ ਕੀਤਾ ਸੀ ਤੇ ਟਿਓਨ ਨੇ ਆਪਣੇ ਗੀਤ ਦੀ ਸ਼ੂਟਿੰਗ ਪਿੰਡ ਮੂਸਾ ਵਿਚ ਕਰ ਕੇ ਆਪਣੇ ਗੀਤ ਰਾਹੀਂ ਲੋਕਾਂ ਨੂੰ ਸਿੱਧੂ



ਮੂਸੇਵਾਲਾ ਦੇ ਪਿੰਡ, ਘਰ ਤੇ ਖੇਤ ਦਿਖਾਉਣ ਦੀ ਕੋਸ਼ਿਸ਼ ਕੀਤੀ ਹੈ। ਇਸ ਮੌਕੇ ਟਿਓਨ ਨੇ ਬਲਕੌਰ ਸਿੰਘ ਨਾਲ ਸਿੱਧੂ ਮੂਸੇਵਾਲਾ ਦੇ ਪਸੰਦੀਦਾ ਟਰੈਕਟਰ 5911 ਦੀ ਸਵਾਰੀ ਵੀ ਕੀਤੀ ਤੇ ਤਸਵੀਰਾਂ ਵੀ ਸਾਂਝੀਆਂ ਕੀਤੀਆਂ। ਉਸ ਨੇ 5911 ਟਰੈਕਟਰ ਦੇ ਮੂਹਰਲੇ ਦੋਵੇਂ ਟਾਇਰ ਹਵਾ 'ਚ ਚੁੱਕਣ ਵਾਲਾ ਸਟੰਟ ਵੀ ਕੈਮਰੇ 'ਚ ਕੈਦ ਕੀਤਾ।

# ਸੰਦੀਪ ਅੰਬੀਆਂ ਦੇ ਪਰਿਵਾਰ ਵੱਲੋਂ ਬਾਕੀ ਕਾਤਲਾਂ ਦੀ ਛੇਤੀ ਗ੍ਰਿਫਤਾਰੀ ਦੀ ਮੰਗ

**ਜਲੰਧਰ:** ਸੰਦੀਪ ਨੰਗਲ ਅੰਬੀਆਂ ਦੇ ਪਰਿਵਾਰ ਵੱਲੋਂ ਪ੍ਰੈੱਸ ਕਾਨਫਰੰਸ ਕਰ ਕੇ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਗਈ ਕਿ ਸੰਦੀਪ ਨੰਗਲ ਅੰਬੀਆਂ ਦੇ ਕਾਤਲਾਂ ਨੂੰ ਗ੍ਰਿਫਤਾਰ ਕੀਤਾ ਜਾਵੇ। ਇਸ ਦੌਰਾਨ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਜਿਵੇਂ ਸੰਦੀਪ ਕਤਲ ਮਾਮਲੇ ਦੇ ਤਿੰਨ ਮੁੱਖ ਮੁਲਜ਼ਮਾਂ ਵਿਚੋਂ ਇਕ ਨੂੰ ਫੜਿਆ ਗਿਆ ਹੈ, ਉਸੇ ਤਰ੍ਹਾਂ ਬਾਕੀਆਂ ਮੁਲਜ਼ਮਾਂ ਨੂੰ ਵੀ ਜਲਦੀ ਫੜਿਆ ਜਾਵੇ।

ਇਸ ਕੇਸ ਵਿਚ ਗਵਾਹ ਹਾਕਮ ਸਿੰਘ ਵਾਸੀ ਬਾੜੇ ਵਾਲਾ ਤੇ ਸੰਦੀਪ ਦੇ ਭਰਾ ਅੰਗਰੇਜ਼ ਸਿੰਘ ਨੇ ਕਿਹਾ ਕਿ ਇਸ ਕੇਸ ਦੇ ਸਾਜ਼ਿਸ਼ਕਰਤਾ ਸਰਬਜੀਤ ਸਿੰਘ ਸਾਬਾ ਖੇੜਾ ਅਮਰੀਕਾ, ਸੁਖਵਿੰਦਰ ਸਿੰਘ ਮਾਨ ਸੁੱਖਾ ਕੈਨੇਡਾ ਅਤੇ ਸਨਾਵਰ ਢਿੱਲੋਂ ਕੈਨੇਡਾ ਨੂੰ ਫੜਨ ਤੋਂ ਬਾਅਦ ਹੀ ਉਨ੍ਹਾਂ ਨੂੰ ਇਨਸਾਫ ਮਿਲ ਸਕਦਾ ਹੈ। ਉਨ੍ਹਾਂ ਕਿਹਾ ਕਿ ਸਨਾਵਰ ਸਿੰਘ ਢਿੱਲੋਂ ਵਿਦੇਸ਼ ਵਿਚ ਕਬੱਡੀ ਫੈਡਰੇਸ਼ਨ ਦਾ ਸਕੱਤਰ ਵੀ ਹੈ। ਉਨ੍ਹਾਂ ਕਿਹਾ ਸੰਦੀਪ ਵੱਲੋਂ ਅਲੱਗ



ਫੈਡਰੇਸ਼ਨ ਬਣਾ ਲਈ ਗਈ ਸੀ ਅਤੇ ਵੱਡੀ ਗਿਣਤੀ ਖਿਡਾਰੀ ਸੰਦੀਪ ਦੀ ਫੈਡਰੇਸ਼ਨ ਵਿਚ ਆ ਗਏ ਸਨ। ਇਸ ਕਾਰਨ ਮੁਲਜ਼ਮਾਂ ਨੇ ਭਾੜੇ ਦੇ ਸ਼ੂਟਰਾਂ ਤੋਂ ਸੰਦੀਪ ਦੀ ਹੱਤਿਆ ਕਰਵਾ ਦਿੱਤਾ ਸੀ। ਉਨ੍ਹਾਂ ਕਿਹਾ ਕਿ ਸੁਰਜਣ ਸਿੰਘ ਚੱਠਾ ਨੂੰ ਫੜਨ ਨਾਲ ਉਨ੍ਹਾਂ ਨੂੰ ਇਨਸਾਫ ਮਿਲਣ ਦੀ ਆਸ ਜਾਗੀ ਹੈ। ਉਨ੍ਹਾਂ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਕਿ ਸੁਰਜਣ ਸਿੰਘ ਚੱਠਾ ਨੂੰ ਸਜ਼ਾ ਦਿਵਾਈ ਜਾਵੇ।

ਦੱਸ ਦਈਏ ਕਿ ਪੁਲਿਸ ਨੇ ਕੌਮਾਂਤਰੀ ਕਬੱਡੀ ਖਿਡਾਰੀ ਸੰਦੀਪ ਸਿੰਘ ਸੰਧੂ ਉਰਫ ਸੰਦੀਪ ਨੰਗਲ ਅੰਬੀਆਂ ਦੇ ਕਤਲ ਮਾਮਲੇ ਵਿਚ ਉੱਤਰੀ ਭਾਰਤੀ ਕਬੱਡੀ ਫੈਡਰੇਸ਼ਨ ਦੇ ਪ੍ਰਧਾਨ ਸੁਰਜਣ ਸਿੰਘ ਚੱਠਾ ਨੂੰ ਉਸ ਦੇ ਘਰੋਂ ਗ੍ਰਿਫਤਾਰ ਕੀਤਾ ਹੈ। ਪੁਲਿਸ ਨੇ ਚੱਠਾ ਨੂੰ ਫੜਨ ਲਈ ਸਵੇਰੇ ਹੀ ਛਾਪਾ ਮਾਰਿਆ ਤੇ ਸਿਵਲ ਕੱਪੜਿਆਂ ਵਿਚ ਪੁਲਿਸ ਮੁਲਾਜ਼ਮਾਂ ਨੇ ਗ੍ਰਿਫਤਾਰ ਕੀਤਾ। ਚੱਠਾ ਦੇ ਪਰਿਵਾਰਕ ਮੈਂਬਰ ਇਸ ਕਾਰਵਾਈ ਦਾ ਵਿਰੋਧ ਕਰਦੇ ਰਹੇ ਤੇ ਉਸ ਨੂੰ ਫੜਨ ਦਾ ਕਾਰਨ ਪੁੱਛਦੇ ਰਹੇ। ਜ਼ਿਕਰਯੋਗ ਹੈ ਕਿ ਪਿਛਲੇ ਸਾਲ 14 ਮਾਰਚ ਨੂੰ ਜਲੰਧਰ ਦੇ ਪਿੰਡ ਮੱਲੀਆਂ 'ਚ ਕਬੱਡੀ ਟੂਰਨਾਮੈਂਟ ਦੌਰਾਨ ਪੰਜ ਅਣਪਛਾਤੇ ਹਮਲਾਵਰਾਂ ਨੇ ਨੰਗਲ ਅੰਬੀਆਂ ਦੇ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਸੀ। ਪੰਜਾਬ ਪੁਲਿਸ ਨੇ ਇਸ ਕੇਸ ਵਿਚ ਨੌਂ ਜਣਿਆਂ ਨੂੰ ਗ੍ਰਿਫਤਾਰ ਕੀਤਾ ਹੈ।

# ਸਿੰਜਾਈ ਘੁਟਾਲਾ: ਠੇਕੇਦਾਰ ਗੁਰਿੰਦਰ 'ਭਾਪਾ' ਦੀਆਂ ਮੁਸ਼ਕਿਲਾਂ ਵਧੀਆਂ

**ਚੰਡੀਗੜ੍ਹ:** ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਸਿੰਜਾਈ ਘੁਟਾਲੇ ਵਿਚ ਨਾਮਜ਼ਦ ਠੇਕੇਦਾਰ ਗੁਰਿੰਦਰ ਸਿੰਘ ਉਰਫ ਭਾਪਾ ਦੀਆਂ ਮੁਸ਼ਕਲਾਂ ਵਧ ਗਈਆਂ ਹਨ। ਚਰਚਿਤ ਜਾਂਚ ਏਜੰਸੀ ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਦੀ ਅਪੀਲ 'ਤੇ ਅਦਾਲਤ ਨੇ ਠੇਕੇਦਾਰ ਦੀ ਅਗਾਊਂ ਜ਼ਮਾਨਤ ਰੱਦ ਕਰ ਦਿੱਤੀ ਹੈ।

ਈ.ਡੀ. ਨੇ ਅਦਾਲਤ ਤੋਂ ਗੁਰਿੰਦਰ ਸਿੰਘ ਦੇ ਗੈਰ-ਜ਼ਮਾਨਤੀ ਵਾਰੰਟ ਹਾਸਲ ਕਰ ਲਏ ਹਨ। ਈ.ਡੀ. ਸੂਤਰਾਂ ਨੇ ਕਿਹਾ ਕਿ ਸਿੰਜਾਈ ਘੁਟਾਲੇ ਵਿਚ ਨਾਮਜ਼ਦ ਇਸ ਵਿਅਕਤੀ ਵੱਲੋਂ ਤਫਤੀਸ਼ ਵਿਚ ਸਹਿਯੋਗ ਨਹੀਂ ਸੀ ਦਿੱਤਾ ਜਾ ਰਿਹਾ, ਇਸ ਲਈ ਹਿਰਾਸਤੀ ਪੁੱਛ-ਗਿੱਛ ਲਈ ਕਾਰਵਾਈ ਅਰੰਭੀ ਗਈ ਹੈ। ਈ.ਡੀ. ਨੇ ਸਿੰਜਾਈ ਘੁਟਾਲੇ ਵਿਚ ਜਾਂਚ ਤਾਂ ਭਾਵੇਂ 2018 ਵਿਚ ਆਰੰਭ ਦਿੱਤੀ ਸੀ ਪਰ ਠੇਕੇਦਾਰ ਦੀਆਂ 41 ਕਰੋੜ ਰੁਪਏ ਤੋਂ ਜ਼ਿਆਦਾ ਦੀਆਂ ਜਾਇਦਾਦਾਂ ਮਾਰਚ 2022 ਵਿਚ ਕੁਰਕ ਕੀਤੀਆਂ ਗਈਆਂ ਸਨ। ਸੂਤਰਾਂ ਮੁਤਾਬਕ ਈ.ਡੀ. ਨੇ ਵਿਜੀਲੈਂਸ ਦੇ ਦਸਤਾਵੇਜ਼ ਘੋਖਣ ਤੋਂ ਬਾਅਦ ਖੁਲਾਸਾ ਕੀਤਾ ਹੈ ਕਿ ਠੇਕੇਦਾਰ ਦੀਆਂ ਜਾਇਦਾਦਾਂ ਦੀ ਕੀਮਤ 70 ਕਰੋੜ ਰੁਪਏ ਤੋਂ ਵਧੇਰੇ ਹੈ। ਲਿਹਾਜ਼ਾ ਤਫਤੀਸ਼ ਨੂੰ ਅੱਗੇ ਵਧਾਉਣ ਲਈ ਪੁੱਛ-ਗਿੱਛ ਜ਼ਰੂਰੀ ਹੈ। ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਗੁਰਿੰਦਰ ਸਿੰਘ ਠੇਕੇਦਾਰ ਅਤੇ ਹੋਰਾਂ ਖਿਲਾਫ ਸਾਲ 2017 ਵਿਚ ਭ੍ਰਿਸ਼ਟਾਚਾਰ ਅਤੇ ਧੋਖਾਧੜੀ ਦਾ ਮਾਮਲਾ ਦਰਜ ਕਰਦਿਆਂ ਇਸ ਕੇਸ ਵਿਚ ਗੁਲਸ਼ਨ ਨਾਗਪਾਲ, ਐਕਸੀਅਨ, ਪਰਮਜੀਤ ਸਿੰਘ ਘੁੰਮਣ, ਚੀਫ ਇੰਜੀਨੀਅਰ (ਸੇਵਾਮੁਕਤ), ਬਜਰੰਗ ਲਾਲ ਸਿੰਗਲਾ, ਐਕਸੀਅਨ, ਹਰਵਿੰਦਰ ਸਿੰਘ, ਚੀਫ ਇੰਜੀਨੀਅਰ (ਸੇਵਾਮੁਕਤ), ਕਮਿੰਦਰ ਸਿੰਘ ਦਿਓਲ, ਐਸ.ਡੀ.ਓ. (ਸੇਵਾਮੁਕਤ), ਗੁਰਦੇਵ ਸਿੰਘ, ਚੀਫ ਇੰਜੀਨੀਅਰ (ਸੇਵਾਮੁਕਤ), ਵਿਮਲ ਕੁਮਾਰ ਸ਼ਰਮਾ ਸੁਪਰਵਾਈਜ਼ਰ ਅਤੇ ਸਿੰਜਾਈ ਵਿਭਾਗ ਦੇ ਕੁਝ ਅਧਿਕਾਰੀ, ਇੰਜੀਨੀਅਰ ਅਤੇ ਕਰਮਚਾਰੀਆਂ ਨੂੰ ਵੀ ਨਾਮਜ਼ਦ ਕੀਤਾ ਸੀ। ਵਿਜੀਲੈਂਸ ਵੱਲੋਂ ਇਸ ਮਾਮਲੇ ਵਿਚ ਸੂਬੇ ਦੇ ਤਿੰਨ ਸੇਵਾਮੁਕਤ ਆਈ.ਏ.ਐਸ. ਅਧਿਕਾਰੀਆਂ ਅਤੇ ਅਕਾਲੀ-ਭਾਜਪਾ ਸਰਕਾਰ ਦੌਰਾਨ ਸਿੰਜਾਈ ਵਿਭਾਗ ਦੇ ਮੰਤਰੀ ਰਹੇ ਦੋ ਸਿਆਸੀ ਆਗੂਆਂ ਤੋਂ ਵੀ ਪੁੱਛ-ਗਿੱਛ ਕੀਤੀ ਜਾ ਰਹੀ ਹੈ। ਵਿਜੀਲੈਂਸ ਨੇ ਆਪਣੀ ਤਫਤੀਸ਼ ਵਿਚ ਦਾਅਵਾ ਕੀਤਾ ਸੀ ਕਿ ਅਕਾਲੀ-ਭਾਜਪਾ ਸਰਕਾਰ ਦੇ ਸਮੇਂ ਸਿੰਜਾਈ ਵਿਭਾਗ ਗੁਰਿੰਦਰ ਸਿੰਘ 'ਤੇ ਏਨਾ ਜ਼ਿਆਦਾ ਮਿਹਰਬਾਨ



ਸੀ ਕਿ ਉਸ ਨੂੰ ਲਗਭਗ 1000 ਕਰੋੜ ਰੁਪਏ ਦੇ ਟੈਂਡਰ ਅਲਾਟ ਹੋਏ ਜਿਹੜੇ ਵਿਭਾਗੀ ਰੇਟਾਂ ਨਾਲੋਂ 10-50 ਫੀਸਦ ਵੱਧ ਰੇਟਾਂ 'ਤੇ ਦਿੱਤੇ ਗਏ। ਅਜਿਹੀ ਅਲਾਟਮੈਂਟ ਵੇਲੇ ਸ਼ਰਤਾਂ ਨੂੰ ਇਸ ਤਰ੍ਹਾਂ ਬਣਾਇਆ ਗਿਆ ਕਿ ਬੋਲੀ ਦੇਣ ਵਾਲੇ ਠੇਕੇਦਾਰ ਨੂੰ ਫਾਇਦਾ ਪਹੁੰਚਾਇਆ ਜਾ ਸਕੇ ਅਤੇ ਹੋਰ ਠੇਕੇਦਾਰ ਇਸ ਮੁਕਾਬਲੇ ਵਿਚ ਖੜ੍ਹ ਨਾ ਸਕਣ। ਕੇਂਦਰ ਦੀ ਹਦਾਇਤਾਂ ਅਨੁਸਾਰ ਆਫਤ ਪ੍ਰਬੰਧਨ ਫੰਡਾਂ ਦੀ ਵਰਤੋਂ ਸਮੇਂ ਅਦਾਇਗੀਆਂ ਸੀ.ਐਸ.ਆਰ. ਰੇਟਾਂ ਅਨੁਸਾਰ ਕਰਨਾ ਜ਼ਰੂਰੀ ਸੀ ਪਰ ਠੇਕੇਦਾਰ ਗੁਰਿੰਦਰ ਸਿੰਘ ਨੂੰ ਲਾਭ ਪਹੁੰਚਾਉਣ ਲਈ ਸੀ.ਐਸ.ਆਰ. ਰੇਟਾਂ ਤੋਂ ਵੱਧ ਰੇਟਾਂ 'ਤੇ ਠੇਕੇ ਅਲਾਟ ਕੀਤੇ ਜਾਂਦੇ ਰਹੇ ਜਿਸ ਕਰ ਕੇ ਸਰਕਾਰੀ ਖਜ਼ਾਨੇ ਨੂੰ ਵੱਡਾ ਵਿੱਤੀ ਘਾਟਾ ਪੈਂਦਾ ਰਿਹਾ। ਇਸ ਤੋਂ ਇਲਾਵਾ ਜਨਵਰੀ 2017 ਵਿਚ ਚੋਣ ਜ਼ਾਬਤਾ ਲੱਗਣ ਤੋਂ ਕੁਝ ਦਿਨ ਪਹਿਲਾਂ ਹੀ ਟੈਂਡਰਾਂ ਦੀਆਂ ਕੁਝ ਸ਼ਰਤਾਂ ਨੂੰ ਖਤਮ ਕਰਕੇ ਸਮਝੌਤੇ ਤਹਿਤ ਹੀ ਗੁਰਿੰਦਰ ਸਿੰਘ ਠੇਕੇਦਾਰ ਨੂੰ ਦੋ ਵੱਡੇ ਉਸਾਰੀ ਕਾਰਜ ਅਲਾਟ ਕਰ ਦਿੱਤੇ। ਈ.ਡੀ. ਨੇ ਪਿਛਲੇ ਦਿਨਾਂ ਦੌਰਾਨ ਹੀ ਪੰਜਾਬ ਮੰਡੀ ਬੋਰਡ ਦੇ ਸਾਬਕਾ ਇੰਜੀਨੀਅਰ ਸੁਰਿੰਦਰ ਸਿੰਘ ਪਹਿਲਵਾਨ ਦੀਆਂ 30 ਕਰੋੜ ਰੁਪਏ ਦੀ ਕੀਮਤ ਦੀਆਂ ਜਾਇਦਾਦਾਂ ਅਟੈਚ ਕਰ ਦਿੱਤੀਆਂ ਸਨ। ਵਿਜੀਲੈਂਸ ਨੇ ਸੁਰਿੰਦਰ ਸਿੰਘ ਪਹਿਲਵਾਨ ਖਿਲਾਫ ਭ੍ਰਿਸ਼ਟਾਚਾਰ ਅਤੇ ਸਰੋਤਾਂ ਤੋਂ ਜ਼ਿਆਦਾ ਆਮਦਨ ਦਾ ਮਾਮਲਾ ਦਰਜ ਕੀਤਾ ਸੀ। ਅਕਾਲੀ-ਭਾਜਪਾ ਸਰਕਾਰ ਸਮੇਂ ਭਲਵਾਨ ਨੂੰ ਨਿਯਮਾਂ ਨੂੰ ਛਿੱਕੇ ਟੰਗ ਕੇ ਅਹੁਦਿਆਂ 'ਤੇ ਤਾਇਨਾਤ ਕੀਤਾ ਗਿਆ ਸੀ।

**Punjab Times**

**Established in 2000**
**24nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 115 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਪਿੰਡਾਂ ਨੂੰ ਸ਼ਹਿਰਾਂ ਨਾਲ ਜੋੜਨ ਲਈ ਨਵੇਂ ਬੱਸ ਰੂਟ ਸ਼ੁਰੂ ਕਰਨ ਦੀ ਤਿਆਰੀ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਪਿੰਡਾਂ ਦੇ ਸ਼ਹਿਰਾਂ ਨਾਲੋਂ ਟੁੱਟਦੇ ਜਾ ਰਹੇ ਸੰਪਰਕ ਨੂੰ ਮੁੜ ਬਹਾਲ ਕਰਨ ਲਈ ਪਿੰਡਾਂ ਤੇ ਸ਼ਹਿਰਾਂ ਵਿਚਕਾਰ ਨਵੇਂ ਸਿਰੇ ਤੋਂ ਬੱਸਾਂ ਦੇ ਰੂਟ ਸ਼ੁਰੂ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ। ਇਸ ਨਾਲ ਪਿੰਡਾਂ ਦੇ ਲੋਕ ਆਸਾਨੀ ਨਾਲ ਸ਼ਹਿਰ ਪਹੁੰਚ ਸਕਣਗੇ ਅਤੇ ਵੱਡੀ ਗਿਣਤੀ ਨੌਜਵਾਨਾਂ ਨੂੰ ਰੁਜ਼ਗਾਰ ਵੀ ਮਿਲੇਗਾ।

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਬੱਸਾਂ ਦੇ ਨਵੇਂ ਰੂਟ ਸ਼ੁਰੂ ਕਰਨ ਬਾਰੇ ਵਿਚਾਰ-ਵਟਾਂਦਰਾ ਕਰ ਰਹੇ ਹਨ। ਨੌਜਵਾਨਾਂ ਨੂੰ ਇਨ੍ਹਾਂ ਰੂਟਾਂ 'ਤੇ ਬੱਸਾਂ ਚਲਾਉਣ ਲਈ ਬਿਨਾਂ ਵਿਆਜ ਤੋਂ ਕਰਜ਼ੇ ਵੀ ਦਿੱਤੇ ਜਾਣਗੇ ਤਾਂ ਜੋ 5-7 ਨੌਜਵਾਨਾਂ ਦੇ ਗਰੁੱਪ ਬੱਸਾਂ ਚਲਾ ਕੇ ਆਪਣੇ-ਆਪਣੇ ਘਰਾਂ ਦਾ ਗੁਜਾਰਾ ਕਰ ਸਕਣ। ਮੁੱਖ ਮੰਤਰੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪੁਰਾਣੀ ਸਰਕਾਰਾਂ ਨੇ ਪਿੰਡਾਂ ਅਤੇ ਸ਼ਹਿਰਾਂ ਵਿਚਕਾਰਲੇ ਸਾਰੇ ਰੂਟ ਰੱਦ ਕਰ ਦਿੱਤੇ ਸਨ ਪਰ ਉਹ ਨਵੇਂ ਸਿਰੇ ਤੋਂ ਰੂਟ ਸ਼ੁਰੂ ਕਰਨਗੇ। ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਨਵੇਂ ਰੂਟ ਲੈਣ ਬਾਰੇ ਉਤਸ਼ਾਹਿਤ ਕੀਤਾ ਜਾਵੇਗਾ ਤਾਂ ਜੋ ਉਹ ਉਨ੍ਹਾਂ ਲਈ ਰੋਜ਼ੀ-ਰੋਟੀ ਦਾ ਜਰੀਆ ਬਣ ਸਕੇ। ਨੌਜਵਾਨਾਂ ਨੂੰ ਨਵੀਆਂ ਬੱਸਾਂ ਖਰੀਦ ਕੇ ਆਪਣੇ ਕਾਰੋਬਾਰ ਸੈੱਟ ਕਰ ਵਾਸਤੇ ਬਿਨਾਂ ਵਿਆਜ ਦੇ ਕਰਜ਼ੇ ਵੀ ਦਿੱਤੇ ਜਾਣਗੇ। ਮੁੱਖ ਮੰਤਰੀ ਨੇ ਕਿਹਾ ਕਿ 7 ਤੋਂ 8 ਪਿੰਡਾਂ ਦੇ ਚੌਸਰ ਤਿਆਰ ਕੀਤੇ ਜਾਣਗੇ, ਜਿਨ੍ਹਾਂ ਰਾਹੀਂ ਬੱਸ ਦਿਨ ਵਿਚ ਦੋ ਵਾਰ ਪਿੰਡ ਤੋਂ ਸ਼ਹਿਰ ਤੱਕ ਅਤੇ ਸ਼ਹਿਰ ਤੋਂ ਪਿੰਡ ਤੱਕ ਗੇੜਾ ਲਾਜ਼ਮੀ ਲਗਾਏਗੀ। ਉਨ੍ਹਾਂ ਕਿਹਾ ਕਿ ਪਿੰਡਾਂ ਦੇ ਲੋਕ ਸ਼ਹਿਰਾਂ ਵਿਚ ਕੰਮ ਤੇ ਨੌਜਵਾਨ ਪੜ੍ਹਾਈ ਕਰਦੇ ਹਨ। ਇਸ ਲਈ ਨਵੇਂ ਰੂਟਾਂ ਨੂੰ ਉਨ੍ਹਾਂ ਦੇ ਸਮੇਂ ਅਨੁਸਾਰ ਸੈੱਟ ਕੀਤਾ ਜਾਵੇਗਾ।

# ਅਸ਼ਲੀਲ ਵੀਡੀਓ ਮਾਮਲਾ: ਕਟਾਰੂਚੱਕ ਮਾਮਲੇ ਦੀ ਜਾਂਚ ਲਈ 'ਸਿਟ' ਕਾਇਮ

**ਚੰਡੀਗੜ੍ਹ:** ਪੰਜਾਬ ਪੁਲਿਸ ਨੇ ਸੂਬੇ ਦੇ ਖੁਰਾਕ ਤੇ ਸਿਵਲ ਸਪਲਾਈ ਮੰਤਰੀ ਲਾਲ ਚੰਦ ਕਟਾਰੂਚੱਕ ਖ਼ਿਲਾਫ਼ ਲੱਗੇ ਦੋਸ਼ਾਂ ਦੀ ਪੜਤਾਲ ਲਈ ਡੀ.ਆਈ.ਜੀ. ਨਰਿੰਦਰ ਭਾਰਗਵ ਦੀ ਅਗਵਾਈ ਹੇਠ ਤਿੰਨ ਮੈਂਬਰੀ ਵਿਸ਼ੇਸ਼ ਜਾਂਚ ਟੀਮ (ਸਿਟ) ਬਣਾਈ ਗਈ ਹੈ। ਗੁਰਦਾਸਪੁਰ ਦੇ ਐਸ.ਐਸ.ਪੀ. ਡੀ. ਹਰੀਸ਼ ਕੁਮਾਰ ਅਤੇ ਪਠਾਨਕੋਟ ਦੇ ਜ਼ਿਲ੍ਹਾ ਪੁਲਿਸ ਮੁਖੀ ਐਚ.ਪੀ.ਐੱਸ. ਖੱਖ ਨੂੰ ਸਿਟ ਦਾ ਮੈਂਬਰ ਬਣਾਇਆ ਗਿਆ ਹੈ।

ਡਾਇਰੈਕਟਰ ਬਿਊਰੋ ਆਫ ਇਨਵੈਸਟੀਗੇਸ਼ਨ ਦੇ ਦਫਤਰ ਵੱਲੋਂ ਸਿਟ ਦੇ ਗਠਨ ਸਬੰਧੀ ਹੁਕਮ ਜਾਰੀ ਕੀਤੇ ਗਏ ਹਨ। ਪੁਲਿਸ ਵੱਲੋਂ ਜਾਰੀ ਹੁਕਮਾਂ ਵਿਚ ਅਨੁਸੂਚਿਤ ਜਾਤੀ ਕਮਿਸ਼ਨ ਦੇ ਹੁਕਮਾਂ ਦਾ ਵੀ ਹਵਾਲਾ ਦਿੱਤਾ ਗਿਆ ਹੈ। ਪੁਲਿਸ ਮੁਤਾਬਕ ਸ਼ਿਕਾਇਤਕਰਤਾ ਨੂੰ ਲੋੜੀਂਦੀ ਸੁਰੱਖਿਆ ਦਿੱਤੀ ਜਾਵੇਗੀ। ਜ਼ਿਕਰਯੋਗ ਹੈ ਕਿ ਕਾਂਗਰਸ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਇਕ ਇਤਰਾਜ਼ਯੋਗ ਵੀਡੀਓ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੂੰ ਸੌਂਪਦਿਆਂ ਮੰਤਰੀ ਖ਼ਿਲਾਫ਼ ਕਾਰਵਾਈ ਦੀ ਮੰਗ ਕੀਤੀ ਸੀ। ਜਲੰਧਰ ਜਿਮਨੀ ਚੋਣ ਦਾ ਸਿਆਸੀ ਮੈਦਾਨ ਭਖਿਆ ਹੋਣ ਕਰਕੇ ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਵੱਲੋਂ ਇਸ ਮੁੱਦੇ ਨੂੰ ਤੂਲ ਦਿੱਤਾ ਜਾ ਰਿਹਾ ਹੈ। ਇਹ ਮਾਮਲਾ ਪਹਿਲਾਂ ਤਾਂ ਦੱਬਿਆ ਰਿਹਾ ਪਰ ਅਚਾਨਕ ਹੀ ਇਕ ਵਿਅਕਤੀ ਨੇ ਕੌਮੀ ਅਨੁਸੂਚਿਤ ਜਾਤੀ ਕਮਿਸ਼ਨ ਕੋਲ ਪਹੁੰਚ ਕਰਕੇ ਮੰਤਰੀ 'ਤੇ ਧਮਕੀਆਂ ਦੇਣ ਦੇ ਦੋਸ਼ ਲਾਏ ਸਨ। ਇਸ ਮਗਰੋਂ ਕਮਿਸ਼ਨ ਦੇ ਚੇਅਰਮੈਨ ਵਿਜੈ ਕੁਮਾਰ ਸਾਂਪਲਾ ਸਰਗਰਮ ਹੋ ਗਏ ਅਤੇ ਉਨ੍ਹਾਂ ਪੰਜਾਬ ਪੁਲਿਸ ਤੋਂ ਕਾਰਵਾਈ ਰਿਪੋਰਟ ਮੰਗੀ ਸੀ।

## ਨਸ਼ਾ ਛੁਡਾਊ ਕੇਂਦਰ 'ਚੋਂ 15 ਮਰੀਜ਼ ਭੱਜੇ

**ਮੋਗਾ:** ਪਿੰਡ ਜਨੇਰ ਵਿਚ ਸਥਿਤ ਸਰਕਾਰੀ ਨਸ਼ਾ ਛੁਡਾਊ ਤੇ ਮੁੜ ਵਸੇਬਾ ਕੇਂਦਰ 'ਚੋਂ ਦਿਨ-ਦਿਹਾੜੇ 15 ਮਰੀਜ਼ ਫਰਾਰ ਹੋ ਗਏ। ਇਨ੍ਹਾਂ 'ਚੋਂ ਕੁਝ ਆਪਣੇ ਘਰ ਪਹੁੰਚ ਗਏ ਹਨ ਜਦਕਿ ਬਾਕੀਆਂ ਬਾਰੇ ਹਾਲੇ ਕੋਈ ਜਾਣਕਾਰੀ ਨਹੀਂ ਮਿਲੀ ਹੈ। ਇਸ ਸਬੰਧੀ ਕੇਂਦਰ ਦੇ ਪ੍ਰਬੰਧਕ ਨੇ ਨਸ਼ਾ ਪੀੜਤਾਂ ਦੇ ਪਰਿਵਾਰਕ ਮੈਂਬਰਾਂ ਨੂੰ ਸੂਚਿਤ ਕਰ ਦਿੱਤਾ ਹੈ। ਸਿਵਲ ਹਸਪਤਾਲ ਕੋਟ ਈਸੇ ਖਾਂ ਦੇ ਸੀਨੀਅਰ ਮੈਡੀਕਲ ਅਫਸਰ ਅਤੇ ਪਿੰਡ ਜਨੇਰ ਵਿਚ ਸਥਿਤ ਨਸ਼ਾ ਛੁਡਾਊ ਤੇ ਮੁੜ ਵਸੇਬਾ ਕੇਂਦਰ ਦੇ ਪ੍ਰਬੰਧਕ ਡਾ. ਰਾਕੇਸ਼ ਬਾਲੀ ਨੇ ਕਿਹਾ ਕਿ ਇਸ ਕੇਂਦਰ ਵਿਚ 26 ਮਰੀਜ਼ ਦਾਖਲ ਹਨ, ਜਿਨ੍ਹਾਂ ਨੂੰ ਵਾਲੀਬਾਲ ਤੇ ਹੋਰ ਖੇਡਾਂ ਲਈ ਕੇਂਦਰ ਵਿਚਲੇ ਮੈਦਾਨ ਵਿਚ ਲਿਜਾਇਆ ਜਾਂਦਾ ਹੈ। ਜਦੋਂ ਇਨ੍ਹਾਂ ਨੌਜਵਾਨਾਂ ਨੂੰ ਖੇਡਣ ਲਈ ਬਾਹਰ ਕੱਢਿਆ ਗਿਆ ਤਾਂ ਇਨ੍ਹਾਂ ਵਿਚੋਂ 15 ਜਣੇ ਸੁਰੱਖਿਆ ਗਾਰਡ ਨੂੰ ਝਕਾਨੀ ਦੇ ਕੇ ਫਰਾਰ ਹੋ ਗਏ। ਉਨ੍ਹਾਂ ਦੱਸਿਆ ਕਿ ਕੁਝ ਨੌਜਵਾਨ ਆਪਣੇ ਮਾਪਿਆਂ ਕੋਲ ਪੁੱਜ ਗਏ ਹਨ, ਜਿਨ੍ਹਾਂ ਦੇ ਨਸ਼ਾ ਛੁਡਾਊ ਕੇਂਦਰ 'ਚ ਪਰਤਣ ਦੀ ਉਡੀਕ ਕੀਤੀ ਜਾ ਰਹੀ ਹੈ।

## ਮਨੀਪੁਰ ਵਿਚ ਫਸੇ ਪੰਜਾਬੀਆਂ ਲਈ ਹੈਲਪਲਾਈਨ ਨੰਬਰ ਜਾਰੀ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਉੱਤਰ ਪੂਰਬੀ ਹਿੱਸੇ ਵਿਚ ਹਿੰਸਾ ਦੀ ਲਪੇਟ ਵਿਚ ਆਏ ਸੂਬੇ ਮਨੀਪੁਰ ਤੋਂ ਪੰਜਾਬੀਆਂ ਨੂੰ ਸੁਰੱਖਿਅਤ ਕੱਢਣ ਲਈ ਮੁਹਿੰਮ ਵਿੱਢੀ ਹੈ। ਪੰਜਾਬ ਸਰਕਾਰ ਦੇ ਯਤਨਾਂ ਸਦਕਾ ਸੂਬੇ ਦੇ ਨੌਜਵਾਨ ਰਾਹੁਲ ਕੁਮਾਰ ਨੂੰ ਸੁਰੱਖਿਅਤ ਬਾਹਰ ਕੱਢਿਆ ਗਿਆ ਹੈ। ਸਰਕਾਰ ਨੇ ਆਖਿਆ ਹੈ ਕਿ ਕੋਈ ਵੀ ਵਿਦਿਆਰਥੀ ਜਾਂ ਹੋਰ ਵਿਅਕਤੀ ਜੋ ਮਨੀਪੁਰ ਵਿਚ ਫਸਿਆ ਹੋਇਆ ਹੈ ਜਾਂ ਉਨ੍ਹਾਂ ਦੇ ਪਰਿਵਾਰਕ ਮੈਂਬਰ ਕਿਸੇ ਵੀ ਤਰ੍ਹਾਂ ਦੀ ਸਹਾਇਤਾ ਲਈ ਸਰਕਾਰ ਦੇ ਹੈਲਪਲਾਈਨ ਨੰਬਰ 9417936222 ਉਤੇ ਸੰਪਰਕ ਕਰ ਸਕਦੇ ਹਨ। ਮਨੀਪੁਰ ਵਿਚ ਫਸੇ ਨੌਜਵਾਨਾਂ/ਵਿਦਿਆਰਥੀਆਂ ਦੇ ਚਿੰਤਤ ਪਰਿਵਾਰਾਂ ਨਾਲ ਇੱਕਮੁੱਠਤਾ ਦਾ ਪ੍ਰਗਟਾਵਾ ਕਰਦਿਆਂ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਇਸ ਔਖੀ ਘੜੀ ਵਿਚ ਇਨ੍ਹਾਂ ਪਰਿਵਾਰਾਂ ਦੇ ਨਾਲ ਹੈ।

# ਵਾਹਨ ਚਾਲਕ ਨੇ ਬੱਸ ਅੱਡੇ 'ਤੇ ਖੜ੍ਹੇ ਲੋਕਾਂ ਨੂੰ ਦਰੜਿਆ, 8 ਮੌਤਾਂ

**ਹਿਊਸਟਨ:** ਟੈਕਸਸ ਵਿਚ ਇਕ ਡਰਾਈਵਰ ਨੇ ਪਰਵਾਸੀ ਪਨਾਹ ਕੇਂਦਰ ਦੇ ਬਾਹਰ ਬੱਸ ਸਟਾਪ ਉਤੇ ਖੜ੍ਹੇ ਲੋਕਾਂ ਉਤੇ ਵਾਹਨ ਚੜ੍ਹਾ ਦਿੱਤਾ। ਟੱਕਰ ਨਾਲ ਕਰੀਬ 8 ਲੋਕ ਮਾਰੇ ਗਏ ਹਨ ਜਿਨ੍ਹਾਂ ਵਿਚ ਕਈ ਆਵਾਸੀ ਹਨ। ਕਈ ਲੋਕ ਫੱਟੜ ਹੋ ਗਏ ਹਨ। ਇਹ ਘਟਨਾ ਇਕ ਬੱਸ ਸਟਾਪ ਉਤੇ ਵਾਪਰੀ ਜੋ ਕਿ ਪਰਵਾਸੀਆਂ ਨੂੰ ਪਨਾਹ ਦੇਣ ਵਾਲੇ ਇਕ 'ਸ਼ੈਲਟਰ' ਓਜ਼ਾਨੈਮ ਸੈਂਟਰ ਨੇੜੇ ਹੈ। ਬਰਾਊਨਜ਼ਵਿਲੇ ਪੁਲਿਸ ਨੇ ਦੱਸਿਆ ਕਿ ਸੱਤ ਲੋਕ ਮੌਕੇ ਉਤੇ ਹੀ ਮਾਰੇ ਗਏ। ਸਟਾਪ ਉਤੇ ਇਹ ਲੋਕ ਬੱਸ ਉਡੀਕ ਰਹੇ ਸਨ ਤੇ ਬੱਸ ਅੱਡੇ ਜਾਂ ਹਵਾਈ ਅੱਡੇ ਜਾਣ ਦੀ ਤਿਆਰੀ ਵਿਚ ਸਨ। ਪਨਾਹ ਕੇਂਦਰ ਦੇ ਡਾਇਰੈਕਟਰ ਨੇ ਦੱਸਿਆ ਕਿ ਇਹ ਇਕ 'ਗੈਰ-ਸਾਧਾਰਨ' ਘਟਨਾ ਹੈ, ਅਸੀਂ ਅਜਿਹਾ ਪਹਿਲਾਂ ਕਦੇ ਨਹੀਂ ਦੇਖਿਆ।' ਪੁਲਿਸ ਨੇ ਡਰਾਈਵਰ ਤੇ ਬਰਾਊਨਜ਼ਵਿਲੇ ਦੇ ਇਕ ਵਾਸੀ ਨੂੰ ਹਿਰਾਸਤ ਵਿਚ ਲਿਆ ਹੈ। ਉਨ੍ਹਾਂ ਵੱਲੋਂ ਇਸ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਤੇ ਦੇਖਿਆ ਜਾਵੇਗਾ ਕਿ ਕੀ ਚਾਲਕਾਂ ਨੇ ਗੱਡੀ ਜਾਣਬੁੱਝ ਕੇ ਬਸ ਸਟਾਪ ਉਤੇ ਖੜ੍ਹੇ ਲੋਕਾਂ ਵਿਚ ਮਾਰੀ ਸੀ। ਦਸ ਲੋਕਾਂ ਨੂੰ ਹਸਪਤਾਲ ਦਾਖਲ ਕਰਾਇਆ ਗਿਆ ਹੈ। ਘਟਨਾ ਵਿਚ ਪਰਵਾਸੀਆਂ ਦੇ ਮਾਰੇ ਜਾਣ ਕਾਰਨ ਕਈ ਏਜੰਸੀਆਂ ਵੀ ਪੁਲਿਸ ਦੀ ਜਾਂਚ ਵਿਚ ਮਦਦ ਕਰ ਰਹੀਆਂ ਹਨ ਕਿਉਂਕਿ ਇਨ੍ਹਾਂ ਦੇ ਕੇਸ ਬਾਰਡਰ ਪੈਟਰੋਲ, ਐਫ.ਬੀ.ਆਈ. ਦੇ ਕੋਲ ਹਨ। ਘਟਨਾ ਨੇੜਲੇ ਪਨਾਹ ਕੇਂਦਰ ਵਿਚ ਰਹਿ ਰਹੇ ਇਹ ਲੋਕ ਪੱਕੇ ਤੌਰ 'ਤੇ ਮਕਾਨ ਮਿਲਣ ਦੀ ਉਡੀਕ ਵਿਚ ਸਨ। ਇਹ ਵੈਨਜ਼ੁਏਲਾ ਨਾਲ ਸਬੰਧਤ ਦੱਸੇ ਜਾ ਰਹੇ ਹਨ।

# ਆਂਧਰਾ ਪ੍ਰਦੇਸ਼ 'ਚ ਗੁਰਦੁਆਰਿਆਂ ਦਾ ਪ੍ਰਾਪਰਟੀ ਟੈਕਸ ਖਤਮ

**ਅਮਰਾਵਤੀ (ਆਂਧਰਾ ਪ੍ਰਦੇਸ਼):** ਮੁੱਖ ਮੰਤਰੀ ਵਾਈ.ਐਸ. ਜਗਨ ਮੋਹਨ ਰੈੱਡੀ ਨੇ ਸੂਬੇ ਵਿਚ ਗੁਰਦੁਆਰਿਆਂ ਨੂੰ ਪ੍ਰਾਪਰਟੀ ਟੈਕਸ ਤੋਂ ਛੋਟ ਦੇਣ ਦੇ ਨਿਰਦੇਸ਼ ਦੇਣ ਦੇ ਨਾਲ-ਨਾਲ ਗ੍ਰੰਥੀਆਂ ਨੂੰ ਵੀ ਉਹ ਸਾਰੇ ਲਾਭ ਦੇਣ ਲਈ ਕਿਹਾ ਹੈ ਜੋ ਪੁਜਾਰੀਆਂ, ਪਾਦਰੀ ਅਤੇ ਮੌਲਵੀਆਂ ਨੂੰ ਦਿੱਤੇ ਜਾ ਰਹੇ ਹਨ।

ਇਸ ਦੇ ਨਾਲ ਮੁੱਖ ਮੰਤਰੀ ਨੇ ਰਾਜ ਵਿਚ ਸਿੱਖ ਭਾਈਚਾਰੇ ਦੀ ਭਲਾਈ ਲਈ ਵਿਸ਼ੇਸ਼ ਕਾਰਪੋਰੇਸ਼ਨ ਦੀ ਸਥਾਪਨਾ ਕਰਨ ਦਾ ਐਲਾਨ ਵੀ ਕੀਤਾ। ਆਂਧਰਾ ਪ੍ਰਦੇਸ਼ ਰਾਜ ਘੱਟ ਗਿਣਤੀ ਕਮਿਸ਼ਨ ਦੇ ਮੈਂਬਰ ਜਤਿੰਦਰਜੀਤ ਸਿੰਘ ਦੀ ਅਗਵਾਈ ਵਿਚ ਸਿੱਖ ਭਾਈਚਾਰੇ ਦੇ ਵਫਦ ਨੇ ਇੱਥੇ ਮੁੱਖ ਮੰਤਰੀ ਵਾਈ.ਐਸ. ਜਗਨ ਮੋਹਨ ਰੈਡੀ ਨਾਲ ਉਨ੍ਹਾਂ ਦੇ ਕੈਂਪ ਦਫਤਰ ਵਿਚ ਮੁਲਾਕਾਤ ਕੀਤੀ ਅਤੇ ਉਨ੍ਹਾਂ ਨੂੰ ਸਿੱਖਾਂ ਅਤੇ ਉਨ੍ਹਾਂ ਨਾਲ ਸਬੰਧਤ ਭਾਈਚਾਰਿਆਂ ਲਈ ਕਾਰਪੋਰੇਸ਼ਨ ਬਣਾਉਣ ਲਈ ਕਦਮ ਚੁੱਕਣ ਲਈ ਕਿਹਾ। ਉਨ੍ਹਾਂ ਦੀ ਅਪੀਲ ਉਤੇ ਗੌਰ ਕਰਦਿਆਂ ਮੁੱਖ ਮੰਤਰੀ ਨੇ ਸਿੱਖਾਂ ਲਈ ਕਮੇਟੀ ਬਣਾਉਣ ਦੀ ਪ੍ਰਵਾਨਗੀ ਦੇ ਦਿੱਤੀ ਹੈ। ਇਸ ਤੋਂ ਇਲਾਵਾ ਮੁੱਖ ਮੰਤਰੀ ਨੇ ਕੱਤਕ ਦੀ ਪੂਰਨਮਾਸ਼ੀ 'ਤੇ ਗੁਰੂ ਨਾਨਕ ਜਯੰਤੀ ਦੀ ਛੁੱਟੀ ਐਲਾਨਣ 'ਤੇ ਸਹਿਮਤੀ ਪ੍ਰਗਟਾਈ।

# ਪੁਲਿਸ ਦੀ ਵਿਸ਼ੇਸ਼ ਜਾਂਚ ਟੀਮ ਨੇ ਗੈਸ ਲੀਕ ਮਾਮਲੇ ਦੀ ਪੜਤਾਲ ਵਿੱਢੀ

**ਲੁਧਿਆਣਾ:** ਗਿਆਸਪੁਰਾ ਦੇ 33 ਫੁੱਟੀ ਰੋਡ 'ਤੇ ਗੈਸ ਲੀਕੇਜ ਮਾਮਲੇ 'ਚ ਲੁਧਿਆਣਾ ਪੁਲਿਸ ਵੱਲੋਂ ਡੀ.ਸੀ.ਪੀ. ਹਰਮੀਤ ਸਿੰਘ ਹੁੰਦਲ ਦੀ ਅਗਵਾਈ ਹੇਠ ਬਣਾਈ ਵਿਸ਼ੇਸ਼ ਜਾਂਚ ਟੀਮ (ਸਿਟ) ਨੇ ਵੱਖ-ਵੱਖ ਪਹਿਲੂਆਂ 'ਤੇ ਜਾਂਚ ਸ਼ੁਰੂ ਕਰ ਦਿੱਤੀ। ਦੱਸਿਆ ਜਾ ਰਿਹਾ ਹੈ ਕਿ ਪੁਲਿਸ ਨੇ ਜਾਂਚ ਦੇ ਪਹਿਲੇ ਦਿਨ ਆਸ-ਪਾਸ ਦੀਆਂ ਫੈਕਟਰੀਆਂ ਵਿਚ ਵੀ ਗਈ। 'ਸਿਟ' ਨੇ ਨਗਰ ਨਿਗਮ ਜ਼ੋਨ-ਸੀ ਦੇ ਐਸ.ਈ. ਪ੍ਰਸ਼ੋਤਮ ਕੁਮਾਰ ਦੇ ਨਾਲ-ਨਾਲ ਪ੍ਰਦੂਸ਼ਣ ਬੋਰਡ ਦੇ ਅਧਿਕਾਰੀਆਂ ਨੂੰ ਵੀ ਪੁੱਛ-ਪੜਤਾਲ ਲਈ ਸੱਦਿਆ ਹੈ। ਜ਼ਿਕਰਯੋਗ ਹੈ ਕਿ ਪੁਲਿਸ ਕਮਿਸ਼ਨਰ ਮਨਦੀਪ ਸਿੰਘ ਸਿੱਧੂ ਪਹਿਲਾਂ ਹੀ ਸਾਫ ਕਰ ਚੁੱਕੇ ਹਨ ਕਿ ਪੁਲਿਸ ਇਸ ਮਾਮਲੇ ਦੀ ਤਹਿ ਤੱਕ ਜਾਵੇਗੀ ਅਤੇ ਜੇਕਰ ਨਗਰ ਨਿਗਮ ਤੇ ਪ੍ਰਦੂਸ਼ਣ ਬੋਰਡ ਦੇ ਅਧਿਕਾਰੀ ਜ਼ਿੰਮੇਵਾਰ ਪਾਏ ਗਏ ਤਾਂ ਉਨ੍ਹਾਂ ਖ਼ਿਲਾਫ਼ ਵੀ ਕਾਰਵਾਈ ਤੋਂ ਗੁਰੇਜ਼ ਨਹੀਂ ਕੀਤਾ ਜਾਵੇਗਾ। ਉਧਰ, ਨੈਸ਼ਨਲ ਗ੍ਰੀਨ ਟ੍ਰਿਬਿਊਨਲ (ਐਨ.ਜੀ.ਟੀ.) ਨੇ ਵੀ ਇਸ ਘਟਨਾ ਦਾ ਸਖਤ ਨੋਟਿਸ ਲਿਆ ਹੈ।

ਐਸ.ਆਈ.ਟੀ. ਘਟਨਾ ਸਥਾਨ 'ਤੇ ਪੁੱਜੀ ਅਤੇ ਆਸ-ਪਾਸ ਦੀਆਂ ਫੈਕਟਰੀਆਂ ਵਿਚ ਵੀ ਜਾਂਚ ਸ਼ੁਰੂ ਕਰ ਦਿੱਤੀ। ਇਸ ਦੌਰਾਨ ਟੀਮ ਨੇ ਫੈਕਟਰੀ ਮਜ਼ਦੂਰਾਂ ਦੇ ਨਾਲ ਨਾਲ ਮੈਨੇਜਰਾਂ ਤੇ ਮਾਲਕਾਂ ਨਾਲ ਵੀ ਗੱਲਬਾਤ ਕੀਤੀ ਅਤੇ ਉਨ੍ਹਾਂ ਦੇ ਬਿਆਨ ਦਰਜ ਕੀਤੇ। ਇਸ ਦੇ ਨਾਲ ਸਿੱਟ ਨੇ ਫੈਕਟਰੀ ਵਿਚ ਵਰਤੇ ਜਾ ਰਹੇ ਕੈਮਿਕਲਾਂ ਦੀ ਵੀ ਪੜਤਾਲ ਕਰ ਰਹੀ ਹੈ।

## ਦਰਬਾਰ ਸਾਹਿਬ ਨੇੜੇ ਧਮਾਕਿਆਂ ਪਿੱਛੋਂ ਹਾਈ ਅਲਰਟ

*(ਪਹਿਲੇ ਸਫੇ ਦੀ ਬਾਕੀ)*

ਜਥੇਦਾਰ ਹਵਾਰਾ ਕਮੇਟੀ ਨੇ ਕਿਹਾ ਹੈ ਕਿ ਸ੍ਰੀ ਦਰਬਾਰ ਸਾਹਿਬ ਨਜ਼ਦੀਕ ਪਿਛਲੇ ਦੋ ਦਿਨਾਂ 'ਚ ਹੋਏ ਧਮਾਕਿਆਂ ਨੇ ਜਿੱਥੇ ਸੰਗਤ 'ਚ ਸਹਿਮ ਦਾ ਮਾਹੌਲ ਬਣਾਇਆ ਹੈ, ਉਥੇ ਇਸ ਗੱਲ ਦੀ ਸੰਭਾਵਨਾ ਹੈ ਕਿ ਇਨ੍ਹਾਂ ਧਮਾਕਿਆਂ ਪਿੱਛੇ ਕੋਈ ਵੱਡੀ ਸਾਜ਼ਿਸ਼ ਹੈ, ਸਿੱਖ ਧਰਮ ਦੇ ਸਰਬ-ਉੱਚ ਅਸਥਾਨ ਤੇ ਸਿੱਖਾਂ ਨੂੰ ਨਿਸ਼ਾਨਾ ਬਣਾ ਕੇ ਸਮੁੱਚੇ ਪੰਜਾਬ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

# ਗੈਂਗਸਟਰ ਸੁੱਖਾ ਬਾੜੇਵਾਲਾ ਦੀ ਹੱਤਿਆ

**ਲੁਧਿਆਣਾ:** ਸਨਅਤੀ ਸ਼ਹਿਰ ਵਿਚ ਗੈਂਗਸਟਰ ਸੁਖਪ੍ਰੀਤ ਸਿੰਘ ਉਰਫ ਸੁੱਖਾ ਬਾੜੇਵਾਲੀਆ ਦਾ ਦਿਨ-ਦਿਹਾੜੇ ਹੈਬੋਵਾਲ ਦੇ ਜੋਗਿੰਦਰ ਨਗਰ ਇਲਾਕੇ 'ਚ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ। ਸੁੱਖਾ ਬਾੜੇਵਾਲੀਆ ਦੇ ਪੁਰਾਣੇ ਸਾਥੀਆਂ ਨੇ ਉਸ ਨੂੰ ਵਿਵਾਦ ਹੱਲ ਕਰਨ ਲਈ ਸੱਦਿਆ ਸੀ ਤੇ ਉਥੇ ਬਹਿਸ ਦੌਰਾਨ ਗੋਲੀਆਂ ਚੱਲ ਗਈਆਂ। ਇਸ ਦੌਰਾਨ ਸਮਝੌਤੇ ਲਈ ਸੱਦਣ ਵਾਲੇ ਸੁੱਖੇ ਦੇ ਪੁਰਾਣੇ ਦੋਸਤ ਰੋਹਿਤ ਉਰਫ ਈਸ਼ੂ ਦੇ ਸਿਰ 'ਚ ਵੀ ਗੋਲੀ ਲੱਗੀ ਹੈ ਤੇ ਉਸ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ। ਇਸ ਘਟਨਾ ਦੌਰਾਨ ਸੁੱਖੇ ਨਾਲ ਆਇਆ ਉਸ ਦਾ ਇਕ ਅਣਪਛਾਤਾ ਸਾਥੀ ਮੌਕੇ 'ਤੋਂ ਫਰਾਰ ਹੋ ਗਿਆ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਲਗਾਤਾਰ ਗੋਲੀਆਂ ਚੱਲਣ ਦੀ ਆਵਾਜ਼ ਸੁਣ ਕੇ ਆਲੇ-ਦੁਆਲੇ ਦੇ ਲੋਕ ਬਾਹਰ ਆ ਗਏ ਤੇ ਇਸ ਸਬੰਧੀ ਖਬਰ ਪੁਲਿਸ ਨੂੰ ਦਿੱਤੀ। ਗੈਂਗਸਟਰ ਸੁੱਖਾ ਬਾੜੇਵਾਲੀਆ ਦੀ ਪਤਨੀ ਅਮਿਤਾ ਨੇ ਦੋਸ਼ ਲਾਇਆ ਕਿ ਰੋਹਿਤ ਉਰਫ਼ ਈਸ਼ੂ ਕਈ ਥਾਵਾਂ 'ਤੇ ਨਸ਼ਾ ਤਸਕਰੀ ਵੇਲੇ ਸੁੱਖੇ ਦਾ ਨਾਂ ਵਰਤ ਰਿਹਾ ਸੀ। ਦੋਵੇਂ ਗੱਲਬਾਤ ਰਾਹੀਂ ਆਪਸੀ ਵਿਵਾਦ ਖਤਮ ਕਰਨ ਲਈ ਮਿਲੇ ਸਨ, ਪਰ ਇਸ ਦੌਰਾਨ ਛਿੜੀ ਬਹਿਸ ਨੇ ਖੂਨੀ ਰੂਪ ਅਖਤਿਆਰ ਕਰ ਲਿਆ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ

ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ

ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ

ਡਾ. ਗੁਰਚਰਨ ਸਿੰਘ ਗਰੇਵਾਲ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ

# ਜੋਸਨ ਪਰਿਵਾਰ ਨੂੰ ਸਦਮਾ, ਪਿਤਾ ਸਵਰਗਵਾਸ

ਰੋਜ਼ਰਜ (ਅਰਕਨਸਾਸ): ਇਥੋਂ ਦੇ ਰੋਜਰਜ ਸਿਟੀ ਦੇ ਨਾਮੀ ਕਾਰੋਬਾਰੀ ਗੁਰਮੀਤ ਸਿੰਘ ਜੋਸਨ ਪਰਿਵਾਰ ਨੂੰ ਉਸ ਵਕਤ ਭਾਰੀ ਸਦਮਾ ਲੱਗਾ ਜਦੋਂ ਮਲੋਟ ਨਜ਼ਦੀਕ ਪਿੰਡ ਛਾਪਿਆਂਵਾਲੀ ਵਿਖੇ ਉਨਾਂ ਦੇ ਪਿਤਾ ਗੁਰਚਰਨ ਸਿੰਘ ਜੋਸਨ ਦਾ ਸਵਰਗਵਾਸ ਹੋ ਗਿਆ।



ਸਰਦਾਰ ਗੁਰਚਰਨ ਸਿੰਘ ਜੋਸਨ 67 ਸਾਲਾਂ ਦੇ ਸਨ ਅਤੇ ਪਿਛਲੇ ਕੁਝ ਸਮੇਂ ਤੋਂ ਡਾਇਬਿਟੀਜ ਦੇ ਮਰੀਜ਼ ਹੋਣ ਕਾਰਨ ਡਾਇਲਿਸਿਸ ਉਤੇ ਚੱਲ ਰਹੇ ਸਨ। ਉਹ ਪਿੰਡ ਛਾਪਿਆਂਵਾਲੀ ਵਿਖੇ ਆਪਣੇ ਛੋਟੇ ਪੁੱਤਰ ਬਲਦੇਵ ਸਿੰਘ ਕੋਲ ਰਹਿ ਰਹੇ ਸਨ। ਸ. ਗੁਰਚਰਨ ਸਿੰਘ ਜੋਸਨ ਅਮਰੀਕਾ ਵਿਖੇ ਸਥਾਪਤ ਆਪਣੇ ਵੱਡੇ ਪੁੱਤਰ ਗੁਰਮੀਤ ਸਿੰਘ ਕੋਲ ਅਕਸਰ ਆਉਂਦੇ-ਜਾਂਦੇ ਰਹਿੰਦੇ ਤੇ ਆਪਣੇ ਪੁੱਤਰ ਦੀ ਕਾਮਯਾਬੀ ਨੂੰ ਦਾਦ ਦਿੰਦੇ।

ਪਿੰਡ ਛਾਪਿਆਂਵਾਲੀ ਵਿਖੇ ਉਨਾਂ ਦੀਆਂ ਅੰਤਿਮ ਰਸਮਾਂ ਪੂਰੀਆਂ ਕਰਨ ਉਪਰੰਤ ਉਨ੍ਹਾਂ ਦੇ ਸਪੁੱਤਰ ਗੁਰਮੀਤ ਸਿੰਘ ਜੋਸਨ ਪਰਿਵਾਰ ਵਲੋਂ ਗੁਰੂ ਨਾਨਕ ਟੈਂਪਲ ਰੋਜਰਜ ਵਿਖੇ ਵਿਛੜ ਚੁੱਕੀ ਆਤਮਾ ਨਮਿਤ ਸੁਖਮਨੀ ਸਾਹਿਬ ਦੇ ਪਾਠ ਕਰਵਾਏ ਗਏ ਅਤੇ ਇਸ ਉਪਰੰਤ ਭਾਈ ਗੁਰਜੀਤ ਸਿੰਘ, ਬੀਬੀ ਅਮਰਜੀਤ ਕੌਰ ਅਤੇ ਬੀਬੀ ਮਨਜੀਤ ਕੌਰ ਦੇ ਜਥੇ ਵਲੋਂ ਕਥਾ ਕੀਰਤਨ ਤੇ ਅਰਦਾਸ ਕੀਤੀ ਗਈ।

ਇਸ ਮੌਕੇ ਰੋਜਰਜ ਅਮਰੀਕਾ ਦੇ ਵੱਖ ਵੱਖ ਸ਼ਹਿਰਾਂ ਤੋਂ ਉਨ੍ਹਾਂ ਦੇ ਸਕੇ-ਸਬੰਧੀ, ਰਿਸ਼ਤੇਦਾਰ ਅਤੇ ਦੋਸਤ-ਮਿੱਤਰਾਂ ਨੇ ਸ਼ਿਰਕਤ ਕੀਤੀ ਅਤੇ ਪਰਿਵਾਰ ਨਾਲ ਦੁਖ ਸਾਂਝਾ ਕੀਤਾ। ਸ. ਗੁਰਚਰਨ ਸਿੰਘ ਸ਼ਾਹਕੋਟ ਦੇ ਪਿੰਡ ਭਦਮਾਂ ਨਾਲ ਸਬੰਧਤ ਇਥੋਂ ਦੇ ਨਾਮੀ ਕਾਰੋਬਾਰੀ ਸ. ਸੋਹਨ ਸਿੰਘ ਥਿੰਦ ਦੇ ਕੁੜਮ ਸਨ।

ਇਸ ਮੌਕੇ ਗੁਰਦੁਆਰਾ ਦੇ ਪ੍ਰਧਾਨ ਬਲਦੇਵ ਸਿੰਘ ਵੜੈਚ, ਜਸਵੰਤ ਸਿੰਘ ਬਰਿਆਰ, ਸੁਖਪਾਲ ਸਿੰਘ ਸੰਧੂ ਸਕੱਤਰ, ਸਰਬਜੀਤ ਸਿੰਘ ਤੁੰਗ, ਹਰਮਿਨ ਥਿੰਦ ਅਤੇ ਮਿਸੀਸਾਗਾ ਤੋਂ ਕੰਵਲਜੀਤ ਸਿੰਘ ਨੇ ਵੀ ਪਰਿਵਾਰ ਨਾਲ ਦੁਖ ਸਾਂਝਾ ਕੀਤਾ।

# ਪੰਜਾਬੀ ਵਿਰਸਾ ਟਰੱਸਟ ਵਲੋਂ 'ਬਾਬਾ ਗੁਰਦਿੱਤਾ ਜੀ' ਪੁਸਤਕ ਲੋਕ ਅਰਪਣ

## ਵਿਦੇਸ਼ ਵਸਦੇ ਪੰਜਾਬੀ ਆਪਣੀ ਬੋਲੀ ਅਤੇ ਵਿਰਸੇ ਨਾਲ ਜੁੜੇ ਹੋਏ ਹਨ- ਅਵਤਾਰ ਸਿੰਘ ਸਪਰਿੰਗਫੀਲਡ

ਫਗਵਾੜਾ: ਪੰਜਾਬੀ ਵਿਰਸਾ ਟਰੱਸਟ ਵਲੋਂ ਪ੍ਰਕਾਸ਼ਤ ਅਤੇ ਕੁਲਦੀਪ ਸਿੰਘ ਕਾਮਿਲ ਅਤੇ ਡਾ. ਚਰਨਜੀਤ ਸਿੰਘ ਗੁਮਟਾਲਾ ਵਲੋਂ ਲਿਖੀ ਪੁਸਤਕ 'ਬਾਬਾ ਗੁਰਦਿੱਤਾ ਜੀ' ਦਾ ਲੋਕ ਅਪਰਣ ਪਰਵਾਸੀ ਪੰਜਾਬੀ ਅਵਤਾਰ ਸਿੰਘ ਸਪਰਿੰਗਫੀਲਡ ਵਲੋਂ ਕੀਤਾ ਗਿਆ। ਇਸ ਸਮੇਂ ਬੋਲਦਿਆਂ ਉਨ੍ਹਾਂ ਕਿਹਾ ਕਿ ਵਿਦੇਸ਼ ਵਸਦੇ ਪੰਜਾਬੀ, ਆਪਣੀ ਮਾਂ ਬੋਲੀ ਪੰਜਾਬੀ, ਪੰਜਾਬ ਅਤੇ ਆਪਣੇ ਵਿਰਸੇ ਨਾਲ ਪੂਰੀ ਤਰ੍ਹਾਂ ਜੁੜੇ ਹੋਏ ਹਨ ਅਤੇ ਉਹ ਪੰਜਾਬੀ ਬੋਲੀ ਦੇ ਵਿਕਾਸ ਲਈ ਹਰ ਪਲ ਤਤਪਰ ਹਨ।





ਸਮਾਗਮ ਵਿੱਚ ਡਾ. ਜਗੀਰ ਸਿੰਘ ਨੂਰ ਅਤੇ ਚਰਨਜੀਤ ਸਿੰਘ ਪਨੂੰ ਯੂ.ਐਸ.ਏ. ਨੇ ਵਿਚਾਰ ਪੇਸ਼ ਕੀਤੇ। ਪ੍ਰਿੰਸੀਪਲ ਗੁਰਮੀਤ ਸਿੰਘ ਪਲਾਹੀ ਨੇ ਕਿਹਾ ਕਿ ਪਰਵਾਸੀ ਪੰਜਾਬੀਆਂ ਦਾ ਆਪਣੀ ਧਰਤੀ ਨਾਲ ਅੰਤਾਂ ਦਾ ਮੋਹ ਹੈ ਅਤੇ ਉਹ ਆਪਣੇ ਇਤਿਹਾਸ, ਸਭਿਆਚਾਰ, ਬੋਲੀ ਦੀ ਤਰੱਕੀ ਲਈ ਹਰ ਪਲ ਤਿਆਰ ਰਹਿੰਦੇ ਹਨ।

ਇਸ ਮੌਕੇ ਕਰਵਾਏ ਕਵੀ ਦਰਬਾਰ ਵਿੱਚ ਬਲਦੇਵ ਰਾਜ ਕੋਮਲ, ਮਨੋਜ ਫਗਵਾੜਵੀ, ਰਵਿੰਦਰ ਸਿੰਘ ਰਾਏ ਨੇ ਹਿੱਸਾ ਲਿਆ। ਪਰਵਿੰਦਰ ਜੀਤ ਸਿੰਘ ਨੇ ਸਭਨਾਂ ਦਾ ਧੰਨਵਾਦ ਕੀਤਾ। ਹੋਰਨਾਂ ਤੋਂ ਇਲਾਵਾ ਸੁਖਵਿੰਦਰ ਸਿੰਘ ਪ੍ਰਧਾਨ, ਨਰਿੰਦਰ ਸੈਣੀ, ਅਨੂਪ ਦੁੱਗਲ, ਸੁਖਵਿੰਦਰ ਸਿੰਘ ਸੱਲ ਪਲਾਹੀ, ਗੁਰਨਾਮ ਸਿੰਘ ਸੱਲ ਪਲਾਹੀ, ਗੁਰਮੇਲ ਸਿੰਘ, ਸੁਰਜੀਤ ਰਾਓ, ਦਿਲਬਹਾਰ ਸ਼ੌਕਤ, ਮਨਦੀਪ ਸਿੰਘ, ਕਮਲੇਸ਼ ਸੰਧੂ, ਅਸ਼ੋਕ ਸ਼ਰਮਾ ਆਦਿ ਹਾਜ਼ਰ ਸਨ। ਸਮਾਗਮ ਦੌਰਾਨ ਅਵਤਾਰ ਸਿੰਘ ਸਪਰਿੰਗਫੀਲਡ ਦਾ ਪੰਜਾਬੀ ਬੋਲੀ ਦੇ ਪ੍ਰਸਾਰ ਲਈ ਕੀਤੀਆਂ ਪ੍ਰਾਪਤੀਆਂ ਲਈ ਪੰਜਾਬੀ ਵਿਰਸਾ ਟਰੱਸਟ ਵਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ। ਸਮਾਗਮ ਦੌਰਾਨ ਅਵਤਾਰ ਸਿੰਘ ਸਪਰਿੰਗਫੀਲਡ ਦੇ ਪਤਨੀ ਸਰਬਜੀਤ ਕੌਰ, ਜਗਤਬੀਰ ਸਿੰਘ, ਤਲਵਿੰਦਰ ਸਿੰਘ, ਇੰਦਰਜੀਤ ਸਿੰਘ ਅਤੇ ਉਨ੍ਹਾਂ ਦਾ ਪਰਿਵਾਰ ਹਾਜ਼ਰ ਸੀ।

# ਸਿੱਖ ਰਾਈਡਰਜ ਵੱਲੋਂ ਟੈਕਸਾਸ ਵਿੱਖੇ ਕਰਵਾਈ ਨੌਵੀ ਸਲਾਨਾਂ ਬਾਈਕ ਰੈਲੀ ਯਾਦਗਾਰੀ ਹੋ ਨਿਬੜੀ।

ਡੈਲਸ (ਟੈਕਸਾਸ): ਸਿੱਖ ਰਾਈਡਰਜ ਆਫ਼ ਅਮਰੀਕਾ ਨਾਮੀ ਮੋਟਰਸਾਈਕਲ ਕਲੱਬ ਬੇਕਰਸਫੀਲਡ ਵਿੱਚ ਵਿਸਕਾਨਸਿਨ ਦੇ ਓਕ ਕਰੀਕ ਗੁਰੂਘਰ ਵਿੱਖੇ ਹੋਏ ਨਸਲੀ ਹਮਲੇ ਪਿੱਛੋਂ ਹੋਂਦ ਵਿੱਚ ਆਇਆ ਸੀ, ਇਸ ਗਰੁਪ ਸਮਾਪਤ ਹੋਈ। ਇਸ ਰੈਲੀ ਨੂੰ ਫਰੀਵੇਅ ਬੰਦ ਕਰਕੇ ਅਰਵਿੰਗ ਪੁਲਿਸ ਦੁਆਰਾ ਐਸਕੋਰਟ ਕਰਕੇ ਬਿੱਡਫਰਡ ਤੋਂ ਡੈਲਸ ਲਿਜਾਇਆ ਗਿਆ।

ਇਸ ਰੈਲੀ ਵਿੱਚ 250 ਤੋਂ ਵੱਧ ਮੋਟਰ





ਵੱਲੋਂ ਅਮਰੀਕਾ ਦੇ ਵੱਖੋਂ ਵੱਖ ਸ਼ਹਿਰਾਂ ਵਿੱਚ ਪਹੁੰਚ ਕੇ ਅਮਰੀਕਨ ਲੋਕਾਂ ਨੂੰ ਸਿੱਖ ਪਹਿਚਾਣ ਸਬੰਧੀ ਜਾਣੂ ਕਰਵਾਇਆ ਜਾਂਦਾ ਹੈ। ਹਰ ਸਾਲ ਸਿੱਖ ਰਾਈਡਰਜ ਵੱਲੋਂ ਅਮਰੀਕਨ ਲੋਕਾਂ ਦੇ ਵੱਖੋ ਵੱਖ ਸਮਾਗਮਾਂ ਵਿੱਚ ਪਹੁੰਚ ਕੇ ਸਿੱਖ ਧਰਮ ਨੂੰ ਪ੍ਰਫੁੱਲਿਤ ਕਰਨ ਲਈ ਸਲਾਘਾਯੋਗ ਉਪਰਾਲੇ ਕੀਤੇ ਜਾ ਰਹੇ ਹਨ।

ਇਸੇ ਕੜੀ ਤਹਿਤ ਲੰਘੇ ਹਫਤੇ ਬਿੱਡਫੋਰਡ ਟੈਕਸਾਸ ਵਿਖੇ ਸਿੱਖ ਰਾਈਡਰਜ ਆਫ਼ ਅਮਰੀਕਾ ਦੇ ਕਾਰਕੁਨਾਂ ਵੱਲੋਂ ਸ਼ਾਨਦਾਰ ਨੌਵੀਂ ਸਲਾਨਾਂ ਮੋਟਰ-ਸਾਈਕਲ ਰੈਲੀ ਦਾ ਅਯੋਜਨ ਕੀਤਾ ਗਿਆ। ਇਹ ਬਾਈਕ ਰੈਲੀ ਸਾਈਕਲ ਗੇਅਰ ਡੀਲਰਸ਼ਿੱਪ ਬਿੱਡਫਰਡ ਤੋਂ ਪੰਜਾਬੀ ਵਿੱਚ ਅਰਦਾਸ ਤੇ ਗੋਰਿਆਂ ਵੱਲੋਂ ਪਰੇਅਰ ਕਰਕੇ ਸੂਰੂ ਕੀਤੀ ਗਈ 'ਤੇ ਤੀਹ ਮੀਲਾਂ ਦਾ ਸਫਰ ਤਹਿ ਕਰਕੇ ਸਟੋਰਕਸ ਪਲੇਸ ਡੈਲਸ ਵਿੱਖੇ ਸਾਈਕਲ ਸਵਾਰਾਂ ਨੇ ਹਿੱਸਾ ਲਿਆ, ਸੈਂਕੜਿਆ ਦੇ ਹਿਸਾਬ ਅਮਰੀਕਨ ਲੋਕਾਂ ਨੇ ਇਸ ਸਮਾਗਮ ਵਿੱਚ ਸ਼ਿਰਕਤ ਕੀਤੀ। ਇਸ ਰੈਲੀ ਦੌਰਾਨ ਲੋਕਲ ਚੈਰਟੀਆਂ ਲਈ ਹਜ਼ਾਰਾਂ ਡਾਲਰ ਦਾ ਫੰਡ ਵੀ ਦਿੱਤਾ ਗਿਆ।

।ਇਸ ਮੌਕੇ ਸੰਸਥਾ ਦੇ ਬੁਲਾਰਿਆਂ ਨੇ ਦੱਸਿਆ ਕਿ ਇਸ ਸਾਲ ਇਸ ਮੌਕੇ ਖਾਸ ਤੌਰ ਤੇ ਲੱਗੇ ਸਿੱਖ ਰਾਈਡਰਜ ਬੂਥ ਤੋਂ ਸਿੱਖ ਧਰਮ ਅਤੇ ਦਸਤਾਰ ਪ੍ਰਤੀ ਜਾਣਕਾਰੀ ਭਰਪੂਰ ਪੈਂਫਲਿੱਟ ਵੀ ਵੰਡੇ ਗਏ। ਬਹੁਤ ਸਾਰੇ ਗੋਰੇ ਜਿਹੜੇ ਸਿੱਖ ਧਰਮ ਤੋਂ ਅਣਜਾਣ ਸਨ, ਸਿੱਖ ਧਰਮ ਪ੍ਰਤੀ ਜਾਣ ਕੇ ਬਹੁਤ ਪ੍ਰਭਾਵਿਤ ਹੋਏ ਅਤੇ ਸਿੱਖ ਰਾਈਡਰਜ ਦੇ ਇਸ ਉਪਰਾਲੇ ਦੀ ਭਰਪੂਰ ਸਲਾਘਾ ਕੀਤੀ।

ਰਿਪੋਰਟ ਅਤੇ ਵੇਰਵਾ ਨੀਟਾ ਮਾਛੀ

# ਗੁਰਦੁਆਰਾ ਸਿੰਘ ਸਭਾ ਰੈਂਟਨ ਪ੍ਰਬੰਧਕ ਕਮੇਟੀ ਦੀ ਸਰਬਸੰਮਤੀ ਨਾਲ ਚੋਣ

ਸਿਆਟਲ: ਗੁਰਦੁਆਰਾ ਸਿੰਘ ਸਭਾ ਰੈਂਟਨ (ਸਿਆਟਲ) ਵਾਸ਼ਿੰਗਟਨ ਦੀ ਪ੍ਰਬੰਧਕ ਕਮੇਟੀ ਦੀ ਚੋਣ ਅਗਲੇ ਦੋ ਸਾਲਾਂ ਲਈ ਸਰਬਸੰਮਤੀ ਨਾਲ ਹੋ ਗਈ ਹੈ। ਯਾਦ ਰਹੇ ਕਿ ਇੱਥੇ ਹਮੇਸ਼ਾ ਬਿਨਾਂ ਵੋਟਾਂ ਤੋਂ ਪੰਥਕ ਰਹੁਰੀਤ ਅਨੁਸਾਰ ਕਮੇਟੀ ਚੁਣੀ ਜਾਂਦੀ ਹੈ। ਗੁਰਦੁਆਰਾ ਸਿੰਘ ਸਭਾ ਰੈਂਟਨ ਅਮਰੀਕਾ ਦੇ ਵੈਸਟ ਕੋਸਟ ਦੀ ਸੱਭ ਤੋਂ ਵੱਡੀ ਪੰਥਕ ਸਟੇਜ ਸਮਝੀ ਜਾਂਦੀ ਹੈ ਅਤੇ ਇੱਥੇ 100% ਸਾਧ ਸੰਗਤ ਦਾ ਕੰਟਰੋਲ ਹੈ। ਲੰਘੇ ਐਤਵਾਰ ਪੰਜਾਂ ਸੇਵਾਦਾਰਾਂ ਦਾ ਪੈਨਲ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਪਰਚੀਆਂ ਚੁੱਕ ਕੇ ਚੁਣਿਆ ਗਿਆ, ਜਿਨ੍ਹਾਂ ਵਿੱਚ ਡਾ. ਸਰਬਜੀਤ ਸਿੰਘ ਵਿਰਕ, ਭਾਈ ਜਗਜੀਵਨ ਸਿੰਘ, ਭਾਈ ਹਰਸ਼ਰਨ ਸਿੰਘ ਰੰਧਾਵਾ, ਭਾਈ ਅਮਰੀਕ ਸਿੰਘ ਅਤੇ ਬੀਬੀ ਸੁਰਿੰਦਰ ਕੌਰ ਨੂੰ ਸੇਵਾ ਮਿਲੀ ਸੀ। ਗੁਰਦੁਆਰਾ ਸਾਹਿਬ ਦੇ ਹੈੱਡ ਗ੍ਰੰਥੀ ਭਾਈ ਦਰਸ਼ਨ ਸਿੰਘ, ਕੀਰਤਨੀਏ ਭਾਈ ਵਰਿਆਮ ਸਿੰਘ ਅਤੇ ਭਾਈ ਜਰਨੈਲ ਸਿੰਘ ਨੇ ਪੰਜਾਂ ਤੋਂ ਕੰਠ ਬਾਣੀ ਸੁਣੀ।

ਇਸ ਮੌਕੇ ਸਾਬਕਾ ਪ੍ਰਧਾਨ ਮਾਸਟਰ ਦਲਬੀਰ ਸਿੰਘ, ਜਰਨੈਲ ਸਿੰਘ ਪੰਨੂ, ਬੀਬੀ ਸ਼ਿੰਦਰ ਕੌਰ, ਬੀਬੀ ਰਾਜਬਿੰਦਰ ਕੌਰ ਹੁਰਾਂ ਨੇ ਸਾਧ ਸੰਗਤ ਦਾ ਧੰਨਵਾਦ ਕਰਦਿਆਂ ਆਪਣੇ ਵਿਚਾਰ ਸਾਂਝੇ ਕੀਤੇ।



ਪਿਛਲੀ ਵਾਰ ਦੇ ਪੈਨਲ ਵਿੱਚੋਂ ਭਾਈ ਬਲਵਿੰਦਰ ਸਿੰਘ ਗਿੱਲ ਅਤੇ ਭਾਈ ਸੁਰਿੰਦਰ ਸਿੰਘ ਖ਼ਾਲਸਾ ਸੰਗਤਾਂ ਦੇ ਸਨਮੁੱਖ ਹੋਏ ਅਤੇ ਪਿਛਲੇ ਪੈਨਲ ਅਤੇ ਪ੍ਰਬੰਧਕ ਕਮੇਟੀ ਦੀ ਕਾਰਗੁਜ਼ਾਰੀ ਦਾ ਲੇਖਾ-ਜੋਖਾ ਅਤੇ ਕੰਮ-ਕਾਜ਼ ਬਾਰੇ ਦੱਸਿਆ। ਸਾਬਕਾ ਪ੍ਰਧਾਨ ਸ਼ਰਨਜੀਤ ਸਿੰਘ ਸਗਲਾਨੀ ਨੇ ਦਸਿਆ ਕਿ 27 ਮਈ ਨੂੰ ਸ਼ੋਅਵੇਅਰ ਸੈਂਟਰ ਕੈਂਟ ਸ਼ਹਿਰ ਵਿਚ ਨਗਰ ਕੀਰਤਨ ਸਜਾਇਆ ਜਾਣਾ ਹੈ। ਸਟੇਜ ਦੀ ਸੇਵਾ ਜਨਰਲ ਸਕੱਤਰ ਭਾਈ ਬਲਬੀਰ ਸਿੰਘ (ਨਿਹੰਗ) ਨੇ ਨਿਭਾਈ।

ਨਵੇਂ ਪ੍ਰਬੰਧਕਾਂ ਵਿਚ ਭਾਈ ਕਸ਼ਮੀਰ ਸਿੰਘ ਹੋਠੀ (ਪ੍ਰਧਾਨ), ਭਾਈ ਬਲਦੇਵ ਸਿੰਘ (ਮੀਤ ਪ੍ਰਧਾਨ), ਭਾਈ ਲਖਬੀਰ ਸਿੰਘ (ਜਨਰਲ ਸਕੱਤਰ), ਭਾਈ ਲਖਬੀਰ ਸਿੰਘ (ਜਨਰਲ ਸਕੱਤਰ), ਭਾਈ ਪਰਮਜੀਤ ਸਿੰਘ (ਮੀਤ ਸਕੱਤਰ), ਭਾਈ ਗਗਨਦੀਪ ਸਿੰਘ (ਖਜਾਨਚੀ), ਭਾਈ ਅਮਰੀਕ ਸਿੰਘ ਖਾਬੜਾ (ਸਹਾਇਕ ਖਜਾਨਚੀ), ਭਾਈ ਮਲੂਕ ਸਿੰਘ (ਰਿਕਾਰਡਿੰਗ ਸਕੱਤਰ), ਬੀਬੀ ਸ਼ਿੰਦਰ ਕੌਰ ਸਿੱਧੂ (ਮੈਂਬਰ), ਭਾਈ ਹਰਿੰਦਰਪਾਲ ਸਿੰਘ ਬੈਂਸ (ਮੈਂਬਰ), ਭਾਈ ਸੁਖਦੇਵ ਸਿੰਘ ਨਾਗਰਾ (ਮੈਂਬਰ), ਭਾਈ ਅਮਰ ਸਿੰਘ ਖ਼ੈਰਾ (ਮੈਂਬਰ) ਚੁਣੇ ਗਏ ਹਨ।

# ਪੀਸੀਏ ਫਰਿਜਨੋ ਦੀ ਵਿਸਾਖੀ ਨਾਈਟ ਤੇ ਵਾਰਸ ਭਾਰਾਵਾ ਨੇ ਕਰਵਾਈ ਬਹਿਜਾ ਬਹਿਜਾ.. !

ਫਰਿਜ਼ਨੋ (ਕੈਲੇਫੋਰਨੀਆਂ): ਸਥਾਨਕ ਪੰਜਾਬੀ ਕਲਚਰਲ ਐਸੋਸੀਏਸ਼ਨ ਵੱਲੋਂ ਸ਼ਾਨਦਾਰ 'ਵਿਸਾਖੀ ਨਾਈਟ' ਟਾਵਰ ਥੇਅਟਰ ਫਰਿਜਨੋ ਵਿਖੇ ਸ਼ਾਨੋ-ਸ਼ੌਕਤ ਨਾਲ ਕਰਵਾਈ ਗਈ। ਦਰਸ਼ਕਾਂ ਨਾਲ ਖਚਾਖਚ ਭਰੇ ਹਾਲ ਅੰਦਰ ਸਟੇਜ ਦੀ ਸ਼ੁਰੂਆਤ ਸਟੇਜਾਂ ਦੀ ਮਲਕਾ ਆਸ਼ਾ ਸ਼ਰਮਾ ਨੇ ਸਭਨਾਂ ਨੂੰ ਨਿੱਘੀ ਜੀ ਕਹਿੰਦਿਆ ਸ਼ਾਇਰਾਨਾ ਅੰਦਾਜ਼ ਵਿੱਚ ਕੀਤੀ।



ਸ਼ੋਅ ਦੀ ਸੂਰੂਆਤ ਵਾਰਿਸ ਭਰਾਵਾਂ, ਮਨਮੋਹਣ ਵਾਰਸ, ਕਮਲ ਹੀਰ, ਅਤੇ ਸੰਗਤਾਰ ਨੇ ਪਿਸਟਲ ਤਾਂ ਮਿਲਣ ਬਜ਼ਾਰੋਂ, ਜਿਗਰੇ ਨਾ ਮਿਲਦੇ ਬਈ ਆਦਿ ਸੱਭਿਅਕ ਗੀਤ ਗਾ ਕੇ ਕੀਤੀ। ਉਪਰੰਤ ਸੰਗਤਾਰ, ਨੇ ਆਪਣੇ ਗੀਤ ਈ-ਮੇਲਾ ਤੇਰੀਆਂ ਡਲੀਟ ਹੋ ਗਈਆਂ ਗਾ ਕੇ ਆਪਣੇ ਸੁਰੀਲੇ ਬੋਲਾਂ ਨਾਲ ਸ੍ਰੋਤਿਆਂ ਨੂੰ ਮੰਤਰ ਮੁੱਗਧ ਕੀਤਾ। ਕਮਲ ਹੀਰ, ਜਿਸਨੇ ਨੇ ਆਪਣੇ ਨਵੇਂ ਪੁਰਾਣੇਂ ਗੀਤਾਂ ਦੀ ਐਸੀ ਛਹਿਬਰ ਲਾਈ ਕਿ ਦਰਸ਼ਕ ਮਿਆਰੀ ਗਾਇਕੀ ਦਾ ਅਨੰਦ ਮਾਣਦੇ ਮਦਹੋਸ਼ ਹੋਏ ਕਿਸੇ ਵੱਖਰੀ ਮਸਤੀ ਵਿੱਚ ਨਜ਼ਰੀ ਪੈ ਰਹੇ ਸਨ।

ਅਖੀਰ ਵਿੱਚ ਮਨਮੋਹਨ ਵਾਰਿਸ ਨੇ ਆਪਣੇ ਦਮਦਾਰ ਅਤੇ ਸਦਾਬਹਾਰ ਗੀਤਾਂ ਨਾਲ ਮੇਲੇ ਨੂੰ ਚਰਮ ਸੀਮਾਂ ਤੱਕ ਪਹੁੰਚਾਇਆ ਤੇ ਉਹਨਾਂ ਜੀਅ ਜਾਨ ਨਾਲ ਗਾਇਆ ਤੇ ਆਪਣੇ ਬਹੁ-ਚਰਚਿਤ ਗੀਤ ਗਾ ਕੇ ਐਸੀ ਭੰਗੜੇ ਦੀ ਧਮਾਲ ਪਾਈ ਕਿ ਪੰਡਾਲ ਅੰਦਰ ਬੈਠੇ ਹਰ ਪੰਜਾਬੀ ਦੇ ਪੱਬ ਢੋਲ ਦੇ ਡੱਗੇ ਤੇ ਥਿਰਕਦੇ ਮਹਿਸੂਸ ਹੋ ਰਹੇ ਸਨ। ਅਤੇ ਦਰਸ਼ਕਾਂ ਨੇ ਨੱਚ ਨੱਚ ਕੇ ਅੰਬਰੀ ਧੂੜ੍ਹ ਚੜਾ ਦਿੱਤੀ।

# ਨਵੇਂ ਬਣੇ ਭਾਜਪਾਈਆਂ ਨੂੰ ਮੋਦੀ ਕੋਲੋਂ ਪੰਜਾਬ ਦੇ ਹੱਕ ਮੰਗਣ ਦੀ ਚੁਣੌਤੀ

**ਚੰਡੀਗੜ੍ਹ:** ਕੇਂਦਰ ਵੱਲੋਂ ਦਿਹਾਤੀ ਵਿਕਾਸ ਫੰਡ (ਆਰ.ਡੀ.ਐਫ.) ਸਮੇਤ ਫਸਲਾਂ 'ਤੇ ਮੰਡੀ ਫੀਸ ਘਟਾਏ ਜਾਣ ਮਗਰੋਂ ਮੁੱਖ ਮੰਤਰੀ ਭਗਵੰਤ ਮਾਨ ਨੇ ਭਾਜਪਾ ਦੀ ਅਗਵਾਈ ਹੇਠਲੀ ਕੇਂਦਰ ਸਰਕਾਰ ਦੀ ਆਲੋਚਨਾ ਕਰਦਿਆਂ ਨਵੇਂ-ਨਵੇਂ ਭਾਜਪਾ 'ਚ ਨਵੇਂ ਸ਼ਾਮਲ ਹੋਏ ਆਗੂਆਂ ਨੂੰ ਚੁਣੌਤੀ ਦਿੱਤੀ ਕਿ ਉਹ ਇਹ ਮਸਲਾ ਪ੍ਰਧਾਨ ਮੰਤਰੀ ਕੋਲ ਉਠਾਉਣ।

ਮੁੱਖ ਮੰਤਰੀ ਨੇ ਕਿਹਾ ਕਿ ਇਸ ਨਾਲ ਭਾਜਪਾ ਦਾ ਪੰਜਾਬ ਵਿਰੋਧੀ ਤੇ ਕਿਸਾਨ ਵਿਰੋਧੀ ਚਿਹਰਾ ਸਾਹਮਣੇ ਆ ਗਿਆ ਹੈ। ਉਨ੍ਹਾਂ ਟਵੀਟ ਕੀਤਾ, 'ਸਾਡੀਆਂ ਕੋਸ਼ਿਸ਼ਾਂ ਦੇ ਬਾਵਜੂਦ ਇਸ ਹਾੜੀ ਦੇ ਸੀਜ਼ਨ 'ਚ ਮੰਡੀ ਫੀਸ ਤਿੰਨ ਫੀਸਦ ਤੋਂ ਘਟਾ ਕੇ ਦੋ ਫੀਸਦ ਅਤੇ ਆਰ.ਡੀ.ਐਫ. ਤਿੰਨ ਫੀਸਦ ਤੋਂ ਘਟਾ ਜ਼ੀਰੋ ਫੀਸਦ ਕਰ ਦਿੱਤੀ ਗਈ ਹੈ। ਪੰਜਾਬ ਨੂੰ ਮੰਡੀ ਫੀਸ ਵਜੋਂ 250 ਕਰੋੜ ਅਤੇ ਆਰ.ਡੀ.ਐਫ. ਵਜੋਂ 750 ਕਰੋੜ ਰੁਪਏ ਤੇ ਕੁੱਲ ਮਿਲ ਕੇ ਇਕ ਹਜ਼ਾਰ ਕਰੋੜ ਰੁਪਏ ਦਾ ਨੁਕਸਾਨ ਹੋਵੇਗਾ।' ਉਨ੍ਹਾਂ ਕਿਹਾ, 'ਕੈਪਟਨ (ਅਮਰਿੰਦਰ ਸਿੰਘ), (ਸੁਨੀਲ) ਜਾਖੜ, ਮਨਪ੍ਰੀਤ ਬਾਦਲ, ਬੈਂਸ ਭਰਾ (ਸਿਮਰਜੀਤ ਸਿੰਘ ਬੈਂਸ, ਬਲਵਿੰਦਰ ਬੈਂਸ), ਰਾਣਾ (ਗੁਰਮੀਤ ਸਿੰਘ) ਸੋਢੀ, (ਗੁਰਪ੍ਰੀਤ ਸਿੰਘ) ਕਾਂਗੜ, ਫਤਹਿਜੰਗ ਬਾਜਵਾ, ਇੰਦਰ (ਇਕਬਾਲ ਸਿੰਘ) ਅਟਵਾਲ, ਜੋ ਨਵੇਂ ਨਵੇਂ ਭਾਜਪਾ ਆਗੂ ਬਣੇ ਹਨ, ਕੀ ਉਨ੍ਹਾਂ 'ਚ ਇਹ ਮਸਲਾ ਮੋਦੀ ਜੀ ਕੋਲ ਚੁੱਕਣ ਦਾ ਹੌਸਲਾ ਹੈ?'

ਉਨ੍ਹਾਂ ਕਿਹਾ ਕਿ ਇਹ ਪੈਸਾ ਸੂਬੇ ਦੇ ਪੇਂਡੂ ਇਲਾਕਿਆਂ ਦੇ ਵਿਕਾਸ ਲਈ ਵਰਤਿਆ ਜਾਣਾ ਸੀ ਪਰ ਭਾਜਪਾ ਦੀ ਅਗਵਾਈ ਹੇਠਲੀ ਕੇਂਦਰ ਸਰਕਾਰ ਪੰਜਾਬ ਨੂੰ ਉਸ ਦਾ ਹੀ ਪੈਸਾ ਦੇਣ ਤੋਂ ਇਨਕਾਰ ਕਰ ਰਹੀ ਹੈ ਅਤੇ ਹੁਣ ਹਾੜੀ ਦੇ ਸੀਜ਼ਨ 'ਚ ਉਨ੍ਹਾਂ ਮੰਡੀ ਫੀਸ ਘਟਾ ਦੇ ਪੰਜਾਬ ਦੇ 250 ਕਰੋੜ ਰੁਪਏ ਹੋਰ ਖੋਹ ਲਏ ਹਨ। ਜ਼ਿਕਰਯੋਗ ਹੈ ਕਿ ਕੇਂਦਰ ਵੱਲੋਂ ਫੰਡ ਘਟਾਏ ਜਾਣ ਖੁਲਾਸਾ ਸਾਲ 2023-24 ਲਈ ਕਣਕ ਦੀ ਖਰੀਦ ਸਬੰਧੀ ਜਾਰੀ ਕੀਤੀ ਪ੍ਰੋਵੀਜ਼ਨਲ ਕੌਸਟ ਸ਼ੀਟ ਵਿਚ ਕੀਤਾ ਹੈ। ਕੇਂਦਰ ਸਰਕਾਰ ਦੇ ਫ਼ੈਸਲੇ ਦਾ ਵਿਰੋਧ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਮੋਦੀ ਸਰਕਾਰ ਕਿਸਾਨ ਅੰਦੋਲਨ ਤੋਂ ਮਿਲੀ ਹਾਰ ਮਗਰੋਂ ਸੂਬੇ ਦੇ ਕਿਸਾਨਾਂ ਨੂੰ ਸਬਕ ਸਿਖਾਉਣ ਵਾਲੀ ਨੀਅਤ ਨਾਲ ਪੰਜਾਬ ਦੇ ਵਿਰੁੱਧ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਕੇਂਦਰ ਨੇ ਸੂਬੇ ਦੇ ਬਣਦੇ ਇਕ ਹਜ਼ਾਰ ਕਰੋੜ ਰੁਪਏ ਨੂੰ ਦੇਣ ਤੋਂ ਇਨਕਾਰ ਕਰਕੇ ਮੁੜ ਸਾਬਤ ਕਰ ਦਿੱਤਾ ਹੈ ਉਸ ਦੇ ਮਨ ਵਿਚ ਪੰਜਾਬ ਅਤੇ ਕਿਸਾਨਾਂ ਲਈ ਕਿੰਨੀ ਕੁੜੱਤਣ ਹੈ। ਉਨ੍ਹਾਂ ਪੰਜਾਬ ਭਾਜਪਾ ਦੇ ਆਗੂਆਂ ਨੂੰ ਨਸੀਹਤ ਦਿੱਤੀ ਕਿ ਉਹ



ਕੇਂਦਰ ਸਰਕਾਰ ਦੇ ਰਵੱਈਏ ਦਾ ਵਿਰੋਧ ਕਰਦਿਆਂ ਪੰਜਾਬ ਦੇ ਹੱਕ ਦੀ ਆਵਾਜ਼ ਬੁਲੰਦ ਕਰਨ ਦੀ ਹਿੰਮਤ ਦਿਖਾਉਣ। ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਵੀ ਕੇਂਦਰ ਸਰਕਾਰ ਦੇ ਫ਼ੈਸਲੇ ਦੀ ਨਿਖੇਧੀ ਕੀਤੀ ਹੈ।

ਪੰਜਾਬ ਦੇ ਕਿਸਾਨ ਆਗੂ ਜਗਮੋਹਨ ਸਿੰਘ ਪਟਿਆਲਾ ਨੇ ਕੇਂਦਰ ਸਰਕਾਰ ਦੇ ਫ਼ੈਸਲੇ ਦੀ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਪੰਜਾਬ ਦੀਆਂ ਮੰਡੀਆਂ ਨੂੰ ਤਬਾਹ ਕਰਕੇ ਕਾਰਪੋਰੇਟ ਮਾਡਲ ਨੂੰ ਹੁਲਾਰਾ ਦੇਣਾ ਚਾਹੁੰਦੀ ਹੈ। ਜੇਕਰ ਆਰ.ਡੀ.ਐਫ. ਬੰਦ ਹੋ ਗਿਆ ਤਾਂ ਪਿੰਡਾਂ ਦੀਆਂ ਸੜਕਾਂ ਦੀ ਮੁਰੰਮਤ ਤੇ ਹੋਰ ਦੇਖਭਾਲ ਕਰਨ ਵਿਚ ਦਿੱਕਤਾਂ ਖੜ੍ਹੀਆਂ ਹੋਣਗੀਆਂ।

## ਪੰਜਾਬ ਨੂੰ ਵੱਡੀ ਵਿੱਤੀ ਤੰਗੀ ਵੱਲ ਧੱਕੇਗਾ ਕੇਂਦਰ ਦਾ ਫੈਸਲਾ

**ਚੰਡੀਗੜ੍ਹ:** ਕੇਂਦਰੀ ਫੈਸਲੇ ਨਾਲ ਪੰਜਾਬ ਨੂੰ ਸੜਕਾਂ ਦੀ ਉਸਾਰੀ ਤੇ ਮੁਰੰਮਤ ਤੋਂ ਇਲਾਵਾ ਕਰਜ਼ੇ ਦੀਆਂ ਕਿਸ਼ਤਾਂ ਭਰਨੀਆਂ ਔਖੀਆਂ ਹੋਣ ਜਾਣਗੀਆਂ। ਪੇਂਡੂ ਵਿਕਾਸ ਫੰਡਾਂ ਦੀ ਆਮਦਨ 'ਤੇ ਕਰੀਬ 5500 ਕਰੋੜ ਦਾ ਕਰਜ਼ਾ ਲਿਆ ਗਿਆ ਸੀ ਜਿਸ ਦੀ ਸਮੇਤ ਵਿਆਜ ਸਾਲਾਨਾ 1300 ਕਰੋੜ ਦੀ ਕਿਸ਼ਤ ਬਣਦੀ ਹੈ। ਇਸੇ ਤਰ੍ਹਾਂ ਮੰਡੀ ਬੋਰਡ ਨੇ 4080 ਕਰੋੜ ਰੁਪਏ ਦਾ ਕਰਜ਼ਾ ਚੁੱਕਿਆ ਹੋਇਆ ਹੈ ਜਿਸ ਦੀ ਕਿਸ਼ਤ ਸਾਲਾਨਾ 866 ਕਰੋੜ ਰੁਪਏ ਬਣਦੀ ਹੈ। 31 ਮਾਰਚ 2023 ਤੱਕ ਪੰਜਾਬ ਦੀਆਂ ਕਰੀਬ 12,800 ਕਿਲੋਮੀਟਰ ਲਿੰਕ ਸੜਕਾਂ ਮੁਰੰਮਤ ਦੀ ਲੋੜ ਪਵੇਗੀ ਜਿਸ ਵਾਸਤੇ 1992 ਕਰੋੜ ਰੁਪਏ ਫ਼ੰਡਾਂ ਦੀ ਜ਼ਰੂਰਤ ਹੈ। ਸਰਕਾਰ ਲਈ ਇਹ ਕਿਸੇ ਚੁਣੌਤੀ ਤੋਂ ਘੱਟ ਨਹੀਂ ਹੋਵੇਗਾ।

## ਭਾਜਪਾ ਬਦਲਾਖੋਰੀ ਦੀ ਰਾਜਨੀਤੀ ਕਰ ਰਹੀ: ਚੀਮਾ

**ਚੰਡੀਗੜ੍ਹ:** 'ਆਪ' ਆਗੂ ਤੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕੇਂਦਰ ਵੱਲੋਂ ਪੰਜਾਬ ਦੇ ਪੇਂਡੂ ਵਿਕਾਸ ਫੰਡ ਨੂੰ ਮੁਅੱਤਲ ਕਰਨ 'ਤੇ ਭਾਜਪਾ ਲੀਡਰਸ਼ਿਪ ਨੂੰ ਘੇਰਿਆ ਹੈ। ਉਨ੍ਹਾਂ ਕਿਹਾ ਕਿ ਭਾਜਪਾ ਨੇ ਇਕ ਵਾਰ ਫਿਰ ਸਾਬਤ ਕਰ ਦਿੱਤਾ ਕਿ ਉਹ ਪੰਜਾਬ ਅਤੇ ਕਿਸਾਨ ਵਿਰੋਧੀ ਹਨ। ਭਾਜਪਾ ਦੀ ਕੇਂਦਰ ਸਰਕਾਰ ਦੀ ਪੰਜਾਬ ਪ੍ਰਤੀ ਬਦਲਾਖ਼ੋਰੀ ਦੀ ਭਾਵਨਾ ਹੈ ਅਤੇ ਆਰ.ਡੀ.ਐੱਫ. ਨੂੰ ਮੁਅੱਤਲ ਕਰਨਾ ਰਾਜ ਨਾਲ ਉਨ੍ਹਾਂ ਦਾ ਤਾਜ਼ਾ ਵਿਤਕਰਾ ਹੈ। ਹਰਪਾਲ ਚੀਮਾ ਨੇ ਕਿਹਾ ਕਿ ਭਾਜਪਾ ਬਦਲਾਖੋਰੀ ਦੀ ਰਾਜਨੀਤੀ ਕਰ ਰਹੀ ਹੈ। ਪੰਜਾਬ ਦੇ ਕਿਸਾਨਾਂ ਨੇ ਕਿਸਾਨ ਅੰਦੋਲਨ ਦੀ ਅਗਵਾਈ ਕੀਤੀ। ਉਨ੍ਹਾਂ ਨੂੰ ਹਰ ਸੂਬੇ ਦੇ ਕਿਸਾਨਾਂ ਦਾ ਸਮਰਥਨ ਮਿਲਿਆ ਅਤੇ ਆਖਰਕਾਰ ਭਾਜਪਾ ਨੂੰ ਕਿਸਾਨਾਂ ਦੀਆਂ ਮੰਗਾਂ ਪ੍ਰਤੀ ਆਤਮ ਸਮਰਪਣ ਕਰਨਾ ਪਿਆ। ਉਨ੍ਹਾਂ ਕਿਹਾ ਕਿ ਆਪਣੀ ਹਾਰ ਨੂੰ ਹਜ਼ਮ ਕਰਨ ਤੋਂ ਅਸਮਰੱਥ ਭਾਜਪਾ ਹੁਣ ਵਾਰ-ਵਾਰ ਪੰਜਾਬ ਦੇ ਹੱਕਾਂ ਅਤੇ ਫੰਡਾਂ ਨੂੰ ਨਿਸ਼ਾਨਾ ਬਣਾ ਰਹੀ ਹੈ।

# ਓਮਾਨ ਵਿਚ ਫਸੀਆਂ ਕੁੜੀਆਂ ਦੀ ਵਾਪਸੀ ਲਈ ਮਿਸ਼ਨ ਸ਼ੁਰੂ

**ਅੰਮ੍ਰਿਤਸਰ:** ਓਮਾਨ ਵਿਚ ਫਸੀਆਂ ਪੰਜਾਬੀ ਕੁੜੀਆਂ ਦਾ ਜੁਰਮਾਨਾ ਅਤੇ ਮੁਆਵਜ਼ਾ ਅਦਾ ਕਰ ਕੇ ਉਨ੍ਹਾਂ ਨੂੰ ਮੁਲਕ ਵਾਪਸ ਲਿਆਉਣ ਲਈ ਸੰਸਦ ਮੈਂਬਰ ਵਿਕਰਮਜੀਤ ਸਿੰਘ ਸਾਹਨੀ ਨੇ ਮਿਸ਼ਨ 'ਹੋਪ' ਸ਼ੁਰੂ ਕਰਨ ਦਾ ਐਲਾਨ ਕੀਤਾ ਹੈ। ਉਨ੍ਹਾਂ ਇੱਥੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਿਆ ਅਤੇ ਇਸ ਮਿਸ਼ਨ ਦੀ ਸਫਲਤਾ ਵਾਸਤੇ ਅਰਦਾਸ ਕੀਤੀ। ਇਸ ਮਗਰੋਂ ਮੀਡੀਆ ਨਾਲ ਗੱਲਬਾਤ ਕਰਦਿਆਂ ਸ੍ਰੀ ਸਾਹਨੀ ਨੇ ਦੱਸਿਆ ਕੇ ਉਨ੍ਹਾਂ ਇਸ ਸਬੰਧੀ ਓਮਾਨ ਵਿਚ ਭਾਰਤੀ ਸਫ਼ਾਰਤਖ਼ਾਨੇ ਦੇ ਅਧਿਕਾਰੀਆਂ ਨਾਲ ਗੱਲਬਾਤ ਕੀਤੀ ਹੈ। ਉੱਥੇ ਫਸੀਆਂ ਪੰਜਾਬੀ ਕੁੜੀਆਂ ਨੂੰ ਆਪਣੇ ਖਰਚੇ 'ਤੇ ਵਾਪਸ ਲਿਆਉਣ ਲਈ ਮਦਦ ਵਾਸਤੇ ਅਪੀਲ ਕੀਤੀ ਹੈ। ਉਨ੍ਹਾਂ ਦੱਸਿਆ ਕਿ ਉੱਥੇ ਪੰਜਾਬ ਨਾਲ ਸਬੰਧਤ ਲਗਭਗ 36 ਕੁੜੀਆਂ ਹਨ। ਉਨ੍ਹਾਂ ਉਮੀਦ ਜ਼ਾਹਰ ਕੀਤੀ ਕਿ ਇਨ੍ਹਾਂ ਕੁੜੀਆਂ ਨੂੰ ਅਗਲੇ ਹਫਤੇ ਤਕ ਮੁਲਕ ਵਾਪਸ ਲਿਆਂਦਾ ਜਾ ਸਕੇਗਾ।

ਸ੍ਰੀ ਸਾਹਨੀ ਨੇ ਦੱਸਿਆ ਕਿ ਇਸ ਵੇਲੇ 25 ਦੇ ਕਰੀਬ ਪੰਜਾਬੀ ਲੜਕੀਆਂ ਫਸੀਆਂ ਹੋਈਆਂ ਹਨ, ਜਿਹੜੀਆਂ ਜਾਂ ਤਾਂ ਵਿਜ਼ਿਟ ਵੀਜ਼ੇ ਉਤੇ ਗਈਆਂ ਤੇ ਗੈਰ-ਕਾਨੂੰਨੀ ਪਰਵਾਸੀ ਬਣ ਗਈਆਂ ਜਾਂ ਰੁਜ਼ਗਾਰ ਵੀਜ਼ੇ ਤਹਿਤ ਨੌਕਰਾਣੀ ਬਣ ਗਈਆਂ ਅਤੇ ਪੇਸ਼ਾਨੀ ਅਤੇ ਸ਼ੋਸ਼ਣ ਕਾਰਨ ਆਪਣੀ ਨੌਕਰੀ ਛੱਡ ਦਿੱਤੀ।

ਸ੍ਰੀ ਸਾਹਨੀ ਨੇ ਓਮਾਨ ਵਿਚ ਭਾਰਤੀ ਰਾਜਦੂਤ ਅਮਿਤ ਨਾਰੰਗ ਨਾਲ ਪੀੜਤ ਲੜਕੀਆਂ ਨੂੰ ਉਥੋਂ ਕੱਢਣ ਦੀ ਯੋਜਨਾ ਬਾਰੇ ਵਿਸਥਾਰ ਵਿਚ ਚਰਚਾ ਕੀਤੀ। ਉਨ੍ਹਾਂ ਕਿਹਾ ਕਿ ਔਸਤਨ ਇਕ ਰੁਜ਼ਗਾਰਦਾਤਾ ਹਰ ਬੱਚੀ ਲਈ



1000 ਓਮਾਨੀ ਰਿਆਲ ਦੇ ਮੁਆਵਜ਼ੇ ਅਤੇ ਜੁਰਮਾਨੇ ਦੀ ਮੰਗ ਕਰਦਾ ਹੈ, ਜੋ ਉਨ੍ਹਾਂ ਦਾ ਵੀਜ਼ਾ ਰੱਦ ਕਰਨ ਲਈ ਪ੍ਰਤੀ ਲੜਕੀ 2.5 ਲੱਖ ਭਾਰਤੀ ਰੁਪਏ ਹੈ। ਅਜਿਹਾ ਨਾ ਕਰਨ ਉ'ਤੇ ਮਾਲਕ ਇਨ੍ਹਾਂ ਲੜਕੀਆਂ 'ਤੇ ਚੋਰੀ ਦਾ ਦੋਸ਼ ਲਗਾਉਂਦੇ ਹੋਏ ਅਦਾਲਤ ਵਿਚ ਕਾਨੂੰਨੀ ਕੇਸ ਦਾਇਰ ਕਰਦੇ ਹਨ। ਸ੍ਰੀ ਸਾਹਨੀ ਨੇ ਸਾਰਾ ਜੁਰਮਾਨਾ ਅਤੇ ਮੁਆਵਜ਼ੇ ਦੀ ਰਕਮ ਮਾਲਕਾਂ ਨੂੰ ਖੁਦ ਅਦਾ ਕਰਨ ਦੀ ਪੇਸ਼ਕਸ਼ ਕੀਤੀ ਹੈ ਤਾਂ ਜੋ ਉਨ੍ਹਾਂ ਦਾ ਵੀਜ਼ਾ ਰੱਦ ਕੀਤਾ ਜਾ ਸਕੇ ਅਤੇ ਇਨ੍ਹਾਂ ਲੜਕੀਆਂ ਨੂੰ ਤੁਰਤ ਬਾਹਰ ਕੱਢ ਕੇ ਪੰਜਾਬ ਲਿਆਂਦਾ ਜਾ ਸਕੇ।

## ਸਾਬਕਾ ਅਕਾਲੀ ਨੇਤਾ ਚਰਨਜੀਤ ਸਿੰਘ ਅਟਵਾਲ ਭਾਜਪਾ 'ਚ ਸ਼ਾਮਲ

**ਨਵੀਂ ਦਿੱਲੀ:** ਪੰਜਾਬ ਵਿਧਾਨ ਸਭਾ ਦੇ ਸਾਬਕਾ ਸਪੀਕਰ ਚਰਨਜੀਤ ਸਿੰਘ ਅਟਵਾਲ ਦਿੱਲੀ ਵਿਖੇ ਪਾਰਟੀ ਦੇ ਕੌਮੀ ਪ੍ਰਧਾਨ ਜੇਪੀ ਨੱਢਾ ਦੀ ਮੌਜੂਦਗੀ ਵਿਚ ਭਾਰਤੀ ਜਨਤਾ ਪਾਰਟੀ ਵਿਚ ਸ਼ਾਮਲ ਹੋ ਗਏ। 19 ਅਪਰੈਲ ਨੂੰ ਸ੍ਰੀ ਅਟਵਾਲ ਨੇ ਅਕਾਲੀ ਦਲ ਦੀ ਮੁਢਲੀ ਮੈਂਬਰਸ਼ਿਪ ਤੋਂ ਅਸਤੀਫਾ ਦੇ ਦਿੱਤਾ ਸੀ। ਸ੍ਰੀ ਅਟਵਾਲ ਦਾ ਜਨਮ 15 ਮਾਰਚ 1937 ਨੂੰ ਹੋਇਆ ਸੀ। ਉਹ 2004 ਤੋਂ 2009 ਤੱਕ ਭਾਰਤ ਦੀ 14ਵੀਂ ਲੋਕ ਸਭਾ ਦਾ ਡਿਪਟੀ ਸਪੀਕਰ ਸਨ। ਉਹ ਦੋ ਵਾਰ ਪੰਜਾਬ ਵਿਧਾਨ ਸਭਾ ਦੇ ਸਪੀਕਰ ਵੀ ਰਹੇ।

# ਆਪ ਵਿਧਾਇਕ ਕੁੰਵਰ ਵਿਜੈ ਪ੍ਰਤਾਪ ਨੇ ਮੁੜ ਆਪਣੀ ਹੀ ਸਰਕਾਰ ਨੂੰ ਘੇਰਿਆ

**ਅੰਮ੍ਰਿਤਸਰ:** ਬੇਅਦਬੀ ਮਾਮਲਿਆਂ ਵਿਚ ਆਪਣੀ ਸਰਕਾਰ ਨੂੰ ਘੇਰਨ ਵਾਲੇ ਵਿਧਾਇਕ ਕੁੰਵਰ ਵਿਜੈ ਪ੍ਰਤਾਪ ਸਿੰਘ ਨੇ ਸ਼ਹਿਰ ਵਿਚ ਰਿਹਾਇਸ਼ੀ ਇਲਾਕੇ ਵਿਚ ਵਪਾਰਕ ਇਮਾਰਤ ਬਣਾਏ ਜਾਣ ਤੇ ਮੌਜੂਦਾ ਸਿਸਟਮ ਖਿਲਾਫ ਨੁਕਤਾਚੀਨੀ ਕੀਤੀ ਹੈ।

ਉਨ੍ਹਾਂ ਦੱਸਿਆ ਕਿ ਗਰੀਨ ਐਵੇਨਿਊ ਇਲਾਕੇ ਵਿਚ ਇਕ ਨਿੱਜੀ ਵਿਦਿਅਕ ਸੰਸਥਾ ਵੱਲੋਂ ਆਪਣੇ ਸਕੂਲ ਦੀ ਇਮਾਰਤ ਬਣਾਈ ਜਾ ਰਹੀ ਹੈ ਜੋ ਕਿ ਨਗਰ ਨਿਗਮ ਦੇ ਇਮਾਰਤੀ ਕਾਨੂੰਨ ਬਾਰੇ ਨਿਯਮਾਂ ਦੀ ਸਰਾਸਰ ਉਲੰਘਣਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਇਸ ਸਬੰਧੀ ਨਗਰ ਨਿਗਮ ਦੇ ਸਹਾਇਕ ਟਾਊਨ ਪਲਾਨਰ ਵੱਲੋਂ ਇਤਰਾਜ਼ ਵੀ ਕੀਤਾ ਗਿਆ ਸੀ। ਉਨ੍ਹਾਂ



ਇਤਰਾਜ਼ ਵਾਲਾ ਦਸਤਾਵੇਜ਼ ਵੀ ਮੀਡੀਆ ਨੂੰ ਦਿਖਾਇਆ ਅਤੇ ਦੱਸਿਆ ਕਿ ਇਤਰਾਜ਼ ਕਰਨ ਵਾਲੇ ਏ.ਟੀ.ਪੀ. ਅਤੇ ਇਕ ਹੋਰ ਕਰਮਚਾਰੀ ਨੂੰ ਇੱਥੋਂ ਅਬੋਹਰ ਤੇ ਪਠਾਨਕੋਟ ਤਬਦੀਲ ਕਰ ਦਿੱਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਇਹ ਮਾਮਲਾ ਉਹ ਵਿਧਾਨ ਸਭਾ ਵਿਚ ਵੀ ਰੱਖ ਚੁੱਕੇ ਹਨ ਕਿ ਸ਼ਹਿਰ ਵਿਚ ਨਵੀਆਂ ਉਸਾਰੀਆਂ ਮਾਸਟਰ ਪਲਾਨ ਦੇ ਮੁਤਾਬਕ ਹੀ ਹੋਣੀਆਂ ਚਾਹੀਦੀਆਂ ਹਨ।

ਉਨ੍ਹਾਂ ਦੋਸ਼ ਲਾਇਆ ਕਿ ਹਰ ਨਗਰ ਨਿਗਮ ਦੀ ਨੱਕ ਹੇਠ ਸ਼ਰੇਆਮ ਨਿਯਮਾਂ ਦੀ ਉਲੰਘਣਾ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਜਿਸ ਇਲਾਕੇ ਵਿਚ ਇਮਾਰਤ ਬਣ ਰਹੀ ਹੈ ਉਥੋਂ ਸਿਰਫ 200 ਮੀਟਰ ਦੀ ਦੂਰੀ ਉਤੇ ਉਹਨਾਂ ਦਾ ਅਪਣਾ ਘਰ ਹੈ ਅਤੇ ਕੁਝ ਮੀਟਰ ਦੀ ਦੂਰੀ ਤੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਦਾ ਘਰ ਹੈ ਪਰ ਨਿਯਮਾਂ ਦੀ ਹੋ ਰਹੀ ਉਲੰਘਣਾ ਨੂੰ ਅਣਡਿੱਠਾ ਕੀਤਾ ਜਾ ਰਿਹਾ ਹੈ।

# ਆਪ ਸਰਕਾਰ ਵੱਲੋਂ ਪੰਜਾਬ ਵਾਸੀਆਂ ਨੂੰ 80 ਹੋਰ ਮੁਹੱਲਾ ਕਲੀਨਿਕ ਸਮਰਪਿਤ

**ਲੁਧਿਆਣਾ:** ਮੁੱਖ ਮੰਤਰੀ ਭਗਵੰਤ ਮਾਨ ਤੇ ਉਨ੍ਹਾਂ ਦੇ ਦਿੱਲੀ ਦੇ ਹਮਰੁਤਬਾ ਅਰਵਿੰਦ ਕੇਜਰੀਵਾਲ ਨੇ 80 ਨਵੇਂ ਆਮ ਆਦਮੀ ਕਲੀਨਿਕ ਸੂਬਾ ਵਾਸੀਆਂ ਨੂੰ ਸਮਰਪਿਤ ਕੀਤੇ ਹਨ। ਇਸ ਤਰ੍ਹਾਂ ਪੰਜਾਬ ਵਿਚ ਮੁਹੱਲਾ ਕਲੀਨਿਕਾਂ ਦੀ ਕੁੱਲ ਗਿਣਤੀ 580 ਹੋ ਗਈ ਹੈ। ਸ੍ਰੀ ਮਾਨ ਨੇ ਕਿਹਾ ਕਿ ਅਤਿ-ਆਧੁਨਿਕ ਬੁਨਿਆਦੀ ਢਾਂਚੇ ਨਾਲ ਲੈਸ ਇਹ ਕਲੀਨਿਕ ਲੋਕਾਂ ਨੂੰ ਵਿਸ਼ਵ ਪੱਧਰੀ ਇਲਾਜ ਅਤੇ ਜਾਂਚ ਸਹੂਲਤਾਂ ਮੁਫ਼ਤ ਦੇ ਰਹੇ ਹਨ। ਸੂਬੇ ਵਿਚ ਹੁਣ ਤੱਕ 25.63 ਮਰੀਜ਼ ਆਮ ਆਦਮੀ ਕਲੀਨਿਕਾਂ ਦਾ ਲਾਭ ਲੈ ਚੁੱਕੇ ਹਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਕਲੀਨਿਕਾਂ 'ਤੇ ਕੁੱਲ 41 ਕਿਸਮ ਦੇ ਡਾਇਗਨੌਸਟਿਕ ਟੈਸਟ ਮੁਫਤ ਕੀਤੇ ਜਾ ਰਹੇ ਹਨ।

ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ 'ਤੇ ਵਿਅੰਗ ਕੱਸਦਿਆਂ ਭਗਵੰਤ ਮਾਨ ਨੇ ਕਿਹਾ ਕਿ ਪੰਜਾਬ ਦੇ ਲੋਕ ਅਖੌਤੀ ਤਜਰਬੇਕਾਰ ਸਿਆਸਤਦਾਨਾਂ ਤੋਂ ਅੱਕ ਚੁੱਕੇ ਹਨ। ਇਨ੍ਹਾਂ ਆਗੂਆਂ ਨੇ ਆਪਣੇ ਆਲੀਸ਼ਾਨ ਆਰਾਮਗਾਹਾਂ ਦੀਆਂ ਉੱਚੀਆਂ ਕੰਧਾਂ ਓਹਲੇ ਖੁਦ ਨੂੰ ਕੈਦ ਕਰ ਲਿਆ ਹੈ। ਇਸ ਲਈ ਲੋਕ ਵੀ ਇਨ੍ਹਾਂ ਤੋਂ ਕਿਨਾਰਾ




ਕਰਨ ਲੱਗੇ ਹਨ। ਮਿਆਰੀ ਸਿੱਖਿਆ ਨੂੰ ਗਰੀਬਾਂ ਨੂੰ ਦਰਪੇਸ਼ ਸਾਰੀਆਂ ਬਿਮਾਰੀਆਂ ਦਾ ਇਲਾਜ ਦੱਸਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸਰਕਾਰ ਸੂਬੇ ਵਿਚ ਸਿੱਖਿਆ ਖੇਤਰ ਦੇ ਸੁਧਾਰ 'ਤੇ ਵਿਸ਼ੇਸ਼ ਧਿਆਨ ਦੇ ਰਹੀ ਹੈ।

ਸ੍ਰੀ ਮਾਨ ਨੇ ਕਿਹਾ ਕਿ 'ਆਪ' ਸਰਕਾਰ ਦੇ ਅਣਥੱਕ ਯਤਨਾਂ ਸਦਕਾ ਪੰਜਾਬ ਹੁਣ ਵਾਧੂ ਬਿਜਲੀ ਵਾਲਾ ਸੂਬਾ ਹੈ। ਉਨ੍ਹਾਂ ਕਿਹਾ ਕਿ ਪਿਛਲੇ ਸਮਿਆਂ ਵਿਚ ਸੂਬੇ 'ਚ ਹਨੇਰੇ ਦਾ ਖਤਰਾ ਮੰਡਰਾਉਂਦਾ ਰਹਿੰਦਾ ਸੀ, ਜਦੋਂਕਿ ਹੁਣ ਬਿਜਲੀ ਪੈਦਾ ਕਰਨ ਲਈ ਪੰਜਾਬ ਕੋਲ 37 ਦਿਨ ਦਾ ਕੋਲੇ ਦਾ ਭੰਡਾਰ ਹੈ। ਇਸ ਦੌਰਾਨ ਦਿੱਲੀ ਦੇ ਮੁੱਖ ਮੰਤਰੀ ਤੇ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਭਗਵੰਤ ਮਾਨ ਦੀ ਕਾਫ਼ੀ ਪ੍ਰਸ਼ੰਸਾ ਕੀਤੀ। ਉਨ੍ਹਾਂ ਕਿਹਾ ਕਿ ਦਿੱਲੀ ਸਰਕਾਰ ਨੇ ਜੋ 500 ਕਲੀਨਿਕ ਪੰਜ ਸਾਲਾਂ ਵਿੱਚ ਖੋਲ੍ਹੇ ਸਨ, ਉਹ ਪੰਜਾਬ ਇਕ ਸਾਲ ਵਿਚ ਖੋਲ੍ਹੇ ਗਏ ਹਨ। ਸ੍ਰੀ ਕੇਜਰੀਵਾਲ ਨੇ ਕਿਹਾ ਕਿ ਭਗਵੰਤ ਮਾਨ ਖੁਦ ਵੱਖ-ਵੱਖ ਸੂਬਿਆਂ ਵਿਚ ਜਾ ਕੇ ਪੰਜਾਬ ਲਈ 40 ਹਜ਼ਾਰ ਕਰੋੜ ਰੁਪਏ ਦੀ ਨਿਵੇਸ਼ ਲੈ ਕੇ ਆਏ ਹਨ। ਇਸ ਨਾਲ ਢਾਈ ਲੱਖ ਲੋਕਾਂ ਨੂੰ ਰੁਜ਼ਗਾਰ ਮਿਲੇਗਾ। ਉਨ੍ਹਾਂ ਕਿਹਾ ਕਿ ਟਾਟਾ ਸਟੀਲ ਦਾ ਦੂਜਾ ਸਭ ਤੋਂ ਵੱਡਾ ਪਲਾਂਟ ਪੰਜਾਬ ਵਿਚ ਬਣਨ ਜਾ ਰਿਹਾ ਹੈ।

## ਭ੍ਰਿਸ਼ਟਾਚਾਰ ਸਾਬਤ ਹੋਇਆ ਤਾਂ ਫਾਹੇ ਟੰਗ ਦਿਓ: ਕੇਜਰੀਵਾਲ

**ਲੁਧਿਆਣਾ:** ਅਰਵਿੰਦ ਕੇਜਰੀਵਾਲ ਨੇ ਪ੍ਰਧਾਨ ਮੰਤਰੀ ਨੂੰ ਚੁਣੌਤੀ ਦਿੱਤੀ ਕਿ ਕੇਂਦਰੀ ਏਜੰਸੀਆਂ ਉਨ੍ਹਾਂ ਖਿਲਾਫ 'ਇਕ ਪੈਸੇ' ਦਾ ਭ੍ਰਿਸ਼ਟਾਚਾਰ ਸਾਬਤ ਕਰਨ, ਜਿਸ ਦਿਨ ਇਹ ਸਾਬਤ ਹੋ ਗਿਆ ਤਾਂ ਜਨਤਕ ਤੌਰ 'ਤੇ ਫਾਹੇ ਲਾ ਦਿਓ, ਪਰ ਇਹ ਰੋਜ਼ ਰੋਜ਼ ਦੀ 'ਨੌਟੰਕੀ' ਤੇ 'ਤਮਾਸ਼ਾ' ਬੰਦ ਹੋਣਾ ਚਾਹੀਦਾ ਹੈ। ਕੇਜਰੀਵਾਲ ਨੇ ਕਿਹਾ, ''ਪ੍ਰਧਾਨ ਮੰਤਰੀ ਜੀ, ਜੇਕਰ ਕੇਜਰੀਵਾਲ ਭ੍ਰਿਸ਼ਟ ਹੈ ਤਾਂ ਦੁਨੀਆ ਵਿਚ ਕੋਈ ਇਮਾਨਦਾਰ ਨਹੀਂ ਹੈ। ਮੈਂ ਤੁਹਾਨੂੰ ਦੱਸਣਾ ਚਾਹੁੰਦਾ ਕਿ ਜਿਸ ਦਿਨ ਕੇਜਰੀਵਾਲ ਖਿਲਾਫ ਇਕ ਪੈਸੇ ਦਾ ਭ੍ਰਿਸ਼ਟਾਚਾਰ ਸਾਬਤ ਹੋ ਗਿਆ ਤਾਂ ਮੈਨੂੰ ਜਨਤਕ ਤੌਰ 'ਤੇ ਫਾਹੇ ਲਾ ਦਿਓ।''

# ਸ਼ਿਕਾਗੋ ਦੇ ਪੰਜਾਬੀ ਭਾਈਚਾਰੇ ਨੇ ਮਨਾਈ ਪਿਕਨਿਕ

ਸ਼ਿਕਾਗੋ (ਬਿਊਰੋ): ਇਥੋਂ ਦੇ ਸਥਾਨਕ ਪੰਜਾਬੀ ਭਾਈਚਾਰੇ ਦੇ ਵਾਲੀਬਾਲ ਟੀਮ ਦੇ ਗਰੁੱਪ ਮੈਂਬਰਾਂ ਨੇ ਪਿਛਲੇ ਦਿਨੀਂ ਬਸੀ ਵੁੱਡਜ਼ ਫਾਰੈਸਟ ਪ੍ਰੀਜ਼ਰਵ ਵਿਚ ਪਿਕਨਿਕ ਮਨਾਈ। ਜਿਸ ਵਿਚ ਪੰਜਾਬੀ ਭਾਈਚਾਰੇ ਦੇ ਵਾਹਵਾ ਲੋਕ ਸ਼ਾਮਿਲ ਹੋਏ। ਖਾਸ ਗੱਲ ਇਹ ਸੀ ਕਿ ਇਸ ਸਾਲ 2023 ਦਾ ਇਹ ਪਹਿਲਾ ਇਕੱਠ ਸੀ, ਮਹਿਮਾਨਾਂ ਦੇ ਚਿਹਰਿਆਂ 'ਤੇ ਰੌਣਕਾਂ ਸਨ। ਆਪਸੀ ਮੇਲ ਮੁਲਾਕਾਤਾਂ, ਵੱਡੇ ਵਡੇਰਿਆਂ ਦੀਆਂ ਕਈ ਮਜ਼ੇਦਾਰ ਬਾਤਾਂ ਹੋ ਰਹੀਆਂ ਸਨ।



ਰੁਝੇਵਿਆਂ ਤੋਂ ਸਮਾਂ ਕੱਢ ਕੇ ਰਲ-ਮਿਲ ਕੇ ਪਿਕਨਿਕ ਮਨਾਉਣ ਦਾ ਵਧੀਆ ਮਾਹੌਲ ਬੱਝਾ ਸੀ। ਮਹਿਮਾਨਾਂ ਲਈ ਖਾਣੇ ਦਾ ਖਾਸ ਪ੍ਰਬੰਧ ਸੀ। ਇਸ ਦੌਰਾਨ ਮਹਿਮਾਨਾਂ ਨੇ ਚਿਕਨ, ਦਰਜਨ ਫਲੇਵਰ ਦੇ ਚਿਪਸ, ਬਿਸੁਕਟ, ਕੇਕ, ਕੋਲਡ ਡ੍ਰਿੰਕਸ, ਜੂਸ, ਫਲ ਆਦਿ ਦਾ ਖੂਬ ਆਨੰਦ ਮਾਣਿਆ। ਚਾਹ ਦੇ ਸ਼ੌਕੀਨਾਂ ਲਈ ਚਾਹ-ਸਮੋਸੇ, ਪਕੌੜਿਆਂ, ਡੋਨਟ ਤੇ ਅਨੇਕ ਪ੍ਰਕਾਰ ਦੀਆਂ ਸਵਾਦਿਸ਼ਟ ਚਟਣੀਆਂ ਦਾ ਪ੍ਰਬੰਧ ਸੀ।

ਪਿਕਨਿਕ ਦੇ ਨਾਂ 'ਤੇ ਵਿਆਹ ਵਰਗਾ ਖਾਣ ਪੀਣ ਸੀ, ਜਿਸ ਵਿਚ ਚਿਪਸ, ਕੇਕ, ਕੋਲਡ ਡ੍ਰਿੰਕਸ ,ਡਰਾਈ ਫਰੂਟ ਆਦਿ ਸਾਰਾ ਦਿਨ ਖੁੱਲ੍ਹਾ ਵਰਤਦਾ ਰਿਹਾ। ਜ਼ਾਇਕੇਦਾਰ ਛੋਲੇ ਭਟੂਰੇ, ਵੈਜੀ ਮਨਚੂਰੀਅਨ, ਪਾਸਤਾ, ਸਲਾਦ ਆਦਿ ਕਾਫੀ ਖਾਣ-ਪੀਣ ਦਾ ਸਮਾਨ ਅਲਗ ਟੇਬਲਾਂ 'ਤੇ ਸਜਿਆ ਹੋਇਆ ਸੀ। ਮਹਿਮਾਨ ਆਪਣੀ ਪਸੰਦ ਦੇ ਖਾਣੇ ਖੁਦ ਚੁਣ ਕੇ ਲੁਤਫ ਉਠਾ ਰਹੇ ਸਨ।

ਪ੍ਰਬੰਧਕਾਂ ਨੇ ਵੀ ਪਾਣੀ ਦੀਆਂ ਬੋਤਲਾਂ, ਬਰਫ ਦਾ ਵਾਧੂ ਇੰਤਜ਼ਾਮ ਕਰ ਰੱਖਿਆ ਸੀ। ਮਹਿਮਾਨਾਂ ਲਈ ਨਿੰਬੂ ਪਾਣੀ ਤੇ ਸ਼ਕੰਜਵੀ ਵੀ ਹਾਜ਼ਰ ਸੀ। ਮਨੋਰੰਜਨ ਲਈ ਡੀ. ਜੇ. 'ਤੇ ਯਮਲਾ ਜੱਟ ਦੇ ਗੀਤ 'ਤੇਰੇ ਨੀ ਕਰਾਰਾਂ ਮੈਨੂੰ ਪੱਟਿਆ' ਚਮਕੀਲੇ ਦੇ ਗੀਤ, ਦੀਦਾਰ ਸੰਧੂ, ਸੁਰਿੰਦਰ ਕੌਰ, ਮੁਹੰਮਦ ਸਦੀਕ ਤੇ ਰਣਜੀਤ ਕੌਰ ਦੇ ਗਾਣੇ ਚੱਲ ਰਹੇ ਸਨ। ਪੰਜਾਬੀ ਸਭਿਆਚਾਰ ਨਾਲ ਉਤ-ਪੋਤ ਗੀਤ' 'ਤੇਰੀ ਮੇਰੀ ਨਹੀਂ ਨਿਭਣੀ' 'ਲਗਦੀ ਪੰਜਾਬ ਦੀ ਹੈ' 'ਵਾਰੀ ਵਾਰੀ ਰਹਾਂ ਚੁੰਮਦੀ ਤੇਰਾ ਹਥੇਲੀ ਤੇ ਨਾਂ ਲਿਖ ਕੇ' 'ਤੇਰੀ ਤਸਵੀਰ ਸੀਨੇ ਨਾਲ ਲਾਈ ਫਿਰਾਂ' 'ਮੁੜ ਮੁੜ ਯਾਦ ਸਤਾਵੇ ਪਿੰਡ ਦੀਆਂ ਗਲੀਆਂ ਦੀ', 'ਨਈਂ ਰੀਸਾਂ ਦੇਸ ਪੰਜਾਬ ਦੀਆਂ' 'ਰੰਗਲਾ ਪੰਜਾਬ ਸਾਡਾ' ਆਦਿ ਸਪੀਕਰ 'ਤੇ ਗੂੰਜਦੇ ਰਹੇ। ਮਾਹੌਲ ਵਿਚ ਜਿਥੇ ਅੰਗਰੇਜ਼ੀ ਬੀਟ ਦੇ ਗੀਤ-ਸੰਗੀਤ ਦਾ ਸਰੂਰ ਸੀ, ਉਥੇ ਦੇਸੀ ਬੀਟ ਦੇ ਗੀਤਾਂ ਦੀ ਮੌਜ-ਮਸਤੀ ਵਿਚ ਕਈਆਂ ਦਾ ਅੱਡੀ ਹਿਲਾਉਣ ਨੂੰ ਚਿੱਤ ਕਰਦਾ ਸੀ। ਵੱਡੇ ਮੇਲਿਆਂ ਦੀ ਤਰ੍ਹਾਂ ਨਾ ਢੋਲ ਢਮੱਕੇ, ਨਾ ਵੱਡੇ ਨਾਮੀ ਗਾਇਕ, ਨਾ ਵੱਡ-ਆਕਾਰੀ ਸਟੇਜ ਅਤੇ ਨਾ ਹੀ ਵੱਡੇ ਸਪੀਕਰ ਸਨ। ਬੱਸ ਇਕ ਛੋਟੇ ਜਿਹੇ ਡੀ. ਜੇ. ਸਪੀਕਰ 'ਤੇ ਗੀਤ ਚੱਲ ਰਹੇ ਸਨ। ਫਿਰ ਵੀ ਹਰ ਕੋਈ ਮੌਜ-ਮਸਤੀ ਵਿਚ ਪਿਕਨਿਕ ਦਾ ਅਨੰਦ ਮਾਣ ਰਿਹਾ ਸੀ। ਕਈ ਗਰੂਵ ਵਿਚ ਘੁੰਮਦੇ ਟਹਿਲਦੇ ਨਜਰੀਂ ਪੈਂਦੇ ਤੇ ਕੋਈ ਟੋਲੀਆਂ ਬਣਾ ਕੇ ਬਾਤਾਂ ਪਾ ਰਹੇ ਸਨ।






ਇਸ ਮੌਕੇ ਤਾਸ਼ ਖੇਡਣ ਦੇ ਸ਼ੌਕੀਨਾਂ ਨੇ ਤਾਸ਼ ਦੀਆਂ ਬਾਜ਼ੀਆਂ ਵੀ ਲਾਈਆਂ। ਤਾਸ਼ ਖੇਡਣ ਵਾਲਿਆਂ ਦੀ ਢਾਣੀ ਦਾ ਨਜ਼ਾਰਾ ਵੀ ਕਿਸੇ ਪਿੰਡ ਦੀ ਸੱਥ ਨਾਲੋਂ ਘੱਟ ਨਜ਼ਰ ਨਹੀਂ ਆ ਰਿਹਾ ਸੀ। ਸੀਪ ਦੀ ਬਾਜ਼ੀ ਚੱਲ ਰਹੀ ਸੀ। ਪੰਜਾਬੀ ਆਪਸ ਵਿਚ ਮਿਲ ਬੈਠਣ ਤੇ ਪੰਜਾਬ ਦੀ ਰਾਜਨੀਤੀ 'ਤੇ ਗੱਲ ਨਾ ਹੋਵੇ ਇਹ ਕਿੰਝ ਹੋ ਸਕਦਾ ਹੈ। ਇਸ ਦੇ ਨਾਲ ਪੰਜਾਬੀ ਸੰਗੀਤ, ਗਾਣੇ ਤੇ ਦਲਜੀਤ ਦੋਸਾਂਝ ਦੀ ਸਟੇਜ ਪ੍ਰਫਾਰਮੈਂਸ ਤੇ ਉਸਦੀਆਂ ਆਉਣ ਵਾਲੀਆਂ ਫਿਲਮਾਂ ਜੋੜੀ ਆਦਿ ਦੀ ਚਰਚਾ ਜੋਰਾਂ 'ਤੇ ਸੀ।

ਇਸ ਮੌਕੇ ਵਾਲੀਬਾਲ ਦੇ ਮੈਚ ਵੀ ਹੋਏ। ਮੌਸਮ ਸਵੇਰ ਤੋਂ ਹੀ ਲੁਕਣ ਮੀਚੀ ਖੇਡ ਰਿਹਾ ਸੀ। ਕਦੀ ਧੁਪ, ਕਦੀ ਮੀਂਹ ਦੇ ਭਰਵੇਂ ਛਿਟੇ ਪਰ ਵਾਲੀਬਾਲ ਦੇ ਖਿਡਾਰੀ ਆਪਣੇ ਖੇਲ ਵਿਚ ਮਸਰੂਫ ਸਨ। ਇਕ ਦੂਜੇ ਨੂੰ ਵਾਲੀਬਾਲ ਰੋਕਣ ਤੇ ਚੰਗੀ ਵਾਲੀ ਸੁੱਟਣ ਦੇ ਗੁਰ ਦੱਸ ਰਹੇ ਸਨ। ਭਾਵੇਂ ਨੈੱਟ ਤੇ ਗਿੱਲਾ ਮੈਦਾਨ ਚੈਲੰਜ ਕਰ ਰਿਹਾ ਸੀ ਪਰ ਮੈਦਾਨ ਵਿਚ ਵੜੇ ਖਿਡਾਰੀਆਂ ਨੇ ਚੁਣੌਤੀ ਸਵੀਕਾਰ ਕੀਤੀ ਤੇ ਜਾ ਡਟੇ ਮੈਦਾਨ ਵਿਚ ਤਿਲਕਦੇ, ਡਿਗਦੇ ਪਰ ਉਨ੍ਹਾਂ ਜ਼ੋਰ ਲਾ ਕੇ ਖੇਡਿਆ ਤੇ ਗੇਮ ਦੇ ਸੈਟ ਪੂਰੇ ਖੇਡੇ। ਇਨ੍ਹਾਂ ਮੈਚਾਂ ਵਿਚ ਵੀ ਕਾਫੀ ਤਗੜੇ ਮੁਕਾਬਲੇ ਦੇਖਣ ਨੂੰ ਮਿਲੇ। ਭਾਵੇਂ ਇਹ ਟੀਮਾਂ ਆਏ ਮਹਿਮਾਨਾਂ ਵਿਚੋਂ ਹੀ ਉਸੇ ਵੇਲੇ ਮਿਲ ਕੇ ਬਣਾਈਆਂ ਗਈਆਂ ਸਨ, ਪਰ ਫਿਰ ਵੀ ਖਿਡਾਰੀ ਪੂਰਾ ਤਾਣ ਲਾ ਕੇ ਮੈਚ ਜਿੱਤਣ ਦੀ ਕੋਸ਼ਿਸ਼ ਕਰ ਰਹੇ ਸਨ। ਗੁਰਮੀਤ ਸਿੰਘ ਢਿਲੋਂ ਵਿਸ਼ੇਸ਼ ਤੌਰ ਤੇ ਆਪਣੇ ਨਾਂ ਦੇ ਡਾਈਜਨ ਵਾਲਾ ਟਰੈਕ ਸੂਟ ਇੰਡੀਆ ਤੋਂ ਬਣਵਾ ਕੇ ਲਿਆਏ ਤੇ ਅਜ ਉਸੇ ਨੂੰ ਪਾ ਕੇ ਬੜੇ ਜ਼ੋਰ ਸ਼ੋਰ ਨਾਲ ਖੇਡ ਰਹੇ ਸਨ। ਜਿੰਦੀ ਦਿਆਲ ਨੇ ਖਾਣੇ ਵਿਚ ਪ੍ਰਬੰਧਕਾਂ ਦੀ ਮਦੱਦ ਕੀਤੀ। ਪਿਕਨਿਕ ਵਿਚ ਪਾਲ ਧਾਲੀਵਾਲ, ਕਰਮਬੀਰ ਸਿੰਘ, ਰਾਜਿੰਦਰ ਬਾਸੀ, ਹਰਜਿੰਦਰ ਸਿੰਘ ਧਾਲੀਵਾਲ, ਜਸਬੀਰ ਦਿਓਲ, ਬਲਵਿੰਦਰ ਸਿੰਘ, ਕੁਲਬੀਰ ਸਿੰਘ ਦਿਓਲ, ਕੁਲਵਿੰਦਰ ਸਿੰਘ ਚਾਹਲ, ਗੁਰਮੀਤ ਸਿੰਘ ਢਿੱਲੋਂ, ਤਰਲੋਚਨ ਸਿੰਘ ਗਿੱਲ, ਗੁਰਮੀਤ ਸਿੰਘ ਬਾਠ, ਬਲਵਿੰਦਰ ਸਿੰਘ ਬਾਠ, ਇੰਦਰਮੋਹਨ ਸਿੰਘ ਛਾਬੜਾ, ਬਲਦੇਵ ਗਿੱਲ, ਨਿਰਭੈ ਸਿੰਘ, ਕੇਹਰ ਸਿੰਘ, ਲਖਬੀਰ ਸਿੰਘ ਸੰਧੂ, ਸੁਰਿੰਦਰ ਮਾਂਗਟ, ਜਸਰੂਪ ਸਿੰਘ, ਬਲਜਿੰਦਰ ਸਿੰਘ ਮਾਂਗਟ, ਮਨਦੀਪ ਸਿੰਘ, ਹਰਜਿੰਦਰ ਸਿੰਘ, ਬਬਲ ਵਰਮਾ, ਮਨਜਿੰਦਰ ਸਿੰਘ, ਅਮਰੀਕ ਸਿੰਘ ਰੀਅਲ ਇਸਟੇਟ, ਕੁਲਬੀਰ ਸਿੰਘ ਗੁਰਦਾਸਪੁਰੀਆ, ਭੁਪਿੰਦਰ ਅਟਵਾਲ, ਇੰਦਰਜੀਤ ਸਿੰਘ, ਮੁਹਿੰਦਰ ਰਕਾਲਾ, ਅਮਰਜੀਤ ਸਿੰਘ, ਤਰਲੋਚਨ ਸਿੰਘ ਢਿੱਲੋਂ, ਸਤਨਾਮ ਸਿੰਘ ਔਲਖ, ਸਤਨਾਮ ਸਿੰਘ ਗਿੱਲ, ਜੰਗੀ ਬੋਲੀਨਾ, ਇੰਦਰਬੀਰ ਸਿੰਘ ਤੇ ਜੈ ਰਾਮ ਸਿੰਘ ਕਾਹਲੋਂ ਆਦਿ ਸ਼ਾਮਲ ਹੋਏ। ਇਸ ਬਹੁਤ ਹੀ ਸ਼ਾਨਦਾਰ ਪਿਕਨਿਕ ਲਈ ਜਿੱਥੇ ਵਾਲੀਬਾਲ ਗਰੁੱਪ ਦੀ ਸਮੁੱਚੀ ਪ੍ਰਬੰਧਕੀ ਕਮੇਟੀ ਵਧਾਈ ਦੀ ਪਾਤਰ ਹੈ, ਉਥੇ ਸਮੁੱਚੀ ਪੰਜਾਬੀ ਕਮਿਊਨਿਟੀ ਦਾ ਵੀ ਧੰਨਵਾਦ ਕਰਨਾ ਲਾਜ਼ਮੀ ਹੈ, ਜਿਨ੍ਹਾਂ ਦੀ ਹਾਜ਼ਰੀ ਨੇ ਪਿਕਨਿਕ ਨੂੰ ਚਾਰ ਚੰਨ ਲਾਏ।


AVEER TRAVEL SOLUTIONS LLC
ਇਮੀਗ੍ਰੇਸ਼ਨ ਨਾਲ ਸਬੰਧਤ ਹੇਠ ਲਿਖੀਆਂ ਸੇਵਾਵਾਂ ਲਈ ਸਾਡੇ ਨਾਲ ਸੰਪਰਕ ਕਰੋ:
• US Passport Services • EAD Renewal
• Indian Passport Renewal • Flight Tickets
• US Citizenship Application • Visa Services
• Green Card Renewal • Notary Services
• OCI & Renunciation • Power of Attorney
• Airport Pick-up & Drop-Off Services
Contact: Aman Kaur Ph: 847-338-2141
(Consular Expert with more than 10 years of experience)
E-mail: Aveertravel@gmail.com
ਤੁਸੀਂ ਸਾਡੇ ਨਾਲ ਪੰਜਾਬੀ, ਹਿੰਦੀ ਤੇ ਅੰਗਰੇਜ਼ੀ ਵਿਚ ਗੱਲ ਕਰ ਸਕਦੇ ਹੋ।
For Airport Drop-Off and Pickup Indy to Chicago Please Contact AVI at: 847-226-2323
Located in INDIANAPOLIS (IN)

Sistar Mortgage
Minimizing Cost, Maximizing Investment
www.SistarMortgage.com



Balbir (Bill) Grewal, Loan Officer (NMLS 353442)
Residential & Commercial Loans
(734) 330-8859 Mobile
(586) 802-7385 Fax
Balbir.Grewal@SistarMortgage.com
Loans Available In Most States!
*Refinance up to 125% value of the house.
•Residential Loans (Purchase, Refinance & Cash Out Refinance). •Self Employed and H1 Visa •Jumbo loans •Commercial Property With Business or Business Only. •Business Equity Line of Credit. •Multi Unit Investment Property.

No Cost Financing Available!
Call 919-307-7577 or 847-530-1550
MKhatri@PrismHomeLending.com
NC, IL and CA Mortgage Loans
Prism Lending Inc. NMLS # 1587080
CA, FL, GA, IL, IN, NC, TX, WI Licensee
850 E Higgins road, Suite #125W, Schaumburg, IL 60173




Madan Khatri
NMLS #1980752

PropertyZoom Inc.
Want to Buy/Sell Home or RE Investments
(Up to 30% Comm'n Credit – NC License # C34703)
17 years of Exp. / 500+ Transactions
700+ Residence and Investment units
Call Now 919-307-7577 or 847-530-1550
Top 1st or 2nd Producer for Several Years at
Berkshire Hathaway HS AH-IL Office
1204 Nichols Creek Road, Durham NC 27703

# ਅਮਨ ਦੀ ਤਲਾਸ਼

ਕਲਾ ਪਰਿਕਰਮਾ

ਜੂਨ 1981 ਵਿਚ ਭਾਰਤੀ ਵਿਦੇਸ਼ ਮੰਤਰੀ ਪੀ.ਵੀ. ਨਰਸਿਮਹਾ ਰਾਓ ਪਾਕਿਸਤਾਨ ਦੇ ਸਰਕਾਰੀ ਦੌਰੇ 'ਤੇ ਸਨ। ਦੌਰੇ ਦਾ ਆਗਾਜ਼ ਕਰਾਚੀ ਵਿਚ ਚਿੰਤਕਾਂ, ਅਕਾਦਮੀਸ਼ੀਅਨਾਂ ਅਤੇ ਕਾਰੋਬਾਰੀਆਂ ਦੀ ਇਕੱਤਰਤਾ ਨੂੰ ਸੰਬੋਧਨ ਨਾਲ ਹੋਇਆ। ਪ੍ਰਭਾਵਸ਼ਾਲੀ ਰਿਹਾ ਇਹ ਸਮਾਗਮ। ਰਾਓ ਦੀ ਤਕਰੀਰ ਦਾ ਤੱਤ-ਸਾਰ ਸੀ: "ਸ਼ਰੀਕ ਹਾਂ ਅਸੀਂ। ਸ਼ਰੀਕਾਂ 'ਚ ਜ਼ਿਦਬਾਜ਼ੀ ਚਲਦੀ ਹੀ ਰਹਿੰਦੀ ਹੈ। ਅਸੁਭਾਵਿਕ ਨਹੀਂ ਹੈ ਇਹ ਪਰ ਗੁਆਂਢੀ ਵੀ ਤਾਂ ਹਾਂ ਆਪਾਂ। ਉਂਜ ਭਾਵੇਂ ਆਪੋ ਵਿਚ ਬੋਲੀਏ ਜਾਂ ਨਾ, ਦੁੱਖ-ਸੁੱਖ ਵੇਲੇ ਗੁਆਂਢ ਵਾਲਾ ਧਰਮ ਜ਼ਰੂਰ ਨਿਭਾਈਏ। ਇਹੋ ਇਨਸਾਨੀ ਸਭਿਅਤਾ ਦਾ ਤਕਾਜ਼ਾ ਹੈ।" ਬੜੀਆਂ ਤਾੜੀਆਂ ਮਿਲੀਆਂ ਰਾਓ ਦੀਆਂ ਇਨ੍ਹਾਂ ਸਤਰਾਂ ਨੂੰ। ਅਗਲਾ ਇਕ ਦਿਨ ਇਸਲਾਮਾਬਾਦ ਵਿਚ ਸਰਕਾਰੀ ਬੈਠਕਾਂ ਤੇ ਮੀਟਿੰਗਾਂ-ਮੁਲਾਕਾਤਾਂ ਵਿਚ ਗੁਜ਼ਰਿਆ। ਰਾਤ ਵੇਲੇ ਰਾਓ ਨੇ ਪਤਵੰਤਿਆਂ ਦੇ ਇਕੱਠ ਨੂੰ ਸੰਬੋਧਨ ਕੀਤਾ। ਬੜੇ ਨਾਮੀ-ਗਿਰਾਮੀ ਲੋਕ ਹਾਜ਼ਰ ਸਨ। ਪ੍ਰੋਗਰਾਮ ਵਿਚ ਸਵਾਲਾਂ-ਜਵਾਬਾਂ ਦਾ ਸੈਸ਼ਨ ਵੀ ਸ਼ਾਮਲ ਸੀ। ਰਾਓ ਨੇ ਤਕਰੀਰ ਉਰਦੂ ਵਿਚ ਕੀਤੀ। ਸਵਾਲਾਂ ਦੇ ਜਵਾਬ ਵੀ ਉਰਦੂ ਵਿਚ ਦਿੱਤੇ। ਬਾਅਦ ਵਿਚ ਖਾਣਾ ਖਾਣ ਲੱਗਿਆਂ ਉਹ



**ਸੁਰਿੰਦਰ ਸਿੰਘ ਤੇਜ**
ਫੋਨ: +91-98555-01488


ਆਪਣੇ ਨਾਲ ਮੌਜੂਦ ਭਾਰਤੀ ਮਿਸ਼ਨ ਦੇ ਡਿਪਟੀ ਚੀਫ ਨੂੰ ਕਹਿਣ ਲੱਗੇ: "ਮੈਂ ਸੋਚਦਾ ਸੀ ਇਹ ਲੋਕ ਖਾਲਸ ਉਰਦੂ ਬੋਲਦੇ ਹੋਣਗੇ ਪਰ ਇਹ ਤਾਂ ਉਰਦੂ ਵੀ ਪੰਜਾਬੀ 'ਚ ਬੋਲਦੇ ਨੇ ਅਤੇ ਅੰਗਰੇਜ਼ੀ ਵੀ ਪੰਜਾਬੀ 'ਚ!" ਇਸ ਤੋਂ ਅਗਲੀ ਸ਼ਾਮ ਰਾਓ ਨੇ ਲਾਹੌਰ ਵਿਚ ਪਤਵੰਤਿਆਂ ਦੇ ਡਿਨਰ ਦੀ ਮੇਜ਼ਬਾਨੀ ਕੀਤੀ। ਇਸ ਦਾਅਵਤ ਵਿਚ ਸੂਬਾ ਪੰਜਾਬ ਦੇ ਤਤਕਾਲੀ ਵਜ਼ੀਰ-ਇ-ਖਜ਼ਾਨਾ ਨਵਾਜ਼ ਸ਼ਰੀਫ਼ ਵੀ ਹਾਜ਼ਰ ਸਨ। ਰਾਓ, ਸ਼ਰੀਫ਼ ਤੇ ਹੋਰਨਾਂ ਨੂੰ ਪੁਰਖ਼ਲੂਸ ਲਹਿਜੇ ਨਾਲ ਮਿਲੇ। ਤਸਵੀਰਾਂ ਵੀ ਖਿਚਵਾਈਆਂ।

ਕੁਝ ਦਿਨ ਬਾਅਦ ਇਸਲਾਮਾਬਾਦ ਵਿਚ ਉਸੇ ਡਿਪਟੀ ਚੀਫ ਦੀ ਨਵਾਜ਼ ਸ਼ਰੀਫ਼ ਨਾਲ ਮੁਲਾਕਾਤ ਹੋ ਗਈ। ਦੁਆ ਸਲਾਮ ਮਗਰੋਂ ਸ਼ਰੀਫ਼ ਨੇ ਚਹਿਕ ਕੇ ਕਿਹਾ: "ਖਾਦੀ ਸਿਲਕ ਦਾ ਜਿਹੜਾ ਪੀਸ ਤੁਸੀਂ ਮੈਨੂੰ ਤੋਹਫ਼ੇ ਵਜੋਂ ਭੇਜਿਆ ਸੀ, ਉਹ ਬਹੁਤ ਵਧੀਆ ਐ। ਮੈਂ ਉਸ ਦੀ ਕਮੀਜ਼-ਸਲਵਾਰ ਸਿਲਵਾਈ ਏ।" ਡਿਪਟੀ ਚੀਫ ਦਾ ਜਵਾਬ ਸੀ: "ਤੋਹਫ਼ਾ ਮੈਂ ਨਹੀਂ ਸੀ ਚੁਣਿਆ। ਉਹ ਰਾਓ ਸਾਹਿਬ ਦੀ ਤਰਫ਼ੋਂ ਆਇਆ ਸੀ।" ਸ਼ਰੀਫ਼ ਦਾ ਹੈਰਾਨ ਹੋਣਾ ਸੁਭਾਵਿਕ ਹੀ ਸੀ: "ਯਾਰ! ਰਾਓ ਹਿੰਦੋਸਤਾਨ ਦੇ ਵਜ਼ੀਰ-ਖਾਰਿਜਾ, ਮੈਂ ਇਕ ਅਦਨਾ ਜਿਹਾ ਸੂਬਾਈ ਵਜ਼ੀਰ! ਰਾਓ ਮੇਰੇ 'ਤੇ ਮਿਹਰਬਾਨ ਕਿਉਂ?" ਡਿਪਟੀ ਚੀਫ ਨੇ ਮੁਸਕਰਾ ਕੇ ਜਵਾਬ ਦਿੱਤਾ: "ਬੜੀ ਪਾਰਖੂ ਨਜ਼ਰ ਹੈ ਉਨ੍ਹਾਂ ਦੀ। ਭਵਿੱਖ ਦੇ ਸਿਤਾਰਿਆਂ ਨੂੰ ਉਹ ਫੌਰੀ ਪਛਾਣ ਲੈਂਦੇ ਨੇ।" ਇਸ ਘਟਨਾ ਤੋਂ ਇਕ ਦਹਾਕਾ ਬਾਅਦ ਰਾਓ ਜਦੋਂ ਭਾਰਤੀ ਪ੍ਰਧਾਨ ਮੰਤਰੀ ਬਣੇ ਤਾਂ ਉਨ੍ਹਾਂ ਨੂੰ ਨਵਾਜ਼ ਸ਼ਰੀਫ਼ ਨਾਲ ਸਿੱਧਾ ਰਾਬਤਾ ਬਣਾਉਣ ਵਿਚ ਕੋਈ ਦਿੱਕਤ ਪੇਸ਼ ਨਹੀਂ ਆਈ। ਉਨ੍ਹਾਂ ਪ੍ਰਤੀ ਸ਼ਰੀਫ਼ ਦੀ ਸੁਰ ਵੀ ਸਦਾ ਅਦਬ-ਸਤਿਕਾਰ ਵਾਲੀ ਰਹੀ, ਬਾਬਰੀ ਕਾਂਡ ਤੋਂ ਬਾਅਦ ਵੀ।

ਉਪਰੋਕਤ ਘਟਨਾ ਵਰਗੇ ਦਰਜਨਾਂ ਵਾਕਿਆਤ ਤੇ ਕਿੱਸਿਆਂ ਨਾਲ ਭਰਪੂਰ ਹੈ ਸਾਬਕਾ ਸਫ਼ੀਰ ਸਤਿੰਦਰ ਕੁਮਾਰ ਲਾਂਬਾ ਦੀ ਕਿਤਾਬ 'ਇਨ ਪਰਸੂਟ ਆਫ ਪੀਸ' (ਅਮਨ ਦੀ ਤਲਾਸ਼)।

ਬੜੀ ਅਹਿਮ ਹੈ ਇਹ ਕਿਤਾਬ: ਹਿੰਦ-ਪਾਕਿਸਤਾਨ ਸਬੰਧਾਂ ਦੀਆਂ ਪੇਚੀਦਗੀਆਂ ਸੁਹਜ ਨਾਲ ਬਿਆਨ ਕਰਨ ਵਾਲੀ; ਇਨ੍ਹਾਂ ਪੇਚੀਦਗੀਆਂ ਨੂੰ ਸੁਲਝਾਉਣ ਦੇ ਸਰਕਾਰੀ ਤੇ ਗ਼ੈਰ-ਸਰਕਾਰੀ ਯਤਨਾਂ ਦੀਆਂ ਕਾਮਯਾਬੀਆਂ ਨਾ-ਕਾਮਯਾਬੀਆਂ ਦਾ ਖ਼ੁਲਾਸਾ ਪੇਸ਼ ਕਰਨ ਵਾਲੀ। ਲੇਖਕ 24 ਵਰ੍ਹਿਆਂ ਤਕ ਇਨ੍ਹਾਂ ਯਤਨਾਂ ਨਾਲ ਅਧਿਕਾਰਤ






*ਸਾਬਕਾ ਸਫ਼ੀਰ ਸਤਿੰਦਰ ਕੁਮਾਰ ਲਾਂਬਾ ਅਤੇ (ਹੇਠਾਂ) ਉਸ ਦੀ ਕਿਤਾਬ 'ਇਨ ਪਰਸੂਟ ਆਫ ਪੀਸ' ਦਾ ਮੁਖੜਾ।*

ਤੌਰ 'ਤੇ ਜੁੜਿਆ ਰਿਹਾ: ਪਹਿਲਾਂ ਸਫ਼ਾਰਤੀ ਅਧਿਕਾਰੀ ਦੇ ਤੌਰ 'ਤੇ, ਫਿਰ ਪਾਕਿਸਤਾਨ ਵਿਚ ਭਾਰਤੀ ਹਾਈ ਕਮਿਸ਼ਨਰ ਵਜੋਂ ਅਤੇ ਫਿਰ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੇ ਪਾਕਿਸਤਾਨ ਬਾਰੇ ਵਿਸ਼ੇਸ਼ ਏਲਚੀ ਦੇ ਰੂਪ ਵਿਚ। ਕਿਤਾਬ ਦਾ ਉਪ ਸਿਰਲੇਖ ਵੀ ਇਹ ਸਪਸ਼ਟ ਕਰਦਾ ਹੈ ਕਿ ਲੇਖਕ ਨੇ ਛੇ ਪ੍ਰਧਾਨ ਮੰਤਰੀਆਂ ਦੇ ਤਹਿਤ ਪਾਕਿਸਤਾਨ ਕੇਂਦਰਤ ਕੰਮ ਕੀਤਾ। ਅਜਿਹਾ ਕਰਦਿਆਂ ਦੁਸ਼ਵਾਰੀਆਂ ਵੀ ਖ਼ੂਬ ਝੱਲੀਆਂ, ਖ਼ਾਸ ਤੌਰ 'ਤੇ ਬਾਬਰੀ ਕਾਂਡ ਤੋਂ ਉਪਜੇ ਤਿੱਖੇ ਤੇ ਹਿੰਸਕ ਪ੍ਰਤੀਕਰਮਾਂ ਦੇ ਰੂਪ ਵਿਚ ਪਰ ਅਮਨ ਦੀ ਤਲਾਸ਼ ਦੇ ਇਸ ਅਮਲ ਦੌਰਾਨ ਉਸ ਨੇ ਦੋਸਤ ਵੀ ਹਰ ਪਾਕਿਸਤਾਨੀ ਸ਼ੋਹਬੇ ਵਿਚ ਬਣਾਏ। ਇਸ ਦਾ ਸਬੂਤ ਕਿਤਾਬ ਦੀ ਅੰਤਿਕਾ ਦੇ ਰੂਪ ਵਿਚ ਛਾਪੇ ਗਏ ਡਾ. ਇਕਬਾਲ ਅਹਿਮਦ ਦੇ ਲੇਖ ਤੋਂ ਮਿਲਦਾ ਹੈ। 'ਇਕ ਮੁਖਾਲਿਫ਼ ਦੀ ਰੁਖ਼ਸਤਗੀ' ਸਿਰਲੇਖ ਵਾਲਾ ਇਹ ਮਜ਼ਮੂਨ ਪਾਕਿਸਤਾਨੀ ਅੰਗਰੇਜ਼ੀ ਅਖ਼ਬਾਰ 'ਡਾਅਨ' ਦੇ 18 ਜੁਲਾਈ 1995 ਦੇ ਅੰਕ ਵਿਚ ਭਾਰਤੀ ਹਾਈ ਕਮਿਸ਼ਨਰ ਸਤਿੰਦਰ ਕੁਮਾਰ ਲਾਂਬਾ (ਉਰਫ਼ ਸਤੀ ਲਾਂਬਾ) ਦੀ ਪਾਕਿਸਤਾਨ ਤੋਂ ਵਿਦਾਈ ਮੌਕੇ ਛਪਿਆ। ਮਜ਼ਮੂਨ ਦੱਸਦਾ ਹੈ ਕਿ ਸਤੀ ਲਾਂਬਾ ਵਾਸਤੇ ਜਿੰਨੇ ਵਿਦਾਇਗੀ ਸਮਾਗਮ ਪਾਕਿਸਤਾਨ ਵਿਚ ਹੋਏ, ਓਨੇ ਕਦੇ ਕਿਸੇ ਵੀ ਵਿਦੇਸ਼ੀ ਸਫ਼ੀਰ ਵਾਸਤੇ ਨਹੀਂ ਹੋਏ।

ਕਿਤਾਬ ਦਾ ਧਰਾਤਲ 1972 ਵਿਚ ਸ਼ਿਮਲਾ ਸਮਝੌਤੇ ਤੋਂ ਲੈ ਕੇ ਸਤੰਬਰ 2022 ਵਿਚ ਲਾਂਬਾ ਦੀ (81 ਵਰ੍ਹਿਆਂ ਦੀ ਉਮਰ ਵਿਚ) ਮੌਤ ਤਕ ਦੇ ਸਮਾਂ-ਕਾਲ ਤਕ ਫੈਲਿਆ ਹੋਇਆ ਹੈ। ਲਾਂਬਾ ਇਸ ਸਾਰੇ ਸਮੇਂ ਦੌਰਾਨ ਬਹੁਤ ਸਾਰੀਆਂ ਘਟਨਾਵਾਂ ਦੇ ਪ੍ਰਤੱਖ-ਦਰਸ਼ੀ ਵੀ ਰਹੇ ਹੀ ਅਤੇ ਕਈ ਅਹਿਮ ਘਟਨਾਵਾਂ ਵਿਚ ਭਾਈਵਾਲ ਵੀ ਰਹੇ। ਜੂਨੀਅਰ ਆਈ.ਐੱਫ.ਐੱਸ. ਅਧਿਕਾਰੀ ਵਜੋਂ ਉਨ੍ਹਾਂ ਨੇ ਸ੍ਰੀਮਤੀ ਇੰਦਰਾ ਗਾਂਧੀ ਦੀ ਪਾਕਿਸਤਾਨ ਪ੍ਰਤੀ ਕਠੋਰਤਾ ਦੇ ਦੀਦਾਰੇ ਵੀ ਕੀਤੇ ਅਤੇ ਪਾਕਿਸਤਾਨ ਨਾਲ ਸਮਝੌਤੇ ਰਾਹੀਂ ਆਪਣੀ ਨਿਵੇਕਲੀ ਛਾਪ ਛੱਡਣ ਦੀ ਰਾਜੀਵ ਗਾਂਧੀ ਦੀ ਕਾਹਲ ਦੇ ਵੀ। ਉਨ੍ਹਾਂ ਨੇ ਨਰਸਿਮਹਾ ਰਾਓ ਦੀ ਕੂਟਨੀਤਕ ਵਿਦਵਤਾ ਤੇ ਮੁਹਾਰਤ ਵੀ ਦੇਖੀ ਅਤੇ ਇੰਦਰ ਕੁਮਾਰ ਗੁਜਰਾਲ ਦੀ 'ਜ਼ੁਬਾਨ ਮਖ਼ਮਲੀ, ਧਾਰ ਖੁਰਦਰੀ' ਵਾਲੀ ਪਹੁੰਚ ਵੀ। ਅਟਲ ਬਿਹਾਰੀ ਵਾਜਪਈ ਦੀ ਸ਼ਾਇਸਤਗੀ ਅਤੇ ਡਾ. ਮਨਮੋਹਨ ਸਿੰਘ ਦੀ ਸਫ਼ਾਰਤੀ ਦਿਆਨਤਦਾਰੀ ਨੂੰ ਵੀ ਉਨ੍ਹਾਂ ਨੇ ਬਹੁਤ ਨੇੜਿਓਂ ਦੇਖਿਆ। ਇਨ੍ਹਾਂ ਸਾਰੇ ਅਨੁਭਵਾਂ ਨਾਲ ਜੁੜੇ ਪ੍ਰਸੰਗ 'ਇਨ ਪਰਸੂਟ ਆਫ ਪੀਸ' ਦੇ 10 ਅਧਿਆਇਆਂ ਦਾ ਸ਼ਿੰਗਾਰ ਹਨ।

ਇੰਦਰ ਕੁਮਾਰ ਗੁਜਰਾਲ ਤੇ ਪਾਕਿਸਤਾਨੀ ਵਿਦੇਸ਼ ਮੰਤਰੀ ਸਾਹਿਬਜ਼ਾਦਾ ਯਾਕੂਬ ਖ਼ਾਨ ਨਾਲ ਜੁੜੇ ਪ੍ਰਸੰਗ ਦਾ ਇੱਥੇ ਹਵਾਲਾ ਦੇਣਾ ਨਾਵਾਜਬ ਨਹੀਂ ਹੋਵੇਗਾ। 1990 ਵਿਚ ਗੁਜਰਾਲ ਵੀ.ਪੀ. ਸਿੰਘ ਸਰਕਾਰ ਵਿਚ ਵਿਦੇਸ਼ ਮੰਤਰੀ ਸਨ। ਕਸ਼ਮੀਰ ਵਾਦੀ ਵਿਚ ਉਸ ਸਮੇਂ ਬਾਗ਼ੀਆਨਾ ਸਰਗਰਮੀਆਂ ਸਿਖਰ 'ਤੇ ਸਨ। ਯਾਕੂਬ ਖ਼ਾਨ ਨੇ ਭਾਰਤ ਫੇਰੀ ਦੌਰਾਨ ਕਸ਼ਮੀਰ ਦੀ ਸਥਿਤੀ ਦਾ ਜ਼ਿਕਰ ਕਰਦਿਆਂ ਪਾਕਿਸਤਾਨ ਦੇ ਪਰਮਾਣੂ ਹਥਿਆਰਾਂ ਦੀ ਮਾਰੂ ਸ਼ਕਤੀ ਬਾਰੇ ਦੱਸਣਾ ਸ਼ੁਰੂ ਕਰ ਦਿੱਤਾ ਅਤੇ ਜੰਗ ਦੀ ਸੂਰਤ ਵਿਚ ਭਾਰਤ ਦਾ ਹਸ਼ਰ ਮਾੜਾ ਹੋਣ ਦੀ ਗੱਲ ਕੀਤੀ। ਗੁਜਰਾਲ ਨੇ ਕੁਝ ਮੌਕਿਆਂ 'ਤੇ ਤਾਂ ਖ਼ਾਮੋਸ਼ ਰਹਿਣਾ ਵਾਜਬ ਸਮਝਿਆ ਪਰ ਜਦੋਂ ਪਾਣੀ ਸਿਰ ਤੋਂ ਲੰਘਦਾ ਜਾਪਿਆ ਤਾਂ ਕਠੋਰ ਪਰ ਸਹਿਜਤਾ ਭਰੇ ਲਹਿਜੇ 'ਚ ਕਿਹਾ: "ਖ਼ਾਨ ਸਾਹਿਬ, ਆਪਾਂ ਇਕੋ ਦਰਿਆ (ਜਿਹਲਮ) ਦੇ ਕੰਢੇ ਦੇ ਜੰਮਪਲ ਹਾਂ। ਇਹ ਦਰਿਆ ਕਿੱਥੋਂ ਆਉਂਦਾ ਹੈ, ਆਪਾਂ ਜਾਣਦੇ ਹਾਂ ਬਲਕਿ ਪਾਕਿਸਤਾਨ ਦੇ ਸਾਰੇ ਦਰਿਆ ਕਿੱਥੋਂ ਆਉਂਦੇ ਹਨ, ਉਹ ਵੀ ਆਪਾਂ ਜਾਣਦੇ ਹਾਂ। ਤਬਾਹੀ ਦਾ ਆਲਮ ਇਕੋ ਪਾਸੇ ਮਹਿਦੂਦ ਨਹੀਂ ਰਹੇਗਾ।... ਬਾਕੀ ਜੇ ਤੁਸੀਂ ਕੜੇ ਪਾਏ ਹੋਏ ਨੇ ਤਾਂ ਇਹ ਉਮੀਦ ਨਾ ਕਰੋ ਕਿ ਅਸੀਂ ਚੂੜੀਆਂ ਪਾ ਕੇ ਤੁਹਾਨੂੰ ਟਕਰਾਂਗੇ।" ਗੁਜਰਾਲ ਨੇ ਅਜਿਹਾ ਹੀ ਸੁਨੇਹਾ 1997 ਵਿਚ ਨਵਾਜ਼ ਸ਼ਰੀਫ਼ ਦੀ ਬਿਆਨਬਾਜ਼ੀ ਦੇ ਜਵਾਬ ਵਿਚ ਵੀ ਦਿੱਤਾ ਸੀ। ਉਦੋਂ ਇਹ ਦੋਵੇਂ ਨੇਤਾ ਆਪੋ-ਆਪਣੇ ਮੁਲਕਾਂ ਦੇ ਪ੍ਰਧਾਨ ਮੰਤਰੀ ਸਨ।

ਕਿਤਾਬ ਰਾਜੀਵ, ਰਾਓ, ਵਾਜਪਾਈ ਤੇ ਮਨਮੋਹਨ ਸਿੰਘ ਦੇ ਕਾਰਜਕਾਲਾਂ ਦੌਰਾਨ ਦੁਵੱਲੀ ਤਪਸ਼ ਘਟਾਉਣ ਵਾਸਤੇ ਚੁੱਕੇ ਗਏ ਕਦਮ ਦਾ ਵਿਸਥਾਰ ਨਾਲ ਖ਼ੁਲਾਸਾ ਕਰਦੀ ਹੈ। ਨਾਲ ਹੀ ਇਹ ਦੱਸਦੀ ਹੈ ਕਿ 2005-06 ਵਿਚ ਟਰੈਕ-2 ਡਿਪਲੋਮੈਸੀ ਦੀ ਬਦੌਲਤ ਭਾਰਤ ਤੇ ਪਾਕਿਸਤਾਨ ਕਸ਼ਮੀਰ ਬਾਰੇ ਸਮਝੌਤੇ ਨੇੜੇ ਅੱਪੜ ਗਏ ਸਨ। ਉਦੋਂ ਚੀਨ ਵੀ ਪਾਕਿਸਤਾਨ ਉੱਤੇ ਦਬਾਅ ਪਾ ਰਿਹਾ ਸੀ ਕਿ ਉਹ ਕੰਟਰੋਲ ਰੇਖਾ ਨੂੰ ਕੌਮਾਂਤਰੀ ਸਰਹੱਦ ਵਜੋਂ ਪ੍ਰਵਾਨ ਕਰ ਲਏ ਪਰ ਹੁਣ ਹਾਲਾਤ ਬਿਲਕੁਲ ਅੱਡਰੇ ਹਨ। ਘਰੇਲੂ ਸਿਆਸਤ ਨਾਲ ਜੁੜੀ ਲੱਫ਼ਾਜ਼ੀ ਤੇ ਮਾਅਰਕੇਬਾਜ਼ੀ ਨੇ ਸੁਲ੍ਹਾ-ਸਫ਼ਾਈ ਦੇ ਦਰ ਹੀ ਬੰਦ ਕਰ ਦਿੱਤੇ ਹਨ। ਉਪਰੋਂ ਸ਼ੀ ਜਿਨਪਿੰਗ ਦੀ ਚੀਨ ਵਿਚਲੀ ਚੌਧਰ ਵੀ ਕਿਸੇ ਸੁਲ੍ਹਾ-ਵਾਰਤਾ ਦੇ ਦਰ ਮੁੜ ਖੁੱਲ੍ਹਣ ਦੀ ਉਮੀਦ ਨਹੀਂ ਪੈਦਾ ਕਰਦੀ। ਕੁੱਲ ਮਿਲਾ ਕੇ ਸਾਂਭਣਯੋਗ ਹੈ ਕਿਤਾਬ।

*ਕਿਤਾਬ ਰਾਜੀਵ, ਰਾਓ, ਵਾਜਪਾਈ ਤੇ ਮਨਮੋਹਨ ਸਿੰਘ ਦੇ ਕਾਰਜਕਾਲਾਂ ਦੌਰਾਨ ਦੁਵੱਲੀ ਤਪਸ਼ ਘਟਾਉਣ ਵਾਸਤੇ ਚੁੱਕੇ ਗਏ ਕਦਮ ਦਾ ਵਿਸਥਾਰ ਨਾਲ ਖ਼ੁਲਾਸਾ ਕਰਦੀ ਹੈ। ਨਾਲ ਹੀ ਇਹ ਦੱਸਦੀ ਹੈ ਕਿ 2005-06 ਵਿਚ ਟਰੈਕ-2 ਡਿਪਲੋਮੈਸੀ ਦੀ ਬਦੌਲਤ ਭਾਰਤ ਤੇ ਪਾਕਿਸਤਾਨ ਕਸ਼ਮੀਰ ਬਾਰੇ ਸਮਝੌਤੇ ਨੇੜੇ ਅੱਪੜ ਗਏ ਸਨ। ਉਦੋਂ ਚੀਨ ਵੀ ਪਾਕਿਸਤਾਨ ਉੱਤੇ ਦਬਾਅ ਪਾ ਰਿਹਾ ਸੀ ਕਿ ਉਹ ਕੰਟਰੋਲ ਰੇਖਾ ਨੂੰ ਕੌਮਾਂਤਰੀ ਸਰਹੱਦ ਵਜੋਂ ਪ੍ਰਵਾਨ ਕਰ ਲਏ ਪਰ ਹੁਣ ਹਾਲਾਤ ਬਿਲਕੁਲ ਅੱਡਰੇ ਹਨ।*

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 20 ਮਈ 2023 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-586



*ਲਾਈ ਸਬਜ਼ੀ ਦੀ ਰੇਹੜੀ ਨਾਲੇ ਮਾਂ ਬੱਚਾ ਪਾਲੇ,*
*ਕਿੱਥੋਂ ਲਿਆਵੇ ਉਹ ਪੰਘੂੜਾ ਦੇਵੇ ਛਾਂ ਮਾਂ ਨਾਲੇ।*
*ਦੋ ਵਕਤ ਦੀ ਰੋਟੀ ਦੇ ਜਿੱਥੇ ਪਏ ਰਹਿੰਦੇ ਲਾਲੇ,*
*ਨ ਪਵੇ ਜਿੱਥੇ ਮੁਸ਼ੱਕਤ ਮੁੱਲ ਦਾ ਨ ਕੋਈ ਸੰਭਾਲੇ।*

### ਕੈਪਸ਼ਨ ਮੁਕਾਬਲਾ-584



ਚਲਾਉਣ ਦਾ ਤਾਂ ਲਸੰਸ ਨੀ ਮਿਲਦਾ
ਪਿੱਛੇ ਬੈਠ ਨਜ਼ਾਰੇ ਲਈਏ।
ਮਾਲਕ ਬੜਾ ਖਿਆਲ ਹੈ ਰੱਖਦਾ
ਨਿਯਮਾਂ ਵਿੱਚ ਹਮੇਸ਼ਾ ਰਹੀਏ

**ਜਗਮੀਤ ਸਿੰਘ ਪੰਧੇਰ**
**ਸੰਪਰਕ : 98783-37222**

ਪਾਲਤੂ ਜਾਨਵਰ ਪਰਿਵਾਰ ਦਾ ਹਿੱਸਾ,
ਕਹਿ ਗਏ ਲੋਕ ਸਿਆਣੇ।
ਨਾਲ ਕੂਕਰ ਲਾਡ ਜਿਨ੍ਹਾਂ ਨੂੰ
ਲਡਾਵਣ ਵਾਂਗ ਨਿਆਣੇ।
ਐਨਕ ਲਾ ਕੇ ਲਵੇ ਨਜ਼ਾਰਾ,
ਮਾਲਕ ਦਾ ਵਫਦਾਰ।
ਹੈਲਮਟ ਪਾ ਕੇ ਕਰਨ ਵਫਾਕਰੀ
ਨਾਲੇ ਕਾਨੂੰਨ ਦਾ ਸਤਿਕਾਰ।

**ਹਰਜੋਤ ਕੌਰ**
**ਫੋਨ: 734-883-6704**

ਮੁੜੰਗਾ ਸੋਫੀਆ ਲੋਰੇਨ ਵਰਗਾ ਲੱਗੇਂ
ਜਿਵੇਂ ਹੁਣੇ ਚੀਨ ਤੋਂ ਆਇਆ।
ਭਾਸ਼ਾ ਵੀ ਤੇਰੀ ਚੀਨੀ ਜਾਪੇ
ਮਾਪਿਆਂ ਨੂੰ ਤੂੰ ਡਰਾਇਆ।
ਕੁਰਸੀ ਤਾਂ ਇਸ ਤਰ੍ਹਾਂ ਮੱਲੀ
ਜਿਸ ਤਰ੍ਹਾਂ ਸਿਕੰਦਰ ਦਾ ਖਾਨਦਾਨੀ।
ਉਡ ਜਾ ਭੋਲਿਆ ਪੰਛੀਆ ਇਥੋਂ
ਯਾਦ ਆ ਜਾਊਗੀ ਨਾਨੀ।

**ਅਮਰਜੀਤ ਸਿੰਘ ਤੂਰ**
**ਪਿੰਡ ਕੁਲਬੁਰਛਾਂ, ਪਟਿਆਲਾ**

## ਸ਼ਬਦ-ਬਾਣ

### ਮਿੱਤ

ਹੀਰ ਆਖਦੀ ਜੋਗੀਆ ਸੱਚ ਆਖਾਂ,
ਇਥੇ ਕੋਈ ਨਾ ਕਿਸੇ ਦਾ ਮਿੱਤ ਮੀਆਂ।
ਆਪਣਿਆਂ ਵਿਚ ਵੀ ਨਹੀਂ ਅਪਣੱਤ ਕੋਈ,
ਵਧੀ ਫ਼ਾਸਲੇ ਜਾਂਦੇ ਨੇ ਨਿੱਤ ਮੀਆਂ।
ਪੀਸਿਆ ਅੰਨ੍ਹੀ ਦਾ ਸਭ ਵਿਅਰਥ ਜਾਵੇ,
ਕੁੱਤੇ ਚੱਟ ਕੇ ਹੋ ਜਾਂਦੇ ਨੇ ਤ੍ਰਿੱਤ ਮੀਆਂ।
'ਚੋਹਲੇ' ਵਾਲੇ ਦੀ ਰੋਟੀ ਨਾ ਹਜ਼ਮ ਹੋਵੇ,
ਜਦੋਂ ਤੱਕ ਕਰੇ ਨਾ ਕੋਈ ਘਤਿੱਤ ਮੀਆਂ।

-ਰਮੇਸ਼ ਬੱਗਾ ਚੋਹਲਾ

# ਮੰਤਰੀ ਦੀ ਅਸ਼ਲੀਲ ਵੀਡੀਓ ਮਾਮਲੇ ਉਤੇ ਕਸੂਤੀ ਘਿਰੀ ਮਾਨ ਸਰਕਾਰ

**ਜਲੰਧਰ:** ਪੰਜਾਬ ਦੇ ਖੁਰਾਕ ਤੇ ਸਿਵਲ ਸਪਲਾਈ ਮੰਤਰੀ ਲਾਲ ਚੰਦ ਕਟਾਰੂਚੱਕ ਦੀ ਕਥਿਤ ਅਸ਼ਲੀਲ ਵੀਡੀਓ ਵਾਇਰਲ ਹੋਣ ਦੇ ਮਾਮਲੇ ਪਿੱਛੋਂ ਭਗਵੰਤ ਮਾਨ ਸਰਕਾਰ ਕਸੂਤੀ ਘਿਰ ਗਈ ਹੈ। ਜਲੰਧਰ ਜਿਮਨੀ ਚੋਣ ਵੇਲੇ ਇਹ ਮਾਮਲਾ ਭਖਣ ਕਾਰਨ ਆਮ ਆਦਮੀ ਪਾਰਟੀ ਨੂੰ ਵੱਡਾ ਧੱਕਾ ਲੱਗਾ ਹੈ। ਇਸ ਮੁੱਦੇ ਉਤੇ ਵਿਰੋਧੀ ਧਿਰਾਂ ਨੇ ਮਾਨ ਸਰਕਾਰ ਨੂੰ ਘੇਰਿਆ ਹੋਇਆ ਹੈ ਤੇ ਮੰਤਰੀ ਨੂੰ ਬਰਖ਼ਾਸਤ ਕਰਨ ਦੀ ਮੰਗ ਕੀਤੀ ਜਾ ਰਹੀ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਜਵਾਬ ਦੇਣ ਕਿ ਉਹ ਪੰਜਾਬ ਦੇ ਖੁਰਾਕ ਤੇ ਸਿਵਲ ਸਪਲਾਈ ਮੰਤਰੀ ਲਾਲ ਚੰਦ ਕਟਾਰੂਚੱਕ ਦਾ ਬਚਾਅ ਕਿਉਂ ਕਰ ਰਹੇ ਹਨ, ਜਦਕਿ ਪੁਲਿਸ ਜਾਂਚ ਵਿਚ ਇਹ ਖੁਲਾਸਾ ਹੋ ਚੁੱਕਿਆ ਹੈ ਕਿ ਨੌਜਵਾਨ ਦੇ ਜਿਨਸੀ ਸ਼ੋਸ਼ਣ ਵਾਲੀ ਵੀਡੀਓ ਅਸਲੀ ਹੈ। ਮਜੀਠੀਆ ਨੇ ਕਿਹਾ ਕਿ ਹੁਣ ਇਹ ਸਾਹਮਣੇ ਆ ਗਿਆ ਹੈ ਕਿ 'ਆਪ' ਦੇ ਮੰਤਰੀ ਨੇ ਇਕ ਨੌਜਵਾਨ ਨੂੰ ਸਰਕਾਰੀ ਨੌਕਰੀ ਦਿਵਾਉਣ ਦੇ ਨਾਂ 'ਤੇ ਉਸ ਦਾ ਜਿਨਸੀ ਸ਼ੋਸ਼ਣ ਕੀਤਾ ਹੈ। ਇਸ ਦੇ ਬਾਵਜੂਦ ਮੁੱਖ ਮੰਤਰੀ ਕਟਾਰੂਚੱਕ ਦੀ ਹਮਾਇਤ ਕਰ ਰਹੇ ਹਨ ਤੇ ਪੀੜਤ ਨੌਜਵਾਨ ਆਪਣੀ ਜਾਨ ਬਚਾਉਣ ਲਈ ਛੁਪਦਾ ਫਿਰ ਰਿਹਾ ਹੈ। ਮਜੀਠੀਆ ਨੇ ਕਿਹਾ ਕਿ 'ਆਪ' ਦੇ ਕਈ ਆਗੂ ਹੁਣ ਤੱਕ ਭ੍ਰਿਸ਼ਟਾਚਾਰ ਦੇ ਮਾਮਲਿਆਂ ਵਿਚ ਦੋਸ਼ੀ ਕਰਾਰ ਦਿੱਤੇ ਜਾ ਚੁੱਕੇ ਹਨ। ਉਨ੍ਹਾਂ ਕਿਹਾ ਕਿ ਸਾਬਕਾ ਮੰਤਰੀ ਵਿਜੈ ਸਿੰਗਲਾ ਤੇ ਫੌਜਾ ਸਿੰਘ ਸਰਾਰੀ ਖਿਲਾਫ ਵੀ ਸਰਕਾਰ ਵੱਲੋਂ ਕੋਈ ਕਾਰਵਾਈ ਨਹੀਂ ਕੀਤੀ ਗਈ।

ਉਧਰ, ਭਾਜਪਾ ਆਗੂ ਮਨਜਿੰਦਰ ਸਿੰਘ ਸਿਰਸਾ ਨੇ ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੂੰ ਜਿਨਸੀ ਸ਼ੋਸ਼ਣ ਕਰਨ ਵਾਲੇ ਪੰਜਾਬ ਦੇ ਮੰਤਰੀ ਨੂੰ ਤੁਰਤ ਬਰਖ਼ਾਸਤ ਕਰ ਕੇ ਗ੍ਰਿਫਤਾਰ ਕਰਨ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਪੀੜਤ ਨੇ ਕੌਮੀ ਐੱਸ.ਸੀ. ਕਮਿਸ਼ਨ ਕੋਲ ਜਿਨਸੀ ਸ਼ੋਸ਼ਣ ਸਬੰਧੀ ਸ਼ਿਕਾਇਤ ਦਰਜ ਕਰਵਾਈ ਹੈ।

ਸ੍ਰੀ ਸਿਰਸਾ ਨੇ ਕਿਹਾ ਕਿ ਪੀੜਤ ਨੇ ਕੌਮੀ ਐਸ.ਸੀ. ਕਮਿਸ਼ਨ ਨੂੰ ਦੱਸਿਆ ਕਿ ਪੰਜਾਬ ਦੇ ਇਕ ਮੰਤਰੀ ਵੱਲੋਂ 2013-14 ਤੋਂ ਉਸ ਦਾ ਜਿਨਸੀ ਸ਼ੋਸ਼ਣ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਹ ਇਕ ਗੰਭੀਰ ਮਾਮਲਾ ਹੈ। ਇਸ ਸਬੰਧੀ ਰਾਜਪਾਲ ਨੂੰ ਮੰਤਰੀ ਨੂੰ ਬਰਖ਼ਾਸਤ ਕਰ ਕੇ ਗ੍ਰਿਫਤਾਰ ਕਰਨ ਅਤੇ ਕਾਨੂੰਨ ਮੁਤਾਬਕ ਬਣਦੀ ਸਜਾ ਦੇਣ ਦੀ ਹਦਾਇਤ ਦੇਣੀ ਚਾਹੀਦੀ ਹੈ।

ਮੁੱਖ ਮੰਤਰੀ ਭਗਵੰਤ ਮਾਨ 'ਤੇ ਵਰ੍ਹਦਿਆਂ ਸਿਰਸਾ ਨੇ ਕਿਹਾ ਕਿ ਇਹ ਹੈਰਾਨੀ ਵਾਲੀ ਗੱਲ ਹੈ ਕਿ ਪੰਜਾਬ ਦੇ ਰਾਜਪਾਲ ਕੋਲ ਇਸ ਜਿਨਸੀ ਸ਼ੋਸ਼ਣ ਦੀ ਵੀਡੀਓ ਪਹੁੰਚਣ ਦੇ ਬਾਵਜੂਦ ਮੁੱਖ ਮੰਤਰੀ ਉਸ ਦਾ ਬਚਾਅ ਕਰਦੇ ਰਹੇ।

ਉਨ੍ਹਾਂ ਕਿਹਾ ਕਿ ਹੁਣ ਜਦੋਂ ਪੀੜਤ ਸਾਹਮਣੇ ਆ ਗਿਆ ਹੈ ਅਤੇ ਉਸ ਨੇ ਕੌਮੀ ਐਸ.ਸੀ. ਕਮਿਸ਼ਨ ਕੋਲ ਸ਼ਿਕਾਇਤ ਦਰਜ ਕਰਵਾ ਕੇ ਸੂਬੇ ਦੇ ਮੁੱਖ ਸਕੱਤਰ ਤੇ ਡੀ.ਜੀ.ਪੀ. ਕੋਲੋਂ ਸੁਰੱਖਿਆ ਮੰਗੀ ਹੈ ਤਾਂ ਮੁੱਖ ਮੰਤਰੀ ਨੂੰ ਚਾਹੀਦਾ ਹੈ ਕਿ ਉਹ ਖੁਦ ਮੰਤਰੀ ਨੂੰ ਬਰਖ਼ਾਸਤ ਕਰ ਕੇ ਗ੍ਰਿਫਤਾਰ ਕਰਨ ਦੀ ਸਿਫਾਰਸ਼ ਕਰਨ।



ਪੰਜਾਬ ਦੇ ਇਕ ਮੰਤਰੀ ਵਿਰੁੱਧ ਜਿਨਸੀ ਸ਼ੋਸ਼ਣ ਦੀ ਸ਼ਿਕਾਇਤ ਦੇ ਮਾਮਲੇ ਵਿਚ ਕੌਮੀ ਅਨੁਸੂਚਿਤ ਜਾਤੀ ਕਮਿਸ਼ਨ ਦੇ ਦਖਲ ਨਾਲ ਮਾਮਲਾ ਹੁਣ ਨਵਾਂ ਮੋੜ ਲੈਣ ਲੱਗਾ ਹੈ। ਕਮਿਸ਼ਨ ਨੇ ਸਖ਼ਤ ਨੋਟਿਸ ਲੈਂਦਿਆਂ ਪੰਜਾਬ ਸਰਕਾਰ ਦੇ ਅਧਿਕਾਰੀਆਂ ਨੂੰ ਨੋਟਿਸ ਜਾਰੀ ਕਰਕੇ ਕਾਰਵਾਈ ਦੀ ਰਿਪੋਰਟ ਮੰਗੀ ਹੈ। ਦੱਸ ਦਈਏ ਕਿ ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਕੁਝ ਦਿਨ ਪਹਿਲਾਂ ਸੂਬੇ ਦੇ ਰਾਜਪਾਲ ਨੂੰ ਇਕ ਮੰਤਰੀ ਖਿਲਾਫ਼ ਸ਼ਿਕਾਇਤ ਸੌਂਪਦਿਆਂ ਕਾਰਵਾਈ ਦੀ ਮੰਗ ਕੀਤੀ ਸੀ। ਕਮਿਸ਼ਨ ਦੇ ਚੇਅਰਮੈਨ ਵਿਜੈ ਸਾਂਪਲਾ ਦੇ ਹੁਕਮਾਂ 'ਤੇ ਕਮਿਸ਼ਨ ਵੱਲੋਂ ਜਾਰੀ ਨੋਟਿਸ ਵਿਚ ਕਿਹਾ ਗਿਆ ਹੈ ਕਿ ਪੀੜਤ ਵਿਅਕਤੀ ਨੇ ਐਨ.ਸੀ.ਐਸ.ਸੀ. ਨੂੰ ਇਕ ਵੀਡੀਓ ਸੰਦੇਸ਼ ਤੇ ਪੱਤਰ ਭੇਜ ਕੇ ਇਨਸਾਫ ਦੇ ਨਾਲ ਸੁਰੱਖਿਆ ਦੀ ਮੰਗ ਵੀ ਕੀਤੀ ਹੈ। ਪੀੜਤ ਦਾ ਦੋਸ਼ ਹੈ ਕਿ ਸਬੰਧਤ ਮੰਤਰੀ ਹੁਣ ਉਸ ਨੂੰ ਜਾਨ ਤੋਂ ਮਾਰਨ ਦੀਆਂ ਧਮਕੀਆਂ ਦੇ ਰਿਹਾ ਹੈ। ਕਮਿਸ਼ਨ ਦਾ ਕਹਿਣਾ ਹੈ ਕਿ ਪੀੜਤ ਡਰਿਆ ਹੋਇਆ ਹੈ ਤੇ ਸ਼ਿਕਾਇਤ ਦਰਜ ਕਰਵਾਉਣ ਲਈ ਦਿੱਲੀ ਤੱਕ ਜਾਣ ਦੀ ਗੱਲ ਆਖ ਰਿਹਾ ਹੈ। ਕਮਿਸ਼ਨ ਦਾ ਕਹਿਣਾ ਹੈ ਕਿ ਅਨੁਸੂਚਿਤ ਜਾਤੀ ਨਾਲ ਸਬੰਧਤ ਸ਼ਿਕਾਇਤਕਰਤਾ ਪਠਾਨਕੋਟ ਦੇ ਇਕ ਪਿੰਡ ਦਾ ਵਸਨੀਕ ਹੈ, ਜਿਸ ਨੇ ਦੋਸ਼ ਲਾਇਆ ਹੈ ਕਿ 2013-14 ਵਿਚ ਮੰਤਰੀ ਨੇ ਫੇਸਬੁੱਕ 'ਤੇ ਫਰੈਂਡ ਰਿਕਵੈਸਟ ਭੇਜ ਕੇ ਉਸ ਨਾਲ ਸੰਪਰਕ ਕੀਤਾ ਤੇ ਮਗਰੋਂ ਉਸ ਨੂੰ ਕਥਿਤ ਫੋਨ ਕਰਨੇ ਸ਼ੁਰੂ ਕਰ ਦਿੱਤੇ। ਉਸ ਨੇ ਕਿਹਾ ਕਿ ਮੰਤਰੀ ਨੇ ਆਪਣੇ ਪ੍ਰਭਾਵ ਨਾਲ ਉਸ ਨੂੰ ਸਰਕਾਰੀ ਨੌਕਰੀ ਦਿਵਾਉਣ ਦਾ ਭਰੋਸਾ ਦਿੱਤਾ ਤੇ 2021 ਤੱਕ ਉਸ ਨਾਲ ਜਿਨਸੀ ਸ਼ੋਸ਼ਣ ਕਰਦਾ ਰਿਹਾ। ਦੋਵਾਂ ਦੀ ਆਖਰੀ ਮੁਲਾਕਾਤ 2021 ਦੀ ਦੀਵਾਲੀ 'ਤੇ ਹੋਈ ਸੀ। ਕਮਿਸ਼ਨ ਨੇ ਕਿਹਾ ਕਿ ਇਸ ਸਬੰਧੀ ਸੁਖਪਾਲ ਸਿੰਘ ਖਹਿਰਾ ਵੱਲੋਂ ਰਾਜਪਾਲ ਨੂੰ ਸੌਂਪੀ ਗਈ ਵੀਡੀਓ ਤੇ ਸ਼ਿਕਾਇਤ ਮਗਰੋਂ ਰਾਜਪਾਲ ਨੇ ਇਹ ਮਾਮਲਾ ਡੀ.ਜੀ.ਪੀ. ਪੰਜਾਬ ਹਵਾਲੇ ਕੀਤਾ ਸੀ। ਕਮਿਸ਼ਨ ਨੇ ਪੰਜਾਬ ਦੇ ਮੁੱਖ ਸਕੱਤਰ ਤੇ ਡੀ.ਜੀ.ਪੀ. ਨੂੰ ਤੇਜੀ ਨਾਲ ਇਸ ਮਾਮਲੇ ਦੀ ਜਾਂਚ ਕਰਨ ਅਤੇ ਰਿਪੋਰਟ ਦੇਣ ਦੀ ਲਈ ਕਿਹਾ ਹੈ।

## ਪੋਕਸੋ ਐਕਟ ਤਹਿਤ ਮਾਮਲਾ ਦਰਜ ਕੀਤਾ ਜਾਵੇ: ਬਾਜਵਾ

ਪੰਜਾਬ ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਅਸ਼ਲੀਲ ਵੀਡੀਓ ਮਾਮਲੇ 'ਚ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਕੈਬਨਿਟ ਮੰਤਰੀ ਵਿਰੁੱਧ ਪੋਕਸੋ (ਜਿਨਸੀ ਅਪਰਾਧ ਤੋਂ ਬੱਚਿਆਂ ਦੀ ਰੋਕਥਾਮ) ਐਕਟ ਤਹਿਤ ਕੇਸ ਦਰਜ ਕਰਨ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਮੰਤਰੀ ਉਤੇ ਬਹੁਤ ਗੰਭੀਰ ਦੋਸ਼ ਲੱਗ ਰਹੇ ਹਨ ਤੇ ਅਜਿਹੇ 'ਚ ਮੁੱਖ ਮੰਤਰੀ ਭਗਵੰਤ ਮਾਨ ਨੂੰ ਤੁਰਤ ਪ੍ਰਭਾਵ ਨਾਲ ਉਕਤ ਮੰਤਰੀ ਨੂੰ ਕੈਬਨਿਟ ਤੋਂ ਬਰਖ਼ਾਸਤ ਕਰਕੇ ਗ੍ਰਿਫਤਾਰ ਕਰਨਾ ਚਾਹੀਦਾ ਹੈ।

# ਏਅਰ ਇੰਡੀਆ ਦੀ ਉਡਾਣ 'ਚ ਮਹਿਲਾ ਮੁਸਾਫਰ ਨੂੰ ਬਿੱਛੂ ਨੇ ਡੰਗਿਆ



**ਨਵੀਂ ਦਿੱਲੀ:** ਨਾਗਪੁਰ ਤੋਂ ਮੁੰਬਈ ਜਾ ਰਹੀ ਏਅਰ ਇੰਡੀਆ ਦੀ ਉਡਾਣ ਵਿਚ ਇਕ ਮਹਿਲਾ ਮੁਸਾਫ਼ਰ ਨੂੰ ਬਿੱਛੂ ਨੇ ਡੰਗ ਲਿਆ। ਏਅਰਲਾਈਨ ਨੇ ਇਥੇ ਜਾਰੀ ਕੀਤੇ ਇਕ ਬਿਆਨ ਵਿਚ ਕਿਹਾ ਕਿ ਹਵਾਈ ਅੱਡੇ 'ਤੇ ਜਹਾਜ਼ ਉੱਤਰਨ ਮਗਰੋਂ ਮਹਿਲਾ ਮੁਸਾਫ਼ਰ ਦਾ ਇਕ ਡਾਕਟਰ ਤੋਂ ਮੁਆਇਨਾ ਕਰਵਾਇਆ ਗਿਆ ਅਤੇ ਬਾਅਦ ਵਿਚ ਹਸਪਤਾਲ 'ਚ ਇਲਾਜ ਕਰਵਾਉਣ ਮਗਰੋਂ ਉਸ ਨੂੰ ਛੁੱਟੀ ਦੇ ਦਿੱਤੀ ਗਈ।

ਏਅਰ ਇੰਡੀਆ ਨੇ ਕਿਹਾ, 'ਸਾਡੀ ਉਡਾਣ ਏ.ਆਈ 630 ਉਤੇ 23 ਅਪਰੈਲ ਨੂੰ ਇਕ ਮੁਸਾਫ਼ਰ ਨੂੰ ਬਿੱਛੂ ਵੱਲੋਂ ਡੰਗਣ ਦੀ ਨਿਵੇਕਲੀ ਘਟਨਾ ਵਾਪਰੀ।' ਏਅਰਲਾਈਨ ਅਨੁਸਾਰ ਇਸ ਮਗਰੋਂ ਪ੍ਰੋਟੋਕੋਲ ਦਾ ਪਾਲਣ ਕੀਤਾ ਗਿਆ ਤੇ ਜਹਾਜ਼ ਦੀ ਤਲਾਸ਼ੀ ਲੈਣ 'ਤੇ ਬਿੱਛੂ ਮਿਲ ਗਿਆ।

ਏਅਰ ਇੰਡੀਆ ਦੇ ਅਧਿਕਾਰੀ ਨੇ ਕਿਹਾ ਕਿ ਘਟਨਾ ਮਗਰੋਂ ਏਅਰ ਇੰਡੀਆ ਨੇ ਕੇਟਰਿੰਗ ਵਿਭਾਗ ਨੂੰ ਡਰਾਈ ਕਲੀਨਰ ਸੇਵਾਵਾਂ ਮੁਹੱਈਆ ਕਰਵਾਉਣ ਵਾਲਿਆਂ ਨੂੰ ਕੰਮ ਵਾਲੀ ਜਗ੍ਹਾ 'ਤੇ ਜਾਂਚ ਕਰਵਾਉਣ ਦੀ ਸਲਾਹ ਦੇਣ ਲਈ ਕਿਹਾ। ਇਸ ਤੋਂ ਪਹਿਲਾਂ ਵੀ ਹਵਾਈ ਜਹਾਜ਼ ਵਿਚ ਸੱਪ ਮਿਲਣ ਦੇ ਮਾਮਲੇ ਸਾਹਮਣੇ ਆਏ ਹਨ। ਪਿਛਲੇ ਸਾਲ ਦਸੰਬਰ ਵਿਚ ਦੁਬਈ ਹਵਾਈ ਅੱਡੇ 'ਤੇ ਉਤਰਨ ਮਗਰੋਂ ਏਅਰ ਇੰਡੀਆ ਐਕਸਪ੍ਰੈੱਸ ਦੇ ਇਕ ਜਹਾਜ਼ ਵਿਚ ਇਕ ਸੱਪ ਮਿਲਿਆ ਸੀ।

# ਪਾਕਿਸਤਾਨ 'ਚ 50 ਹਿੰਦੂਆਂ ਨੇ ਇਸਲਾਮ ਧਰਮ ਅਪਣਾਇਆ

**ਇਸਲਾਮਾਬਾਦ:** ਪਾਕਿਸਤਾਨ ਦੇ ਦੱਖਣੀ ਸਿੰਧ ਸੂਬੇ 'ਚ ਦਸ ਹਿੰਦੂ ਪਰਿਵਾਰਾਂ ਦੇ 50 ਦੇ ਕਰੀਬ ਮੈਂਬਰਾਂ ਨੇ ਇਸਲਾਮ ਧਰਮ ਅਪਣਾ ਲਿਆ ਹੈ। ਹਿੰਦੂ ਕਾਰਕੁਨਾਂ ਨੇ ਦੋਸ਼ ਲਾਇਆ ਇਸ ਘਟਨਾ ਪਿੱਛੇ ਸੂਬਾ ਸਰਕਾਰ ਦਾ ਹੱਥ ਹੈ। ਮੀਡੀਆ ਰਿਪੋਰਟਾਂ ਅਨੁਸਾਰ ਸ਼ਹਿਰ ਦੀ ਬੈਤੁਲ ਇਮਾਨ ਮੁਸਲਿਮ ਕਲੋਨੀ ਦੇ ਮਦਰੱਸੇ 'ਚ ਮੀਰਪੁਰਖਾਸ ਇਲਾਕੇ ਦੇ ਲੋਕਾਂ ਦਾ ਧਰਮ ਤਬਦੀਲ ਕੀਤੇ ਜਾਣ ਸਬੰਧੀ ਸਮਾਗਮ ਕਰਵਾਇਆ ਗਿਆ।




ਮਦਰੱਸੇ ਦੀ ਸੰਭਾਲ ਕਰਨ ਵਾਲੇ ਕਾਰੀ ਤੈਮੂਰ ਰਾਜਪੂਤ ਨੇ ਦੱਸਿਆ ਕਿ 10 ਪਰਿਵਾਰਾਂ ਦੇ 50 ਮੈਂਬਰਾਂ ਨੇ ਇਸਲਾਮ ਧਰਮ ਅਪਣਾਇਆ ਹੈ। ਇਨ੍ਹਾਂ 'ਚ 23 ਮਹਿਲਾਵਾਂ ਤੇ ਇਕ ਬੱਚੀ ਵੀ ਸ਼ਾਮਲ ਹੈ। ਧਾਰਮਿਕ ਮਾਮਲਿਆਂ ਬਾਰੇ ਮੰਤਰੀ ਮੁਹੰਮਦ ਤਾਹਲਾ ਮਹਿਮੂਦ ਦੇ ਪੁੱਤਰ ਮੁਹੰਮਦ ਸ਼ਮਰੋਜ ਖਾਨ ਨੇ ਵੀ ਇਸ ਸਮਾਗਮ 'ਚ ਸ਼ਮੂਲੀਅਤ ਕੀਤੀ। ਰਾਜਪੂਤ ਨੇ ਕਿਹਾ ਕਿ ਸਭ ਨੇ ਆਪਣੀ ਮਰਜ਼ੀ ਨਾਲ ਧਰਮ ਤਬਦੀਲ ਕੀਤਾ ਹੈ ਤੇ ਕਿਸੇ ਨਾਲ ਜਬਰਦਸਤੀ ਨਹੀਂ ਕੀਤੀ ਗਈ। ਦੂਜੇ ਪਾਸੇ ਇਸ ਧਰਮ ਤਬਦੀਲੀ ਦੀ ਘਟਨਾ ਤੋਂ ਹਿੰਦੂ ਕਾਰਕੁਨ ਨਿਰਾਸ਼ ਹਨ। ਹਿੰਦੂ ਕਾਰਕੁਨ ਫਕੀਰ ਸ਼ਿਵਾ ਕੁੱਚੀ ਨੇ ਕਿਹਾ ਕਿ ਅਜਿਹਾ ਲੱਗਦਾ ਹੈ ਕਿ ਇਸ ਗਤੀਵਿਧੀ ਵਿਚ ਸੂਬਾ ਸਰਕਾਰ ਵੀ ਸ਼ਾਮਲ ਹੈ।

# ਸੁਖਬੀਰ ਬਾਦਲ ਵੱਲੋਂ ਜਲੰਧਰ ਅਤੇ ਬੰਗਾ ਤੋਂ ਜਿੱਤ ਦਾ ਦਾਅਵਾ

**ਜਲੰਧਰ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਅਕਾਲੀ-ਬਸਪਾ ਉਮੀਦਵਾਰ ਡਾ. ਸੁਖਵਿੰਦਰ ਸੁੱਖੀ ਦੇ ਹੱਕ 'ਚ ਰੈਲੀਆਂ ਨੂੰ ਸੰਬੋਧਨ ਕਰਦਿਆਂ ਸੂਬੇ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਉਤੇ ਤਿੱਖੇ ਹਮਲੇ ਕੀਤੇ। ਇਸ ਮੌਕੇ ਉਨ੍ਹਾਂ ਨੇ ਵੱਡਾ ਐਲਾਨ ਕਰਦੇ ਹੋਏ ਕਿਹਾ ਕਿ ਜਲੰਧਰ ਤੋਂ ਡਾ. ਸੁਖਵਿੰਦਰ ਸੁੱਖੀ ਨੂੰ ਜਿਤਾ ਕੇ ਸੰਸਦ ਮੈਂਬਰਾਂ ਬਣਾ ਦਿਓ ਅਤੇ ਬੰਗਾ ਤੋਂ ਹੋਣ ਵਾਲੀ ਜਿਮਨੀ ਚੋਣ 'ਚ ਬਸਪਾ ਦਾ ਉਮੀਦਵਾਰ ਖੜ੍ਹਾ ਕੀਤਾ ਜਾਵੇਗਾ। ਉਨ੍ਹਾਂ ਲਾਲ ਚੰਦ ਕਟਾਰੂਚੱਕ ਖ਼ਿਲਾਫ ਕਾਰਵਾਈ ਨਾ ਕਰਨ ਅਤੇ ਮਹਿਲਾ ਟੀ.ਵੀ. ਪੱਤਰਕਾਰ ਭਾਵਨਾ ਕਿਸ਼ੋਰ ਦੀ ਗ੍ਰਿਫਤਾਰੀ ਸਮੇਤ ਅਨੇਕਾਂ ਹੋਰਨਾਂ ਮੁੱਦਿਆਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਆਪਣੀ ਕੁਰਸੀ ਬਚਾਉਣ ਲਈ ਕਿਸੇ ਵੀ ਹੱਦ ਤੱਕ ਜਾ ਸਕਦੇ ਹਨ। ਉਨ੍ਹਾਂ ਕਿਹਾ ਕਿ ਪਹਿਲਾਂ 'ਆਪ' ਸੁਪਰੀਮੋ ਅਰਵਿੰਦ ਕੇਜੀਰਵਾਲ ਦੇ ਇਸ਼ਾਰੇ ਉਤੇ ਹੀ ਸਿੱਖ ਨੌਜਵਾਨਾਂ 'ਤੇ ਐਨ.ਐਸ.ਏ. ਵਰਗੇ ਸਖਤ ਕਾਨੂੰਨ ਲਗਾ ਕੇ ਉਨ੍ਹਾਂ ਨੂੰ ਆਸਾਮ ਦੀਆਂ ਜੇਲ੍ਹਾਂ 'ਚ ਭੇਜਿਆ ਗਿਆ ਤੇ ਹੁਣ ਮਹਿਲਾ ਟੀ.ਵੀ. ਪੱਤਰਕਾਰ ਭਾਵਨਾ ਕਿਸ਼ੋਰ ਉਤੇ ਵੀ ਅਰਵਿੰਦ ਕੇਜਰੀਵਾਲ ਦੇ ਹੁਕਮਾਂ ਉਤੇ ਹੀ ਪਰਚਾ ਦਰਜ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸੱਚ ਬੋਲਣ ਵਾਲੇ ਬੁੱਧੀਜੀਵੀਆਂ ਤੇ ਕਲਾਕਾਰਾਂ ਖ਼ਿਲਾਫ ਵੀ ਕੇਸ ਦਰਜ ਕਰਵਾਏ ਜਾ ਰਹੇ ਹਨ ਤੇ ਅਨੇਕਾਂ ਵੈੱਬ ਚੈਨਲਾਂ ਨੂੰ ਵੀ ਇਸ ਕਰ ਕੇ ਬੈਨ ਕੀਤਾ ਜਾ ਰਿਹਾ ਹੈ ਕਿਉਂਕਿ ਉਹ ਇਨ੍ਹਾਂ ਦੇ ਸਿਆਸੀ ਆਕਾਵਾਂ ਦਾ ਪ੍ਰਾਪੇਗੰਡਾ ਕਰਨ ਤੋਂ ਇਨਕਾਰੀ ਹਨ।

# ਜੱਸਾ ਸਿੰਘ ਰਾਮਗੜ੍ਹੀਆ ਦੀ ਹਵੇਲੀ ਢਾਹੁਣ ਦਾ ਮਾਮਲਾ ਭਖਿਆ

**ਬਟਾਲਾ:** ਜਰਨੈਲ ਜੱਸਾ ਸਿੰਘ ਰਾਮਗੜ੍ਹੀਆ ਦੀ ਸ੍ਰੀ ਹਰਗੋਬਿੰਦਪੁਰ ਸਥਿਤ ਹਵੇਲੀ ਨੂੰ ਢਹਿ-ਢੇਰੀ ਕਰਨ ਦਾ ਮਾਮਲਾ ਭਖ ਗਿਆ ਹੈ। ਵੱਖ-ਵੱਖ ਸੰਸਥਾਵਾਂ ਦੇ ਆਗੂਆਂ ਨੇ ਜੱਸਾ ਸਿੰਘ ਰਾਮਗੜ੍ਹੀਆ ਦੇ ਨਿਵਾਸ ਸਥਾਨ ਦੇ ਦੌਰੇ ਦੌਰਾਨ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਮਹਾਨ ਜਰਨੈਲ ਦੀਆਂ ਪੁਰਾਤਨ ਨਿਸ਼ਾਨੀਆਂ ਬਚਾਉਣ ਲਈ ਯਤਨ ਕੀਤੇ ਜਾਣ। ਵਿਰਾਸਤੀ ਮੰਚ ਬਟਾਲਾ, ਇੰਡੀਅਨ ਨੈਸ਼ਨਲ ਟਰੱਸਟ ਫਾਰ ਆਰਟ ਐਂਡ ਕਲਚਰਲ ਹੈਰੀਟੇਜ ਦੇ ਅੰਮ੍ਰਿਤਸਰ ਚੈਪਟਰ, ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਫਾਊਂਡੇਸ਼ਨ ਬਟਾਲਾ, ਸਾਹਿਲ-ਏ-ਬਿਆਸ ਖੇਡ ਤੇ ਸੱਭਿਆਚਾਰਕ ਸੁਸਾਇਟੀ ਦੇ ਅਹੁਦੇਦਾਰਾਂ ਨੇ ਪੰਜਾਬ ਸਰਕਾਰ ਕੋਲੋਂ ਮੰਗ ਕੀਤੀ ਕਿ 18ਵੀਂ ਸਦੀ ਦੇ ਮਹਾਨ ਜਰਨੈਲ ਜੱਸਾ ਸਿੰਘ ਰਾਮਗੜ੍ਹੀਆ ਦੇ ਸ੍ਰੀ ਹਰਗੋਬਿੰਦਪੁਰ ਸਾਹਿਬ ਸਥਿਤ ਨਿਵਾਸ ਸਥਾਨ ਨੂੰ ਇਕ ਸੰਸਥਾ ਵੱਲੋਂ ਢਾਹੇ ਜਾਣ ਤੋਂ ਤੁਰਤ ਰੋਕਿਆ ਜਾਵੇ ਤਾਂ ਜੋ ਇਹ ਇਤਿਹਾਸਕ ਸਮਾਰਕ ਨਿਸ਼ਾਨੀ ਵਜੋਂ ਕਾਇਮ ਰਹਿ ਸਕੇ। ਵਿਰਾਸਤੀ ਮੰਚ ਬਟਾਲਾ ਦੇ ਬੁਲਾਰੇ ਇੰਦਰਜੀਤ ਸਿੰਘ ਹਰਪੁਰਾ ਨੇ ਦੱਸਿਆ ਕਿ ਸਿੱਖ ਮਿਸਲਾਂ ਦੇ ਦੌਰ ਦੌਰਾਨ ਸ੍ਰੀ ਹਰਗੋਬਿੰਦਪੁਰ ਸਾਹਿਬ ਸਿੱਖ ਜਰਨੈਲ ਜੱਸਾ ਸਿੰਘ ਰਾਮਗੜ੍ਹੀਆ ਦੀ ਰਾਜਧਾਨੀ ਰਿਹਾ ਹੈ। ਇੱਥੇ ਹੀ ਜੱਸਾ ਸਿੰਘ ਰਾਮਗੜ੍ਹੀਆ ਦਾ ਨਿਵਾਸ ਸਥਾਨ ਸੀ, ਜੋ ਕਿ ਅੱਜ ਵੀ ਮੌਜੂਦ ਹੈ। ਉਨ੍ਹਾਂ ਦੱਸਿਆ ਕਿ ਸੰਨ 1803 ਵਿਚ ਇੱਥੇ ਹੀ ਜੱਸਾ ਸਿੰਘ ਰਾਮਗੜ੍ਹੀਆ ਦਾ ਅਕਾਲ ਚਲਾਣਾ ਹੋਇਆ ਸੀ। ਹਰਪੁਰਾ ਨੇ ਦੱਸਿਆ ਕਿ ਸਾਲ 2015 ਵਿਚ ਰਾਮਗੜ੍ਹੀਆ ਸਿੱਖ ਹੈਰੀਟੇਜ ਟਰੱਸਟ ਵੱਲੋਂ ਇਸ ਇਤਿਹਾਸਕ ਇਮਾਰਤ ਦੀ ਮੁਰੰਮਤ ਅਤੇ ਸੰਭਾਲ ਕਰਨ ਦੇ ਪ੍ਰੋਜੈਕਟ ਦਾ ਨੀਂਹ ਪੱਥਰ ਤਤਕਾਲੀ ਕੇਂਦਰੀ ਰਾਜ ਮੰਤਰੀ ਵਿਜੈ ਸਾਂਪਲਾ ਕੋਲੋਂ ਰਖਵਾਇਆ ਗਿਆ ਸੀ। ਟਰੱਸਟ ਦੇ ਅਹੁਦੇਦਾਰਾਂ ਨੇ ਸੰਗਤ ਨੂੰ ਇਹ ਭਰੋਸਾ ਦਿੱਤਾ ਸੀ ਕਿ ਉਹ ਜੱਸਾ ਸਿੰਘ ਰਾਮਗੜ੍ਹੀਆ ਦੀ ਰਿਹਾਇਸ਼ ਦੀ ਬਿਲਕੁਲ ਪੁਰਾਣੇ ਨਕਸ਼ੇ ਤਹਿਤ ਮੁਰੰਮਤ ਕਰ ਕੇ ਸੰਭਾਲ ਕਰਨਗੇ ਪਰ ਹੁਣ ਇਤਿਹਾਸਕ ਇਮਾਰਤ ਨੂੰ ਪੂਰੀ ਤਰ੍ਹਾਂ ਢਾਹ ਕੇ ਨਵੀਂ ਦਿੱਖ ਦਿੱਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸੇਵਾ ਕਰ ਰਹੇ ਟਰੱਸਟ ਵੱਲੋਂ ਬਿਲਕੁਲ ਉਲਟ ਜਾ ਕੇ ਕੰਮ ਕੀਤਾ ਜਾ ਰਿਹਾ ਹੈ। ਉਕਤ ਵੱਖ-ਵੱਖ ਸੰਸਥਾਵਾਂ ਦੇ ਅਹੁਦੇਦਾਰਾਂ ਨੇ ਪੰਜਾਬ ਸਰਕਾਰ ਕੋਲੋਂ ਮੰਗ ਕੀਤੀ ਕਿ ਇਸ ਇਤਿਹਾਸਕ ਇਮਾਰਤ ਨੂੰ ਢਾਹੁਣਾ ਬੰਦ ਕਰਵਾ ਕੇ ਟਰੱਸਟ ਕੋਲੋਂ ਪਹਿਲਾਂ ਦੇ ਨਕਸ਼ੇ ਮੁਤਾਬਕ ਹੀ ਇਮਾਰਤ ਤਿਆਰ ਕਰਵਾਈ ਜਾਵੇ। ਉਨ੍ਹਾਂ ਮੰਗ ਕੀਤੀ ਕਿ ਸ੍ਰੀ ਹਰਗੋਬਿੰਦਪੁਰ ਸ਼ਹਿਰ ਵਿਚ ਇਤਿਹਾਸਕ ਤਲਾਬ ਤੋਂ ਇਲਾਵਾ ਹੋਰ ਵੀ ਜਿਹੜੀਆਂ ਇਤਿਹਾਸਕ ਥਾਵਾਂ 'ਤੇ ਨਾਜਾਇਜ਼ ਕਬਜ਼ੇ ਹੋਏ ਹਨ, ਉਨ੍ਹਾਂ ਨੂੰ ਵੀ ਛੁਡਵਾ ਕੇ ਸਰਕਾਰ ਆਪਣੇ ਅਧੀਨ ਲਵੇ।



# ਅਕਾਲੀ ਆਗੂ ਜਥੇਦਾਰ ਹਰਭਜਨ ਸਿੰਘ ਡੰਗ ਦਾ ਦੇਹਾਂਤ

**ਲੁਧਿਆਣਾ:** ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਸੀਨੀਅਰ ਮੀਤ ਪ੍ਰਧਾਨ, ਜ਼ਿਲ੍ਹਾ ਅਕਾਲੀ ਜਥਾ ਸ਼ਹਿਰੀ ਦੇ ਪ੍ਰਧਾਨ ਅਤੇ ਨਗਰ ਨਿਗਮ ਵਿਚ ਵਿਰੋਧੀ ਧਿਰ ਦੇ ਆਗੂ ਜਥੇਦਾਰ ਹਰਭਜਨ ਸਿੰਘ ਡੰਗ ਦਾ ਦਿਲ ਦੀ ਧੜਕਣ ਰੁਕਣ ਕਾਰਨ ਦੇਹਾਂਤ ਹੋ ਗਿਆ। ਉਨ੍ਹਾਂ ਦਾ ਅੰਤਿਮ ਸੰਸਕਾਰ ਮਾਡਲ ਟਾਊਨ ਐਕਸਟੈਂਨਸ਼ਨ ਸਥਿਤ ਸ਼ਮਸ਼ਾਨਘਾਟ ਵਿਚ ਕੀਤਾ ਗਿਆ ਹੈ। ਮਿਲੀ ਜਾਣਕਾਰੀ ਅਨੁਸਾਰ ਉਹ ਰਾਤ ਜਲੰਧਰ ਲੋਕ ਸਭਾ ਚੋਣ ਦੇ ਸਬੰਧ ਵਿਚ ਪ੍ਰਚਾਰ ਕਰਨ ਉਪਰੰਤ ਰਾਤ 11 ਵਜੇ ਲੁਧਿਆਣਾ ਪਰਤੇ ਸਨ। ਜਦੋਂ ਉਹ ਆਮ ਵਾਂਗ ਤੜਕੇ 5 ਵਜੇ ਨਹੀਂ ਉੱਠੇ ਤਾਂ ਪਰਿਵਾਰਕ ਮੈਂਬਰਾਂ ਵੱਲੋਂ ਉਨ੍ਹਾਂ ਨੂੰ ਤੁਰਤ ਇਕ ਨਿੱਜੀ ਹਸਪਤਾਲ ਲਿਜਾਇਆ ਗਿਆ ਜਿੱਥੇ ਡਾਕਟਰਾਂ ਨੇ ਉਨ੍ਹਾਂ ਨੂੰ ਮ੍ਰਿਤਕ ਕਰਾਰ ਦੇ ਦਿੱਤਾ। ਜਥੇਦਾਰ ਹਰਭਜਨ ਸਿੰਘ ਦੇ ਪੁੱਤਰਾਂ ਹਰਪ੍ਰੀਤ ਸਿੰਘ ਡੰਗ, ਦਵਿੰਦਰ ਸਿੰਘ ਗੋਲਡੀ ਅਤੇ ਸਰਬਜੀਤ ਸਿੰਘ ਸੰਨੀ ਨੇ ਉਨ੍ਹਾਂ ਦੀ ਚਿਖਾ ਨੂੰ ਅਗਨੀ ਦਿਖਾਈ। ਜ਼ਿਕਰਯੋਗ ਹੈ ਕਿ ਜਥੇਦਾਰ ਡੰਗ ਪਿਛਲੇ 30 ਸਾਲਾਂ ਤੋਂ ਲਗਾਤਾਰ ਨਗਰ ਨਿਗਮ ਦੇ ਕੌਂਸਲਰ ਬਣਦੇ ਆ ਰਹੇ ਸਨ ਤੇ ਉਹ ਅਕਾਲੀ ਦਲ ਦੇ ਸਰਗਰਮ ਆਗੂ ਸਨ।



ਪੰਜਾਬ ਟਾਈਮਜ਼

ਸ਼ਨਿਚਰਵਾਰ, 29 ਅਪਰੈਲ, 2023

# ਪਾਕਿਸਤਾਨ ਵਿਚ ਉਥਲ-ਪੁਥਲ

ਭਾਰਤ ਦੇ ਗੁਆਂਢੀ ਮੁਲਕ ਪਾਕਿਸਤਾਨ ਵਿਚ ਇਸ ਹਫਤੇ ਦੋ ਅਹਿਮ ਘਟਨਾਵਾਂ ਹੋਈਆਂ ਹਨ। ਕੁਝ ਦਿਨ ਪਹਿਲਾਂ ਖਾਲਿਸਤਾਨ ਕਮਾਂਡੋ ਫੋਰਸ ਦੇ ਮੁਖੀ ਪਰਮਜੀਤ ਸਿੰਘ ਪੰਜਵੜ ਦਾ ਲਾਹੌਰ ਵਿਚ ਕਤਲ ਕਰ ਦਿੱਤਾ ਗਿਆ। ਦੂਜੀ ਘਟਨਾ ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਨਾਲ ਸਬੰਧਿਤ ਹੈ। ਪਾਕਿਸਤਾਨ ਦੇ ਪੈਰਾ-ਮਿਲਟਰੀ ਰੇਂਜਰਾਂ ਨੇ ਉਸ ਨੂੰ ਬੜੇ ਨਾਟਕੀ ਢੰਗ ਨਾਲ ਅਦਾਲਤ ਵਿਚੋਂ ਗ੍ਰਿਫਤਾਰ ਕਰ ਲਿਆ ਜਿਥੇ ਉਹ ਇਕ ਕੇਸ ਦੇ ਸਬੰਧ ਵਿਚ ਪੇਸ਼ ਹੋਣ ਗਿਆ ਸੀ।ਗ੍ਰਿਫਤਾਰੀ ਮਗਰੋਂ ਉਸ ਨੂੰ ਰਾਵਲਪਿੰਡੀ ਵਿਚ ਕੌਮੀ ਜਵਾਬਦੇਹੀ ਬਿਊਰੋ (ਐੱਨ.ਏ.ਬੀ.) ਦੇ ਦਫਤਰ ਵਿਚ ਤਬਦੀਲ ਕੀਤੇ ਜਾਣ ਦੀਆਂ ਰਿਪੋਰਟਾਂ ਹਨ। ਉਸ ਦੀ ਜਥੇਬੰਦੀ ਪਾਕਿਸਤਾਨ ਤਹਿਰੀਕ-ਏ-ਇਨਸਾਫ ਦੇ ਆਗੂ ਫਵਾਦ ਚੌਧਰੀ ਨੇ ਇਮਰਾਨ ਖਾਨ ਉਤੇ ਤਸ਼ੱਦਦ ਕੀਤੇ ਜਾਣ ਦਾ ਦਾਅਵਾ ਵੀ ਕੀਤਾ ਹੈ। ਇਮਰਾਨ ਖਾਨ ਨੇ ਇਕ ਦਿਨ ਪਹਿਲਾਂ ਮੁਲਕ ਦੀ ਤਾਕਤਵਾਰ ਫੌਜ ਉਤੇ ਉਨ੍ਹਾਂ ਦੀ ਹੱਤਿਆ ਦੀ ਕਥਿਤ ਸਾਜ਼ਿਸ਼ ਘੜਨ ਦਾ ਦੋਸ਼ ਲਾਇਆ ਸੀ। ਇਮਰਾਨ ਖਾਨ ਲਾਹੌਰ ਤੋਂ ਇਸਲਾਮਾਬਾਦ ਗਿਆ ਸੀ ਅਤੇ ਅਦਾਲਤ ਵਿਚ ਬਾਇਓ-ਮੀਟਰਿਕ ਹਾਜ਼ਰੀ ਲਾਰਿਹਾਸੀ ਜਦੋਂ ਰੇਂਜਰਜ਼ ਅੰਦਰ ਵੜੇ ਅਤੇ ਉਸ ਨੂੰ ਗ੍ਰਿਫਤਾਰ ਕਰ ਲਿਆ। ਕਿਹਾ ਜਾ ਰਿਹਾ ਹੈ ਕਿ ਰੇਂਜਰਾਂ ਨੇ ਉਥੇ ਮੌਜੂਦ ਵਕੀਲਾਂ ਅਤੇ ਇਮਰਾਨ ਦੇ ਸੁਰੱਖਿਆ ਸਟਾਫ ਨਾਲ ਹੱਥੋਪਾਈ ਵੀ ਕੀਤੀ। ਕੌਮੀ ਜਵਾਬਦੇਹੀ ਬਿਊਰੋ ਮੁਤਾਬਿਕ, ਪ੍ਰਾਪਰਟੀ ਕਾਰੋਬਾਰੀ ਮਲਿਕ ਰਿਆਜ਼ ਨੂੰ ਜ਼ਮੀਨ ਤਬਦੀਲ ਕਰਨ ਵਾਲੇ ਅਲ-ਕਾਦਿਰ ਟਰੱਸਟ ਕੇਸ ਵਿਚ ਇਮਰਾਨ ਖਾਨ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਇਹ ਕੇਸ ਪੰਜਾਬ ਦੇ ਜਿਹਲਮ ਜ਼ਿਲ੍ਹੇ ਦੇ ਸੋਹਾਵਾ ਇਲਾਕੇ ਵਿਚ ਸੂਫੀਵਾਦ ਬਾਰੇ ਅਲ-ਕਾਦਿਰ ਯੂਨੀਵਰਸਿਟੀ ਬਣਾਉਣ ਬਾਰੇ ਸੀ। ਇਹ ਵੀ ਕਿਹਾ ਜਾ ਰਿਹਾ ਹੈ ਕਿ ਇਮਰਾਨ ਖਾਨ ਨੋਟਿਸਾਂ ਦੇ ਬਾਵਜੂਦ ਕੋਰਟ ਵਿਚ ਪੇਸ਼ ਹੋਣ 'ਚ ਨਾਕਾਮ ਰਿਹਾ ਸੀ।

ਪੁਲਿਸ ਨੇ ਭਾਵੇਂ ਦਾਅਵਾ ਕੀਤਾ ਹੈ ਕਿ ਇਸਲਾਮਾਬਾਦ ਵਿਚਧਾਰਾ 144 ਲਾਗੂ ਕਰ ਦਿੱਤੀ ਗਈ ਹੈ ਅਤੇ ਹਾਲਾਤ ਆਮ ਵਾਂਗ ਹਨ ਪਰ ਮੁਲਕ ਵਿਚ ਕਈ ਥਾਈਂ ਰੋਸ ਵਿਖਾਵੇ ਹੋਏ ਹਨ ਅਤੇ ਅੱਗਜ਼ਨੀ ਦੀਆਂ ਘਟਨਾਵਾਂ ਵੀ ਹੋਈਆਂ ਹਨ। ਇਮਰਾਨ ਖਾਨ ਦੀ ਗ੍ਰਿਫਤਾਰੀ ਮਗਰੋਂ ਉਨ੍ਹਾਂ ਦੇ ਹਮਾਇਤੀ ਵੱਖ-ਵੱਖ ਸ਼ਹਿਰਾਂ ਵਿਚ ਸੜਕਾਂ 'ਤੇ ਉੱਤਰ ਆਏ ਅਤੇ ਇਨ੍ਹਾਂ ਪ੍ਰਦਰਸ਼ਨਾਂ ਨੇ ਹੌਲੀ-ਹੌਲੀ ਹਿੰਸਕ ਰੂਪ ਧਾਰ ਲਿਆ। ਪਾਰਟੀ ਵਰਕਰ ਕਰਾਚੀ, ਪਿਸ਼ਾਵਰ ਤੇ ਲਾਹੌਰ ਸਥਿਤ ਪਾਰਟੀ ਦਫਤਰਾਂ ਵਿਚ ਇਕੱਤਰ ਹੋ ਗਏ। ਮੁਲਤਾਨ, ਝੰਗ, ਗੁਜਰਾਂਵਾਲਾ, ਸ਼ੇਖੂਪੁਰਾ, ਕਸੂਰ, ਖਾਨੇਵਾਲ, ਵਿਹੜੀ, ਹਾਫਿਜ਼ਾਬਾਦ ਤੇ ਗੁਜਰਾਤ ਸ਼ਹਿਰਾਂ ਵਿਚ ਵੀ ਰੋਸ ਮੁਜ਼ਾਹਰਿਆਂ ਦੀ ਰਿਪੋਰਟਾਂ ਹਨ। ਪਾਰਟੀ ਸਮਰਥਕ ਰਾਵਲਪਿੰਡੀ ਸਥਿਤ ਪਾਕਿਸਤਾਨ ਫੌਜ ਦੇ ਹੈੱਡਕੁਆਰਟਰ ਅਤੇ ਲਾਹੌਰ ਵਿਚ ਕੋਰ ਕਮਾਂਡਰਾਂ ਦੀ ਰਿਹਾਇਸ਼ ਵਿਚ ਵੀ ਦਾਖ਼ਲ ਹੋ ਗਏ। ਪ੍ਰਦਰਸ਼ਨਕਾਰੀਆਂ ਨੇ ਸ਼ਾਹਬਾਜ਼ ਸਰਕਾਰ ਖਿਲਾਫ ਨਾਅਰੇਬਾਜ਼ੀ ਵੀ ਕੀਤੀ। ਕੋਰ ਕਮਾਂਡਰ ਲਾਹੌਰ ਦੀ ਰਿਹਾਇਸ਼ ਵਿਚ ਵੜੇ ਵਰਕਰਾਂ ਨੇ ਭੰਨ-ਤੋੜ ਕੀਤੀ। ਡਿਊਟੀ 'ਤੇ ਮੌਜੂਦ ਫੌਜ ਦੇ ਅਮਲੇ ਨੇ ਪ੍ਰਦਰਸ਼ਨਕਾਰੀਆਂ ਨੂੰ ਰੋਕਣ ਦੀ ਕਤਈ ਕੋਸ਼ਿਸ਼ ਨਹੀਂ ਕੀਤੀ। ਪ੍ਰਦਰਸ਼ਨਕਾਰੀਆਂ ਨੇ ਛਾਉਣੀ ਇਲਾਕੇ ਵਿਚ ਵੀ ਮੁਜ਼ਾਹਰਾ ਕੀਤਾ।ਇਸੇ ਦੌਰਾਨ ਇਸਲਾਮਾਬਾਦ ਹਾਈ ਕੋਰਟ ਨੇ ਇਮਰਾਨ ਦੀ ਗ੍ਰਿਫਤਾਰੀ ਨੂੰ ਕਾਨੂੰਨੀ ਤੌਰ 'ਤੇ ਜਾਇਜ਼ ਕਰਾਰ ਦਿੱਤਾ ਹੈ। ਪਹਿਲਾਂ ਰੋਜ਼ਾਨਾ ਅਖਬਾਰ 'ਡਾਅਨ' ਦੀ ਰਿਪੋਰਟ ਆਈ ਸੀ ਕਿ ਇਸਲਾਮਾਬਾਦ ਹਾਈ ਕੋਰਟ ਦੇ ਚੀਫ ਜਸਟਿਸ ਆਮਿਰ ਫਾਰੂਕ ਨੇ ਇਮਰਾਨ ਦੀ ਗ੍ਰਿਫਤਾਰੀ ਦਾ ਨੋਟਿਸ ਲੈਂਦਿਆਂ ਇਸਲਾਮਾਬਾਦ ਦੇ ਪੁਲਿਸ ਮੁਖੀ, ਗ੍ਰਹਿ ਮੰਤਰਾਲੇ ਦੇ ਸਕੱਤਰ ਅਤੇ ਵਧੀਕ ਅਟਾਰਨੀ ਜਨਰਲ ਨੂੰ 15 ਮਿੰਟਾਂ ਦੇ ਅੰਦਰ-ਅੰਦਰ ਪੇਸ਼ ਹੋਣ ਦੇ ਹੁਕਮ ਦਿੱਤੇ ਸਨ। ਚੀਫ ਜਸਟਿਸ ਨੇ ਕਿਹਾ ਸੀ ਕਿ ਜੇ ਪੁਲਿਸ ਮੁਖੀ ਅਦਾਲਤ ਵਿਚ ਪੇਸ਼ ਨਾ ਹੋਇਆ ਤਾਂ ਉਹ ਪ੍ਰਧਾਨ ਮੰਤਰੀ ਨੂੰ 'ਸੰਮਨ' ਕਰਨਗੇ। ਇਸ ਚਿਤਾਵਨੀ ਮਗਰੋਂ ਇਸਲਾਮਾਬਾਦ ਦੇ ਆਈ.ਜੀ. ਨੇ ਕੋਰਟ ਵਿਚ ਪੇਸ਼ ਹੋ ਕੇ ਜੱਜ ਅੱਗੇ ਇਮਰਾਨ ਦਾ ਗ੍ਰਿਫਤਾਰੀ ਵਾਰੰਟ ਰੱਖ ਦਿੱਤਾ।ਯਾਦ ਰਹੇ ਕਿ ਅਮਰੀਕਾ ਨਾਲ ਸਬੰਧਾਂ, ਵਿਦੇਸ਼ ਨੀਤੀ ਅਤੇ ਹੋਰ ਮਸਲਿਆਂ ਨੂੰ ਲੈ ਕੇ ਇਮਰਾਨ ਖਾਨ ਦੀ ਫੌਜੀ ਅਫਸਰਾਂ ਨਾਲ ਵਿਗੜ ਗਈ ਸੀ ਅਤੇ ਫੌਜ ਨੇ ਉਸ ਨੂੰ ਗੱਦੀਓਂਲਾਹ ਕੇ ਮੁਲਕ ਦੀ ਕਮਾਨ ਸ਼ਾਹਬਾਜ਼ਸ਼ਰੀਫ ਨੂੰ ਸੌਂਪ ਦਿੱਤੀ ਸੀ। ਫੌਜ ਕਾਰਨ ਉਸ ਖਿਲਾਫ ਕਈ ਕੇਸ ਖੋਲ੍ਹ ਦਿੱਤੇ ਗਏ ਹਨ।

ਪਰਮਜੀਤ ਸਿੰਘ ਪੰਜਵੜ ਨੂੰ ਭਾਰਤ ਵਿਚ ਯੂ.ਏ.ਪੀ.ਏ.ਤਹਿਤ 2020 ਵਿਚ ਅਤਿਵਾਦੀ ਗਰਦਾਨਿਆ ਗਿਆ ਸੀ। ਮਿਲੇ ਵੇਰਵਿਆਂ ਮੁਤਾਬਕ ਉਹ ਲਾਹੌਰ ਵਿਚ ਤੋਖਰ ਨਿਆਜ਼ ਬੇਗ ਨੇੜੇ ਨਵਾਬ ਕਸਬੇ ਦੀ 'ਸਨ ਫਲਾਵਰ ਹਾਊਸਿੰਗ ਸੁਸਾਇਟੀ' ਦੇ ਪਾਰਕ ਵਿਚ ਆਪਣੇ ਗਾਰਡ ਨਾਲ ਜਾ ਰਿਹਾ ਸੀ ਤਾਂ ਦੋ ਜਣਿਆਂ ਨੇ ਉਸ ਉਤੇ ਗੋਲੀ ਚਲਾ ਦਿੱਤੀ। ਪਾਕਿਸਤਾਨ ਦੀ ਪੰਜਾਬ ਪੁਲਿਸ ਦੇ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਹਮਲਾਵਰ ਮੌਕੇ ਤੋਂ ਮੋਟਰਸਾਈਕਲ ਉਤੇ ਭੱਜ ਗਏ। ਪਰਮਜੀਤ ਸਿੰਘ ਇਸੇ ਸੁਸਾਇਟੀ ਵਿਚ ਕਿਸੇ ਹੋਰ ਨਾਂ ਹੇਠ ਰਹਿ ਰਿਹਾ ਸੀ। ਹਮਲਾਵਰ ਨੇ ਪੰਜਵੜ ਦੇ ਸਿਰ ਵਿਚ ਗੋਲੀ ਮਾਰੀ। ਪਰਮਜੀਤ ਸਿੰਘ ਪੰਜਵੜ 1986 ਵਿਚ ਖਾਲਿਸਤਾਨ ਕਮਾਂਡੋ ਫੋਰਸ (ਕੇ.ਸੀ.ਐਫ.) ਵਿਚ ਸ਼ਾਮਲ ਹੋ ਗਿਆ ਸੀ। ਮਗਰੋਂ ਉਹ ਇਸੇ ਸੰਗਠਨ ਦਾ ਮੁਖੀ ਬਣਿਆ।ਉਸ ਦੇ ਪਾਕਿਸਤਾਨ ਜਾਣ ਦੀਆਂ ਖਬਰਾਂ ਵੀ ਛਪਦੀਆਂ ਰਹੀਆਂ। ਉਹ ਪਿਛਲੇ ਕਈ ਸਾਲਾਂ ਤੋਂ ਸਰਗਰਮ ਨਹੀਂ ਸੀ ਪਰ ਲਾਹੌਰ ਉਸ ਦੀਆਂ ਗਤੀਵਿਧੀਆਂ ਦਾ ਕੇਂਦਰ ਰਿਹਾ ਤੇ ਉਹ ਪਾਕਿਸਤਾਨ ਵਿਚ ਨੌਜਵਾਨਾਂ ਨੂੰ ਹਥਿਆਰਾਂ ਦੀ ਸਿਖਲਾਈ ਦੇਣ ਵਿਚ ਵੀ ਸ਼ਾਮਲ ਰਿਹਾ। ਕੇਂਦਰੀ ਗ੍ਰਹਿ ਮੰਤਰਾਲੇ ਦੀ ਰਿਪੋਰਟ ਮੁਤਾਬਕ ਉਹ ਹਥਿਆਰ ਤੇ ਅਸਲ੍ਹਾ ਸਪਲਾਈ ਕਰਨ ਅਤੇਂ ਭਾਰਤ ਵਿਚ ਘੁਸਪੈਠ ਕਰਵਾ ਕੇ ਵੀ.ਆਈ.ਪੀਜ਼ ਅਤੇ ਕਈ ਅਹਿਮ ਟਿਕਾਣਿਆਂ ਨੂੰ ਨਿਸ਼ਾਨਾ ਬਣਾਉਣ ਵਿਚ ਵੀ ਸ਼ਾਮਲ ਰਿਹਾ। ਉਸ ਨੇ 'ਰੇਡੀਓ ਪਾਕਿਸਤਾਨ' ਉਤੇ ਕਈ ਪ੍ਰੋਗਰਾਮ ਵੀ ਕੀਤੇ।ਸਿਆਸੀ ਵਿਸ਼ਲੇਸ਼ਕ ਪੰਜਵੜ ਦੇ ਕਤਲ ਨੂੰ ਪਾਕਿਸਤਾਨ ਵਿਚ ਕੱਟੜ ਸਿਆਸਤ ਕਰਨ ਵਾਲਿਆਂ ਨਾਲ ਜੋੜ ਕੇ ਦੇਖ ਰਹੇ ਹਨ। ਭਾਰਤ ਇਹ ਦੋਸ਼ ਲਾਉਂਦਾ ਰਿਹਾ ਹੈ ਕਿ ਪਾਕਿਸਤਾਨ ਭਾਰਤ ਵਿਚ ਗੜਬੜ ਕਰਵਾਉਣ ਦੇ ਯਤਨ ਕਰਦਾ ਰਹਿੰਦਾ ਹੈ ਅਤੇ ਪਰਮਜੀਤ ਸਿੰਘ ਪੰਜਵੜ ਦੇ ਲਾਹੌਰ ਵਿਚ ਕਤਲ ਨਾਲ ਇਹ ਸਾਬਤ ਹੋ ਰਿਹਾ ਹੈ ਕਿ ਪਾਕਿਸਤਾਨ ਭਾਰਤ ਦੇ ਬਾਗੀਆਂ ਨੂੰ ਪਨਾਹ ਦੇ ਰਿਹਾ ਹੈ। ਫਿਲਹਾਲ ਇਸ ਕਤਲ ਦੀ ਘੁੰਡੀਆਂ ਖੁੱਲ੍ਹਣੀਆਂ ਅਜੇ ਬਾਕੀ ਹਨ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਸੋਗ-ਵਿਯੋਗ 'ਚੋਂ ਵੀ ਵੋਟਾਂ?

ਸਾਡੇ 'ਕਾਰੇ' ਨਹੀਂ ਲੋਕਾਂ ਨੂੰ ਯਾਦ ਹੋਣੇ, ਦਿਲਾਂ ਵਿੱਚ ਇਹ ਵਹਿਮ ਹੀ ਪਾਲਦੇ ਨੇ।
ਲੋਕੀਂ ਜਦੋਂ ਵੀ ਤਿੱਖੇ ਸਵਾਲ ਕਰਦੇ, 'ਗੋ.ਲ-ਮੋ.ਲ' ਜਵਾਬ ਦੇ ਟਾਲਦੇ ਨੇ।
ਵਾਂਗੂੰ ਜੋਕ ਦੇ ਚਿੰਬੜਦੇ ਅਹੁਦਿਆਂ ਨੂੰ, ਦੇਸ ਕੌਮ ਦੇ ਹਿਤਾਂ ਨੂੰ ਗਾਲਦੇ ਨੇ।
'ਕੱਠ ਕਿਸੇ ਵੀ ਤਰ੍ਹਾਂ ਦੇ ਹੋਣ ਭਾਵੇਂ, ਭੁੱਖ ਸੱਤਾ ਦੀ ਸਦਾ ਦਿਖਾਲਦੇ ਨੇ।
ਹੱਸਣ-ਰੋਣ ਦੇ ਨਾਟਕ ਕਰ ਲੈਣ ਪੂਰੇ, 'ਕਲਾਕਾਰਾਂ' ਦੇ ਜਮਾਂ ਹੀ ਨਾਲ ਦੇ ਨੇ।
ਬਾਬਾ ਆਦਮ ਨਿਰਾਲਾ ਹੈ ਲੀਡਰਾਂ ਦਾ, ਪਏ ਸੋਗ 'ਚੋਂ ਵੀ ਵੋਟਾਂ ਭਾਲਦੇ ਨੇ!

# ਮਨੀਪੁਰ ਦੇ ਤਣਾਅ ਵਾਲੇ ਹਾਲਾਤ ਅਤੇ ਭਾਜਪਾ ਦੀ ਸਿਆਸਤ

ਭਾਰਤ ਦਾ ਉੱਤਰ-ਪੂਰਬੀ ਰਾਜ ਮਨੀਪੁਰ ਅੱਜ ਕੱਲ੍ਹ ਅੰਦਰੂਨੀ ਭਾਈਚਾਰਕ ਲੜਾਈ ਕਾਰਨ ਵੱਡੇ ਸੰਕਟ ਦਾ ਸਾਹਮਣਾ ਕਰ ਰਿਹਾ ਹੈ। ਸਰਕਾਰ ਨੇ ਸੂਬੇ ਵਿਚ ਕਰਫਿਊ ਲਾਉਣ ਅਤੇ 'ਸ਼ੂਟ ਐਟ ਸਾਈਟ', ਭਾਵ ਦੇਖਦਿਆਂ ਹੀ ਗੋਲੀ ਚਲਾਉਣ ਦੇ ਹੁਕਮਾਂ ਨਾਲ ਹਕੂਮਤ ਦਾ ਕਿਰਦਾਰ ਅਤੇ ਮਸਲੇ ਦੀ ਗੰਭੀਰਤਾ ਜ਼ਾਹਿਰ ਹੁੰਦੀ ਹੈ। ਸੂਬੇ ਵਿਚ ਸੁਰੱਖਿਆ ਦਸਤਿਆਂ ਦਾ ਪਹਿਰਾ ਹੈ। ਪਿਛਲੇ ਹਫਤੇ ਤੋਂ ਮਨੀਪੁਰ ਵਿਚ ਇੰਟਰਨੈੱਟ ਬੰਦ ਹੈ, ਫਿਰ ਵੀ ਜੋ ਤਸਵੀਰਾਂ ਅਤੇ ਵੀਡੀਓ ਮਨੀਪੁਰ ਤੋਂ ਆ ਰਹੀਆਂ ਹਨ, ਦਹਿਲਾਉਣ ਵਾਲੀਆਂ ਹਨ। ਭਾਵੇਂ ਮਾਮਲਾ ਮੁੱਖ ਰੂਪ ਵਿਚ ਮਨੀਪੁਰ ਦੇ ਮੈਤੇਈ ਭਾਈਚਾਰੇ ਨੂੰ ਅਨੁਸੂਚਿਤ ਕਬੀਲੇ (ਐਸ.ਟੀ.) ਦਾ ਦਰਜਾ ਦੇਣ ਦੀ ਮੰਗ ਨਾਲ ਜੁੜਿਆ ਹੋਇਆ ਹੈ ਪਰ ਇਸ ਦੀਆਂ ਜੜ੍ਹਾਂ ਪੁਰਾਣੀਆਂ ਹਨ।

ਭੂਗੋਲਿਕ ਤੌਰ 'ਤੇ ਪਹਾੜਾਂ ਦੀ ਗੋਦ ਵਿਚ ਕੁਦਰਤੀ ਖੂਬਸੂਰਤੀ ਅਤੇ ਕੁਦਰਤੀ ਖਜ਼ਾਨਿਆਂ ਨਾਲ ਵਰਸੋਈ ਮਨੀਪੁਰ ਦੀ ਧਰਤੀ ਨਾਗਾਲੈਂਡ, ਅਸਾਮ, ਮਿਜ਼ੋਰਮ, ਮਿਆਂਮਾਰ (ਬਰਮਾ) ਨਾਲ ਲੱਗਦੀ ਹੈ। ਮਨੀਪੁਰ ਬਿਲਕੁੱਲ ਇੱਕ ਸਟੇਡੀਅਮ ਵਰਗਾ



ਨਵਕਿਰਨ ਸਿੰਘ ਪੱਤੀ
ਈਮੇਲ: n4navkiran@gmail.com

ਹੈ ਜਿਸ ਦੇ ਕੇਂਦਰ ਵਿਚ ਸਥਿਤ ਰਾਜਧਾਨੀ ਇੰਫਾਲ ਵਿਖੇ ਮੁੱਖ ਤੌਰ 'ਤੇ ਮੈਤੇਈ ਭਾਈਚਾਰਾ ਵੱਸਦਾ ਹੈ ਤੇ ਸਰਕਲ ਦੀ ਤਰ੍ਹਾਂ ਬਾਕੀ ਚਾਰੇ ਪਾਸੇ ਪਹਾੜੀ ਜ਼ਿਲ੍ਹਿਆਂ ਵਿਚ 34 ਆਦਿਵਾਸੀ ਕਬੀਲੇ ਵੱਸਦੇ ਹਨ ਜੋ ਮੋਟੇ ਤੌਰ 'ਤੇ 'ਕੁੱਕੀ' ਅਤੇ 'ਨਾਗਾ' ਜਨਜਾਤੀਆਂ ਨਾਲ ਸਬੰਧਤ ਹਨ। ਧਾਰਮਿਕ ਤੌਰ 'ਤੇ ਦੇਖਣਾ ਹੋਵੇ ਤਾਂ ਪਹਾੜੀ ਖੇਤਰ ਦੇ ਆਦਿਵਾਸੀ ਕਬੀਲੇ ਮੁੱਖ ਰੂਪ ਵਿਚ ਇਸਾਈ ਹਨ ਜਦਕਿ ਮੈਤੇਈ ਜ਼ਿਆਦਾਤਰ ਹਿੰਦੂ ਹਨ। ਮਨੀਪੁਰ ਦੇ ਇਸਾਈ ਧਰਮ ਨਾਲ ਸਬੰਧਤ ਆਦਿਵਾਸੀਆਂ ਨੂੰ ਸੱਤਾਧਾਰੀ ਭਾਜਪਾ ਦੀ ਹਿੰਦੂਤਵ ਵਾਲੀ ਨੀਤੀ ਤੋਂ ਵੀ ਅਵਿਸ਼ਵਾਸ ਪੈਦਾ ਹੋਇਆ ਹੈ। ਇਸ ਲਈ ਕਿਹਾ ਜਾ ਸਕਦਾ ਹੈ ਕਿ ਭਾਜਪਾ ਸ਼ਾਸਿਤ ਸੂਬੇ ਮਨੀਪੁਰ ਵਿਚ ਚੱਲ ਰਹੇ ਮੌਜੂਦਾ ਤਣਾਅ ਦਰਮਿਆਨ ਭਾਵੇਂ ਮੁੱਖ ਪਹਿਲੂ ਨਹੀਂ ਪਰ ਕੁਝ ਹੱਦ ਤੱਕ ਧਾਰਮਿਕ ਪਹਿਲੂ ਵੀ ਸ਼ਾਮਲ ਹੈ।

ਮਿਆਂਮਾਰ ਵਾਂਗ ਕਿਸੇ ਸਮੇਂ ਵੱਖਰੀ ਰਿਆਸਤ ਰਹੇ ਮਨੀਪੁਰ ਦਾ ਵੀ ਆਪਣਾ ਹੀ ਇਤਿਹਾਸ ਤੇ ਸੱਭਿਆਚਾਰ ਹੈ ਜਿਸ ਨੂੰ 1891 ਵਿਚ ਅੰਗਰੇਜ਼ਾਂ ਨੇ ਆਪਣੇ ਅਧਿਕਾਰ ਵਿਚ ਲਿਆ ਸੀ। ਭਾਰਤ ਵਿਚ ਮਨੀਪੁਰ 1949 ਵਿਚ ਸ਼ਾਮਲ ਕੀਤਾ ਗਿਆ ਸੀ। ਸਮੇਂ-ਸਮੇਂ 'ਤੇ ਬਣੇ ਹਾਲਾਤ ਕਾਰਨ ਮਨੀਪੁਰ ਪਹਿਲਾਂ ਵੀ ਕਈ ਵਾਰ ਅੰਤਰਰਾਸ਼ਟਰੀ ਮੀਡੀਆ ਦੀਆਂ ਸੁਰਖੀਆਂ ਬਣ ਚੁੱਕਾ ਹੈ। ਬਾਕੀ ਉੱਤਰ ਪੂਰਬੀ ਰਾਜਾਂ ਦੀ ਤਰ੍ਹਾਂ ਮਨੀਪੁਰ ਵਿਚ ਵੀ ਫੌਜ ਨੂੰ ਵਿਸ਼ੇਸ਼ ਅਧਿਕਾਰ ਦੇਣ ਵਾਲੇ ਕਾਨੂੰਨ 'ਅਫਸਪਾ' ਕਾਰਨ ਲੋਕਾਂ ਨਾਲ ਵਧੀਕੀਆਂ ਚਰਚਾ ਵਿਚ ਰਹੀਆਂ ਹਨ। ਕਾਲੇ ਕਾਨੂੰਨ ਅਫਸਪਾ ਖਿਲਾਫ ਮਨੀਪੁਰ ਦੀ ਬਹਾਦਰ ਔਰਤ ਇਰੋਮ ਸ਼ਰਮੀਲਾ ਦੀ ਸਾਲਾਂ ਬੱਧੀ ਚੱਲੀ ਭੁੱਖ ਹੜਤਾਲ ਕਾਰਨ ਵੀ ਮਨੀਪੁਰ ਸੂਬਾ ਸੁਰਖੀਆਂ ਵਿਚ ਰਿਹਾ ਹੈ। ਮਨੀਪੁਰ ਦੀ 32 ਸਾਲਾ ਕੁੜੀ ਮਨੋਰਮਾ ਦੇ ਬੇਰਹਿਮੀ ਨਾਲ ਕੀਤੇ ਕਤਲ ਦੇ ਰੋਸ ਵਜੋਂ ਸੁਰੱਖਿਆ ਬਲਾਂ ਦੇ ਅੱਤਿਆਚਾਰਾਂ ਖਿਲਾਫ ਮਨੀਪੁਰ ਦੀਆਂ ਔਰਤਾਂ ਵੱਲੋਂ ਨੰਗੇ ਹੋ ਕੇ ਕੀਤੇ ਰੋਸ ਪ੍ਰਦਰਸ਼ਨ ਨੇ ਪੂਰੀ ਦੁਨੀਆਂ ਦਾ ਧਿਆਨ ਖਿੱਚਿਆ ਸੀ। ਮਨੀਪੁਰ ਦੀ ਚਰਚਾ ਇੱਥੋਂ ਦੀ ਕੌਮਾਂਤਰੀ ਖਿਡਾਰਣ ਮੈਰੀ ਕਾਮ ਕਾਰਨ ਵੀ ਹੋਈ ਸੀ। ਹੁਣ ਭਾਰਤ ਦੀ ਮਸ਼ਹੂਰ ਮੁੱਕੇਬਾਜ਼ ਮੈਰੀ ਕਾਮ ਇੱਕ ਟਵੀਟ ਰਾਹੀਂ ਅੱਗਜ਼ਨੀ ਦੀਆਂ ਕੁਝ ਤਸਵੀਰਾਂ ਸਾਂਝੀਆਂ ਕਰਦੇ ਹੋਏ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਟੈਗ ਕਰਦਿਆਂ ਲਿਖਦੀ ਹੈ, 'ਮਨੀਪੁਰ ਸੜ ਰਿਹਾ ਹੈ, ਕਿਰਪਾ ਕਰ ਕੇ ਮਦਦ ਕਰੋ'।

ਮੈਤੇਈ ਭਾਈਚਾਰਾ ਮਨੀਪੁਰ ਦਾ ਰਾਜਨੀਤਕ, ਸਮਾਜਿਕ ਤੌਰ 'ਤੇ ਸੂਬੇ ਦਾ ਸਭ ਤੋਂ ਵੱਧ ਪ੍ਰਭਾਵਸ਼ਾਲੀ ਭਾਈਚਾਰਾ ਹੈ। ਮਨੀਪੁਰ ਦੇ 60 ਵਿਧਾਨ ਸਭਾ ਹਲਕਿਆਂ 'ਚੋਂ ਦੋ ਤਿਹਾਈ 'ਤੇ ਮੈਤੇਈ ਭਾਈਚਾਰੇ ਦਾ ਦਬਦਬਾ ਹੈ; ਭਾਵ, 60 ਵਿਚੋਂ 40 ਵਿਧਾਇਕ ਮੈਤੇਈ ਭਾਈਚਾਰੇ ਨਾਲ ਸਬੰਧਤ ਹਨ, ਬਾਕੀ 20 ਨਾਗਾ ਅਤੇ ਕੁੱਕੀ ਜਨਜਾਤੀ ਤੋਂ ਹਨ। ਹੁਣ ਤੱਕ ਮਨੀਪੁਰ ਦੇ 12 ਮੁੱਖ ਮੰਤਰੀ ਬਣੇ ਹਨ ਜਿਨ੍ਹਾਂ ਵਿਚੋਂ 10 ਮੈਤੇਈ ਜਦਕਿ ਸਿਰਫ ਦੋ ਜਨਜਾਤੀ ਵਿਚੋਂ ਬਣੇ ਹਨ।

2011 ਦੀ ਮਰਦਮਸ਼ੁਮਾਰੀ ਅਨੁਸਾਰ ਮਨੀਪੁਰ ਦੀ ਆਬਾਦੀ 28.56 ਲੱਖ ਸੀ ਜੋ ਹੁਣ ਅਨੁਮਾਨਿਤ 36.49 ਲੱਖ ਹੋਵੇਗੀ। ਮਨੀਪੁਰ ਦੀ ਲੱਗਭੱਗ 70 ਫੀਸਦੀ ਆਬਾਦੀ ਇੰਫਾਲ ਘਾਟੀ ਵਿਚ ਵਸਦੀ ਹੈ ਤੇ ਬਾਕੀ ਖੇਤਰ ਵਿਚ ਆਦਿਵਾਸੀਆਂ ਦੇ ਘਰ ਹਨ। ਸੂਬੇ ਦੀ ਅੱਧਿਓਂ ਵੱਧ ਅਬਾਦੀ ਮੈਤੇਈ ਭਾਈਚਾਰੇ ਨਾਲ ਸਬੰਧਤ ਹੈ। ਮੁੱਖ ਤੌਰ 'ਤੇ ਮਨੀਪੁਰ ਦੀਆਂ ਪਹਾੜੀਆਂ



ਵਿਚ ਰਹਿਣ ਵਾਲੇ ਵੱਖ-ਵੱਖ ਕੁੱਕੀ ਕਬੀਲੇ ਵਰਤਮਾਨ ਵਿਚ ਸੂਬੇ ਦੀ ਕੁੱਲ ਆਬਾਦੀ ਦਾ 30 ਫ਼ੀਸਦ ਬਣਦੇ ਹਨ।

ਇਹ ਤੱਥ ਵੀ ਧਿਆਨ ਰੱਖਣਯੋਗ ਹੈ ਕਿ ਬਹੁਤ ਸਾਰੀਆਂ ਅਖੌਤੀ ਉੱਚ ਜਾਤਾਂ ਵੀ ਆਪਣੀ ਸਿਆਸੀ ਪਕੜ ਮਜ਼ਬੂਤ ਬਣਾਈ ਰੱਖਣ ਲਈ ਰਿਜ਼ਰਵੇਸ਼ਨ ਦੀ ਮੰਗ ਕਰਦੀਆਂ ਹਨ; ਜਿਵੇਂ ਪਿਛਲੇ ਸਮੇਂ ਦੌਰਾਨ ਗੁਜਰਾਤ ਦਾ ਪਟੇਲ ਭਾਈਚਾਰਾ, ਹਰਿਆਣਾ ਦਾ ਜਾਟ ਭਾਈਚਾਰਾ, ਰਾਜਸਥਾਨ ਦਾ ਗੁੱਜਰ ਭਾਈਚਾਰਾ ਆਦਿ; ਲੇਕਿਨ ਮਨੀਪੁਰ ਦੇ ਮੈਤੇਈ ਭਾਈਚਾਰੇ ਦੀ ਮੰਗ ਵਿਚ ਵੱਡਾ ਫਰਕ ਹੈ ਕਿਉਂਕਿ ਮਨੀਪੁਰ ਦੇ ਮੈਤੇਈ ਭਾਈਚਾਰੇ ਦੀ ਅਨੁਸੂਚਿਤ ਕਬੀਲੇ (ਐਸ.ਟੀ.) ਦਾ ਦਰਜਾ ਦੇਣ ਦੀ ਮੰਗ ਦੀ ਬੁਨਿਆਦ ਨੌਕਰੀਆਂ ਵਿਚ ਰਾਖਵਾਂਕਰਨ ਹਾਸਿਲ ਕਰਨਾ ਨਹੀਂ ਹੈ। ਮੈਤੇਈ ਭਾਈਚਾਰੇ ਦੇ ਲੋਕਾਂ ਨੂੰ ਐਸ.ਸੀ./ਓ.ਵੀ.ਸੀ. ਰਾਖਵਾਂਕਰਨ ਦੇ ਨਾਲ-ਨਾਲ ਆਰਥਿਕ ਤੌਰ 'ਤੇ ਪਛੜੇ ਵਰਗ ਦਾ ਰਾਖਵਾਂਕਰਨ ਪਹਿਲਾਂ ਹੀ ਮਿਲਿਆ ਹੋਇਆ ਹੈ। ਮਸਲਾ ਜੰਗਲੀ ਖੇਤਰ ਦੀ ਜ਼ਮੀਨ 'ਤੇ ਕਾਬਜ਼ ਹੋਣ ਦਾ ਹੈ। ਮਨੀਪੁਰ ਦੇ ਕਾਨੂੰਨ ਅਨੁਸਾਰ ਪਹਾੜੀ ਇਲਾਕਿਆਂ ਵਿਚ ਰਹਿਣ ਵਾਲੇ ਲੋਕ ਮੈਦਾਨੀ ਇਲਾਕਿਆਂ ਵਿਚ ਜਾ ਕੇ ਵਸ ਸਕਦੇ ਹਨ ਪਰ ਮੈਦਾਨੀ ਖੇਤਰ ਵਿਚਲੇ ਮੈਤੇਈ ਲੋਕ ਪਹਾੜਾਂ ਵਿਚ ਜਾ ਕੇ ਜ਼ਮੀਨ ਨਹੀਂ ਖਰੀਦ ਸਕਦੇ। ਮੈਤੇਈ ਭਾਈਚਾਰਾ ਵੀ ਸਮੂਹਿਕ ਰੂਪ ਵਿਚ ਅਨੁਸੂਚਿਤ ਕਬੀਲੇ ਦਾ ਦਰਜ਼ਾ ਦੇਣ ਵਾਲੀ ਮੰਗ 'ਤੇ ਇੱਕਜੁੱਟ ਨਹੀਂ ਹੈ ਬਲਕਿ ਇਸ ਦਾ ਗਿਣਨਯੋਗ ਹਿੱਸਾ ਹੀ ਗਾਹੇ-ਵਗਾਹੇ ਰੂਪ ਵਿਚ ਇਸ ਮੰਗ ਨੂੰ ਉਠਾਉਂਦਾ ਆ ਰਿਹਾ ਹੈ। ਅਨੁਸੂਚਿਤ ਕਬੀਲੇ ਦਾ ਦਰਜ਼ਾ ਮੰਗਣ ਵਾਲੇ ਲੋਕਾਂ ਨੇ 2012 ਵਿਚ ਅਨੁਸੂਚਿਤ ਜਨਜਾਤੀ ਮੰਗ ਕਮੇਟੀ ਮਨੀਪੁਰ (ਐਸ.ਟੀ.ਡੀ.ਸੀ.ਐਮ.) ਕਮੇਟੀ ਬਣਾਈ। ਇਸ ਕਮੇਟੀ ਵੱਲੋਂ ਹੀ ਅਦਾਲਤ ਦਾ ਰੁਖ ਕੀਤਾ ਗਿਆ ਸੀ।

ਦੂਜਾ ਇਹ ਕਿ ਸੂਬੇ ਵਿਚ ਬਣੇ ਤਾਜ਼ਾ ਹਾਲਾਤ ਰਾਤੋ-ਰਾਤ ਹੀ ਨਹੀਂ ਬਣੇ ਬਲਕਿ ਆਦਿਵਾਸੀ ਕਬੀਲਿਆਂ ਵਿਚ 'ਸੱਤਾ' ਪ੍ਰਤੀ ਨਾਰਾਜ਼ਗੀ ਪਹਿਲਾਂ ਤੋਂ ਹੀ ਫੈਲੀ ਹੋਈ ਹੈ। ਲੱਗਭੱਗ ਸਾਲ ਪਹਿਲਾਂ ਸੂਬੇ ਵਿਚ ਹੋਈਆਂ ਵਿਧਾਨ ਸਭਾ ਚੋਣਾਂ ਦੌਰਾਨ ਅੱਜ ਦੇ ਸਭ ਤੋਂ ਗੰਭੀਰ ਇਸ ਮਾਮਲੇ ਦੀ ਕੋਈ ਖਾਸ ਚਰਚਾ ਸੁਨਣ ਨਹੀਂ ਮਿਲੀ ਸੀ। ਇਹ ਮਸਲਾ ਤਾਂ ਤਾਜ਼ਾ ਰੂਪ ਵਿਚ 19 ਅਪਰੈਲ ਨੂੰ ਮਨੀਪੁਰ ਹਾਈ ਕੋਰਟ ਦੇ ਫੈਸਲੇ ਤੋਂ ਬਾਅਦ ਭਖਿਆ ਹੈ। ਦਰਅਸਲ ਹਾਈਕੋਰਟ ਨੇ ਸੂਬਾ ਸਰਕਾਰ ਨੂੰ ਕਿਹਾ ਕਿ ਉਹ ਮੈਤੇਈ ਭਾਈਚਾਰੇ ਨੂੰ ਅਨੁਸੂਚਿਤ ਜਨਜਾਤੀ (ਐੱਸ.ਟੀ.) ਸ਼੍ਰੇਣੀ ਵਿਚ ਸ਼ਾਮਲ ਕਰਨ ਦੀ ਬੇਨਤੀ 'ਤੇ ਚਾਰ ਹ਼ਫਤਿਆਂ ਦੇ ਅੰਦਰ ਵਿਚਾਰ ਕਰੇ। ਅਦਾਲਤ ਨੇ ਆਪਣੇ ਹੁਕਮਾਂ ਵਿਚ ਕੇਂਦਰ ਸਰਕਾਰ ਨੂੰ ਵੀ ਇਸ ਬਾਰੇ ਵਿਚਾਰ ਕਰਨ ਲਈ ਸਿਫ਼ਾਰਸ਼ ਭੇਜਣ ਲਈ ਵੀ ਕਿਹਾ ਸੀ। ਹਾਈ ਕੋਰਟ ਦੇ ਤਾਜ਼ਾ ਫੈਸਲੇ ਨੇ ਮੈਤੇਈ ਭਾਈਚਾਰੇ ਅਤੇ ਪਹਾੜੀ ਕਬੀਲਿਆਂ ਵਿਚਕਾਰ ਇੱਕ ਪੁਰਾਣੀ ਨਸਲੀ ਦਰਾੜ ਨੂੰ ਮੁੜ ਸੁਰਜੀਤ ਕਰ ਦਿੱਤਾ ਹੈ।

ਅਦਾਲਤ ਦੇ ਰੁਖ ਤੋਂ ਬਾਅਦ 'ਆਲ ਟ੍ਰਾਈਬਲ ਸਟੂਡੈਂਟਸ ਯੂਨੀਅਨ ਮਨੀਪੁਰ' ਵੱਲੋਂ ਪਹਾੜੀ ਇਲਾਕਿਆਂ ਨੂੰ ਇੱਕਜੁੱਟ ਕਰ ਕੇ ਸੰਘਰਸ਼ ਦਾ ਸੱਦਾ ਦਿੱਤਾ ਗਿਆ। ਆਲ ਟ੍ਰਾਈਬਲ ਸਟੂਡੈਂਟਸ ਯੂਨੀਅਨ ਮਨੀਪੁਰ ਨੇ ਚੂਰਾਚੰਦਪੁਰ, ਸੈਨਾਪਤੀ, ਉਖਰੁਲ, ਕਾਂਗਪੋਕਪੀ, ਤਾਮੇਂਗਲੋਂਗ, ਚੰਦੇਲ, ਟੇਂਗਨੋਪਾਲ ਆਦਿ ਜ਼ਿਲ੍ਹਿਆਂ ਵਿਚ ਰੈਲੀਆਂ ਕੱਢੀਆਂ ਜਦਕਿ ਚੂਰਾਚੰਦਪੁਰ ਜ਼ਿਲ੍ਹੇ ਦੇ ਟੋਰਬੰਗ ਇਲਾਕੇ 'ਚ ਕੱਢੇ ਗਏ 'ਕਬਾਇਲੀ ਏਕਤਾ ਮਾਰਚ' ਦੌਰਾਨ ਮਸਲਾ ਵਧ ਗਿਆ। ਇਸ ਰੈਲੀ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਲੋਕਾਂ ਨੇ ਹਿੱਸਾ ਲਿਆ ਤੇ ਕਬਾਇਲੀ ਸਮੂਹਾਂ ਅਤੇ ਗ਼ੈਰ-ਕਬਾਇਲੀ ਸਮੂਹਾਂ ਵਿਚਕਾਰ ਝੜਪਾਂ ਸ਼ੁਰੂ ਹੋ ਗਈਆਂ।

ਆਲ ਟ੍ਰਾਈਬਲ ਸਟੂਡੈਂਟਸ ਯੂਨੀਅਨ ਦੀ ਦਲੀਲ ਹੈ ਕਿ ਮੈਤੇਈ ਭਾਈਚਾਰੇ ਵਿਚੋਂ ਕੁਝ ਲੋਕਾਂ ਨੂੰ ਪਹਿਲਾਂ ਹੀ ਅਨੁਸੂਚਿਤ ਜਾਤੀਆਂ ਤੇ ਹੋਰ ਪੱਛੜੀਆਂ ਜਾਤੀਆਂ ਨਾਲ ਆਰਥਿਕ ਤੌਰ 'ਤੇ ਪੱਛੜੀਆਂ ਸ਼੍ਰੇਣੀਆਂ ਦਾ ਰਾਖਵਾਂਕਰਨ ਮਿਲਿਆ ਹੋਇਆ ਹੈ। ਉਹ ਕਹਿੰਦੇ ਹਨ ਕਿ ਮੈਤੇਈ ਅਨੁਸੂਚਿਤ ਜਾਤੀ, ਹੋਰ ਪੱਛੜੀਆਂ ਸ਼੍ਰੇਣੀਆਂ ਅਤੇ ਬ੍ਰਾਹਮਣ ਹਨ ਪਰ ਆਦਿਵਾਸੀ ਨਹੀਂ ਹਨ। ਇਸ ਲਈ ਅਨੁਸੂਚਿਤ ਕਬੀਲੇ ਦਾ ਦਰਜਾ ਦੇਣਾ ਗਲਤ ਹੋਵੇਗਾ। ਆਲ ਟ੍ਰਾਈਬਲ ਸਟੂਡੈਂਟਸ ਯੂਨੀਅਨ ਇਸ ਨੂੰ ਜ਼ਮੀਨਾਂ 'ਤੇ ਕਬਜ਼ੇ ਨਾਲ ਜੋੜ ਕੇ ਦੇਖ ਰਹੀ ਹੈ। ਉਹਨਾਂ ਅਨੁਸਾਰ ਜੇਕਰ ਮੈਤੇਈ ਭਾਈਚਾਰੇ ਨੂੰ ਅਨੁਸੂਚਿਤ ਕਬੀਲੇ ਦਾ ਦਰਜਾ ਦਿੱਤਾ ਜਾਂਦਾ ਹੈ ਤਾਂ ਉਨ੍ਹਾਂ ਦੀਆਂ ਜ਼ਮੀਨਾਂ ਸੁਰੱਖਿਅਤ ਨਹੀਂ ਬਚਣਗੀਆਂ ਕਿਉਂਕਿ ਮਨੀਪੁਰ ਦੀ ਮੌਜੂਦਾ ਪ੍ਰਣਾਲੀ ਅਨੁਸਾਰ ਮੈਤੇਈ ਭਾਈਚਾਰੇ ਦੇ ਲੋਕ ਪਹਾੜੀ ਜ਼ਿਲ੍ਹਿਆਂ ਵਿਚ ਜ਼ਮੀਨਾਂ ਨਹੀਂ ਖਰੀਦ ਸਕਦੇ ਤੇ ਜੇਕਰ ਨਵੇਂ ਸਮੀਕਰਨ ਬਣੇ ਤਾਂ ਉਹ ਪਹਾੜੀ ਜ਼ਿਲ੍ਹਿਆਂ ਵੱਲ ਆਉਣਗੇ ਤੇ ਉੱਥੇ ਪਹਾੜੀਆਂ ਨਹੀਂ ਰਹਿਣਗੀਆਂ। ਮਨੀਪੁਰ ਦੇ ਪਹਾੜੀ ਖੇਤਰਾਂ ਵਿਚ ਸਰਗਰਮ ਖਾੜਕੂ ਸਮੂਹਾਂ ਪ੍ਰਤੀ ਮੋਦੀ ਸਰਕਾਰ ਦਾ ਰਵੱਈਆ ਠੀਕ ਨਹੀਂ ਰਿਹਾ ਹੈ। ਸਰਕਾਰ ਕਈ ਵਾਰ ਇਹਨਾਂ ਸਮੂਹਾਂ ਨਾਲ ਗੱਲਬਾਤ ਦੀ ਪੇਸ਼ਕਸ਼ ਲੈ ਕੇ ਆਈ ਤੇ ਬਾਅਦ ਵਿਚ ਸਖਤੀ ਵਰਤੀ ਗਈ, ਇਸ ਕਾਰਨ ਵੀ ਉਹਨਾਂ ਵਿਚ ਸਰਕਾਰ ਪ੍ਰਤੀ ਅਵਿਸ਼ਵਾਸ ਹੈ।

ਹਕੀਕਤ ਇਹ ਹੈ ਕਿ 'ਸੱਤਾ' ਦੀ ਨਜ਼ਰ ਪਹਾੜੀਆਂ ਅਤੇ ਉਹਨਾਂ ਵਿਚਲੇ ਕੁਦਰਤੀ ਖਜ਼ਾਨਿਆਂ 'ਤੇ ਹੈ। ਮਨੀਪੁਰ ਦੀ ਸੂਬਾ ਸਰਕਾਰ ਨੇ ਪਿਛਲੇ ਸਾਲ ਪਹਾੜੀ ਇਲਾਕੇ ਖਾਸਕਰ ਚੂਰਾਚੰਦਪੁਰ ਜ਼ਿਲ੍ਹੇ ਵਿਚ ਸਰਵੇਖਣ ਕਰਵਾਇਆ ਜਿਸ ਤੋਂ ਬਾਅਦ ਇਸ ਖੇਤਰ ਦੇ ਕੁੱਕੀ ਭਾਈਚਾਰੇ ਨਾਲ ਸਬੰਧਤ ਕੁਝ ਲੋਕਾਂ ਨੂੰ ਜਗ੍ਹਾ ਖਾਲੀ ਕਰਨ ਲਈ ਕਿਹਾ ਗਿਆ। ਉੱਥੋਂ ਦੇ ਆਦਿਵਾਸੀਆਂ ਨੂੰ ਲੱਗਦਾ ਹੈ ਕਿ ਸਰਕਾਰ ਉਹਨਾਂ ਨੂੰ ਜ਼ਮੀਨਾਂ ਤੋਂ ਵਿਰਵੇ ਕਰਨ ਦੇ ਰਾਹ ਤੁਰ ਰਹੀ ਹੈ ਜਿਸ ਕਾਰਨ ਉਹ ਸੰਘਰਸ਼ ਕਰ ਰਹੇ ਹਨ।

ਸਾਡੀਆਂ ਸਰਕਾਰਾਂ ਮਸਲਿਆਂ ਦੀ ਜੜ੍ਹ ਲੱਭ ਕੇ ਸੰਜੀਦਗੀ ਨਾਲ ਹੱਲ ਕਰਨ ਦੇ ਰਾਹ ਪੈਣ ਦੀ ਬਜਾਇ 'ਲਾਅ ਐਂਡ ਆਰਡਰ' ਦਾ ਮਸਲਾ ਬਣਾ ਕੇ ਕਰਫਿਊ ਲਾਉਣ, ਦੇਖਦਿਆਂ ਹੀ ਗੋਲੀ ਮਾਰ ਦੇਣ ਦੇ ਰਾਹ ਪੈ ਰਹੀਆਂ ਹਨ। ਮਨੀਪੁਰ ਦਾ ਮਸਲਾ ਆਦਿਵਾਸੀ ਭਾਈਚਾਰਿਆਂ ਵਿਚ ਫੈਲੀ ਅਵਿਸ਼ਵਾਸ ਤੇ ਅਸੁਰੱਖਿਆ ਦੀ ਭਾਵਨਾ ਨੂੰ ਹੱਲ ਕਰ ਕੇ ਸੂਬੇ ਦੀ ਭਾਈਚਾਰਕ ਸਾਂਝ ਬਹਾਲ ਕਰਨ ਦਾ ਮਸਲਾ ਹੈ।

ਭਾਜਪਾ ਦੀ ਮੈਤਾਈ ਭਾਈਚਾਰੇ ਨੂੰ ਆਪਣਾ ਪੱਕਾ ਵੋਟ ਬੈਂਕ ਬਣਾਉਣ ਦੀ ਲਾਲਸਾ ਮਨੀਪੁਰ ਨੂੰ ਅੱਗ ਵਿਚ ਝੋਕਣ ਲਈ ਜ਼ੰਮੇਵਾਰ ਹੈ। ਇਹ ਆਰ.ਐਸ.ਐਸ. ਭਾਜਪਾ ਦਾ ਪਾਟਕ-ਪਾਊ ਮਾਡਲ ਹੈ ਜੋ ਪੂਰੇ ਮੁਲਕ ਵਿਚ ਲਾਗੂ ਕੀਤਾ ਜਾ ਰਿਹਾ ਹੈ। ਇਹ ਆਉਣ ਵਾਲੇ ਸਮੇਂ ਵਿਚ ਹੋਰ ਰਾਜਾਂ ਨੂੰ ਵੀ ਇਸੇ ਤਰ੍ਹਾਂ ਅੱਗ ਵਿਚ ਝੋ

(ਬਾਕੀ ਅਗਲੇ ਸਫੇ 'ਤੇ)

# ਗੁਰੂ ਨਾਨਕ ਦੇਵ ਜੀ ਕਿ ਗੁਰੂ ਨਾਨਕ ਸਾਹਿਬ ਜੀ?

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਬਹੁਤ ਸਾਰੇ ਟੀ. ਵੀ. ਚੈਨਲ ਅਤੇ ਸਰਕਾਰ ਦੇ ਬੁਲਾਰੇ ਪਹਿਲੇ ਸਤਿਗੁਰੂ ਜੀ ਦੇ 550ਵੇਂ ਪ੍ਰਕਾਸ਼ ਪੁਰਬ ਸਬੰਧੀ ਸੂਚਨਾ ਦੇਣ ਸਮੇਂ ਪਹਿਲੇ ਸਤਿਗੁਰੂ ਜੀ ਨੂੰ ਗੁਰੂ ਨਾਨਕ ਸਾਹਿਬ ਕਹਿਣ ਦੀ ਥਾਂ ਗੁਰੂ ਨਾਨਕ ਦੇਵ ਜੀ ਕਹਿ ਰਹੇ ਹਨ। ਕੀ ਅਜਿਹਾ ਵਰਤਾਰਾ ਠੀਕ ਹੈ? ਕੀ ਕਿਸੇ ਦਾ ਨਾਂ ਬਦਲ ਕੇ ਬੋਲਿਆ ਜਾਂ ਲਿਖਿਆ ਜਾ ਸਕਦਾ ਹੈ? ਗੁਰੂ ਗ੍ਰੰਥ ਸਾਹਿਬ ਦੀ ਰੌਸ਼ਨੀ ਵਿਚ ਦੇਖਣ ਦੀ ਲੋੜ ਹੈ ਕਿ ਗੁਰੂ ਪਾਤਿਸ਼ਾਹਾਂ ਦੇ ਸਹੀ ਨਾਂ ਕੀ ਹਨ।

ਗੁਰੂ ਗ੍ਰੰਥ ਸਾਹਿਬ ਵਿਚ ਛੇ ਗੁਰੂ ਪਾਤਿਸ਼ਾਹਾਂ ਦੇ ਨਾਂ ਪ੍ਰਤੱਖ ਤੌਰ 'ਤੇ ਲਿਖੇ ਮਿਲਦੇ ਹਨ। ਭੱਟ ਕਵੀਆਂ ਨੇ ਪਹਿਲੇ ਪੰਜ

**ਕਸ਼ਮੀਰਾ ਸਿੰਘ (ਪ੍ਰੋ.)**
ਫੋਨ: 801-414-0171

ਗੁਰੂ ਪਾਤਿਸ਼ਾਹਾਂ ਦੀ ਸਿਫਤਿ ਵਿਚ ਸਵੱਯੇ ਉਚਾਰਨ ਕਰਦਿਆਂ ਉਨ੍ਹਾਂ ਦੇ ਨਾਂ ਵਰਤੇ ਹਨ। ਪੰਜਵੇਂ ਗੁਰੂ ਜੀ ਨੇ ਆਪਣੀ ਬਾਣੀ ਵਿਚ ਆਪਣੇ ਬੇਟੇ ਦਾ ਨਾਂ ਵਰਤਿਆ ਹੈ, ਜੋ ਛੇਵੇਂ ਗੁਰੂ ਜੀ ਬਣੇ। ਸੱਚੇ ਸ੍ਰੋਤ ਤੋਂ ਮਿਲਦੀ ਏਨੀ ਸਪੱਸ਼ਟ ਜਾਣਕਾਰੀ ਦੇ ਹੁੰਦਿਆਂ ਵੀ ਸ਼੍ਰੋਮਣੀ ਕਮੇਟੀ ਸਿੱਖ ਜਗਤ ਨੂੰ ਗੁਰੂ ਪਾਤਿਸ਼ਾਹਾਂ ਦੇ ਠੀਕ ਨਾਂਵਾਂ ਬਾਰੇ ਅੱਜ ਤਕ ਕੋਈ ਸੇਧ ਨਹੀਂ ਦੇ ਸਕੀ।

ਗੁਰੂ ਗ੍ਰੰਥ ਸਾਹਿਬ ਵਿਚੋਂ ਮਿਲਦੀ ਜਾਣਕਾਰੀ ਅਨੁਸਾਰ ਕਿਸੇ ਵੀ ਗੁਰੂ ਪਾਤਿਸ਼ਾਹ ਦੇ ਨਾਂ ਨਾਲ 'ਦੇਵ' ਸ਼ਬਦ ਦੀ ਵਰਤੋਂ ਨਹੀਂ ਹੈ। ਗੁਰਬਾਣੀ ਅਤੇ ਹੋਰ ਪ੍ਰਮਾਣਕ ਸਾਹਿਤ ਵਿਚੋਂ ਕੁਝ ਪ੍ਰਮਾਣਾਂ ਦੀ ਰੌਸ਼ਨੀ ਵਿਚ ਗੁਰੂ ਪਾਤਿਸ਼ਾਹਾਂ ਦੇ ਨਾਂਵਾਂ ਸਬੰਧੀ ਵਿਚਾਰ ਕਰਨੀ ਇਸ ਲੇਖ ਦਾ ਮਕਸਦ ਹੈ।

**1. ਪਹਿਲੇ ਚਾਰ ਗੁਰੂ ਪਾਤਿਸ਼ਾਹਾਂ ਦੇ ਨਾਂਵਾਂ ਸਬੰਧੀ ਪ੍ਰਮਾਣ:**

(ੳ) ਰਾਜੁ ਜੋਗੁ ਤਖਤੁ ਦੀਅਨੁ ਗੁਰ ਰਾਮਦਾਸ॥
ਪ੍ਰਥਮੇ ਨਾਨਕ ਚੰਦੁ ਜਗਤ ਭਯੋ ਆਨੰਦੁ
ਤਾਰਨਿ ਮਨੁਖ੍ਯ ਜਨ ਕੀਅਉ ਪ੍ਰਗਾਸ॥
ਗੁਰ ਅੰਗਦ ਦੀਅਉ ਨਿਧਾਨੁ ਅਕਥ ਕਥਾ
ਗਿਆਨੁ ਪੰਚ ਭੂਤ ਬਸਿ ਕੀਨੇ ਜਮਤ ਨ ਤ੍ਰਾਸ॥
ਗੁਰ ਅਮਰੁ ਗੁਰੂ ਸ੍ਰੀ ਸਤਿ ਕਲਿਜੁਗਿ ਰਾਖੀ ਪਤਿ
ਅਘਨ ਦੇਖਤ ਗਤੁ ਚਰਨ ਕਵਲ ਜਾਸ॥
ਸਭ ਬਿਧਿ ਮਾਨ੍ਹਿਉ ਮਨੁ ਤਬ ਹੀ ਭਯਉ ਪ੍ਰਸੰਨੁ
ਰਾਜੁ ਜੋਗੁ ਤਖਤੁ ਦੀਅਨੁ ਗੁਰ ਰਾਮਦਾਸ॥4॥
(ਗੁਰੂ ਗ੍ਰੰਥ ਸਾਹਿਬ, ਪੰਨਾ 1399)

ਚੰਦੁ- ਗਿਆਨ ਦੀ ਰੌਸ਼ਨੀ ਵੰਡਣ ਵਾਲਾ।

(ਅ) ਇਕ ਮਨਿ ਪੁਰਖੁ ਧਿਆਇ ਬਰਦਾਤਾ॥
ਸੰਤ ਸਹਾਰੁ ਸਦਾ ਬਿਖਿਆਤਾ॥
ਤਾਸੁ ਚਰਨ ਲੇ ਰਿਦੈ ਬਸਾਵਉ॥
ਤਉ ਪਰਮ ਗੁਰੂ ਨਾਨਕ ਗੁਨ ਗਾਵਉ॥1॥
(ਪੰਨਾ 1378)

(ੲ) ਭਲੇ ਅਮਰਦਾਸ ਗੁਣ ਤੇਰੇ
ਤੇਰੀ ਉਪਮਾ ਤੋਹਿ ਬਨਿ ਆਵੈ॥
(ਪੰਨਾ 1396)

**ਵਿਚਾਰ:** ਉਪਰੋਕਤ ਪ੍ਰਮਾਣਾਂ ਵਿਚ ਪਹਿਲੇ ਦੋ ਗੁਰੂ ਪਾਤਿਸ਼ਾਹਾਂ ਦੇ ਨਾਂਵਾਂ ਨਾਲ 'ਦੇਵ' ਸ਼ਬਦ ਦੀ ਵਰਤੋਂ ਨਹੀਂ ਮਿਲਦੀ। ਕੀਰਤਨ ਤੋਂ ਪਹਿਲਾਂ ਕਈ ਜਥੇ 'ਧੰਨੁ ਗੁਰੂ ਨਾਨਕ' ਦਾ ਜਾਪ ਕਰਦੇ ਹਨ, ਜੋ ਠੀਕ ਹੈ, ਕਿਉਂਕਿ 'ਦੇਵ' ਸ਼ਬਦ ਦੀ ਵਰਤੋਂ ਨਹੀਂ ਹੈ। ਕਥਾ ਵਿਚ ਕੁਝ ਸੱਜਣ ਪਹਿਲੇ ਗੁਰੂ ਜੀ ਨੂੰ 'ਮੇਰੇ ਧੰਨੁ ਗੁਰੂ ਨਾਨਕ' ਕਹਿੰਦੇ ਹਨ, ਜੋ ਨਾਂ ਅਨੁਸਾਰ ਠੀਕ ਹੈ। ਕਈ ਕਥਾਕਾਰ ਪਹਿਲੇ ਦੋ ਗੁਰੂ ਪਾਤਿਸ਼ਾਹਾਂ ਦੇ ਨਾਂ ਗੁਰੂ ਨਾਨਕ ਸਾਹਿਬ ਅਤੇ ਗੁਰੂ ਅੰਗਦ ਸਾਹਿਬ ਹੀ ਵਰਤਦੇ ਹਨ, ਜੋ ਠੀਕ ਹੈ। ਕਈ ਸੱਜਣ ਗੁਰੂ ਵਿਅਕਤੀਆਂ ਦੇ ਨਾਂਵਾਂ ਨਾਲ 'ਪਾਤਿਸ਼ਾਹ' ਜਾਂ 'ਸਾਹਿਬ ਪਾਤਿਸ਼ਾਹ' ਵੀ ਵਰਤਦੇ ਹਨ, ਜੋ ਬਿਲਕੁਲ ਠੀਕ ਹੈ।

'ਦੇਵ' ਸ਼ਬਦ ਦੀ ਵਰਤੋਂ ਦਾ ਰਿਵਾਜ਼ ਵੀ ਚੱਲ ਚੁਕਾ ਹੈ, ਜੋ ਗੁਰਬਾਣੀ ਅਨੁਸਾਰ ਯੋਗ ਨਹੀਂ ਹੈ। ਅੰਮ੍ਰਿਤਸਰ ਯੂਨੀਵਰਸਿਟੀ ਦਾ ਰੱਖਿਆ ਨਾਂ ਪਹਿਲਾਂ 'ਗੁਰੂ ਨਾਨਕ ਯੂਨੀਵਰਸਿਟੀ' ਠੀਕ ਹੀ ਸੀ, ਜੋ ਬਾਅਦ ਵਿਚ ਬਦਲ ਕੇ 'ਗੁਰੂ ਨਾਨਕ ਦੇਵ ਯੂਨੀਵਰਸਿਟੀ' ਰੱਖ ਦਿੱਤਾ ਗਿਆ, ਪਰ ਗੁਰੂ ਗ੍ਰੰਥ ਸਾਹਿਬ ਵਿਚ 'ਗੁਰੂ ਨਾਨਕ ਦੇਵ' ਨਾਂ ਨਹੀਂ ਹੈ। ਸ਼੍ਰੋਮਣੀ ਕਮੇਟੀ ਨੂੰ ਠੀਕ ਨਾਂ ਪ੍ਰਚਾਰਨੇ ਚਾਹੀਦੇ ਸਨ, ਪਰ ਉਸ ਦੇ ਮੁਲਾਜ਼ਮ ਆਪ ਹੀ 'ਦੇਵ' ਸ਼ਬਦ ਦੀ ਵਰਤੋਂ ਕਰਨ ਤੋਂ ਨਹੀਂ ਹਟਦੇ। ਟੀ. ਵੀ. ਚੈਨਲਾਂ ਰਾਹੀਂ ਖਬਰਾਂ ਪੜ੍ਹਨ ਵਾਲਿਆਂ ਨੂੰ ਵੀ ਚਾਹੀਦਾ ਹੈ ਕਿ ਉਹ ਗੁਰੂ ਗ੍ਰੰਥ ਸਾਹਿਬ ਵਿਚ ਲਿਖੇ ਅਨੁਸਾਰ ਹੀ ਗੁਰੂ ਪਾਤਿਸ਼ਾਹਾਂ ਦੇ ਨਾਂ ਬੋਲਣ, ਭਾਵ 'ਦੇਵ' ਦੀ ਥਾਂ 'ਸਾਹਿਬ' ਜਾਂ 'ਪਾਤਿਸ਼ਾਹ' ਸ਼ਬਦ ਦੀ ਵਰਤੋਂ ਕਰਨ।

**2. ਪੰਜਵੇਂ ਗੁਰੂ ਜੀ ਦੇ ਨਾਂ ਬਾਰੇ ਪ੍ਰਮਾਣ:**

ਜਨਕ ਰਾਜੁ ਬਰਤਾਇਆ ਸਤਜੁਗੁ ਆਲੀਣਾ॥
ਗੁਰ ਸਬਦੇ ਮਨੁ ਮਾਨਿਆ ਅਪਤੀਜੁ ਪਤੀਣਾ॥
ਗੁਰੁ ਨਾਨਕੁ ਸਚੁ ਨੀਵ ਸਾਜਿ ਸਤਿਗੁਰ ਸੰਗਿ ਲੀਣਾ॥
ਗੁਰੁ ਅਰਜੁਨੁ ਘਰਿ ਗੁਰ ਰਾਮਦਾਸ ਅਪਰੰਪਰੁ ਬੀਣਾ॥

**ਵਿਚਾਰ:** ਭੱਟਾਂ ਦੇ ਸਵੱਯਾਂ ਵਿਚ 20 ਵਾਰੀ ਪੰਜਵੇਂ ਗੁਰੂ ਜੀ ਦਾ ਨਾਂ ਗੁਰੂ ਅਰਜੁਨ ਹੀ ਲਿਖਿਆ ਗਿਆ ਹੈ, ਪਰ ਬੋਲਣ ਵਾਲੇ ਪਤਾ ਨਹੀਂ 'ਅਰਜਨ' ਸ਼ਬਦ ਕਿਉਂ ਵਰਤਦੇ ਹਨ? ਬਹੁਤੇ ਰਾਗੀ ਸੱਜਣ ਵੀ ਕੀਰਤਨ ਵਿਚ 'ਅਰਜੁਨ' ਸ਼ਬਦ ਦੀ ਥਾਂ 'ਅਰਜਨ' ਸ਼ਬਦ ਹੀ ਬੋਲਦੇ ਹਨ, ਜੋ ਗੁਰਬਾਣੀ ਅਨੁਸਾਰ ਠੀਕ ਨਹੀਂ ਹੈ। ਭਾਸ਼ਾ ਅਨੁਸਾਰ 'ਅਰਜਨ' ਸੰਸਕ੍ਰਿਤ ਦਾ ਲਫਜ਼ ਹੈ, ਜਿਸ ਦਾ ਅਰਥ ਹੈ- ਖੱਟਣਾ ਜਾਂ ਕਮਾਉਣਾ। 'ਅਰਜੁਨ' ਵੀ ਸੰਸਕ੍ਰਿਤ ਭਾਸ਼ਾ ਦਾ ਸ਼ਬਦ ਹੈ, ਜਿਸ ਦਾ ਅਰਥ ਹੈ-ਇੱਕ ਸਦਾ ਬਹਾਰ ਮਜ਼ਬੂਤ ਰੁੱਖ। ਪੜ੍ਹਨ ਸਮੇਂ ਫੈਸਲਾ ਗੁਰਬਾਣੀ ਦੇ ਸ਼ਬਦ ਜੋੜਾਂ ਨੂੰ ਧਿਆਨ ਵਿਚ ਰੱਖ ਕੇ ਹੀ ਠੀਕ ਹੁੰਦਾ ਹੈ।

ਭਾਈ ਸੱਤੇ ਅਤੇ ਭਾਈ ਬਲਵੰਡ ਦੀ ਲਿਖੀ 'ਰਾਮਕਲੀ ਕੀ ਵਾਰ' ਵਿਚ ਪੰਜਵੇਂ ਗੁਰੂ ਜੀ ਦੇ ਨਾਂ ਲਈ 'ਅਰਜਨ' ਸ਼ਬਦ ਜੋੜ ਵਰਤੇ ਗਏ ਹਨ। ਗੁਰਬਾਣੀ ਸ਼ਬਦ-ਜੋੜਾਂ ਦੀ ਖੋਜ ਦੇ ਮਾਹਰ ਭਾਈ ਹਰਜਿੰਦਰ ਸਿੰਘ ਘੜਸਾਣਾ ਗੰਗਾਨਗਰ ਦੇ ਵਿਚਾਰਾਂ ਅਨੁਸਾਰ ਪੰਜਵੇਂ ਗੁਰੂ ਜੀ ਦਾ ਨਾਂ ਗੁਰੂ ਅਰਜਨ ਸਾਹਿਬ ਹੀ ਚਾਹੀਦਾ ਹੈ। ਭਾਈ ਘੜਸਾਣਾ ਨੇ ਤਰਕ ਦਿੱਤਾ ਹੈ ਕਿ 'ਅਰਜੁਨ' ਸ਼ਬਦ ਸੰਸਕ੍ਰਿਤ ਸ਼ੈਲੀ ਅਨੁਸਾਰ ਲਿਖਿਆ ਗਿਆ ਹੈ ਅਤੇ 'ਅਰਜਨ' ਸ਼ਬਦ ਲਹਿੰਦੀ ਪੰਜਾਬੀ ਅਨੁਸਾਰ ਲਿਖਿਆ ਗਿਆ ਹੈ, ਜਿਸ ਲਈ ਪੰਜਾਬੀ ਨਾਂ ਗੁਰੂ ਅਰਜਨ ਸਾਹਿਬ ਹੀ ਰੱਖਣਾ ਚਾਹੀਦਾ ਹੈ। ਪੜ੍ਹਨ ਸਮੇਂ 'ਅਰਜੁਨ' ਸ਼ਬਦ ਨੂੰ 'ਜੁ' ਧੁਨੀ ਨਾਲ ਹੀ ਬੋਲਿਆ ਜਾਵੇਗਾ।

**3. ਛੇਵੇਂ ਗੁਰੂ ਜੀ ਦਾ ਨਾਂ ਗੁਰਬਾਣੀ ਵਿਚ:**

ਹਰਿਗੋਬਿੰਦੁ ਰਖਿਓ ਪਰਮੇਸਰਿ ਅਪੁਨੀ ਕਿਰਪਾ ਧਾਰਿ॥
ਮਿਟੀ ਬਿਆਧਿ ਸਰਬ ਸੁਖ ਹੋਏ ਹਰਿ ਗੁਣ ਸਦਾ ਬੀਚਾਰਿ॥1॥ (ਪੰਨਾ 500)

**4. ਸੱਤਵੇਂ ਅਤੇ ਅੱਠਵੇਂ ਗੁਰੂ ਪਾਤਿਸ਼ਾਹਾਂ ਦੇ ਨਾਂ:**

(ੳ) ਹਕ ਪਰਵਰ ਹਕ ਕੇਸ਼ ਗੁਰੂ ਕਰਤਾ ਹਰਿਰਾਇ॥
ਸੁਲਤਾਨ ਹਮ ਦਰਵੇਸ਼ ਗੁਰੂ ਕਰਤਾ ਹਰਿ ਰਾਇ॥87॥ ('ਤੌਸੀਫੋ ਸਨਾ' ਵਿਚੋਂ)

**ਅਰਥ:** ਗੁਰੂ ਹਰਿ ਰਾਇ ਜੀ ਹੱਕ ਦੇ ਪਾਲਣ ਅਤੇ ਸੱਚ ਦੇ ਮਜ਼ਹਬ ਵਾਲੇ ਹਨ, ਜੋ ਬਾਦਿਸ਼ਾਹ ਅਤੇ ਦਰਵੇਸ਼ ਵੀ ਹਨ।

(ਅ) ਹਮੂ ਹਰਿਕ੍ਰਿਸ਼ਨ ਆਮਦਹ ਸਰਬੁਲੰਦ॥ ਅਜ਼ੋ ਹਾਸਿਲ ਉਮੀਦਿ ਹਰ ਮੁਸਤਮੰਦ॥25॥ ('ਜੋਤਿ ਬਿਗਾਸ' ਵਿਚੋਂ)

**ਵਿਚਾਰ:** ਛੇਵੇਂ, ਸੱਤਵੇਂ ਅਤੇ ਅੱਠਵੇਂ ਗੁਰੂ ਪਾਤਿਸ਼ਾਹਾਂ ਦੇ ਨਾਂਵਾਂ ਵਿਚ 'ਹਰਿ' ਸ਼ਬਦ ਦੀ ਵਰਤੋਂ ਉਪਰੋਕਤ ਪ੍ਰਮਾਣਾਂ ਵਿਚ ਮਿਲਦੀ ਹੈ। ਦੇਖਿਆ ਗਿਆ ਹੈ ਕਿ ਬੋਲਣ ਅਤੇ ਲਿਖਣ ਵਿਚ 'ਹਰਿ' ਸ਼ਬਦ ਦੀ ਥਾਂ 'ਹਰ' ਸ਼ਬਦ ਹੀ ਪ੍ਰਚਲਿਤ ਕਰ ਦਿੱਤਾ ਗਿਆ ਹੈ, ਜੋ ਇੱਕ ਧੋਖਾ ਹੈ, ਕਿਉਂਕਿ ਦੁਨੀਆਂ ਵਿਚ ਕਿਸੇ ਵੀ ਵਿਅਕਤੀ ਦਾ ਸਹੀ ਨਾਂ ਬਦਲਿਆ ਨਹੀਂ ਜਾ ਸਕਦਾ। ਕੀ ਕੋਈ ਸਿਮਰਨ ਸਿੰਘ ਨੂੰ ਸਮਰਨ ਸੰਘ ਕਹਿ ਕੇ ਬੁਲਾ ਸਕਦਾ ਹੈ? ਕੀ ਸਿਮਰਨ ਸਿੰਘ ਅਜਿਹੇ ਵਤੀਰੇ ਨੂੰ ਸਹਾਰ ਸਕੇਗਾ? ਕੀ ਕੋਈ ਹਰਿਤਿੱਕ ਨੂੰ ਹਰੱਤਕ ਕਹਿ ਕੇ ਬੁਲਾ ਸਕਦਾ ਹੈ? ਜੇ ਨਹੀਂ ਤਾਂ ਗੁਰੂ ਪਾਤਿਸ਼ਾਹਾਂ ਦੇ ਨਾਂਵਾਂ ਨੂੰ ਬਦਲ ਕੇ ਬੋਲਣ ਅਤੇ ਲਿਖਣ ਦਾ ਕਿਸ ਨੂੰ ਹੱਕ ਹੈ? ਕੀ ਇਹ ਸਿਆਣਪ ਹੈ ਕਿ ਬੇਸਮਝੀ? ਅੰਗਰੇਜ਼ੀ ਵਿਚ ਨਾਂ ਲਿਖਣ ਵਾਲੇ 'ਹਰਿ=Hari' ਨੂੰ 'ਹਰ=Har' ਲਿਖ ਰਹੇ ਹਨ, ਜੋ ਗਲਤ ਪਰਿਪਾਟੀ ਹੈ। ਇਸ ਵਿਚ ਗੁਰਬਾਣੀ ਨੂੰ ਗਲਤ ਪੜ੍ਹਨ ਵਾਲਿਆਂ ਦਾ ਵੀ ਕਸੂਰ ਹੈ, ਕਿਉਂਕਿ ਬਹੁਤੇ ਪਾਠੀ ਗੁਰਬਾਣੀ ਦੇ 'ਹਰਿ' ਸ਼ਬਦ ਨੂੰ 'ਹਰ' ਹੀ ਪੜ੍ਹ ਰਹੇ ਹਨ, ਜਦੋਂ ਕਿ ਇਨ੍ਹਾਂ ਸ਼ਬਦਾਂ ਦੇ ਜੋੜ ਅਤੇ ਅਰਥ ਗੁਰਬਾਣੀ ਵਿਚ ਵੱਖ-ਵੱਖ ਹਨ।

**5. ਨੌਵੇਂ ਤੇ ਦਸਵੇਂ ਗੁਰੂ ਜੀ ਦੇ ਨਾਂ:**

(ੳ) ਮਹਾਨ ਕੋਸ਼ ਵਿਚ ਨੌਵੇਂ ਗੁਰੂ ਜੀ ਨੂੰ ਸਤਿਗੁਰੂ ਤੇਗ਼ ਬਹਾਦੁਰ ਕਰ ਕੇ ਲਿਖਿਆ ਗਿਆ ਹੈ। (ਮਹਾਨ ਕੋਸ਼ ਵਿਚੋਂ ਫੋਟੋ ਕਾਪੀਆਂ ਦੇਖੋ)

ਬਹਾਦਰ, ਬਹਾਦੁਰ. ਫ਼ਾ بہادر. ਬਹਾ-ਦੁਰ. ਚਮਕੀਲਾ ਮੋਤੀ। ੨ ਕੀਮਤੀ ਮੋਤੀ। ੩ ਉਤਸਾਹੀ. ਪਰਾਕ੍ਰਮੀ. ਸ਼ੂਰਵੀਰ.

ਬਹਾਦੁਰਸ਼ਾਹ. بہادرشاہ ਔਰੰਗਜ਼ੇਬ ਦਾ ਦੂਜਾ ਪੁਤ੍ਰ, ਜਿਸ ਦਾ ਜਨਮ ਬੁਰਹਾਨਪੁਰ ੪ ਅਕਤੂਬਰ ਸਨ ੧੬੪੩ ਨੂੰ ਹੋਇਆ. ਇਸ ਦਾ ਪਹਿਲਾ ਨਾਮ ਮੁਅੱਜ਼ਮ ਅਤੇ ਸ਼ਾਹ ਆ਼ਲਮ ਸੀ. ਇਹ ਸਨ ੧੭੦੭ ਵਿੱਚ ਦਿੱਲੀ ਦੇ ਤਖਤ ਪੁਰ ਬੈਠਾ, ਅਤੇ ਆਪਣਾ ਨਾਮ ਬਹਾਦੁਰਸ਼ਾਹ ਰੱਖਿਆ. ਇਸ ਦਾ ਬਹੁਤਾ ਸਮਾਂ ਦੱਖਣੀ ਰਿਆਸਤਾਂ ਬੀਜਾਪੁਰ ਗੋਲਕੰਡਾ ਦੇ ਵਿਰੁੱਧ ਲੜਦਿਆਂ ਗੁਜ਼ਰਿਆ. ਅੰਤ ਨੂੰ ਬੰਦੇਬਹਾਦੁਰ ਦੇ ਵੇਲੇ ਸਿੱਖਾਂ ਦਾ ਜ਼ੋਰ ਵਧਦਾ ਵੇਖਕੇ ਅਤੇ ਸਰਹਿੰਦ ਦੇ ਸੂਬੇ ਵਜ਼ੀਰਖ਼ਾਨ ਦਾ ਮਾਰਿਆ ਜਾਣਾ ਸੁਣਕੇ ਇਹ ਪੰਜਾਬ ਵੱਲ ਆਇਆ, ਪਰ ਦੇਸ਼ ਵਿੱਚ ਸ਼ਾਂਤੀ ਨਹੀਂ ਕਰ ਸਕਿਆ. ਬਹਾਦੁਰਸ਼ਾਹ ਦਾ ਦੇਹਾਂਤ ੧੮ ਫਰਵਰੀ ਸਨ ੧੭੧੨ (ਫੱਗੁਣ ਸੰਮਤ ੧੭੬੯) ਨੂੰ ਲਹੌਰ ਹੋਇਆ.

ਬਹਾਦੁਰਸ਼ਾਹ ਦੂਜਾ. ਦਿੱਲੀ ਦਾ ਅੰਤਿਮ ਮੁਗਲ ਬਾਦਸ਼ਾਹ, ਜੋ ਲਾਲਬਾਈ ਦੇ ਉਦਰ ਤੋਂ ਅਕਬਰਸ਼ਾਹ (੨) ਦਾ ਪੁਤ੍ਰ ਸੀ. ਇਸ ਦਾ ਜਨਮ ੨੪ ਅਕਤੂਬਰ ਸਨ ੧੭੭੫ ਨੂੰ ਹੋਇਆ. ਇਸ ਨੂੰ ਇਤਿਹਾਸਕਾਰਾਂ

ਢੂੰਢਤਾ ਫਿਰ ਫਿਰਕੇ ਫਿਰ ਤੂ ਜਾਬਜਾ ਕਜਾ ਚੀਜ਼ ਹੈ?"

ਬਹਾਦੁਰਖ਼ਾਨ. ਮੁਖ਼ਲਿਸਖ਼ਾਨ ਸਰਦਾਰ ਦੇ ਅਧੀਨ ਇੱਕ ਫੌਜੀ ਉਹਦੇਦਾਰ, ਜੋ ਅਮ੍ਰਿਤਸਰ ਜੀ ਦੇ ਜੰਗ ਵਿੱਚ ਗੁਰੂ ਹਰਿਗੋਬਿੰਦ ਜੀ ਨਾਲ ਲੜਿਆ.

ਬਹਾਦੁਰਗੜ੍ਹ. ਸੈਫ਼ਖ਼ਾਨ (ਸੈਫ਼ੁੱਦੀਨ) ਸਰਦਾਰ ਦਾ ਵਸਾਇਆ ਨਗਰ ਅਤੇ ਕਿਲਾ "ਸੈਫ਼ਾਬਾਦ, ਜੋ ਪਟਿਆਲੇ ਤੋਂ ਚਾਰ ਕੋਹ ਉੱਤਰ ਪੂਰਵ ਹੈ. ਇੱਥੇ ਸੈਫ਼ਖ਼ਾਂ ਦਾ ਪ੍ਰੇਮ ਦੇਖਕੇ ਗੁਰੂ ਤੇਗਬਹਾਦੁਰ ਜੀ ਚੁਮਾਸਾ ਠਹਿਰੇ ਹਨ. ਗੁਰੂਸਾਹਿਬ ਦਾ ਪਵਿਤ੍ਰ ਅਸਥਾਨ ਇੱਕ ਕਿਲੇ ਅੰਦਰ, ਦੂਜਾ ਬਾਹਰ ਬਾਗ ਵਿੱਚ ਹੈ. ਗੁਰਦ੍ਵਾਰੇ ਨਾਲ ਪੰਜ ਸੌ ਘੁਮਾਉਂ ਜ਼ਮੀਨ ਅਤੇ ਨੌ ਸੌ ਰੁਪਯਾ ਤਜੋਹਾਰਾਂ ਦਾ ਰਿਆਸਤ ਪਟਿਆਲੇ ਵੱਲੋਂ ਹੈ. ਵੈਸਾਖੀ ਨੂੰ ਮੇਲਾ ਹੁੰਦਾ ਹੈ. ਗੁਰਦ੍ਵਾਰੇ ਦਾ ਪ੍ਰਬੰਧ ਰਿਆਸਤ ਦੇ ਹੱਥ ਹੈ. ਰਾਜਾ ਅਮਰਸਿੰਘ ਪਟਿਆਲਾਪਤਿ ਨੇ ਸਨ ੧੭੭੪ ਵਿੱਚ ਸੈਫਖਾਨ ਦੀ ਔਲਾਦ ਨੂੰ ਮਾਕੂਲ ਜਾਗੀਰ ਦੇਕੇ ਕਿਲੇ ਤੇ ਕਬਜਾ ਕੀਤਾ ਅਤੇ ਉਸ ਨੂੰ ਨਵੇਂ ਸਿਰੇ ਬਹੁਤ ਮਜਬੂਤ ਬਣਾਕੇ ਨਾਉਂ ਬਹਾਦੁਰਗੜ੍ਹ ਰੱਖਿਆ.

ਬਹਾਦੁਰਪੁਰ. ਦੇਖੋ, ਦੇਹਰਾਸਾਹਿਬ ਨੰ: ੨.

ਬਹਾਨਾ. ਦੇਖੋ, ਬਹਾਉਣਾ ੧। ੨ ਫ਼ਾ بہانہ.

**ਵਿਚਾਰ:** 'ਤੇਗ਼' ਸ਼ਬਦ ਫਾਰਸੀ ਦਾ ਹੈ, ਜਿਸ ਵਿਚ 'ਗ਼' ਦੀ ਵਰਤੋਂ ਹੁੰਦੀ ਹੈ ਅਤੇ 'ਬਹਾਦੁਰ' ਸ਼ਬਦ ਵੀ ਫਾਰਸੀ ਦਾ ਹੈ। 'ਬਹਾ' ਦਾ ਅਰਥ ਹੈ-ਰੋਸ਼ਨੀ ਦੇਣ ਵਾਲਾ ਜਾਂ ਚਮਕੀਲਾ। 'ਦੁਰ' ਦਾ ਅਰਥ ਹੈ-ਮੋਤੀ। ਜਦੋਂ 'ਦੁਰ' ਸ਼ਬਦ ਨੂੰ ਅਗੇਤਰ ਵਜੋਂ ਵਰਤਿਆ ਜਾਂਦਾ ਹੈ ਜਿਵੇਂ ਦੁਰਬਚਨ, ਦੁਰਗਮ ਆਦਿਕ ਤਾਂ ਉਦੋਂ ਇਹ ਫਾਰਸੀ ਦਾ ਸ਼ਬਦ ਨਾ ਹੋ ਕੇ ਸੰਸਕ੍ਰਿਤ ਦਾ ਸ਼ਬਦ ਹੁੰਦਾ ਹੈ। ਮਿਸਾਲ ਵਜੋਂ 'ਕਰਮ' ਸ਼ਬਦ ਸੰਸਕ੍ਰਿਤ ਦਾ ਵੀ ਹੈ ਅਤੇ ਫਾਰਸੀ ਦਾ ਵੀ। ਜਦੋਂ 'ਕਰਮ' ਸ਼ਬਦ ਦਾ ਅਰਥ ਕੀਤੇ ਗਏ ਕੰਮ ਹੋਣ ਤਾਂ ਇਹ ਸੰਸਕ੍ਰਿਤ ਦਾ ਸ਼ਬਦ ਹੁੰਦਾ ਹੈ। ਜੇ 'ਕਰਮ' ਸ਼ਬਦ ਦੀ ਵਰਤੋਂ ਬਖਸ਼ਿਸ਼ ਦੇ ਰੂਪ ਵਿਚ ਹੁੰਦੀ ਹੈ ਤਾਂ ਇਹ ਸ਼ਬਦ ਫਾਰਸੀ ਦਾ ਹੁੰਦਾ ਹੈ। 'ਨੀਚ ਕਰਮ' ਵਿਚ 'ਕਰਮ' ਸ਼ਬਦ ਦੇ ਅਰਥ ਸੰਸਕ੍ਰਿਤ ਵਾਲੇ ਹਨ ਅਤੇ 'ਕਰਮ ਖੰਡ' ਵਿਚ 'ਕਰਮ' ਸ਼ਬਦ ਦੇ ਅਰਥ ਫਾਰਸੀ ਵਾਲੇ ਹਨ। 'ਦਰ' ਸ਼ਬਦ ਵੀ ਫਾਰਸੀ ਦਾ ਹੁੰਦਾ ਹੈ, ਜਿਸ ਦਾ ਅਰਥ ਦਰਵਾਜਾ ਹੁੰਦਾ ਹੈ। ਨੌਵੇਂ ਗੁਰੂ ਜੀ ਦਾ ਸਹੀ ਨਾਂ ਗੁਰੂ ਤੇਗ਼ ਬਹਾਦੁਰ ਹੀ ਸਹੀ ਬਣਦਾ ਹੈ, ਜਿਸ ਨੂੰ ਪ੍ਰਚਾਰ ਵਿਚ ਲਿਆਉਣ ਦੀ ਲੋੜ ਹੈ।

(ਅ) 'ਜੋਤਿ ਵਿਗਾਸ' ਪੰਜਾਬੀ ਕ੍ਰਿਤ ਭਾਈ ਨੰਦ ਲਾਲ ਸਿੰਘ ਵਿਚ ਵੀ ਇਹੀ ਸ਼ਬਦ ਜੋੜ ਹਨ, ਜਿਵੇਂ:


ਸੋ ਤੇਗ਼ ਬਹਾਦੁਰ ਸਤਿ ਸਰੂਪਨਾ
ਸੋ ਗੁਰੁ ਗੋਬਿੰਦ ਸਿੰਘ ਹਰਿ ਕਾ ਰੂਪਨਾ॥30॥

ਗੁਰੂ ਪਾਤਿਸ਼ਾਹਾਂ ਦੇ ਸਹੀ ਨਾਂ ਕੌਣ ਪ੍ਰਚਲਿਤ ਕਰੇ? ਇਹ ਸਵਾਲ ਉਠਣਾ ਜ਼ਰੂਰੀ ਹੈ। ਕਰੋੜਾਂ ਰੁਪਿਆਂ ਤੋਂ ਵੀ ਵੱਧ ਦੇ ਬਜਟ ਵਾਲੀ ਸਿੱਖਾਂ ਦੀ ਚੁਣੀ ਹੋਈ ਸੰਸਥਾ ਸ਼੍ਰੋਮਣੀ ਕਮੇਟੀ ਦਾ ਮੁਢਲਾ ਫਰਜ਼ ਸੀ ਕਿ ਉਹ ਇਸ ਸੰਦਰਭ ਵਿਚ ਸਿੱਖਾਂ ਦੀ ਯੋਗ ਅਗਵਾਈ ਕਰਦੀ, ਪਰ ਅਜਿਹਾ ਨਾ ਹੋ ਸਕਿਆ। ਕੀ ਹੁਣ ਇਸ ਕਮੇਟੀ ਤੋਂ ਕੋਈ ਅਜਿਹੀ ਸੋਚ ਦੀ ਆਸ ਰੱਖੀ ਜਾ ਸਕਦੀ ਹੈ? ਆਸ ਤਾਂ ਜ਼ਰੂਰ ਹੈ, ਪਰ ਉਤਰ ਨਾਂਹ ਵਿਚ ਹੀ ਲੱਗਦਾ ਹੈ। ਸਿੱਖ ਰਹਿਤ ਮਰਯਾਦਾ ਬਣਾਉਣ ਤੋਂ ਹੁਣ ਤਕ ਸਿੱਖੀ ਦੇ ਮਸਲਿਆਂ ਵਿਚ ਸ਼੍ਰੋਮਣ ਕਮੇਟੀ ਨੇ ਜੋ ਕੀਤਾ ਹੈ, ਉਹ ਸਭ ਸਿੱਖ ਜਗਤ ਦੇ ਸਾਹਮਣੇ ਹੈ।

**ਫਿਰ ਕੀ ਕੀਤਾ ਜਾਵੇ?:** ਹਰ ਇੱਕ ਸਿੱਖ ਨੂੰ ਹੰਭਲਾ ਮਾਰਨਾ ਪਵੇਗਾ। ਭਾਵੇਂ ਕੋਈ ਪ੍ਰਚਾਰਕ ਹੈ, ਗੁਰਦੁਆਰਾ ਕਮੇਟੀ ਵਿਚ ਅਹੁਦੇਦਾਰ ਹੈ, ਕੋਈ ਆਪਣਾ ਰੇਡੀਓ ਚਲਾਉਂਦਾ ਹੈ, ਕੋਈ ਕਿਸੇ ਟੀ. ਵੀ. ਚੈਨਲ ਰਾਹੀਂ ਖਬਰਾਂ ਦਿੰਦਾ ਹੈ, ਕੋਈ ਅਖਬਾਰ ਛਾਪਦਾ ਹੈ, ਗੁਰਦੁਆਰੇ ਜਾ ਕੇ ਸਰੋਤਾ ਬਣਦਾ ਹੈ, ਭਾਵ ਹਰ ਸਿੱਖ ਨੂੰ, ਭਾਵੇਂ ਉਹ ਕਿਤੇ ਵੀ ਰਹਿੰਦਾ ਹੋਵੇ, ਗੁਰੂ ਪਾਤਿਸ਼ਾਹਾਂ ਦੇ ਸਹੀ ਨਾਂ ਲੈਣੇ ਚਾਹੀਦੇ ਹਨ ਅਤੇ ਆਪਣੇ ਪਰਿਵਾਰਾਂ ਵਿਚ ਹਰ ਇੱਕ ਨੂੰ ਇਹ ਸਹੀ ਨਾਂ ਪੱਕੇ ਕਰਾਉਣੇ ਚਾਹੀਦੇ ਹਨ।

# ਵਿਸ਼ਵ ਸਿਹਤ ਸੰਸਥਾ ਵੱਲੋਂ ਕਰੋਨਾ ਦੇ ਖਾਤਮੇ ਦਾ ਐਲਾਨ

**ਲੰਡਨ:** ਵਿਸ਼ਵ ਸਿਹਤ ਸੰਸਥਾ (ਡਬਲਿਊ.ਐਚ.ਓ.) ਨੇ ਐਲਾਨ ਕੀਤਾ ਕਿ ਕਰੋਨਾ ਹੁਣ ਆਲਮੀ ਸਿਹਤ ਐਮਰਜੈਂਸੀ ਵਾਲੀ ਸਥਿਤੀ ਨਹੀਂ ਰਹੀ। ਇਹ ਮਹਾਮਾਰੀ ਦੇ ਖਾਤਮੇ ਦੀ ਦਿਸ਼ਾ ਵਿਚ ਵੱਡਾ ਕਦਮ ਹੈ। ਡਬਲਿਊ.ਐਚ.ਓ. ਦੀ ਐਮਰਜੈਂਸੀ ਕਮੇਟੀ ਨੇ ਇਕ ਮੀਟਿੰਗ ਕੀਤੀ ਤੇ ਸੰਯੁਕਤ ਰਾਸ਼ਟਰ-ਏਜੰਸੀ ਨੂੰ ਸਿਫਾਰਸ਼ ਕੀਤੀ ਕਿ ਉਹ ਕੌਮਾਂਤਰੀ ਚਿੰਤਾਵਾਂ ਦੇ ਮੱਦੇਨਜ਼ਰ ਜਨਤਕ ਸਿਹਤ ਐਮਰਜੈਂਸੀ ਨੂੰ ਖਤਮ ਕਰਨ ਦਾ ਐਲਾਨ ਕਰੇ। ਡਬਲਿਊ.ਐਚ.ਓ. ਦੇ ਡਾਇਰੈਕਟਰ ਜਨਰਲ ਟੈਡਰੋਸ ਅਧਾਨੋਮ ਗੈਬ੍ਰਿਸਸ ਨੇ ਕਿਹਾ, ''ਮੈਂ ਕਾਫੀ ਉਮੀਦ ਨਾਲ ਕੋਵਿਡ-19 ਦੇ ਆਲਮੀ ਸਿਹਤ ਐਮਰਜੈਂਸੀ ਵਜੋਂ ਖਤਮ ਹੋਣ ਦਾ ਐਲਾਨ ਕਰਦਾ ਹਾਂ।''



ਦੱਸਣਯੋਗ ਹੈ ਕਿ ਕੋਵਿਡ-19 ਨੇ ਦੁਨੀਆਂ ਭਰ ਵਿਚ 69 ਲੱਖ ਤੋਂ ਵੱਧ ਲੋਕਾਂ ਦੀ ਜਾਨ ਲਈ ਹੈ। ਭਾਵੇਂ ਡਬਲਿਊ.ਐਚ.ਓ. ਨੇ ਆਪਣੇ ਤਾਜ਼ਾ ਬਿਆਨ ਦੇ ਨਾਲ ਹੀ ਖ਼ਬਰਦਾਰ ਤੇ ਚੌਕਸ ਵੀ ਕੀਤਾ ਹੈ ਕਿ ਇਸ ਨੂੰ ਕੋਵਿਡ ਦੇ ਖ਼ਤਰੇ ਦਾ ਅੰਤ ਨਹੀਂ ਮੰਨ ਲਿਆ ਜਾਣਾ ਚਾਹੀਦਾ ਪਰ ਹੁਣ ਇਸ ਦੇ ਵਾਇਰਸ ਦੇ ਅਤਿਅੰਤ ਖਤਰਨਾਕ ਹੋਣ ਦੇ ਖ਼ਦਸ਼ੇ ਨੂੰ ਨਕਾਰਿਆ ਜਾ ਸਕਦਾ ਹੈ। ਉਂਝ ਇਹ ਵਾਇਰਸ ਹਾਲੇ ਵੀ ਮਨੁੱਖਾਂ 'ਚ ਰਹੇਗਾ ਅਤੇ ਲੋਕਾਂ ਵਿਚ ਫੈਲੇਗਾ ਵੀ ਪਰ ਵਿਸ਼ਵ ਸਿਹਤ ਸੰਸਥਾ ਹੁਣ ਇਸ ਨੂੰ ਓਨਾ ਖਤਰਨਾਕ ਨਹੀਂ ਸਮਝਦੀ ਜਿੰਨਾ 2020-21 ਵਿਚ ਸਮਝਿਆ ਜਾਂਦਾ ਸੀ। 2020-21 ਵਿਚ ਇਸ ਮਹਾਮਾਰੀ ਨੇ ਸਾਡੀਆਂ ਜ਼ਿੰਦਗੀਆਂ ਨੂੰ ਤਹਿਸ-ਨਹਿਸ ਕਰ ਕੇ ਰੱਖ ਦਿੱਤਾ ਅਤੇ ਸ਼ਾਇਦ ਹੀ ਕੋਈ ਇਸ ਦੇ ਸਿੱਧੇ ਜਾਂ ਅਸਿੱਧੇ ਅਸਰ ਤੋਂ ਬਚਿਆ ਹੋਵੇ। ਸਿਹਤ ਸਬੰਧੀ ਅਜਿਹੀ ਆਲਮੀ ਆਫ਼ਤ ਸਾਡੇ ਚੇਤਿਆਂ 'ਚ ਵੀ ਨਹੀਂ ਸੀ ਤੇ ਇਸ ਤੋਂ ਪਹਿਲਾਂ ਅਜਿਹੀ ਆਲਮੀ ਮਹਾਮਾਰੀ 'ਸਪੇਨੀ ਫਲੂ' ਕਾਰਨ 1918-20 'ਚ ਆਈ ਸੀ।

ਤੇਜ਼ੀ ਨਾਲ ਫੈਲ ਰਹੇ ਕਰੋਨਾ ਵਾਇਰਸ ਦੁਆਰਾ ਮਚਾਈ ਜਾ ਰਹੀ ਤਬਾਹੀ ਤੇ ਬੇਰੋਕ ਢੰਗ ਨਾਲ ਦੁਨੀਆ 'ਤੇ ਪੈ ਰਹੇ ਮਾੜੇ ਅਸਰ ਨੂੰ ਤਾਲਾਬੰਦੀਆਂ (ਲੌਕਡਾਊਨਾਂ) ਤੇ ਕਰਫ਼ਿਊ ਵਰਗੇ ਤਰੀਕਿਆਂ, ਮੈਡੀਕਲ ਦਖ਼ਲਾਂ ਅਤੇ ਵੈਕਸੀਨਾਂ ਦੀਆਂ ਕਾਢਾਂ ਨਾਲ ਵੀ ਰੋਕਣਾ ਮੁਸ਼ਕਿਲ ਹੋ ਰਿਹਾ ਸੀ। ਮਹਾਮਾਰੀ ਦੀਆਂ ਤਿੰਨ-ਚਾਰ ਲਹਿਰਾਂ ਬਹੁਤ ਹੀ ਡਰਾਉਣੀਆਂ ਤੇ ਅਫਰਾ-ਤਫਰੀ ਫੈਲਾਉਣ ਵਾਲੀਆਂ ਸਨ ਜਿਨ੍ਹਾਂ ਦੀ ਭਿਆਨਕਤਾ ਦਾ ਅੰਦਾਜ਼ਾ ਮਰੀਜ਼ਾਂ ਦੇ ਬੋਝ ਨਾਲ ਦਬੇ ਪਏ ਮੰਦੇਹਾਲ ਹਸਪਤਾਲਾਂ, ਜਰਜਰੀਆਂ ਸਿਹਤ ਸਹੂਲਤਾਂ, ਸਾਹ ਲੈਣ ਤੇ ਦਵਾਈ ਲਈ ਜੂਝਦੇ ਮਰੀਜ਼ਾਂ, ਜਲਦੀਆਂ ਹੋਈਆਂ ਚਿਖਾਵਾਂ ਦੀਆਂ ਕਤਾਰਾਂ ਅਤੇ ਵੱਡੇ ਪੱਧਰ 'ਤੇ ਪੁੱਟੀਆਂ ਜਾ ਰਹੀਆਂ ਕਬਰਾਂ ਤੋਂ ਲਾਇਆ ਜਾ ਸਕਦਾ ਸੀ। ਇਸ ਦੇ ਨਾਲ ਹੀ ਤਾਲਾਬੰਦੀਆਂ ਅਤੇ ਹੋਰ ਪਾਬੰਦੀਆਂ ਕਾਰਨ ਪੈਦਾ ਹੋਏ ਆਰਥਿਕ ਸੰਕਟ ਨੇ ਸਮੱਸਿਆ ਨੂੰ ਹੋਰ ਵਧਾ ਦਿੱਤਾ ਕਿਉਂਕਿ ਕੋਵਿਡ-19 ਕਾਰਨ ਸੰਸਾਰ ਨੂੰ ਖਰਬਾਂ ਡਾਲਰਾਂ ਦਾ ਨੁਕਸਾਨ ਹੋਇਆ ਅਤੇ ਇਸ ਕਾਰਨ ਬਹੁਤ ਸਾਰੇ ਘਰ-ਪਰਿਵਾਰ ਤਬਾਹ ਹੋ ਗਏ। ਹਾਲੇ ਵੀ ਇਸ ਦੇ ਲੰਮੀ ਮਿਆਦ ਵਾਲੇ ਅਸਰ ਜਾਰੀ ਹਨ ਜਿਨ੍ਹਾਂ ਕਾਰਨ ਇਸ ਦੀਆਂ ਛੋਟੀਆਂ ਲਹਿਰਾਂ ਆਉਂਦੀਆਂ ਰਹਿੰਦੀਆਂ ਹਨ। ਇਸ ਤੋਂ ਬਿਨਾ ਬਹੁਤ ਸਾਰੇ ਲੋਕ ਇਸ ਦੀਆਂ ਲੰਮੀ ਮਿਆਦ ਦੀਆਂ ਅਲਾਮਤਾਂ ਨਾਲ ਜੂਝ ਰਹੇ ਹਨ ਤੇ ਇਹ ਸਮੱਸਿਆ ਮਰੀਜ਼ਾਂ ਤੇ ਡਾਕਟਰਾਂ ਦੋਵਾਂ ਨੂੰ ਤੰਗ ਕਰ ਰਹੀ ਹੈ।

## ਸਕੂਲੋਂ ਬੱਚਿਆਂ ਨੂੰ ਲੈਣ ਜਾ ਰਹੇ ਸਿੱਖ ਜੋੜੇ ਦੀ ਸੜਕ ਹਾਦਸੇ ਵਿਚ ਮੌਤ




**ਵਾਸ਼ਿੰਗਟਨ:** ਅਮਰੀਕਾ 'ਚ ਇਕ ਸਿੱਖ ਜੋੜੇ ਦੀ ਉਸ ਸਮੇਂ ਮੌਤ ਹੋ ਗਈ ਜਦੋਂ ਤੇਜ਼ ਰਫਤਾਰ ਕਾਰ ਨੇ ਉਨ੍ਹਾਂ ਨੂੰ ਸਿੱਧੀ ਟੱਕਰ ਮਾਰ ਦਿੱਤੀ। ਕੇ.ਓ.ਐਮ.ਓ. ਨਿਊਜ਼ ਚੈਨਲ ਦੀ ਖਬਰ ਅਨੁਸਾਰ ਇਹ ਹਾਦਸਾ ਉਸ ਸਮੇਂ ਹੋਇਆ ਜਦੋਂ ਪਰਮਿੰਦਰ ਸਿੰਘ ਬਾਜਵਾ ਅਤੇ ਉਸ ਦੀ ਪਤਨੀ ਹਰਪ੍ਰੀਤ ਕੌਰ ਬਾਜਵਾ ਆਪਣੇ ਦੋ ਬੱਚਿਆਂ ਨੂੰ ਸਕੂਲ ਬੱਸ ਸਟਾਪ ਤੋਂ ਲੈਣ ਜਾ ਰਹੇ ਸਨ। ਇਸੇ ਦੌਰਾਨ ਵਾਸ਼ਿੰਗਟਨ ਦੇ ਕੈਂਟ 'ਚ ਇਕ ਕਾਰ ਚਾਲਕ ਨੇ ਉਨ੍ਹਾਂ ਨੂੰ ਸਾਹਮਣਿਓਂ ਟੱਕਰ ਮਾਰ ਦਿੱਤੀ।

ਵਾਸ਼ਿੰਗਟਨ ਸਟੇਟ ਪੈਟਰੋਲ ਟਰੂਪਰ ਰਿਕ ਜੌਹਨਸਨ ਦੇ ਹਵਾਲੇ ਨਾਲ ਖਬਰ 'ਚ ਕਿਹਾ ਗਿਆ ਹੈ ਕਿ ਚਾਲਕ ਦਾ ਧਿਆਨ ਭਟਕ ਗਿਆ ਸੀ ਅਤੇ ਜਿਵੇਂ ਹੀ ਉਹ ਆਪਣਾ ਫੋਨ ਚੁੱਕਣ ਲਈ ਅੱਗੇ ਵਧਿਆ ਤਾਂ ਅਚਾਨਕ ਉਸ ਦੀ ਕਾਰ ਬੇਕਾਬੂ ਹੋ ਗਈ ਅਤੇ ਉਸ ਨੇ ਸਿੱਖ ਜੋੜੇ ਨੂੰ ਟੱਕਰ ਮਾਰ ਦਿੱਤੀ। ਖਬਰ ਅਨੁਸਾਰ ਪਰਮਿੰਦਰ ਤੇ ਹਰਪ੍ਰੀਤ ਦੀ ਮੌਕੇ 'ਤੇ ਹੀ ਮੌਤ ਹੋ ਗਈ ਜਦਕਿ ਕਾਰ ਚਾਲਕ ਦੇ ਗੰਭੀਰ ਸੱਟਾਂ ਵੱਜਣ ਕਾਰਨ ਉਸ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਇਹ ਜੋੜਾ ਪਿੱਛੇ ਦੋ ਬੱਚੇ (ਅੱਠ ਮਹੀਨੇ ਦੀ ਧੀ ਤੇ ਪੰਜ ਸਾਲ ਦਾ ਪੁੱਤਰ) ਛੱਡ ਗਈ ਹੈ।

### ਕਪੂਰਥਲਾ ਦੇ ਦੋ ਸਕੇ ਭਰਾਵਾਂ ਦਾ ਕਤਲ

**ਜਲੰਧਰ:** ਅਮਰੀਕਾ ਦੇ ਪੋਰਟਲੈਂਡ ਸ਼ਹਿਰ ਦੇ ਇਕ ਸ਼ਾਪਿੰਗ ਮਾਲ ਦੇ ਬਾਹਰ ਕਪੂਰਥਲਾ ਜ਼ਿਲ੍ਹੇ ਨਾਲ ਸਬੰਧਤ ਦੋ ਸਕੇ ਭਰਾਵਾਂ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ। ਮ੍ਰਿਤਕਾਂ ਦੀ ਪਛਾਣ ਦਿਲਰਾਜ ਸਿੰਘ ਦੀਪੀ (31) ਅਤੇ ਉਸ ਦੇ ਛੋਟੇ ਭਰਾ ਗੋਰਾ (26) ਵਜੋਂ ਹੋਈ ਹੈ। ਇਹ ਸੁਲਤਾਨਪੁਰ ਲੋਧੀ ਦੇ ਪਿੰਡ ਬਿਧੀਪੁਰ ਦੇ ਰਹਿਣ ਵਾਲੇ ਸਨ। ਦੀਪੀ ਪਿਛਲੇ 10 ਸਾਲਾਂ ਤੋਂ ਅਮਰੀਕਾ 'ਚ ਰਹਿ ਰਿਹਾ ਸੀ। ਉਹ ਉੱਥੇ ਇਕ ਜਨਰਲ ਸਟੋਰ ਚਲਾ ਰਹੇ ਸਨ। ਸ਼ੱਕ ਪ੍ਰਗਟਾਇਆ ਜਾ ਰਿਹਾ ਹੈ ਕਿ ਉਨ੍ਹਾਂ ਨੂੰ ਮਾਰਨ ਵਾਲਾ ਵਿਅਕਤੀ ਵੀ ਕਪੂਰਥਲਾ ਜ਼ਿਲ੍ਹੇ ਦੇ ਕਾਂਜਲੀ ਪਿੰਡ ਦਾ ਰਹਿਣ ਵਾਲਾ ਹੈ।

### ਕੈਨੇਡਾ 'ਚ ਪੰਜਾਬੀ ਨੌਜਵਾਨ ਦੀ ਦਿਲ ਦੇ ਦੌਰੇ ਨਾਲ ਮੌਤ

**ਪਟਿਆਲਾ:** ਕੈਨੇਡਾ ਰਹਿੰਦੇ ਪੰਜਾਬੀ ਨੌਜਵਾਨ ਕਰਨ ਖੱਟੜਾ (24) ਦੀ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਕਰਨ ਖੱਟੜਾ ਸਾਢੇ ਤਿੰਨ ਸਾਲਾਂ ਤੋਂ ਅਲਬਰਟਾ (ਕੈਨੇਡਾ) ਵਿਚ ਪੜ੍ਹਾਈ ਕਰਨ ਲਈ ਗਿਆ ਸੀ ਪਰ ਉਸ ਦੀ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਪਟਿਆਲਾ ਦੀ ਢਿੱਲੋਂ ਕਲੋਨੀ ਵਿਚ ਰਹਿ ਰਹੇ ਉਸ ਦੇ ਪਿਤਾ ਗਮਦੂਰ ਸਿੰਘ ਨੇ ਆਪਣੇ ਇਕਲੌਤੇ ਪੁੱਤਰ ਨੂੰ ਕੈਨੇਡਾ ਵਿਚ ਪੜ੍ਹਾਈ ਲਈ ਭੇਜਿਆ ਸੀ ਪਰ ਅਚਾਨਕ ਖਬਰ ਆਈ ਕਿ ਉਹ ਦੁਨੀਆਂ ਛੱਡ ਗਿਆ ਹੈ। ਉਸ ਦੇ ਪਰਿਵਾਰ ਵਿਚ ਮਾਪੇ ਅਤੇ ਦੋ ਭੈਣਾਂ ਹਨ। ਕਰਨ ਨੇ ਕੈਨੇਡਾ ਵਿਚ ਪੀ.ਆਰ ਲਈ ਕਾਗਜ਼ ਲਗਾਏ ਸਨ।

## ਸਰੀ 'ਚ ਕਬੱਡੀ ਪ੍ਰਮੋਟਰ ਨੀਟੂ ਕੰਗ 'ਤੇ ਜਾਨਲੇਵਾ ਹਮਲਾ

**ਵੈਨਕੂਵਰ:** ਕੈਨੇਡਾ 'ਚ ਕਬੱਡੀ ਪ੍ਰਮੋਟਰ ਕੰਵਲਜੀਤ ਸਿੰਘ ਉਰਫ ਨੀਟੂ ਕੰਗ ਨੂੰ ਉਸ ਦੇ ਸਰੀ ਵਿਚਲੇ ਘਰ ਅੱਗੇ ਜਾਨ ਤੋਂ ਮਾਰਨ ਦਾ ਯਤਨ ਕੀਤਾ ਗਿਆ, ਜਿਸ 'ਚ ਉਹ ਗੰਭੀਰ ਜ਼ਖ਼ਮੀ ਹੋ ਗਿਆ। ਬਾਅਦ ਵਿਚ ਅਣਪਛਾਤੇ ਹਮਲਾਵਰਾਂ ਨੇ ਉਥੋਂ 7-8 ਕਿਲੋਮੀਟਰ ਦੂਰ ਉਸ ਕਾਰ ਨੂੰ ਅੱਗ ਲਾ ਦਿੱਤੀ, ਜਿਸ ਵਿਚ ਉਹ ਭੱਜੇ ਸਨ।



ਹਸਪਤਾਲ 'ਚ ਨੀਟੂ ਦੀ ਹਾਲਤ ਗੰਭੀਰ ਪਰ ਸਥਿਰ ਹੈ। ਪੁਲੀਸ ਮਾਮਲੇ ਨੂੰ ਗੈਂਗ ਹਿੰਸਾ ਨਾਲ ਜੋੜ ਕੇ ਜਾਂਚ ਕਰ ਰਹੀ ਹੈ। ਨੀਟੂ ਨੈਸ਼ਨਲ ਕਬੱਡੀ ਐਸੋਸੀਏਸ਼ਨ ਆਫ ਬੀ.ਸੀ (ਬ੍ਰਿਟਿਸ਼ ਕੋਲੰਬੀਆ) ਦਾ ਅਹੁਦੇਦਾਰ ਤੇ ਪ੍ਰਬੰਧਕ ਹੈ। ਦੱਸਣਯੋਗ ਹੈ ਕਿ ਹਾਲ ਹੀ ਵਿਚ ਉਸ ਨੇ ਕਬੱਡੀ ਖਿਡਾਰੀ ਸੰਦੀਪ ਨੰਗਲ ਅੰਬੀਆਂ ਦੇ ਕਤਲ ਦੇ ਦੋਸ਼ ਵਿਚ ਪੰਜਾਬ 'ਚ ਸੁਰਜਣ ਚੱਠਾ ਨੂੰ ਗ੍ਰਿਫ਼ਤਾਰ ਕੀਤੇ ਜਾਣ ਦੀ ਨਿੰਦਾ ਕੀਤੀ ਸੀ। ਪੁਲਿਸ ਅਨੁਸਾਰ ਸਰੀ ਦੇ 8100 ਬਲਾਕ ਤੇ 144 ਸਟਰੀਟ ਸਥਿਤ ਘਰ ਮੂਹਰੇ ਗੋਲੀਆਂ ਚੱਲਣ ਦੀ ਸੂਚਨਾ ਮਿਲਣ 'ਤੇ ਉਹ ਮੌਕੇ ਉਤੇ ਪਹੁੰਚੇ ਤਾਂ ਜ਼ਖ਼ਮੀ ਵਿਅਕਤੀ ਤੜਫ ਰਿਹਾ ਸੀ। ਉਸ ਨੂੰ ਤੁਰਤ ਏਅਰ ਐਂਬੂਲੈਂਸ ਰਾਹੀਂ ਹਸਪਤਾਲ ਪਹੁੰਚਾਇਆ ਗਿਆ। ਵੇਰਵਿਆਂ ਮੁਤਾਬਕ ਉਹ ਸਵੇਰੇ ਹਾਲੇ ਘਰੋਂ ਬਾਹਰ ਨਿਕਲਿਆ ਹੀ ਸੀ ਕਿ ਪਹਿਲਾਂ ਹੀ ਉਡੀਕ ਰਹੇ ਹਮਲਾਵਰ ਗੋਲੀਆਂ ਮਾਰ ਕੇ ਫਰਾਰ ਹੋ ਗਏ। ਨੀਟੂ ਦੇ ਦੋ ਗੋਲੀਆਂ ਲੱਗੀਆਂ ਹਨ। ਇਸ ਤੋਂ ਥੋੜ੍ਹੀ ਦੇਰ ਬਾਅਦ ਪੁਲਿਸ ਨੂੰ ਸਰੀ ਦੀ ਕੋਲ-ਬਰੁੱਕ ਰੋਡ 'ਤੇ 125 ਸਟਰੀਟ ਕੋਲ ਕਿਸੇ ਕਾਰ ਨੂੰ ਅੱਗ ਲੱਗਣ ਦਾ ਪਤਾ ਲੱਗਿਆ। ਕੰਗ ਦਾ ਅਪਰੇਸ਼ਨ ਹੋਣ ਮਗਰੋਂ ਉਸ ਦੀ ਹਾਲਤ ਹੁਣ ਖਤਰੇ ਤੋਂ ਬਾਹਰ ਦੱਸੀ ਜਾ ਰਹੀ ਹੈ। ਦੋ ਸਾਲਾਂ ਤੋਂ ਗੈਂਗਸਟਰ ਅਕਸਰ ਵਾਰਦਾਤ ਕਰ ਕੇ ਕਾਰ ਸਾੜਦੇ ਹਨ, ਤਾਂ ਜੋ ਪਹਿਚਾਣ ਤੋਂ ਬਚ ਸਕਣ। ਜ਼ਿਕਰਯੋਗ ਹੈ ਕਿ ਪਿਛਲੇ ਕੁਝ ਸਾਲਾਂ ਤੋਂ ਕਬੱਡੀ ਟੂਰਨਾਮੈਂਟਾਂ ਨਾਲ ਜੁੜੇ ਕਈਆਂ ਦੇ ਨਾਂ ਵਿਵਾਦਾਂ ਵਿਚ ਰਹੇ ਹਨ। ਚਾਰ ਕੁ ਦਿਨ ਪਹਿਲਾਂ ਸਰੀ 'ਚ ਵੇਦਨ ਪ੍ਰਸ਼ਾਦ ਨਾਂ ਦੇ ਵਿਅਕਤੀ ਨੂੰ ਵੀ ਮਾਰ ਦਿੱਤਾ ਗਿਆ ਸੀ।

## ਤਰਨਤਾਰਨ 'ਚ ਦਸ ਮਿੰਟ ਘੁੰਮਦਾ ਰਿਹਾ ਪਾਕਿਸਤਾਨੀ ਜਹਾਜ਼

**ਲਾਹੌਰ:** ਭਾਰੀ ਮੀਂਹ ਕਾਰਨ ਲਾਹੌਰ ਦੇ ਹਵਾਈ ਅੱਡੇ 'ਤੇ ਉਤਰਨ 'ਚ ਨਾਕਾਮ ਰਹਿਣ ਕਾਰਨ ਪਾਕਿਸਤਾਨ ਇੰਟਰਨੈਸ਼ਨਲ ਏਅਰਲਾਈਨਜ਼ (ਪੀ.ਆਈ.ਏ.) ਦਾ ਜਹਾਜ਼ ਕਰੀਬ ਦਸ ਮਿੰਟਾਂ ਤੱਕ ਭਾਰਤ ਦੇ ਅਧਿਕਾਰ ਖੇਤਰ ਵਿਚ ਉੱਡਦਾ ਰਿਹਾ।

'ਦਿ ਨਿਊਜ਼' ਦੀ ਖਬਰ ਮੁਤਾਬਕ ਪੀ.ਆਈ.ਏ. ਦਾ ਜਹਾਜ਼ ਪੀਕੇ 248 ਚਾਰ ਮਈ ਨੂੰ ਰਾਤ 8 ਵਜੇ ਮਸਕਟ ਤੋਂ ਵਾਪਸ ਆਇਆ ਸੀ ਅਤੇ ਉਹ ਭਾਰੀ ਮੀਂਹ ਕਾਰਨ ਲਾਹੌਰ ਦੇ ਅਲਾਮਾ ਇਕਬਾਲ ਕੌਮਾਂਤਰੀ ਹਵਾਈ ਅੱਡੇ 'ਤੇ ਉਤਰ ਨਾ ਸਕਿਆ। ਪਾਇਲਟ ਨੇ ਹਵਾਈ ਅੱਡੇ 'ਤੇ ਜਹਾਜ਼ ਲਾਹੁਣ ਦੀ ਕੋਸ਼ਿਸ਼ ਕੀਤੀ ਪਰ ਬੋਇੰਗ 777 ਜਹਾਜ਼ ਅਸਥਿਰ ਹੋ ਗਿਆ ਅਤੇ ਲੈਂਡਿੰਗ ਨਹੀਂ ਹੋ ਸਕੀ। ਅਖ਼ਬਾਰ ਮੁਤਾਬਕ ਏਅਰ ਟਰੈਫਿਕ ਕੰਟਰੋਲਰ ਦੀਆਂ ਹਦਾਇਤਾਂ 'ਤੇ ਪਾਇਲਟ ਨੇ ਜਹਾਜ਼ ਵਾਪਸ ਮੋੜ ਲਿਆ। ਇਸ ਦੌਰਾਨ ਭਾਰੀ ਮੀਂਹ ਤੇ ਕੁਝ ਦਿਖਾਈ ਨਾ ਦੇਣ 'ਤੇ ਉਹ ਰਾਹ ਭਟਕ ਗਿਆ।

ਜਹਾਜ਼ ਭਾਰਤ ਦੇ ਪੰਜਾਬ ਸੂਬੇ ਦੇ ਤਰਨ ਤਾਰਨ ਦੇ ਸ਼ਹਿਰ ਰਸੂਲਪੁਰ ਵਿਚ 40 ਕਿਲੋਮੀਟਰ ਦਾ ਸਫਰ ਤੈਅ ਕਰਨ ਮਗਰੋਂ ਨੌਸ਼ਹਿਰਾ ਪੰਨੂਆਂ ਤੋਂ ਵਾਪਸ ਪਰਤ ਗਿਆ। ਇਸ ਬਾਰੇ ਹੁਣ ਛਾਣ-ਬੀਣ ਕੀਤੀ ਜਾ ਰਹੀ ਹੈ।

## ਟੈਕਸਸ ਦੇ ਮਾਲ 'ਚ ਗੋਲੀਬਾਰੀ; ਹਮਲਾਵਰ ਸਣੇ ਨੌਂ ਦੀ ਮੌਤ

**ਹਿਊਸਟਨ:** ਅਮਰੀਕਾ ਦੇ ਸੂਬੇ ਟੈਕਸਸ ਵਿਚ ਇਕ ਬੰਦੂਕਧਾਰੀ ਵੱਲੋਂ ਕੀਤੀ ਗੋਲੀਬਾਰੀ ਵਿਚ 8 ਲੋਕ ਮਾਰੇ ਗਏ ਹਨ। ਪੁਲਿਸ ਨੇ ਬਾਅਦ ਵਿਚ ਹਮਲਾਵਰ ਨੂੰ ਵੀ ਹਲਾਕ ਕਰ ਦਿੱਤਾ। ਵੇਰਵਿਆਂ ਮੁਤਾਬਕ ਗੋਲੀਬਾਰੀ ਇਕ ਭੀੜ-ਭੜੱਕੇ ਵਾਲੇ ਮਾਲ ਵਿਚ ਕੀਤੀ ਗਈ। ਦੇਸ਼ ਵਿਚ ਲਗਾਤਾਰ ਹੋ ਰਹੀ ਬੰਦੂਕ ਹਿੰਸਾ 'ਚ ਇਹ ਨਵੀਂ ਘਟਨਾ ਜੁੜ ਗਈ ਹੈ। ਇਹ ਮਾਲ ਡੱਲਸ ਤੋਂ ਕਰੀਬ 25 ਮੀਲ ਦੂਰ ਹੈ ਤੇ ਇਸ ਵਿਚ 120 ਸਟੋਰ ਹਨ। ਬੰਦੂਕ ਨਾਲ ਲੈਸ ਵਿਅਕਤੀ ਨੇ 'ਐਲਨ ਪ੍ਰੀਮੀਅਮ ਆਊਟਲੈਟਸ' ਵਿਚ ਉਸ ਵੇਲੇ ਗੋਲੀਬਾਰੀ ਸ਼ੁਰੂ ਕੀਤੀ ਜਦ ਵੱਡੀ ਗਿਣਤੀ ਲੋਕ ਖਰੀਦਦਾਰੀ ਲਈ ਉੱਥੇ ਪਹੁੰਚੇ ਹੋਏ ਸਨ। ਪੁਲਿਸ ਨੇ ਕਿਹਾ ਕਿ ਉਨ੍ਹਾਂ ਹਮਲਾਵਰ ਨੂੰ ਹਲਾਕ ਕਰ ਦਿੱਤਾ ਹੈ ਤੇ ਉਹ ਇਕੱਲਾ ਹੀ ਇਸ ਵਾਰਦਾਤ ਵਿਚ ਸ਼ਾਮਲ ਸੀ।




ਅਧਿਕਾਰੀਆਂ ਨੇ ਦੱਸਿਆ ਕਿ ਬੰਦੂਕਧਾਰੀ ਸਣੇ ਸੱਤ ਦੀ ਮੌਤ ਮੌਕੇ ਉਤੇ ਹੀ ਹੋ ਗਈ ਜਦਕਿ ਦੋ ਨੇ ਹਸਪਤਾਲ ਪਹੁੰਚ ਕੇ ਦਮ ਤੋੜ ਦਿੱਤਾ। ਇਕ ਵੀਡੀਓ ਫੁਟੇਜ ਵਿਚ ਗੋਲੀਬਾਰੀ ਦੌਰਾਨ ਸੈਂਕੜੇ ਲੋਕ ਮਾਲ ਤੋਂ ਬਾਹਰ ਭੱਜਦੇ ਨਜ਼ਰ ਆ ਰਹੇ ਹਨ। ਵ੍ਹਾਈਟ ਹਾਊਸ ਨੇ ਕਿਹਾ ਕਿ ਰਾਸ਼ਟਰਪਤੀ ਜੋਅ ਬਾਇਡਨ ਨੂੰ ਗੋਲੀਬਾਰੀ ਬਾਰੇ ਜਾਣੂ ਕਰਾਇਆ ਗਿਆ ਹੈ। ਇਕੱਲੇ ਸੰਨ 2023 ਵਿਚ ਹੀ ਅਮਰੀਕਾ 'ਚ ਇਸ ਤਰ੍ਹਾਂ ਦੀ ਗੋਲੀਬਾਰੀ ਦੀਆਂ 198 ਘਟਨਾਵਾਂ ਹੋ ਚੁੱਕੀਆਂ ਹਨ।

## ਘਰੇਲੂ ਨੀਤੀ ਬਾਰੇ ਬਾਇਡਨ ਦੀ ਸਲਾਹਕਾਰ ਹੋਵੇਗੀ ਨੀਰਾ ਟੰਡਨ

**ਵਾਸ਼ਿੰਗਟਨ:** ਭਾਰਤੀ ਮੂਲ ਦੀ ਅਮਰੀਕੀ ਲੋਕ ਨੀਤੀ ਮਾਹਿਰ ਨੀਰਾ ਟੰਡਨ ਨੂੰ ਰਾਸ਼ਟਰਪਤੀ ਜੋਅ ਬਾਇਡਨ ਨੇ ਘਰੇਲੂ ਨੀਤੀ ਲਈ ਆਪਣੀ ਸਲਾਹਕਾਰ ਨਿਯੁਕਤ ਕੀਤਾ ਹੈ। ਨੀਰਾ ਘਰੇਲੂ ਨੀਤੀ ਦਾ ਏਜੰਡਾ ਬਣਾਉਣ ਤੇ ਲਾਗੂ ਕਰਨ ਵਿਚ ਬਾਇਡਨ ਦੀ ਮਦਦ ਕਰੇਗੀ। ਇਹ ਇਤਿਹਾਸਕ ਪ੍ਰਾਪਤੀ ਹੈ ਕਿਉਂਕਿ ਨੀਰਾ ਵਾਈਟ ਹਾਊਸ ਦੀਆਂ ਤਿੰਨ ਪਾਲਿਸੀ ਕੌਂਸਲਾਂ ਵਿਚੋਂ ਕਿਸੇ ਇਕ ਦੀ ਅਗਵਾਈ ਕਰਨ ਵਾਲੀ ਪਹਿਲੀ ਏਸ਼ਿਆਈ ਤੇ ਅਮਰੀਕੀ ਸ਼ਖ਼ਸੀਅਤ ਹੋਵੇਗੀ।



ਟੰਡਨ (52) ਸੂਜ਼ਨ ਰਾਈਸ ਦੀ ਥਾਂ ਲਏਗੀ। ਬਾਇਡਨ ਨੇ ਕਿਹਾ ਕਿ ਨੀਰਾ ਘਰੇਲੂ ਪੱਧਰ ਉਤੇ ਆਰਥਿਕ ਗਤੀਵਿਧੀ ਤੋਂ ਲੈ ਕੇ ਨਸਲੀ ਬਰਾਬਰੀ, ਸਿਹਤ ਸੰਭਾਲ, ਆਵਾਸ ਤੇ ਸਿੱਖਿਆ ਦੇ ਮੁੱਦੇ ਦੇਖੇਗੀ। ਜ਼ਿਕਰਯੋਗ ਹੈ ਕਿ 2024 ਦੀਆਂ ਚੋਣਾਂ ਤੋਂ ਪਹਿਲਾਂ ਮੁੱਦਿਆਂ 'ਤੇ ਵੰਡੀ ਹੋਈ ਕਾਂਗਰਸ ਵਿਚ ਬਾਇਡਨ ਨੂੰ ਆਪਣੇ ਘਰੇਲੂ ਏਜੰਡੇ 'ਤੇ ਅੜਿੱਕਿਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਬਾਇਡਨ ਨੇ ਕਿਹਾ ਕਿ ਸੀਨੀਅਰ ਸਲਾਹਕਾਰ ਤੇ ਸਟਾਫ ਸਕੱਤਰ ਵਜੋਂ ਨੀਰਾ ਫੈਸਲੇ ਲੈਣ ਵਿਚ ਮਦਦ ਕਰੇਗੀ। ਇਹ ਫੈਸਲੇ ਰਾਸ਼ਟਰਪਤੀ ਨਾਲ ਸਬੰਧਤ ਵੱਖ-ਵੱਖ ਟੀਮਾਂ ਤਾਲਮੇਲ ਕਰ ਕੇ ਲੈਣਗੀਆਂ। ਬਾਇਡਨ ਨੇ ਕਿਹਾ ਕਿ ਨੀਰਾ ਕੋਲ 'ਪਬਲਿਕ ਪਾਲਿਸੀ' ਵਿਚ 25 ਸਾਲਾਂ ਦਾ ਤਜਰਬਾ ਹੈ ਤੇ ਉਹ ਤਿੰਨ ਰਾਸ਼ਟਰਪਤੀਆਂ ਨਾਲ ਕੰਮ ਕਰ ਚੁੱਕੀ ਹੈ। ਨੀਰਾ ਨੇ ਕਰੀਬ ਦਹਾਕਾ ਲੋਕ ਨੀਤੀ ਨਾਲ ਜੁੜੀਆਂ ਅਮਰੀਕਾ ਦੀਆਂ ਸਭ ਤੋਂ ਵੱਡੀਆਂ ਇਕਾਈਆਂ ਨਾਲ ਵੀ ਕੰਮ ਕੀਤਾ ਹੈ। ਟੰਡਨ ਡੈਮੋਕਰੈਟ ਹੈ ਤੇ ਓਬਾਮਾ ਅਤੇ ਕਲਿੰਟਨ ਪ੍ਰਸ਼ਾਸਨ ਨਾਲ ਕੰਮ ਕਰ ਚੁੱਕੀ ਹੈ।

### ਬਾਇਡਨ ਨੇ ਅਜੈ ਬੰਗਾ ਨੂੰ ਵਿਸ਼ਵ ਬੈਂਕ ਦਾ ਪ੍ਰਧਾਨ ਬਣਨ 'ਤੇ ਵਧਾਈ ਦਿੱਤੀ

**ਵਾਸ਼ਿੰਗਟਨ:** ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਨੇ ਅਜੈ ਬੰਗਾ ਨੂੰ ਵਿਸ਼ਵ ਬੈਂਕ ਦਾ ਪ੍ਰਧਾਨ ਬਣਨ ਉਤੇ ਵਧਾਈ ਦਿੱਤੀ ਅਤੇ ਕਿਹਾ ਕਿ ਉਹ ਗਰੀਬੀ ਘਟਾਉਣ ਅਤੇ ਜਲਵਾਯੂ ਸਮੇਤ ਵਿਸ਼ਵ ਚੁਣੌਤੀਆਂ ਨੂੰ ਹੱਲ ਕਰਨ ਲਈ ਵਿਸ਼ਵ ਬੈਂਕ ਨੂੰ ਅੱਗੇ ਲੈ ਕੇ ਜਾਣਗੇ। ਉਪ ਰਾਸ਼ਟਰਪਤੀ ਕਮਲਾ ਹੈਰਿਸ ਨੇ ਵੀ ਉਨ੍ਹਾਂ ਨੂੰ ਵਿਸ਼ਵ ਬੈਂਕ ਦਾ ਪ੍ਰਧਾਨ ਚੁਣੇ ਜਾਣ 'ਤੇ ਵਧਾਈ ਦਿੱਤੀ ਸੀ।


ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਸ਼ਿਕਾਗੋ
ਸ਼ਿਕਾਗੋ ਕਬੱਡੀ ਕੱਪ ਤੇ ਵਾਲੀਬਾਲ ਮੁਕਾਬਲੇ
ਨਾਮੀ ਕਬੱਡੀ ਟੀਮਾਂ ਦੇ ਮੁਕਾਬਲੇ ਹੋਣਗੇ
ਵਿਸ਼ੇਸ਼ ਮਹਿਮਾਨ
ਦਰਸ਼ਨ ਸਿੰਘ ਧਾਲੀਵਾਲ
ਸੁਰਜੀਤ ਸਿੰਘ ਰੱਖੜਾ
ਸੁਖਵਿੰਦਰ ਸਿੰਘ ਘੱਗਰ
ਦੀਦਾਰ ਸਿੰਘ ਧਨੋਆ
28 ਮਈ 2023
ਸਥਾਨ: ਬਸੀ ਵੁੱਡਜ਼, ਐਲਕ ਗਰੋਵ ਵਿਲੇਜ
ਸਵ. ਮਿਹਰ ਸਿੰਘ ਢੀਂਡਸਾ
ਵਾਲੀਬਾਲ ਦਾ ਪਹਿਲਾ ਇਨਾਮ ਢੀਂਡਸਾ ਪਰਿਵਾਰ ਅਤੇ ਦੂਜਾ ਇਨਾਮ ਸਮਰਾ ਪਰਿਵਾਰ ਵਲੋਂ
ਪਹੁੰਚ ਰਹੇ ਕਲਾਕਾਰ
ਮੁੱਖ ਮਹਿਮਾਨ
ਚੇਅਰਮੈਨ
ਜਥੇਦਾਰ ਤਾਰਾ ਸਿੰਘ ਸੱਲ੍ਹਾਂ
ਬਲਦੇਵ ਸਿੰਘ ਸੱਲ੍ਹਾਂ
ਗੁਰਮੀਤ ਸਿੰਘ ਸੱਲ੍ਹਾਂ
ਸਰਬਜੀਤ ਸਿੰਘ ਸੱਲ੍ਹਾਂ
ਢੀਂਡਸਾ ਬਰਦਰਜ਼
ਬੱਬੂ ਐਪਲਟਨ
ਹਰਦੀਪ ਸਿੰਘ ਭੱਟੀ (ਸਾਬਕਾ ਚੇਅਰਮੈਨ)
ਜਿੰਦਰ ਬੈਨੀਪਾਲ ਸਾਬਕਾ ਪ੍ਰਧਾਨ
ਕਾਬਲ ਸਿੰਘ ਭੁੱਲਰ ਸਾਬਕਾ ਪ੍ਰਧਾਨ
ਬਲਜੀਤ ਟਿਵਾਣਾ ਸਾਬਕਾ ਪ੍ਰਧਾਨ
CENTURY 21.
REAL ESTATE BROKER
BUYING OR SELLING?
CALL ME TODAY!
Sharan Kaur CEO, Singh Financing
Ph: 832-604-6905
F 800-886-4082
SINGH FINANCING
www.singhfinancing.com
10206 Fairbanks N. Houston Rd.Houston, TX 77064
Invoice Factoring Services
ਦੀਪਇੰਦਰ ਸਿੰਘ ਵਿਰਕ ਪ੍ਰਧਾਂਨ
ਹਨੀ ਖੰਗੂੜਾ ਮੀਤ ਪ੍ਰਧਾਨ
ਕਲੱਬ ਮੈਂਬਰ
ਜਿੰਦੀ ਖੰਗੂੜਾ
ਜਸਵਿੰਦਰ ਗਿੱਲ
ਵਿੱਕੀ ਸ਼ੰਮੀਪੁਰੀਆ
ਗਗਨ ਬਾਜਵਾ
ਗੋਲਡੀ ਲਾਲੀ
ਕਮਲਜੀਤ ਘੁਮਾਣ
ਸੁਖਰਾਜ ਸਿੰਘ ਤੱਖਰ
ਧਰਮਿੰਦਰ ਜਸਵਾਲ
ਲਖਵਿੰਦਰ ਬਿਹਾਰੀਪੁਰੀਆ
ਹਰਪ੍ਰੀਤ ਗਿੱਲ
ਹਰਬੰਤ ਗਰੇਵਾਲ
ਹਰਜਿੰਦਰ ਸਮਰਾ
ਪਿੰਦੀ ਢੀਨਾ
ਜਗਜੀਤ ਨਾਹਲ
ਸੁਖਦੀਪ ਸਿੰਘ
ਜਸਪ੍ਰੀਤ ਮਠਾੜੂ
ਸੋਨੂੰ ਸਹੋਤਾ
ਨੰਨਾ ਸਹੋਤਾ
ਓਂਕਾਰ ਸਹੋਤਾ
ਜਗਦੀਸ਼ ਸੰਧੂ
ਜੱਸੀ ਸਹੋਤਾ
ਸੁਖਵੀਰ ਉੱਪਲ
ਅੰਮ੍ਰਿਤਪਾਲ ਬੱਟੂ
ਮਨਜੀਤ ਸਿੰਘ
ਮਨਮੋਹਨ ਸਿੰਘ ਭੱਠਲ
ਸੁਰਿੰਦਰ ਭੱਟੀ
ਹਰਕਮਲਦੀਪ ਸਿੰਘ
ਗੁਰਜੀਤ ਸੰਧੂ
ਪਰਮਿੰਦਰ ਸਿੰਘ
ਇੰਦਰਜੀਤ ਸਿੰਘ
ਸ਼ੇਰਾ ਖਾਂਬੜਾ
ਗੁਰਪਾਲ ਸੰਧੂ
ਜੋਤੀ ਸਹੋਤਾ
ਸੁਰਜੀਤ ਸਿੰਘ ਡੀ ਸੀ
ਬੰਟੀ ਕਨੌਸ਼ਾ
ਯਾਦਵਿੰਦਰ ਗਿੱਲ
ਨਵਜੋਤ ਸਿੰਘ
ਜਗਦੀਪ ਬਰਿਆਣਾ
ਮਨਦੀਪ ਲਿੱਝਰ
ਪਾਲੀ ਧਾਲੀਵਾਲ
ਗੋਖੀ ਸੇਖੋਂ
ਗੋਗਾ ਘੁਮਾਣ
ਮਿੰਦਰ ਭੱਠਲ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਵਿੱਕੀ ਸ਼ੰਮੀਪੁਰੀਆ 215-917-9885
ਬਲਜੀਤ ਟਿਵਾਣਾ 773-469-9384
ਜਤਿੰਦਰ ਖੰਗੂੜਾ 224-381-2830
ਜਿੰਦੀ ਖੰਗੂੜਾ 847-529-1464
ਜਗਜੀਤ ਨਾਹਲ 224-678-4900
ਓਂਕਾਰ ਸਹੋਤਾ 708-745-1815
ਕਾਬਲ ਸਿੰਘ ਭੁੱਲਰ 847-732-9813
ਜੱਸੀ ਗਿੱਲ 773-759-0433
ਲੱਖਾ ਬਿਹਾਰੀਪੁਰ 630-706-0925

## ਕਬੱਡੀ ਦਾ ਪਹਿਲਾ ਇਨਾਮ

ਕਬੱਡੀ ਦਾ ਪਹਿਲਾ ਇਨਾਮ ਸਵ. ਸਰਪੰਚ ਇੰਦਰ ਸਿੰਘ ਦੀ ਯਾਦ ਵਿਚ ਖਾਸਰੀਆ ਪਰਿਵਾਰ ਵਲੋਂ:-



ਹਰਜਿੰਦਰ ਸਿੰਘ ਜਿੰਦੀ | ਅਰਵਿੰਦਰ ਸਿੰਘ ਬੂਟਾ | ਭੁਪਿੰਦਰ ਸਿੰਘ ਟਿੱਕਾ

## ਕਬੱਡੀ ਦੇ ਦੂਜੇ ਇਨਾਮ ਦੇ ਸਪਾਂਸਰ



ਗੁਰਸਾਹਿਬ ਸਿੰਘ ਤੂਰ | ਗੁਰਦੀਪ ਤੂਰ | ਗੈਰੀ ਤੂਰ | ਸਤੀਸ਼ ਭਾਰਦਵਾਜ | ਸਤਪਾਲ ਬੈਂਸ | ਕੁਲਜੀਤ ਗਿਲਜ਼ੀਆਂ | ਲਵਪ੍ਰੀਤ ਸਿੰਘ

**ਕਬੱਡੀ ਦਾ ਦੂਜਾ ਇਨਾਮ ਤੂਰ ਅਤੇ ਭਾਰਦਵਾਜ ਪਰਿਵਾਰ ਵਲੋਂ**

## ਕਬੱਡੀ ਦੇ ਤੀਜੇ ਇਨਾਮ ਦੇ ਸਪਾਂਸਰ

**ਸਵ. ਮੇਜਰ ਸਿੰਘ ਮੌਜੀ ਅਤੇ ਸੰਤੋਖ ਸਿੰਘ ਖਹਿਰਾ ਦੀ ਯਾਦ ਵਿਚ**



ਡਾ. ਹਰਜਿੰਦਰ ਸਿੰਘ ਖਹਿਰਾ | ਹੈਪੀ ਸਿੰਘ ਹੀਰ | ਜਸਕਰਨ ਸਿੰਘ ਧਾਲੀਵਾਲ

## ਵਿਸ਼ੇਸ਼ ਮਹਿਮਾਨ



ਪਰਮਿੰਦਰ ਸਿੰਘ ਗੋਲਡੀ | ਬੀ ਸੀ ਟਰੱਕਿੰਗ ਐਂਡ ਕਵਾਲਿਟੀ ਲਿਕਰਜ਼ | ਸੰਨੀ ਸ਼ੇਰਗਿੱਲ | ਸੁੱਖਾ ਬੱਲ | ਜਸਪਾਲ ਅਟਵਾਲ | ਭੁਪਿੰਦਰ ਸਿੰਘ ਸੋਢੀ



ਅਵਤਾਰ ਸਿੰਘ | ਜਰਨੈਲ ਸਿੰਘ ਮਿਆਣੀ | ਸਤਪਾਲ ਸੱਤਾ | ਰਣਦੀਪ ਪਾਲ ਰਿੰਕੂ | ਜੱਗੀ ਸਿੰਘ ਘੋਤੜਾ | ਪਰਮਿੰਦਰ ਸਿੰਘ ਗਰੇਵਾਲ



ਸਨੀ ਧਾਮੀ | ਬੱਬੂ ਧਾਮੀ

**ਚੌਥੀ ਟੀਮ ਦੇ ਸਪਾਂਸਰ (ਧਾਮੀ ਟਰਾਂਸਪੋਰਟ)**



ਬੈਸਟ ਰੇਡਰ ਤੇ ਸਟਾਪਰ ਦਾ ਇਨਾਮ ਸਵ. ਕੁੰਮਣ ਸਿੰਘ ਅਤੇ ਸਵ. ਹਰਭਜਨ ਸਿੰਘ ਟਿਵਾਣਾ ਦੀ ਯਾਦ ਵਿਚ ਟਿਵਾਣਾ ਪਰਿਵਾਰ ਵਲੋਂ

## ਗੈਸਟ ਆਫ ਆਨਰਜ਼



ਜਸਵਿੰਦਰ | ਸੰਦੀਪ | ਕੁਮਾਰ (ਮੁੰਨਾ ਟੀ ਐਂਡ | ਰਣਜੀਤ ਸਿੰਘ | ਨੋਨਾ ਗਰੇਵਾਲ | ਗੁਰਿੰਦਰਜੀਤ ਸਿੰਘ ਗਰੇਵਾਲ | ਮਨਜੀਤ ਨਾਗਰਾ | ਬਲਦੇਵ ਸਿੰਘ ਗਿੱਲ | ਗੁਰਵੀਰ ਖੰਗੂੜਾ | ਜਸਵਿੰਦਰ ਸਿੰਘ ਪੁਰੇਵਾਲ | ਸੁੱਖੀ ਸਿੰਘ | ਰਣਬੀਰ ਸਿੰਘ ਧਾਲੀਵਾਲ | ਭੁਪਿੰਦਰ ਸਿੰਘ ਧਾਲੀਵਾਲ | ਗੁਰਮਿੰਦਰ ਪੱਡਾ

## ਗੋਲਡ ਸਪਾਂਸਰ




ਗੁਰਚਰਨ ਸਿੰਘ ਝੱਜ | ਹਰਕਿਸ਼ਨ ਸਿੰਘ ਭੱਟੀ | ਜੈਦੇਵ ਸਿੰਘ ਭੱਠਲ | ਲਖਵੀਰ ਸਿੰਘ ਸਹੋਤਾ | ਬਲਵਿੰਦਰ ਸਿੰਘ | ਚਰਨ ਸਿੰਘ ਛੀਨਾ | ਮਨਪ੍ਰੀਤ ਜਿੰਮੀ ਲਸੋਈ | ਸੁਖਵੀਰ ਨਾਰੀਕੇ | ਸੋਨੀ ਹਿਊਸਟਨ | ਹਨੀ ਢਿੱਲੋਂ | ਬਿਕਰਮਜੀਤ ਸਿੰਘ ਸੇਖੋਂ | ਜਸਜੀਤ ਸਿੰਘ ਸਿੱਧੂ



ਰਾਣਾ ਸਿੰਘ ਵਿਰਕ | ਰਿੰਪੀ ਖੱਟੜਾ | ਕੁਲਦੀਪ ਸਿੰਘ ਲੰਗ | ਧਰਮਿੰਦਰ ਖੱਟੜਾ | ਸਰਬਜੀਤ ਸਿੰਘ ਸਿੱਧੂ | ਬੌਬੀ ਖੱਟੜਾ | ਹਰਿੰਦਰ ਟਿਵਾਣਾ | ਸੱਤਾ ਖੱਟੜਾ | ਮਨਦੀਪ ਸਿੰਘ ਭੂਰਾ | ਪਾਲ ਖਲੀਲ | ਸਤਵਿੰਦਰ ਸੱਤਾ | ਸਰਵਣ ਸਿੰਘ ਟਿਵਾਣਾ | ਲਵ ਮਿਨਹਾਸ



ਪੰਜਾਬ ਸਪੋਰਟਸ ਕਲੱਬ ਸ਼ਿਕਾਗੋ ਦੇ ਅਹੁਦੇਦਾਰ



ਗੁਰਵੀਰ ਸਿੰਘ | ਪਰਮਿੰਦਰ ਵਾਲੀਆ | ਜਸਬੀਰ ਸਿੰਘ | ਬਲਵਿੰਦਰ ਨਿੱਕ | ਰਛਪਾਲ ਖੰਗੂੜਾ | ਚਰਨਜੀਤ ਸਮਰਾ | ਬਿਕਰਮ ਸਿੱਧੂ | ਦਪਿੰਦਰ ਸਿੰਘ ਧਾਲੀਵਾਲ | ਗੁਰਲਾਲ ਸਿੰਘ ਭੱਠਲ | ਅਮਰੀਕ ਸਿੰਘ ਸ਼ਿਕਾਗੋ

# ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਸ਼ਿਕਾਗੋ


## ਸਿਲਵਰ ਸਪਾਂਸਰ



ਮਨਜੀਤ ਸਹੋਤਾ | ਸਤਵੀਰ ਬਾਠ | ਅਰਸ਼ਦੀਪ ਭੋਗਲ | ਖੜਕ ਸਿੰਘ | ਸ਼ਿੰਦਾ ਮੱਲ੍ਹੀ | ਪਵਨ ਬੱਲ | ਸੁਖੀ ਟੁੱਟ | ਹਰਿੰਦਰ ਸੰਧੂ | ਦਲਵੀਰ ਸਿੰਘ | ਮੇਜਰ ਸਿੰਘ ਚਾਹਲ



ਬਚਨ ਸਿੰਘ ਗਿੱਲ | ਲਾਲੀ ਸਿੱਧੂ | ਕੁਲਵੰਤ ਢਿੱਲੋਂ | ਪਰਮਜੀਤ ਮਹਿਰਾਜ | ਕੰਵਰਵੀਰ ਸਿੰਘ ਕੇਪੀ | ਗੁਰਦੇਵ ਸਿੰਘ ਜੌੜਾ | ਲਖਵੀਰ ਸਿੰਘ ਭੁੱਲਰ | ਜਗਜੀਤ ਢੀਂਡਸਾ | ਕੁਲਵਿੰਦਰ ਬੱਬੀ | ਭਿੰਦਰ ਪੰਮਾ | ਗੁਰਚਰਨ ਝਾਵਰ



ਕੁਲਵਿੰਦਰ ਗਿੱਲ | ਮਨਜਿੰਦਰ ਬੈਨੀਪਾਲ | ਸੁਖਬੀਰ ਸੋਹੀ | ਅਜੀਤਪਾਲ ਸਿੰਘ ਬੈਨੀਪਾਲ | ਇੰਦਰਜੀਤ ਗਰੇਵਾਲ | ਸਨੀ ਗਿੱਲ | ਅਭੀ ਜ਼ੈਲਦਾਰ | ਰਿਪਨ ਜ਼ੈਲਦਾਰ | ਲਖਵਿੰਦਰ ਸਿੰਘ | ਮੁਕੰਦ ਸਿੰਘ ਮਾਂਗਟ | ਮਨਪ੍ਰੀਤ ਸਿੱਧੂ | ਵਿਕ ਬਾਵਾ



ਹਰਭਜਨ ਸਿੰਘ ਚਾਹਲ | ਆਗਿਆਪਾਲ ਚਾਹਲ | ਸੁਖਵੰਤ ਪਹਿਲਵਾਨ | ਲੱਕੀ ਸਿੰਘ ਮਿਲਵਾਕੀ | ਬਲਜਿੰਦਰ ਲਾਲੀ | ਦਿਲਬਾਗ ਅਤੇ ਪ੍ਰਿਤਪਾਲ ਸੰਧਰ | ਸੁੱਖਾ ਬੈਂਸ | ਸਰਬਜੀਤ ਸਿੰਘ ਐਲ ਏ | ਨੇਕਾ ਖਾਂਬਰਾ | ਬਲਵੀਰ ਸਿੰਘ | ਗੁਰਪ੍ਰੀਤ ਧਾਰਨੀ



ਸੁਖਵੀਰ ਸਿੰਘ ਗਿੱਲ | ਬਲਵੀਰ ਸਿੰਘ ਝਾਵਰ | ਅਜੀਤ ਸਿੰਘ | ਰਣਜੀਤ ਸਿੰਘ | ਕਿਰਪਾਲ ਸਿੰਘ | ਰਵਿੰਦਰ ਸਿੰਘ ਰਵੀ | ਹਰਦੀਪ ਸਿੰਘ ਜੱਸੜ | ਜੋਧ ਸਿੰਘ ਸਿੱਧੂ | ਤੇਜਵੀਰ ਸੰਧੂ | ਹਰਿੰਦਰ ਸਿੰਘ ਰਾਣਾ | ਬਲਵਿੰਦਰ ਸਿੰਘ ਵਿਰਕ | ਸੋਨੀ ਔਜਲਾ



ਕੁਲਵੰਤ ਸਿੰਘ ਨਾਗਰਾ | ਗੁਰਮੇਲ ਸਿੰਘ ਅਟਵਾਲ | ਚਰਨ ਸਿੰਘ ਨਾਗਰਾ | ਮਾਨ ਸਾਹਿਬ | ਸੰਦੀਪ ਸਿੰਘ | ਬਲਜਿੰਦਰ ਰਾਏ | ਰਾਣਾ ਕੰਗ | ਅਯੁਧਿਆ ਸਲਵਾਨ | ਸੋਨੀ ਸਹੋਤਾ ਸਿਆਟਲ | ਮਨਜੀਤ ਸਿੰਘ | ਪ੍ਰਦੀਪ ਸਲਵਾਨ



ਬਲਜੋਤ ਸਿੰਘ | ਬਡੀ ਢਿੱਲੋਂ | ਮੌਂਟੀ ਸਿੰਘ | ਗੁਰੀ ਵਿਰਕ | ਜੋਰਾ ਗਾਖਲ | ਕੁਲਵੀਰ ਹੋਠੀ | ਮਨਪ੍ਰੀਤ ਸਿੰਘ | ਲਖਵੀਰ ਸਿੰਘ ਪੁਨੀ | ਗੁਰਸੇਵ ਸਿੰਘ | ਗੋਪੀ ਗਿੱਲ | ਨਵਦੀਪ ਸਿੰਘ





ਗੁਰਦੁਆਰਾ ਸਾਹਿਬਾਨ ਦੀਵਾਨ ਐਵੇਨਿਊ ਸ਼ਿਕਾਗੋ ਅਤੇ ਪੈਲਾਟਾਈਨ, ਵਲੋਂ ਵਿਸ਼ੇਸ਼ ਸਹਿਯੋਗ

SERVING WISCONSIN & ILLINOIS STATE

RE/MAX

JESSE SINGH
Ph: 847-606-3664

E-Mail: J.SINGH@REMAX.COM, WEBSITE: JSINGH.REMAX.COM
REMAX SHOWCASE, LONG GROVE, IL 60060



ਫਰੀ ਪੀਜ਼ੇ ਦੀ ਸੇਵਾ

# Shere Punjab Sports and Cultural Club, Chicago

## ਸਿਲਵਰ ਸਪਾਂਸਰ



ਕਰਨ ਗਾਖਲ | ਰਵਿੰਦਰ ਗਾਖਲ | ਨਰੇਸ਼ ਖਟਾਣਾ | ਰਾਣਾ ਸੇਖੋਂ | ਸਤੀਸ਼ ਖਟਾਣਾ | ਜਗਤਾਰ ਗਾਖਲ | ਹਨੀ ਮਾਨ | ਨਵਜੋਤ ਗਾਖਲ | ਸੰਦੀਪ ਢਿੱਲੋਂ | ਹੈਪੀ ਗਰੇਵਾਲ



ਡਾ. ਵਿਕਰਮ ਸਿੰਘ ਗਿੱਲ | ਗੁਰਪ੍ਰੀਤ ਸਿੱਧੂ | ਸੀਤਾ ਬੱਲ | ਸਵ. ਸੰਦੀਪ ਧਾਲੀਵਾਲ | ਜੱਸੀ ਖਹਿਰਾ | ਗੁਰਪ੍ਰੀਤ ਤੂਰ | ਮੇਜਰ ਸਿੰਘ ਹਿਊਸਟਨ | ਦੀਪਕ ਸਿੰਘ ਰਾਏ | ਪਾਲ ਸੰਘਾ | ਹਰਜਿੰਦਰ ਸਿੰਘ ਓਹਾਇਓ | ਅਜੈਬ ਸਿੰਘ ਸੰਧੂ




ਹੈਪੀ ਸਿੰਘ | ਲਵਦੀਪ ਸਿੰਘ ਦੁੱਲਤ | ਤਾਲੀ ਭੱਠਲ | ਸੰਤੋਖ ਸਿੰਘ ਡੀ. ਸੀ. | ਨਰਿੰਦਰ ਸਿੰਘ ਸਰਾਂ | ਰਜਿੰਦਰ ਸਿੰਘ ਦਿਆਲ | ਹਰਵਿੰਦਰ ਸਿੰਘ ਬਿੱਲਾ | ਹਰਦੀਪ ਸਿੰਘ ਗਿੱਲ | ਅੰਮ੍ਰਿਤਪਾਲ ਸਿੰਘ ਸੰਘਾ | ਗੁਰਮੀਤ ਸਿੰਘ ਭੋਲਾ | ਮਿੱਢਾ ਮਾਹਲਪੁਰੀਆ




ਹਰਕੀਰਤ ਸਿੰਘ ਸੰਧੂ | ਲਖਬੀਰ ਸਿੰਘ ਸੰਧੂ | ਹਰਜੀਤ ਸਿੰਘ ਗਿੱਲ | ਜੈਰਾਮ ਸਿੰਘ ਕਾਹਲੋਂ | ਮੱਖਣ ਸਿੰਘ ਕਲੇਰ | ਦਾਰਾ ਸਿੰਘ | ਤਰਲੋਚਨ ਸਿੰਘ ਮੁਲਤਾਨੀ | ਭਰਪੂਰ ਸਿੰਘ | ਅੱਛਰ ਸਿੰਘ | ਜਰਨੈਲ ਸਿੰਘ ਗਰੇਵਾਲ | ਯਾਦਵਿੰਦਰ ਸਿੰਘ ਗਰੇਵਾਲ | ਸੰਤੋਖ ਸਿੰਘ ਭਟਨੂਰਾ



ਸੁਖਪ੍ਰੀਤ ਸਿੰਘ ਬੱਲ | ਸ਼ਵਿੰਦਰ ਸਿੰਘ | ਲਵਦੀਪ ਸਿੰਘ | ਮਨੀ ਦਾਤਲਾ | ਨਵਪ੍ਰੀਤ ਸਿੰਘ ਬਾਜਵਾ | ਜਰਨੈਲ ਸਿੰਘ ਰਾਏ | ਰਵੀ ਦਾਤਲਾ | ਗੁਰਪ੍ਰੀਤ ਸਿੰਘ ਗੇਹਲਣ | ਲਵਪ੍ਰੀਤ ਗਰੇਵਾਲ | ਸਤਨਾਮ ਸਿੰਘ | ਸਹੋਤਾ ਸਾਹਿਬ | ਗੋਰਾ



ਟੋਨੀ ਸੰਘੇੜਾ | ਹਰਜੀਤ ਸਿੰਘ | ਸਿਕੰਦਰ ਸਿੰਘ ਬਿੱਟੂ | ਨਿਧਾਨ ਸਿੰਘ | ਤਾਰੀ | ਦਰਸ਼ਨ ਸਿੰਘ | ਗੁਲਜ਼ਾਰ ਵਿਰਕ | ਸਨੀ ਕੁਲਾਰ | ਰੰਮੀ ਗਰੇਵਾਲ | ਪ੍ਰਭਜੋਤ ਘੁੰਮਣ | ਹਰਪਾਲ ਸਿੰਘ | ਗੁਰਮੁਖ ਸਿੰਘ



ਹੈਰੀ ਗਿੱਲ | ਮਨਜਿੰਦਰ ਮੰਨਾ | ਜਿੱਪੀ ਸਰਪੰਚ | ਅਰੁਨਦੀਪ ਫਰਿਜ਼ਨੋ | ਗੁਰਪ੍ਰੀਤ ਗੁਰੀ | ਸਤਨਾਮ ਸਿੱਧੂ | ਦਮਨ ਅਤੇ ਤਨੂ ਵਿਰਕ | ਜਥੇਦਾਰ ਚਰਨ ਸਿੰਘ | ਸਵ. ਪ੍ਰਿਤਪਾਲ ਸਿੰਘ ਗਿੱਲ ਅਤੇ ਸ. ਰਣਧੀਰ ਸਿੰਘ ਵਿਰਕ


B&W
BAIRD & WARNER



ਸ਼ਿਕਾਗੋ ਅਤੇ ਨੇੜਲੇ ਸਬਅਰਬ
ਆਪਣਾ ਘਰ ਖਰੀਦਣ ਲਈ ਜਾ
ਵੇਚਣ ਲਈ ਕਾਲ ਕਰੋ
ਹਰਮਨ ਕੌਰ
312.623.7898
email-harman.kaur@bairdwarner.com
web-harmankaur.bairdwarner.com

SWERA
SIKH WOMEN ERA

Solutions Financial
Mortgage Company

Media
ਰੇਡੀਓ ਚੰਨ

Pawa
Trucking, Inc.

# 'ਮਾਂਵਾਂ ਠੰਡੀਆਂ ਛਾਂਵਾਂ'

**ਮਾਂ-ਦਿਵਸ ਲਈ ਵਿਸ਼ੇਸ਼**

ਦੁੱਖ ਵਿਚ ਬੰਦਾ 'ਹਾਏ ਮਾਂ' ਪੁਕਾਰ ਕੇ ਮਾਂ ਨੂੰ ਹੀ ਚੇਤੇ ਕਰਦੈ ਪਰ ਬੜੇ ਦੁੱਖ ਦੀ ਗੱਲ ਹੈ ਕਿ ਲੜਾਈ/ਗੁੱਸੇ ਵੇਲੇ ਮਾਂ ਦੀਆਂ ਹੀ ਗਾਲਾਂ ਕਢਦੈ। ਬਲਕਿ ਧੀ ਅਤੇ ਭੈਣ ਨੂੰ ਵੀ ਨਾਲ ਲਪੇਟ ਲੈਂਦੈ।ਦਰਅਸਲ ਬੇਟੀ ਨਾਲ ਲਾਡ-ਪਿਆਰ, ਬਹੂ ਦਾ ਚਾਅ-ਮਲਾਰ ਅਤੇ ਬੇਬੇ ਦਾ ਮਾਣ-ਸਤਿਕਾਰ ਹੀ ਇਕ ਆਦਰਸ਼ ਪਰਿਵਾਰ ਦਾ ਨਰੋਆ ਆਧਾਰ ਬਣਦੇ ਹਨ। ਬੇਟੀ ਹੀ ਬਹੂ ਬਣ ਮਾਂ ਬਣਦੀ ਹੈ ਪਰ ਜੇ ਬੇਟੀਆਂ ਕੁੱਖ ਵਿਚ ਹੀ ਮਾਰੀ ਜਾਵਾਂਗੇ ਤਾਂ ਬੇਟੇ ਕਿਥੋਂ ਲਿਆਵਾਂਗੇ? ਨਾਲੇ ਅੱਜ ਕੱਲ੍ਹ ਬੇਟੀ ਕਿਹੜੀ ਕਿਸੇ ਦੀ ਨੂੰਹ-ਧੀ ਨਾਲੋਂ ਘੱਟ ਐ?

ਆਖਿਰ ਵਿਚ ਦੋ ਸਿੱਖਿਆਦਾਇਕ ਦੰਦ ਕਥਾਵਾਂ ਦਾ ਹਵਾਲਾ ਦਿੰਦੇ ਹਾਂ-

ਪ੍ਰੋ. ਜਸਵੰਤ ਸਿੰਘ ਗੰਡਮ,
98766-55055

ਇਕ ਦਿਲ-ਫੈਂਕ ਆਸ਼ਕ ਦੀ ਪਰਖ ਲੈਣ ਖਾਤਰ ਉਸ ਦੀ ਮਨਚਲੀ ਮਾਸ਼ੂਕਾ ਨੇ ਕਿਹਾ ਕਿ ਉਹ ਆਪਣੀ ਮੁਹੱਬਤ ਦਰਸਾਉਣ ਲਈ ਆਪਣੀ ਮਾਂ ਦਾ ਕਾਲਜਾ ਕੱਢ ਕੇ ਲਿਆਵੇ। ਨਿਕੰਮਾਂ ਪੁੱਤਰ ਮਾਂ ਦਾ ਕਾਲਜਾ ਕੱਢ ਹੱਥ ਵਿਚ ਫੜੀ ਮਾਸ਼ੂਕਾ ਕੋਲ ਜਾ ਰਿਹਾ ਸੀ ਕਿ ਰਾਹ ਵਿਚ ਠੇਡਾ ਖਾ ਕੇ ਡਿਗ ਪਿਆ। ਮਮਤਾ ਮਾਰੀ ਮਾਂ ਦੇ ਕਾਲਜੇ 'ਚੋਂ ਆਵਾਜ਼ ਆਈ, 'ਪੁੱਤਰ, ਸੱਟ ਤਾਂ ਨਹੀਂ ਲਗੀ?' ਜ਼ਾਹਿਰ ਹੈ ਕਿ ਮਹਿਬੂਬਾ ਨੇ ਵੀ ਖੋਟੇ ਸਿੱਕੇ ਵਾਂਗ ਉਸ ਨੂੰ ਇਹ ਕਹਿ ਕੇ ਮੋੜ ਦਿਤਾ ਕਿ ਜੋ ਆਪਣੀ ਮਾਂ ਦਾ ਨਹੀਂ ਹੋਇਆ ਉਹ ਮੇਰਾ ਕੀ ਹੋਊ?

ਦੂਸਰੀ ਬਿਲਕੁਲ ਇਸ ਦੇ ਉਲਟ ਹੈ। ਕਹਿੰਦੇ ਹਨ ਇਕ ਸਾਜ਼ਿੰਦਾ ਹਰ ਰੋਜ਼ ਜੰਗਲ ਵਿਚ ਜਾ ਕੇ ਮ੍ਰਿਦੰਗ ਵਜਾਉਂਦਾ ਸੀ ਤੇ ਹਰ ਰੋਜ਼ ਹੀ ਉਸ ਕੋਲ ਇਕ ਵੱਛਾ ਆ ਬਹਿੰਦਾ। ਇਕ ਦਿਨ ਸਾਜ਼ਿੰਦੇ ਨੇ ਵੱਛੇ ਨੂੰ ਪੁੱਛਿਆ ਕਿ ਕੀ ਉਸ ਨੂੰ ਉਸ (ਸਾਜ਼ਿੰਦੇ) ਦਾ ਗਾਉਣਾ ਚੰਗਾ ਲਗਦੈ ਕਿ ਵਜਾਉਣਾ? ਵੱਛੇ ਨੇ ਜਵਾਬ ਦਿਤਾ ਕਿ ਉਹ ਸੁਰਤਾਲ ਬਿਲਕੁਲ ਨਹੀਂ ਸਮਝਦਾ। ਉਹ ਤਾਂ ਸਿਰਫ ਇਸ ਲਈ ਆਉਂਦੈ ਕਿ ਮ੍ਰਿਦੰਗ ਵਿਚ ਉਸ ਦੀ ਮਾਂ ਦਾ ਚਮੜਾ ਮੜ੍ਹਿਆ ਹੋਇਆ ਹੈ ਅਤੇ ਜਦ ਵੀ ਮ੍ਰਿਦੰਗ 'ਤੇ ਥਾਪ ਵਜਦੀ ਹੈ ਤਾਂ ਉਸ ਨੂੰ ਇਉਂ ਲਗਦੈ ਕਿ ਉਸ ਦੀ ਮਾਂ ਪੁਕਾਰ ਰਹੀ ਹੈ ਅਤੇ ਉਹ ਦੌੜ ਕੇ ਆਪਣੀ ਮਾਂ ਦੇ ਕੋਲ ਆ ਬੈਠਦੈ!

ਇਕ ਯਹੂਦੀ ਅਖਾਣ ਹੈ ਅਤੇ ਓਸੇ ਕਿਸਮ ਦਾ ਅੰਗਰੇਜ਼ੀ ਲੇਖਕ ਰੁਡਯਾਰਡ ਕਿਪਲਿੰਗ ਦਾ ਕਥਨ ਵੀ ਹੈ-'ਪਰਮਾਤਮਾ ਹਰ ਥਾਂ ਨਹੀਂ ਸੀ ਹੋ ਸਕਦਾ, ਇਸ ਲਈ ਉਸ ਨੇ ਮਾਂ ਬਣਾਈ।'ਸਾਡੀ ਜਾਚੇ ਇਸ ਅਖਾਣ/ਕਥਨ ਦਾ ਅਰਥ ਪਰਮਾਤਮਾ ਦੇ ਪ੍ਰਗਟ ਰੂਪ ਤੋਂ ਹੈ। ਕਿਉਂਕਿ ਧਰਮ ਅਨੁਸਾਰ ਅਦ੍ਰਿਸ਼ਟ ਪ੍ਰਭੂ ਤਾਂ ਜ਼ੱਰਰੇ ਜ਼ੱਰਰੇ ਵਿਚ ਹੈ। ਸੋ ਮਾਂ ਪ੍ਰਭੂ ਦਾ ਦ੍ਰਿਸ਼ਟਮਾਨ 'ਤੇ ਪ੍ਰਗਟ ਰੂਪ ਹੈ!

ਮਾਂ ਸਿਰਜਣਹਾਰ ਦੀ ਸਹਿਭਾਗਣ ਹੈ! ਇਸ ਦੁਨੀਆਂ ਵਿਚ ਪੀਰ, ਪੈਗੰਬਰ, ਔਲੀਏ, ਅਵਤਾਰ, ਮਹਾਂਪੁਰਖ ਲੋਕਾਈ ਦਾ ਕਲਿਆਣ ਕਰਨ ਲਈ ਮਾਂ ਦੇ ਮਾਧਿਅਮ ਰਾਹੀਂ ਹੀ ਪ੍ਰਗਟ ਹੋਏ! ਨਿਦਾ ਫਾਜ਼ਲੀ ਨੇ ਖੂਬ ਕਿਹੈ-'ਗਿਰਜਾ ਮੇਂ ਈਸਾ ਬਸੇ ਮਸਜਿਦ ਮੇਂ ਰਹਿਮਾਨ, ਮਾਂ ਕੇ ਪੈਰੋਂ ਸੇ ਚਲੇ ਹਰ ਆਂਗਨ ਭਗਵਾਨ'। ਦੇਵ ਥਰੀਕੇਵਾਲੇ ਅਨੁਸਾਰ-'ਮਾਂ ਦੀ ਪੂਜਾ ਰੱਬ ਦੀ ਪੂਜਾ, ਮਾਂ ਤਾਂ ਰੱਬ ਦਾ ਰੂਪ ਹੈ ਦੂਜਾ।'

ਬੱਚਾ ਰੱਬ ਕਹਿਣਾ ਬਾਅਦ ਵਿਚ ਸਿਖਦਾ ਹੈ, ਮਾਂ ਕਹਿਣਾ ਪਹਿਲਾਂ। ਮਾਂ ਬੱਚੇ ਦਾ ਪਹਿਲਾ ਸਕੂਲ, ਪਹਿਲਾ ਅਧਿਆਪਕ, ਪਹਿਲੀ ਧਰਮਸਾਲ, ਪਹਿਲੀ ਟਕਸਾਲ ਹੁੰਦੀ ਹੈ। ਐਮਰਸਨ ਨੇ ਕਿਹੈ, 'ਪੁਰਸ਼ ਉਹੀ ਬਣ ਜਾਂਦੇ ਐ ਜੋ ਉਨ੍ਹਾਂ ਦੀਆਂ ਮਾਂਵਾਂ ਬਣਾਉਂਦੀਆਂ ਹਨ।'

ਮਾਂ ਸਿਰਫ ਰਿਸ਼ਤਾ ਨਹੀਂ, ਇਕ ਰੁਤਬਾ ਹੈ; ਵਿਅਕਤੀ ਹੀ ਨਹੀਂ, ਸੰਸਥਾ ਹੈ; ਸਬਦ ਨਹੀਂ, ਮਹਾਂਕਾਵ ਹੈ! ਮਾਂ ਮਮਤਾ ਦਾ ਮੀਨਾਰ ਹੈ, ਘਰ ਦਾ ਸ਼ਿੰਗਾਰ ਅਤੇ ਪਰਿਵਾਰ ਦੀ ਨੁਹਾਰ ਹੈ। ਬੱਚੇ ਲਈ ਸਦਾ ਬਹਾਰ ਹੈ, ਅਮੁੱਕ ਪਿਆਰ ਅਤੇ ਦੁਲਾਰ ਹੈ। ਅਮਰੀਕੀ ਰਾਸ਼ਟਰਪਤੀ ਇਬਰਾਹੀਮ ਲਿੰਕਨ ਅਨੁਸਾਰ, 'ਮੈਂ ਜੋ ਕੁਝ ਵੀ ਹਾਂ ਜਾਂ ਜੋ ਕੁਝ ਹੋਰ ਬਣਨ ਦੀ ਉਮੀਦ ਕਰਦਾ ਹਾਂ, ਉਹ ਸਾਰਾ ਮੇਰੀ ਫਰਿਸ਼ਤਿਆਂ ਵਰਗੀ ਮਾਂ ਦੀ ਦੇਣ ਹੈ।' ਭਲਾ ਮਹਾਨ ਵਿਗਿਆਨੀ ਟਾਮਸ ਐਲਵਾ ਐਡੀਸਨ ਦੀ ਡਾਇਰੀ ਵਿਚ ਲਿਖੀ ਇਹ ਇਬਾਰਤ ਕੌਣ ਭੁੱਲ ਸਕਦੈ-'ਟਾਮਸ ਐਲਵਾ ਐਡੀਸਨ ਇਕ ਭੁਚਲਾਇਆ ਹੋਇਆ ਬੱਚਾ ਸੀ ਜਿਸ ਨੂੰ ਇਕ ਨਾਇਕ ਮਾਂ ਨੇ ਸਦੀ ਦਾ ਪ੍ਰਤਿਭਾਸ਼ਾਲੀ ਵਿਅਕਤੀ ਬਣਾ ਦਿਤਾ'ਇਸ ਬਾਰੇ ਇਕ ਗੱਲ ਪ੍ਰਚਲਤ ਹੈ ਕਿ ਸਕੂਲ ਦੇ ਪਹਿਲੇ ਦਿਨ ਹੀ ਬਾਲ-ਐਡੀਸਨ ਦੇ ਅਧਿਆਪਕ ਨੇ ਘਰ ਇਕ ਨੋਟ ਭੇਜਿਆ ਕਿ ਤੁਹਾਡਾ ਬੇਟਾ ਮਾਨਸਿਕ ਤੌਰ 'ਤੇ ਸਥਿਰ ਨਹੀਂ, ਅਸੀਂ ਇਸ ਨੂੰ ਸਕੂਲੋਂ ਕੱਢ ਰਹੇ ਹਾਂ।' ਪਰ ਉਸ ਦੀ ਮਾਂ ਨੇ ਐਡੀਸਨ ਦੀ ਦਿਲਜੋਈ ਖਾਤਰ ਉਸ ਨੂੰ ਇਹ ਦਸਿਆ ਕਿ ਅਧਿਆਪਕ ਨੇ ਲਿਖਿਆ ਹੈ ਕਿ ਐਡੀਸਨ ਇਕ ਪ੍ਰਤਿਭਾਸ਼ਾਲੀ ਬੱਚਾ ਹੈ, ਅਸੀਂ ਇਸ ਨੂੰ ਪੜ੍ਹਾਉਣ ਦੇ ਅਸਮਰੱਥ ਹਾਂ, ਇਸ ਲਈ ਤੁਸੀਂ ਇਸ ਨੂੰ ਘਰ 'ਚ ਹੀ ਪੜ੍ਹਾਓ।'ਐਡੀਸਨ ਨੂੰ ਇਹ ਨੋਟ ਇਕ ਵਡਾ ਖੋਜੀ ਬਣਨ ਅਤੇ ਮਾਂ ਦੀ ਮੌਤ ਉਪਰੰਤ ਮਿਲਿਆ, ਜਿਸ ਨੂੰ ਪੜ੍ਹਨ ਬਾਅਦ ਉਹ ਫੁਟ ਫੁਟ ਕੇ ਰੋਇਆ।

ਮਾਂ ਇਕ ਸ਼ਬਦ ਨਹੀਂ, ਮਹਾਂ-ਕਾਵਿ ਹੈ! ਮਾਂ ਇਕ ਮੰਦਿਰ ਹੈ, ਤੀਰਥ ਸਥਾਨ ਹੈ, ਘਰ-ਮੰਦਿਰ ਦੀ ਦੇਵੀ ਹੈ, ਮਾਂ ਦੇ ਚਰਨਾਂ ਵਿਚ ਭਗਵਾਨ ਹੈ! 1966 ਦੀ ਹਿੰਦੀ ਫਿਲਮ 'ਦਾਦੀ ਮਾਂ' ਦਾ ਇਕ ਗੀਤ ਹੈ- 'ਉਸ ਕੋ ਤੋ ਨਹੀਂ ਦੇਖਾ ਹਮ ਨੇ ਮਗਰ/ਇਸ ਕੀ ਜ਼ਰੂਰਤ ਕਯਾ ਹੋਗੀ। ਐ ਮਾਂ ਤੇਰੀ ਸੂਰਤ ਸੇ ਅਲਗ/ਭਗਵਾਨ ਕੀ ਸੂਰਤ ਕਯਾ ਹੋਗੀ।' ਮਾਂ ਮਾਲਾ ਦੇ ਮਣਕਿਆਂ ਵਾਂਗ ਪਰਿਵਾਰ ਨੂੰ ਇਕ ਲੜੀ 'ਚ ਪਰੋ ਕੇ ਰਖਦੀ ਹੈ। ਉਹ ਤਾਂ ਉਧੜੇ ਰਿਸ਼ਤਿਆਂ ਦੀ ਤੁਰਪਾਈ ਵੀ ਕਰ ਦਿੰਦੀ ਐ!

ਧਰਤੀ ਨੂੰ ਮਾਂ ਕਹਿੰਦੇ ਹਨ ਕਿਉਂਕਿ ਧਰਤੀ ਵੀ ਸਿਰਜਣਹਾਰ ਹੈ। ਗੁਰਬਾਣੀ ਵਿਚ ਤਾਂ 'ਮਾਤਾ ਧਰਤਿ ਮਹਤੁ' ਕਿਹਾ ਗਿਐ ਕਿਉਂਕਿ ਧਰਤੀ ਵੀ ਮਾਂ ਵਾਂਗ ਦਾਤੀ ਅਤੇ ਖਿਮਾਸ਼ੀਲ ਹੈ। ਆਪਣੇ ਵਤਨ ਨੂੰ ਮਾਤਰ/ਮਾਂ-ਭੂਮੀ ਕਿਹਾ ਜਾਂਦੈ। 'ਬੰਦੇ ਮਾਤਰਮ' ਗੀਤ ਮਾਂ-ਭੂਮੀ ਨੂੰ ਸਜਦਾ ਹੈ। ਆਪਣੀ ਬੋਲੀ ਨੂੰ ਵੀ ਮਾਂ-ਬੋਲੀ ਕਹੀਦੈ।

ਮਾਂ ਸ਼ਬਦ ਸੰਸਕ੍ਰਿਤ ਦੇ 'ਮਾਤ੍ਰਿ/ਮਾਤਾ' ਮੂਲ ਚੋਂ ਆਇਐ। ਭਾਈ ਕਾਹਨ ਸਿੰਘ ਨਾਭਾ ਦੇ ਮਹਾਨਕੋਸ਼ ਵਿਚ ਇਸ ਦੇ 9 ਅਰਥ ਕੀਤੇ ਗਏ ਹਨ। ਸਿਵਾਏ ਆਈ/ਝਾਈ ਜਾਂ ਇਕ ਦੋ ਹੋਰ ਸ਼ਬਦਾਂ ਦੇ ਮਾਂ ਸ਼ਬਦ ਵਿਚ ਵੱਖ ਵੱਖ ਬੋਲੀਆਂ ਵਿਚ 'ਮ' ਅੱਖਰ ਪ੍ਰਧਾਨ ਹੈ। ਗੁਰਬਾਣੀ ਵਿਚ ਮਾਂ ਲਈ ਮਾਊ, ਮਾਊ, ਮਾਇ, ਮਾਈ, ਮਾਤ, ਮਾਤਾ, ਮਾਇਆ ਆਦਿ ਸ਼ਬਦ ਵੀ ਵਰਤੇ ਗਏ ਹਨ।

ਅੰਗਰੇਜ਼ੀ ਵਿਚ ਮਾਂ ਨੂੰ 'ਮਦਰ' ਕਹਿੰਦੇ ਹਨ। ਇਸ ਵਿਚ ਵੀ 'ਮ' ਅੱਖਰ ਹੀ ਹੈ। ਹੋਰ ਤਾਂ ਹੋਰ, ਪਰੋਟੋ-ਇੰਡੋ-ਯੂਰੋਪੀਅਨ ਲੈਂਗੁਏਜ, ਜੋ ਬਹੁਤੀਆਂ ਭਾਸ਼ਾਵਾਂ ਦੀ ਮਾਂ ਕਹੀ ਜਾਂਦੀ ਹੈ, ਵਿਚ ਵੀ ਮਾਂ ਨੂੰ 'ਮੇਅਤਰ' ਕਿਹਾ ਜਾਂਦੈ। ਮਾਡਰਨ 'ਮੰਮੀ','ਮਾਮਾ', 'ਮੌਮ'ਅਤੇ 'ਮੰਮ' ਵਿਚ ਵੀ 'ਮ' ਅੱਖਰ, ਬਲਕਿ ਦੋ ਦੋ 'ਮ' ਆਉਂਦੇ ਹਨ! ਰੂਸੀ ਭਾਸ਼ਾ ਵਿਚ ਮਾਂ ਨੂੰ 'ਮਾਤੇਰੀ' ਅਤੇ ਮੰਮੀ ਨੂੰ 'ਮਾਚ' ਕਿਹਾ ਜਾਂਦੈ। ਫਾਰਸੀ ਵਿਚ ਇਸ ਨੂੰ 'ਮਾਦਰ' ਕਹਿੰਦੇ ਹਨ ਅਤੇ ਇਸ ਸ਼ਬਦ ਦਾ ਇਸਤੇਮਾਲ ਗੁਰੂ ਗੋਬਿੰਦ ਸਿੰਘ ਜੀ ਆਪਣੀ ਬਾਣੀ ਵਿਚ ਕਰਦੇ ਹਨ।

ਵਿਸ਼ਵ ਭਰ ਵਿਚ ਮਾਂ ਦੀ ਸ਼ੋਭਾ ਉਪਰ ਬੜਾ ਸਾਹਿਤ ਰਚਿਆ ਗਿਐ, ਉਸ ਦੀ ਮਹਾਨਤਾ ਉਪਰ ਬਹੁਤ ਸ਼ਾਇਰੀ ਕੀਤੀ ਗਈ ਐ। ਰੂਸੀ ਲੇਖਕ ਮੈਕਸਿਮ ਗੋਰਕੀ ਦੇ ਸੰਸਾਰ ਪ੍ਰਸਿੱਧ ਨਾਵਲ ਦਾ ਨਾਮ ਹੀ 'ਦ ਮਦਰ' (ਮਾਂ) ਹੈ। 1906 ਵਿਚ ਛਪੇ ਇਸ ਨਾਵਲ ਵਿਚ ਫੈਕਟਰੀ ਦੇ ਕਾਮਿਆਂ ਦੀ ਦੁਰਦਸ਼ਾ ਬਿਆਨ ਕੀਤੀ ਗਈ ਹੈ। ਇਸ ਵਿਚ ਇਕ ਮਸਕੀਨ ਜਿਹੀ ਮਾਂ ਆਪਣੇ ਕ੍ਰਾਂਤੀਕਾਰੀ ਪੁੱਤਰ ਅਤੇ ਉਸ ਦੇ ਸਾਥੀਆਂ ਦੀ ਗ੍ਰਿਫਤਾਰੀ ਉਪਰੰਤ ਉਨ੍ਹਾਂ ਦੇ ਸੰਦੇਸ਼ ਨੂੰ ਜਾਰੀ ਰਖਣ ਦਾ ਬੀੜਾ ਚੁਕਦੀ ਹੈ।

ਗੁਰਬਾਣੀ ਵਿਚ ਮਾਂ/ਮਾਤਾ ਦੇ ਮਹੱਤਵ ਬਾਰੇ ਬਹੁਤ ਵਰਣਣ ਹੈ।ਇਥੇ ਕੁਝ ਕੁ ਟੂਕਾਂ ਹੀ ਪੇਸ਼ ਕਰ ਰਹੇ ਹਾਂ-

-ਮਾ ਕੀ ਰਕਤੁ ਪਿਤਾ ਬਿਦੁ ਧਾਰਾ॥
-ਮਾਤ ਪਿਤਾ ਸੁਤ ਬੰਧਪ ਭਾਈ॥

ਮਾਂ ਬਾਰੇ ਸ਼ਾਇਰੀ ਵੀ ਬਹੁਤ ਹੈ। ਮੁਨੱਵਰ ਰਾਣਾ ਨੇ ਤਾਂ ਆਪਣੀ ਇਕ ਕਿਤਾਬ ਦਾ ਨਾਮ ਹੀ 'ਮਾਂ' ਰਖਿਐ। ਇਸ ਉਰਦੂ ਸ਼ਾਇਰ ਨੇ ਮਾਂ ਉਪਰ ਦਰਜਨਾਂ ਸ਼ੇਅਰ ਲਿਖੇ ਹਨ:

-ਕਿਸੀ ਕੋ ਘਰ ਮਿਲਾ ਹਿੱਸੇ ਮੇਂ ਯਾ ਕੋਈ ਦੁਕਾਂ ਆਈ
ਮੈਂ ਘਰ ਮੇਂ ਸਭ ਸੇ ਛੋਟਾ ਥਾ, ਮੇਰੇ ਹਿੱਸੇ ਮੇਂ ਮਾਂ ਆਈ।
-ਯੇ ਐਸਾ ਕਰਜ਼ ਹੈ, ਜੋ ਮੈਂ ਅਦਾ ਕਰ ਹੀ ਨਹੀਂ ਸਕਤਾ,
ਮੈਂ ਜਬ ਤਕ ਘਰ ਨਾਂ ਲੌਟੂੰ, ਮੇਰੀ ਮਾਂ ਸਜਦੇ ਮੇਂ ਰਹਿਤੀ ਹੈ।

ਪਾਕਿਸਤਾਨੀ ਕਵੀ ਜ਼ਾਹਿਦ ਫਖਰੀ ਨੇ ਮਾਂ ਬਾਰੇ ਕਮਾਲ ਕਿਹੈ-

ਜਿਹਨਾਂ ਘਰਾਂ 'ਚ ਮਾਂ ਨਹੀਂ ਹੁੰਦੀ, ਉਨ੍ਹਾਂ ਦੇ ਵਿਹੜੇ ਛਾਂ ਨਹੀਂ ਹੁੰਦੀ।



ਪੁੱਤਰ ਮਾਂਵਾਂ ਤੋਂ ਜਾਨ ਵੀ ਮੰਗਣ, ਮਾਂਵਾਂ ਕੋਲੋਂ ਨਾਂਹ ਨਹੀਂ ਹੁੰਦੀ।
ਜੇ ਕਰ ਮਾਂਵਾਂ ਹਾਂ ਨਾਂ ਕਰਨ, ਰੱਬ ਕੋਲੋਂ ਵੀ ਹਾਂ ਨਹੀਂ ਹੁੰਦੀ।

ਨਿਦਾ ਫਾਜ਼ਲੀ ਅਨੁਸਾਰ-

ਕਿਸੀ ਮੇਂ ਉਸ ਕੀ ਚਾਲ ਹੈ ਕਿਸੀ ਮੇਂ ਉਸ ਕਾ ਰੰਗ,
ਥੋੜੀ ਥੋੜੀ ਹਰ ਜਗਹ ਮਾਂ ਹੈ ਸਭ ਕੇ ਸੰਗ।

ਰਾਹਤ ਇੰਦੌਰੀ ਕਹਿੰਦੇ-

ਗਿਰਜਾ ਮੇਂ ਇਕ ਮੋਮ ਕੀ ਮਰੀਅਮ ਰਖੀ ਥੀ,
ਮਾਂ ਕੀ ਗੋਦ ਮੇਂ ਗੁਜ਼ਰਾ ਬਚਪਨ ਯਾਦ ਆਇਆ।

ਸੁਰਜੀਤ ਪਾਤਰ ਦੇ ਮਾਂ ਅਤੇ ਮਾਂ-ਬੋਲੀ ਬਾਰੇ:

ਮੇਰੀ ਮਾਂ ਨੂੰ ਮੇਰੀ ਕਵਿਤਾ ਸਮਝ ਨਾ ਆਈ,
ਭਾਵੇਂ ਮੇਰੀ ਮਾਂ-ਬੋਲੀ ਵਿਚ ਲਿਖੀ ਹੋਈ ਸੀ।

ਪ੍ਰਦੇਸ-ਪੀੜਾ ਦਾ ਬਿਆਨ ਦੇਖੋ-

ਜੋ ਵਿਦੇਸ਼ਾਂ 'ਚ ਰੁਲਦੇ ਨੇ ਰੋਜ਼ੀ ਲਈ,
ਉਹ ਜਦੋਂ ਦੇਸ ਪਰਤਣਗੇ ਆਪਣੇ ਕਦੀ
ਕੁਝ ਤਾਂ ਸੇਕਣਗੇ ਮਾਂ ਦੇ ਸਿਵੇ ਦੀ ਅਗਨ
ਬਾਕੀ ਕਬਰਾਂ ਦੇ ਰੁੱਖ ਹੇਠ ਜਾ ਬਹਿਣਗੇ'।

ਰਾਹਤ ਇੰਦੌਰੀ ਨੇ ਵੀ ਅਜਿਹੀ ਵੇਦਨਾਂ ਪ੍ਰਗਟ ਕੀਤੀ ਹੈ-

ਨੌਜਵਾਂ ਬੇਟੋਂ ਕੋ ਸ਼ਹਿਰੋਂ ਕੇ ਤਮਾਸ਼ੇ ਲੇ ਉਡੇ,
ਗਾਂਵ ਕੀ ਝੋਲੀ ਮੇਂ ਕੁਛ ਮਜਬੂਰ ਮਾਏਂ ਰਹਿ ਗਈਂ।

ਮਾਂ ਉਪਰ ਅਨੇਕਾਂ ਫਿਲਮਾਂ ਬਣੀਆਂ ਹਨ। 1952 ਦੀ ਹਿੰਦੀ ਫਿਲਮ 'ਮਾਂ' ਤੋਂ ਲੈ ਕੇ ਹੁਣ ਤੀਕ ਇਸ ਟਾਈਟਲ ਦੀਆਂ ਦਰਜਨਾਂ ਫਿਲਮਾਂ ਬਣੀਆਂ ਹਨ। ਹੋਰ ਤਾਂ ਹੋਰ 2017 ਵਿਚ ਮਾਡਰਨ 'ਮੌਮ' ਸ਼ਬਦ ਦੇ ਟਾਈਟਲ ਵਾਲੀ ਫਿਲਮ ਵੀ ਬਣੀ ਹੈ।

ਮਾਂ ਬਾਰੇ ਦਰਜਨਾਂ ਹਿੰਦੀ ਅਤੇ ਪੰਜਾਬੀ ਗੀਤ ਲਿਖੇ ਅਤੇ ਗਾਏ ਗਏ ਹਨ। 1968 ਦੀ ਫਿਲਮ 'ਰਾਜਾ ਔਰ ਰੰਕ' ਦੇ 'ਤੂ ਕਿਤਨੀ ਅੱਛੀ ਹੈ...ਓ ਮਾਂ' ਤੋਂ 2007 ਦੀ 'ਤਾਰੇ ਜ਼ਮੀਨ ਪਰ' ਦੇ 'ਮੈਂ ਕਭੀ ਬਤਲਾਤਾ ਨਹੀਂ ਪਰ ਅੰਧੇਰੇ ਸੇ ਡਰਤਾ ਹੂੰ ਮੈਂ ਮਾਂ...' ਸਮੇਤ ਅਨੇਕਾਂ ਗੀਤ ਹਨ।

ਪੰਜਾਬੀ ਵਿਚ ਸੁਰਿੰਦਰ ਕੌਰ ਅਤੇ ਪ੍ਰਕਾਸ਼ ਕੌਰ ਦਾ ਗਾਇਆ 'ਮਾਂਵਾਂ ਤੇ ਧੀਆਂ ਰਲ ਬੈਠੀਆਂ ਨੀ ਮਾਏ ਕੁਝ ਕਰਦੀਆਂ ਗੱਲੋੜੀਆਂ...' ਅਤੇ ਕੁਲਦੀਪ ਮਾਣਕ ਦਾ 'ਮਾਂ ਹੁੰਦੀ ਏ ਮਾਂ ਓ ਦੁਨੀਆਂ ਵਾਲਿਓ' ਪੰਜਾਬੀ ਲੋਕਧਾਰਾ ਦਾ ਹਿੱਸਾ ਹੀ ਬਣ ਗਏ ਹਨ। 'ਮੈਂ ਸੌ ਸੌ ਰੁੱਖ ਪਈ ਲਾਵਾਂ ਰੁੱਖ ਤਾਂ ਹਰੇ ਭਰੇ, ਮਾਵਾਂ ਠੰਡੀਆਂ ਛਾਂਵਾਂ ਛਾਂਵਾਂ ਕੌਣ ਕਰੇ' ਵੀ ਬਹੁਤ ਮਕਬੂਲ ਹੈ।

ਪੰਜਾਬੀ ਵਿਚ ਮਾਂ ਨਾਲ ਸਬੰਧਤ ਕਈ ਮੁਹਾਵਰੇ/ਅਖਾਣ ਹਨ- ਮਾਏ ਪੁੱਤ ਜਣੇਂਦੀਏ ਕਰਮ ਨਾਂ ਦਿੰਦੀਏ ਵੰਡ, ਇਕ ਚੜ੍ਹੰਦੇ ਘੋੜੀਆਂ ਇਕ ਟੁਕੜੇ ਖਾਂਦੇ ਮੰਗ; ਮਾਂ ਮਣਸੇ ਧੀ ਖਾਏ, ਘਰ ਦੀ ਘਰ ਹੀ ਰਹਿ ਜਾਏ; ਮਾਈ ਚੰਗੀ ਕਿ ਖਾਈ; ਮਾਏ ਨੀ ਮਾਏ ਮੈਂ ਰਹਿ ਨਾ ਸਕਾਂ; ਮਾਂ ਦਾ ਦੁੱਧ ਹਰਾਮ ਕਰਨਾ, ਮਾਤਾ ਦਾ ਮਾਲ, ਮਾਈ ਦਾ ਲਾਲ, ਮਾਂ ਪੁਰ ਧੀ ਪਿਤਾ ਪੁਰ ਘੋੜਾ, ਬਹੁਤਾ ਨਹੀਂ ਤਾਂ ਥੋੜਾ ਥੋੜਾ; ਜਿਹੋ ਜਿਹੀ ਕੋਕੋ ਤਿਹੋ ਜਿਹੇ ਕੋਕੋ ਦੇ ਬੱਚੇ, ਮਾਂ ਦਾ ਦੁੱਧ ਪੀਤਾ ਹੋਣਾ, ਉਹ ਮਾਂ ਮਰ ਗਈ ਜਿਹੜੀ ਦਹੀਂ ਨਾਲ ਟੁੱਕ ਦਿੰਦੀ ਸੀ, ਮਾਂ ਮਰੇ ਭੁਖਾਵਲੇ, ਧੀ ਦਾ ਨਾਊਂ ਦਹੀਂ; ਚੋਰ ਦੀ ਮਾਂ ਕੋਠੀ/ਭੜੋਲੀ 'ਚ ਮੂੰਹ; ਮਾਵਾਂ ਧੀਆਂ ਲੜੀਆਂ ਫਿਰ ਚੌਂਕੇ ਚੜ੍ਹੀਆਂ; ਸੁੱਕਾ ਲਾਡ ਮਤਰੇਈ ਦਾ/ਮੂੰਹ ਚੁੰਮੇਂ ਟੁੱਕ ਨਾਂ ਦੇਈਦਾ ਆਦਿ।

1975 ਦੀ ਫਿਲਮ 'ਦੀਵਾਰ' ਦਾ ਡਾਇਲਾਗ 'ਮੇਰੇ ਪਾਸ ਮਾਂ ਹੈ' ਲੋਕ-ਚੇਤਿਆਂ 'ਚ ਉਕਰਿਆ ਹੋਇਐ। ਫਿਲਮ 'ਚ ਆਮ ਸ਼੍ਰੇਣੀ ਦੀ ਨੁਮਾਇੰਦਗੀ ਕਰਨ ਵਾਲਾ ਕਿਰਦਾਰ ਸ਼ਸ਼ੀ ਕਪੂਰ ਇਹ ਗੱਲ ਉਦੋਂ ਕਹਿੰਦੈ ਜਦ ਉਸ ਦਾ ਵਡਾ ਅਮੀਰ ਫਿਲਮੀ ਭਰਾ ਅਮਿਤਾਭ ਬਚਨ ਬੜੀ ਐਂਠ ਨਾਲ ਦਸਦੈ/ਪੁਛਦੈ ਕਿ 'ਮੇਰੇ ਪਾਸ ਗਾੜੀ ਹੈ, ਬੰਗਲਾ ਹੈ, ਪ੍ਰਾਪਰਟੀ ਹੈ...ਤੇਰੇ ਪਾਸ ਕਯਾ ਹੈ?

ਕਹਿੰਦੇ ਹਨ ਜਦ ਬਾਦਸ਼ਾਹ ਅਕਬਰ ਦੀ ਮਾਂ ਮਰੀ ਤਾਂ ਉਸ ਨੇ ਵੈਰਾਗਮਈ ਅੰਦਾਜ਼ ਵਿਚ ਕਿਹਾ-ਮੈਨੂੰ ਬਾਦਸ਼ਾਹ ਸਲਾਮਤ ਕਹਿਣ ਵਾਲੇ ਤਾਂ ਲੱਖਾਂ ਹਨ ਪਰ ਓਇ ਅੱਕੂ/ਅਕਬਰਾ' ਕਹਿ ਕੇ ਕੋਈ ਨਹੀਂ ਪੁਕਾਰੇਗਾ।

ਮਾਂ ਦੇ ਕਾਇਨਾਤੀ ਕਲਾਵੇ, ਮਾਤ੍ਰਿਪਨ, ਮਾਤ੍ਰੀ-ਮੋਹ, ਘਰ-ਪਰਿਵਾਰ/ਸਮਾਜ ਵਿਚ ਉਸ ਦੇ ਪ੍ਰਭਾਵ ਅਤੇ ਲਾਸਾਨੀ ਕੁਰਬਾਨੀਆਂ ਦੀ ਮਹਾਨਤਾ ਨੂੰ ਦਰਸਾਉਣ/ਮਨਾਉਣ ਲਈ ਅਤੇ ਮਾਂ ਲਈ ਵਿਸ਼ੇਸ਼ ਸਤਿਕਾਰ ਪ੍ਰਗਟ ਕਰਨ ਦੇ ਜਸ਼ਨ ਹਿਤ ਹੀ ਹਰ ਵਰ੍ਹੇ ਮਈ ਮਹੀਨੇ ਦੇ ਦੂਸਰੇ ਐਤਵਾਰ ਨੂੰ 'ਕੌਮਾਂਤਰੀ ਮਾਂ ਦਿਵਸ' ਦੇ ਤੌਰ ਤੇ ਮਨਾਇਆ ਜਾਂਦਾ ਹੈ। ਇਸ ਸਾਲ ਇਹ ਦਿਨ 14 ਮਈ ਨੂੰ ਆਵੇਗਾ। (ਉਂਝ ਮਾਂ ਦੀ ਕੁੱਖ ਦਾ ਕਰਜ਼ ਤਾਂ ਬੰਦਾ ਕਬਰ ਤਕ ਨਹੀਂ ਚੁਕਾ ਸਕਦਾ!)

ਇਸ ਦਿਨ ਦੀ ਆਧੁਨਿਕ ਆਰੰਭਤਾ ਬੇਸ਼ਕ ਇਕ ਇਸਾਈ ਉਤਸਵ 'ਮਦਰਿੰਗ ਸੰਡੇ' ਦੇ ਧਾਰਮਿਕ ਰੂਪ ਵਿਚ ਹੋਈ ਪਰ ਹੋਰਨਾਂ ਤੋਂ ਇਲਾਵਾ ਐਨਾ ਜਾਰਵਿਸ ਨੂੰ ਇਸ ਦਿਵਸ ਨੂੰ ਅਮਰੀਕਾ ਵਿਚ 1908 ਨੂੰ ਸ਼ੁਰੂ ਕਰਨ ਦਾ ਸੇਹਰਾ ਜਾਂਦਾ ਹੈ। 1914 ਵਿਚ ਅਮਰੀਕਾ ਨੇ ਇਸ ਦਿਵਸ ਦੀ ਬਾਕਾਇਦਾ ਤੌਰ ਤੇ ਛੁੱਟੀ ਐਲਾਨੀ। ਵਿਸ਼ਵ ਭਰ ਵਿਚ ਵਖਰੇ-ਵਖਰੇ ਰੂਪ ਵਿਚ ਇਹ ਦਿਵਸ ਮਨਾਇਆ ਜਾਂਦੈ। ਭਾਰਤ, ਅਮਰੀਕਾ, ਕੈਨੇਡਾ ਅਤੇ ਹੋਰ ਅਨੇਕ ਮੁਲਕ ਇਸ ਨੂੰ ਮਈ ਦੇ ਦੂਸਰੇ ਐਤਵਾਰ ਹੀ ਮਨਾਉਂਦੇ ਹਨ ਪਰ ਕਈ ਦੇਸ਼ ਹੋਰ ਤਰੀਖਾਂ 'ਤੇ ਵੀ ਮਨਾਉਂਦੇ ਹਨ।

# ਬਾਦਸ਼ਾਹ ਚਾਰਲਸ ਦੀ ਤਾਜਪੋਸ਼ੀ ਨੇ ਸਵਾਲ ਖੜ੍ਹੇ ਕੀਤੇ

ਬਰਤਾਨੀਆਂ ਦੇ 40ਵੇਂ ਰਾਜ ਮੁਖੀ ਰਾਜੇ ਚਾਰਲਸ ਦੀ ਤਾਜਪੋਸ਼ੀ 6 ਮਈ 2023 ਨੂੰ ਬੜੀ ਧੂਮ ਧਾਮ ਨਾਲ ਹੋਈ। ਇਸ ਤਾਜਪੋਸ਼ੀ 'ਤੇ ਖਰਚ ਹੋਈ ਕੁਲ ਰਾਸ਼ੀ 150 ਮਿਲੀਅਨ ਪੌਂਡ ਦੱਸੀ ਜਾ ਰਹੀ ਹੈ, ਜੋ ਕਿ ਟੈਕਸ ਭਰਨ ਵਾਲੇ ਲੋਕਾਂ ਦੇ ਸਿਰ ਪਏਗੀ। ਇਹ ਰਸਮ ਪ੍ਰਮੁਖ ਤੌਰ 'ਤੇ ਵੈਸਟਮਨਿਸਟਰ ਐਬੇ ਦੇ ਗਿਰਜਾਘਰ ਵਿਚ ਕੀਤੀ ਗਈ। ਇਸ ਸਮਾਰੋਹ ਵਿਚ 2200 ਲੋਕਾਂ ਨੇ ਭਾਗ ਲਿਆ ਦੱਸਿਆ ਜਾਂਦਾ ਹੈ, ਜਿਨ੍ਹਾਂ ਵਿਚ ਸ਼ਾਹੀ ਪਰਿਵਾਰ ਤੋਂ ਇਲਾਵਾ ਰਾਜਾਂ ਦੇ ਮੁਖੀ ਅਤੇ ਵਿਸ਼ੇਸ਼ ਮਹਿਮਾਨ ਸ਼ਾਮਲ ਸਨ। ਸਹੁੰ ਚੁੱਕ ਰਸਮ ਕੈਂਟਰਬਰੀ ਦੇ ਆਰਚ ਬਿਸ਼ਪ ਵਲੋਂ ਨਿਭਾਈ ਗਈ ਜਿਸ ਵਿਚ ਕਿੰਗ ਚਾਰਲਸ ਨੂੰ ਬਾਈਬਲ 'ਤੇ ਹੱਥ ਰੱਖ ਕੇ ਦੇਸ਼ ਦੇ ਕਾਨੂੰਨ ਅਤੇ ਚਰਚ ਆਫ ਇੰਗਲੈਂਡ ਪ੍ਰਤੀ ਆਪਣੀ ਵਫਾਦਾਰੀ ਦੀ ਕਸਮ ਚੁਕਾਈ ਗਈ। ਇਸ ਤਾਜਪੋਸ਼ੀ ਵਿਚ ਕਿੰਗ ਚਾਰਲਸ ਨੂੰ ਵੀ ਓਹ ਹੀ 360 ਸਾਲ ਪੁਰਾਣਾ ਤਾਜ ਪਹਿਨਾਇਆ ਗਿਆ, ਜੋ ਉਸ ਦੀ ਮਾਤਾ ਮਲਿਕਾ ਅਲਿਜ਼ਾਬੈਥ ਨੂੰ 70 ਸਾਲ ਪਹਿਲਾਂ ਸੰਨ 1953 ਵਿਚ ਉਸ ਦੀ ਤਾਜਪੋਸ਼ੀ ਸਮੇਂ ਪਹਿਨਾਇਆ ਗਿਆ ਸੀ। ਇਹ ਤਾਜ 22 ਕੈਰਟ ਸੋਨੇ ਦਾ ਬਣਿਆ ਦੱਸਿਆ ਜਾਂਦਾ ਹੈ, ਜਿਸ ਦਾ ਭਾਰ 230 ਗ੍ਰਾਮ ਹੈ ਅਤੇ ਜਿਸ ਵਿਚ 444 ਰਤਨ ਜੜੇ ਹੋਏ ਹਨ। ਕਿੰਗ ਚਾਰਲਸ ਦੀ ਪਤਨੀ ਕੈਮਿਲਾ ਨੂੰ ਮਲਿਕਾ ਮੈਰੀ ਦਾ ਤਾਜ ਪਹਿਨਾਇਆ ਗਿਆ। ਇਸ ਦਿਨ 'ਤੇ ਬਹੁਤ ਸਾਰੇ ਸਿੱਖਾਂ ਨੂੰ ਕੋਹਿਨੂਰ ਹੀਰੇ ਦੀ ਯਾਦ ਆਈ ਹੋਵੇਗੀ ਜਿਸ ਬਾਰੇ ਇਹ ਕਿਹਾ ਜਾਂਦਾ ਹੈ ਕਿ ਸਿੱਖ ਰਾਜ ਦੀ ਉਹ ਮਲਕੀਅਤ ਮਹਾਂਰਾਣੀ ਵਿਕਟੋਰੀਆ ਨੇ ਨਬਾਲਗ ਮਹਾਰਾਜਾ ਦਲੀਪ ਸਿੰਘ ਤੋਂ ਤੋਹਫੇ ਦੇ ਰੂਪ ਵਿਚ ਲੈ ਲਿਆ ਸੀ, ਜਿਸ ਨੂੰ ਮਗਰੋਂ ਮਲਿਕਾ ਦੇ ਤਾਜ ਦਾ ਸ਼ਿੰਗਾਰ ਬਣਾਇਆ ਗਿਆ। ਸੰਨ 1937 ਵਿਚ ਕੋਹਿਨੂਰ ਦੇ ਤਾਜ ਨੂੰ ਮਹਾਂਰਾਣੀ ਦੀ ਮਾਂ ਦੀ ਤਾਜਪੋਸ਼ੀ ਸਮੇਂ ਪਹਿਨਾਇਆ ਗਿਆ ਸੀ। ਪਰ ਬਾਦਸ਼ਾਹ ਚਾਰਲਸ ਦੀ ਤਾਜਪੋਸ਼ੀ ਵਿਚ ਉਸ ਨੂੰ ਨਹੀਂ ਵਰਤਿਆ ਗਿਆ। ਹੁਣ ਇਹ ਕੋਹਿਨੂਰੀ ਤਾਜ ਟਾਵਰ ਆਫ ਲੰਡਨ ਵਿਚ ਰੱਖਿਆ ਜਾਂਦਾ ਹੈ।

ਬਰਤਾਨਵੀ ਰਾਜ ਸਿੰਘਾਸਨ ਦੀ ਤਾਜਪੋਸ਼ੀ ਦੀਆਂ ਇਹ ਰਸਮਾਂ ਪਿਛਲੀਆਂ 10 ਸਦੀਆਂ ਤੋਂ ਜਿਓਂ ਦੀ ਤਿਓਂ ਚੱਲ ਰਹੀਆਂ ਹਨ। ਕੋਈ ਸਮਾਂ ਸੀ ਜਦੋਂ ਬਰਤਾਨਵੀ ਰਾਜ ਦਾ ਸੂਰਜ ਦੁਨੀਆਂ ਵਿਚ ਕਦੀ ਨਹੀਂ ਸੀ ਡੁੱਬਦਾ ਅਤੇ ਦੇਸ਼ ਦੇ ਰਾਜੇ ਰਾਣੀਆਂ ਦਾ ਰੋਹਬ ਚਕਰਵਰਤੀ ਹੁੰਦਾ ਸੀ। ਅੱਜ ਦਾ ਬਰਤਾਨੀਆਂ ਸੁੰਗੜ ਕੇ ਵੇਲਜ਼, ਇੰਗਲੈਂਡ, ਸਕਾਟਲੈਂਡ ਅਤੇ ਉੱਤਰੀ ਆਇਰਲੈਂਡ ਤੇ ਕੁਝ ਟਾਪੂਆਂ ਤਕ ਰਹਿ ਗਿਆ ਹੈ, ਪਰ ਰਾਜੇ ਦੀ ਤਾਜਪੋਸ਼ੀ ਦੀਆਂ ਰਸਮਾਂ ਅੱਜ ਵੀ ਓਸੇ ਹੀ ਜਾਹੋ-ਜਲਾਲ ਨਾਲ ਕੀਤੀਆਂ ਗਈਆਂ ਹਨ। ਇਸ ਵਾਰ ਦੀ ਤਾਜਪੋਸ਼ੀ ਸਬੰਧੀ ਇਹ ਅੰਦਾਜ਼ੇ ਲਾਏ ਜਾ ਰਹੇ ਸਨ ਕਿ ਸ਼ਾਇਦ ਕਿੰਗ ਚਾਰਲਸ ਇਨ੍ਹਾਂ ਰਸਮਾ ਨੂੰ ਕੁਝ ਫੈਸਲਾਕੁਨ ਮੋੜ ਦੇਣਗੇ ਕਿਓਂਕਿ ਉਨ੍ਹਾਂ ਦਾ ਤਾਂ ਨਾਅਰਾ ਹੀ ਇਹ ਹੈ ਕਿ ਉਸ ਦਾ ਉਦੇਸ਼ ਜਨਤਾ ਤੋਂ ਸੇਵਾ ਕਰਵਾਉਣਾ ਨਹੀਂ ਸਗੋਂ ਸੇਵਾ ਕਰਨਾ ਹੈ ।

ਇਨ੍ਹਾਂ ਰਸਮਾਂ ਵਿਚ ਕੁਝ ਕੁ ਨਿਸ਼ਾਨੀਆਂ ਅਤੇ ਸੰਕੇਤ ਅਹਿਮ ਹਨ, ਜਿਨ੍ਹਾਂ ਵਿਚ ਪਵਿੱਤਰ ਅੰਜੀਲ ਅਤੇ ਮਸੀਹੀ ਕਰੌਸ ਤੋਂ ਇਲਾਵਾ ਯਰੂਸ਼ਲਮ ਵਿਚ ਉਗਾਏ ਗਏ ਜੈਤੂਨ ਦਾ ਪਵਿੱਤਰ ਤੇਲ, 700 ਸਾਲ ਪੁਰਾਣੀ ਕੁਰਸੀ, ਜਿਸ 'ਤੇ ਬੈਠ ਕੇ ਤਾਜਪੋਸ਼ੀ ਦੀ ਰਸਮ ਕੀਤੀ ਜਾਂਦੀ ਹੈ, ਇੱਕ ਰਾਜ ਘਰਾਣੇ ਦੀ ਵਿਰਾਸਤੀ ਤਲਵਾਰ, ਇੱਕ ਸ਼ਾਹੀ ਮੁੰਦਰੀ ਅਤੇ 1349 ਤੋਂ ਚਲਿਆ ਆ ਰਿਹਾ ਸ਼ਾਹੀ ਚਮਚਾ ਵਗੈਰਾ ਸ਼ਾਮਲ ਹਨ। ਇਸ ਤਾਜਪੋਸ਼ੀ ਦਾ ਅਕੀਦਾ ਪ੍ਰਮੁਖ ਤੌਰ 'ਤੇ ਅਤੀਤ ਦੀ ਵਿਰਾਸਤ ਨਾਲ ਭਵਿੱਖ ਨੂੰ ਪ੍ਰੇਰਤ ਕਰਨ ਲਈ ਹੈ (ਫਰਸਇਰਵਣ ਟਹਏ ਪਅਸਟ ਟੌ ਨਿਸਪਰਿਏ ਟਹਏ ਾੁਟੁਰਏ)

ਇਸ ਤਾਜਪੋਸ਼ੀ ਦੇ ਖਿਲਾਫ ਕਿਸੇ ਨਾ ਕਿਸੇ ਤਰਾਂ ਦੇ ਜਨਤਕ ਰੋਸ ਜਾਂ ਧਰਨੇ ਦੀਆ ਸੰਭਾਵਨਾ ਵੀ ਸਨ ਕਿਓਂਕਿ ਆਮ ਲੋਕ ਹੁਣ ਰਾਜਸ਼ਾਹੀ ਪਰੰਪਰਾ ਨੂੰ ਬੇਲੋੜਾ ਅਤੇ ਲੋਕਾਂ ਸਿਰ ਖਾਹ-ਮਖਾਹ ਦਾ ਭਾਰ ਸਮਝਦੇ ਹਨ, ਪਰ ਇਸ ਤਰਾਂ ਦਾ ਕੋਈ ਵਿਘਨ ਨਾ ਪਿਆ। ਇਹ ਵੱਖਰੀ ਗੱਲ ਹੈ ਕਿ ਸਾਰਾ ਦਿਨ ਮੀਂਹ ਪੈਂਦਾ ਰਿਹਾ ਅਤੇ ਹਜ਼ਾਰਾਂ ਲੋਕ ਮੀਂਹ ਵਿਚ ਭਿੱਜਦੇ ਰਹੇ। ਯੂ ਕੇ ਦੇ ਬਹੁ-ਧਰਮੀ ਅਤੇ ਬਹੁ-ਸਭਿਅਕ ਸਮਾਜ ਨੂੰ ਧਿਆਨ ਵਿਚ ਰੱਖਦਿਆਂ ਤਾਜਪੋਸ਼ੀ ਨੂੰ ਅੰਧਾਂ-ਧੁੰਦ ਸਾਮਰਾਜੀ ਅਤੇ ਸੰਪ੍ਰਦਾਇਕ ਪੁੱਠ ਦੇਣ ਤੋਂ ਸੰਕੋਚ ਕੀਤਾ ਗਿਆ। ਇਸ ਰਸਮ ਵਿਚ ਦੂਜੇ ਧਰਮਾਂ ਦੇ ਲੋਕਾਂ ਨੇ ਵੀ ਕਿੰਗ ਚਾਰਲਸ ਨੂੰ ਕੁਝ ਨਾ ਕੁਝ ਭੇਟ ਕੀਤਾ, ਜਦ ਕਿ ਸਿੱਖਾਂ ਵਲੋਂ ਲੌਰਡ ਇੰਦਰਜੀਤ ਸਿੰਘ ਨੇ ਉਸ ਨੂੰ ਇੱਕ ਦਸਤਾਨਾ ਭੇਟ ਕੀਤਾ, ਜੋ ਉਸ ਨੇ ਤਤਕਾਲ ਆਪਣੇ ਸੱਜੇ ਹੱਥ ਵਿਚ ਪਾ ਲਿਆ। ਇਸ ਮਾਮਲੇ ਵਿਚ ਸੋਸ਼ਲ ਸਾਈਟਾਂ 'ਤੇ ਇੱਕ ਬਹਿਸ ਵੀ ਭਖਦੀ ਨਜ਼ਰ ਆ ਰਹੀ ਹੈ ਕਿ ਕੀ ਇਹ ਸਿੱਖਾਂ ਲਈ ਮਾਣ ਦੀ ਘੜੀ ਸੀ? ਜਿਨ੍ਹਾਂ ਸਿੱਖਾਂ ਨੇ ਦੋ ਸੰਸਾਰ ਜੰਗਾਂ ਵਿਚ ਫਿਰੰਗੀ ਰਾਜ ਲਈ ਲੜਦਿਆਂ 83,000 ਸਿੱਖ ਫੌਜੀਆਂ ਦੀਆ ਜਾਨਾਂ ਵਾਰ ਦਿੱਤੀਆਂ ਅਤੇ ਅੱਜ ਦੇ ਬਰਤਾਨੀਆਂ ਵਿਚ ਬਰਤਾਨਵੀ ਸਰਕਾਰ ਨੇ ਆਪਣੇ ਖਰਚੇ 'ਤੇ ਕਿਸੇ ਇੱਕ ਸਿੱਖ ਫੌਜੀ ਦੀ ਯਾਦਗਾਰ ਵੀ ਨਾ ਬਣਾਈ। ਇਹ ਵੀ ਕਿਹਾ ਜਾ ਰਿਹਾ ਹੈ ਕਿ ਸਿੱਖ ਦਾ ਸਿਰ ਤਾਂ ਕੇਵਲ ਪਾਤਸ਼ਾਹਾਂ ਦੇ ਪਾਤਸ਼ਾਹ ਗੁਰੂ ਗ੍ਰੰਥ ਸਾਹਿਬ ਅੱਗੇ ਝੁਕਦਾ ਹੈ, ਨਾ ਕਿ ਕਿਸੇ ਦੁਨਿਆਵੀ ਬਾਦਸ਼ਾਹ ਅੱਗੇ, ਖਾਸ ਕਰਕੇ ਐਸੇ ਬਾਦਸ਼ਾਹ ਅੱਗੇ ਜਿਸ ਦੇ ਵਡੇਰਿਆਂ ਨੇ ਨਬਾਲਗ ਦਲੀਪ ਸਿੰਘ ਤੋਂ ਸਿੱਖ ਰਾਜ ਹਥਿਆਉਣ ਤੋਂ ਬਾਅਦ ਅਹਿਦ ਕੀਤਾ ਸੀ ਕਿ ਉਹ ਸਿੱਖ ਰਾਜ ਬਾਲਗ ਦਲੀਪ ਸਿੰਘ ਨੂੰ ਵਾਪਸ ਕਰ ਦੇਣਗੇ ਪਰ ਇੰਝ ਕਦੀ ਨਾ ਹੋਇਆ।

ਬਰਤਾਨੀਆਂ ਦਾ ਰਾਜਾ ਭਾਵੇਂ ਸਰਕਾਰ ਦਾ ਮੁਖੀਆ ਹੁੰਦਾ ਹੈ ਪਰ ਉਸ ਦੀਆਂ ਰਾਜਸੀ ਸ਼ਕਤੀਆਂ ਸੰਕੇਤਕ ਅਤੇ ਰਸਮੀ ਹੁੰਦੀਆਂ ਹਨ। ਰਾਜੇ ਦੀਆਂ ਪ੍ਰਧਾਨ ਮੰਤਰੀ ਨਾਲ ਕੀਤੀਆਂ ਮੀਟਿੰਗਾਂ ਦਾ ਕੋਈ ਰਿਕਾਰਡ ਨਹੀਂ ਰੱਖਿਆ ਜਾਂਦਾ। ਚੋਣਾਂ ਤੋਂ ਬਾਅਦ ਕਿੰਗ ਵਲੋਂ ਪ੍ਰਧਾਨ ਮੰਤਰੀ ਨੂੰ ਸਰਕਾਰ ਬਨਾਉਣ ਲਈ ਸੱਦਾ ਦੇਣਾ ਵੀ ਰਸਮੀ ਕਾਰਵਾਈ ਹੁੰਦੀ ਹੈ। ਸਾਂਸਦੀ ਸਾਲ ਦੀ ਸ਼ੁਰੂਆਤ ਵੀ ਰਾਜੇ ਵਲੋਂ ਕੀਤੀ ਜਾਂਦੀ ਹੈ। ਸਾਂਸਦ ਵਲੋਂ ਪਾਸ ਕੀਤੇ ਕਾਨੂੰਨਾਂ ਨੂੰ ਲਾਗੂ ਕਰਨ ਤੋਂ ਪਹਿਲਾਂ ਰਾਜੇ ਦੀ ਸਹਿਮਤੀ ਲੈਣੀ ਹੁੰਦੀ ਹੈ। ਪਿਛਲੇ ਚਾਰ ਸੌ ਸਾਲ ਵਿਚ ਬਾਦਸ਼ਾਹ ਨੇ ਕੇਵਲ ਇੱਕ ਵਾਰ ਕਿਸੇ ਕਾਨੂੰਨ ਨੂੰ ਪਾਸ ਕਰਨ ਤੋਂ ਨਾਂਹ ਕੀਤੀ ਸੀ ਅਤੇ ਇਹ ਘਟਨਾ 1708 ਦੀ ਹੈ। ਯੂ ਕੇ ਦਾ ਰਾਜਾ ਕੌਮਨਵੈਲਥ ਸਮੂਹ ਦਾ ਵੀ ਮੁਖੀਆ ਹੁੰਦਾ ਹੈ ਜਿਸ ਦੇ ਤਹਿਤ 56 ਮੁਲਕ ਆਉਂਦੇ ਹਨ। ਇਸ ਤਾਣੇ-ਬਾਣੇ ਨਾਲ ਰਾਜੇ ਦੀ ਅਹਿਮੀਅਤ ਆਮ ਤੌਰ 'ਤੇ ਮਹਿਜ਼ ਮੇਜ਼ਬਾਨੀ ਦੀ ਹੁੰਦੀ ਹੈ । ਯੂ ਕੇ ਦਾ ਰਾਜਾ 56 ਕੌਮਨਵੈਲਥ ਰਾਜਾਂ ਵਿਚੋਂ 14 ਕੌਮਨਵੈਲਥ ਰੀਲਮ ਰਾਜਾਂ ਦਾ ਰਾਜ ਮੁਖੀਆ ਵੀ ਹੁੰਦਾ ਹੈ। ਦੇਸ਼ ਦੀਆਂ ਡਾਕ ਟਿਕਟਾਂ ਅਤੇ ਕਰੰਸੀ 'ਤੇ ਰਾਜੇ ਦੀਆਂ ਤਸਵੀਰਾਂ ਛਪਦੀਆਂ ਹਨ।

ਕੁਲਵੰਤ ਸਿਘਘ ਢੇਸੀ

# ਜ਼ਿੰਦਗੀ ਨੂੰ ਦੇਣ ਹੀ ਦੇਣ ਵਾਲੇ ਪਿਆਰਾ ਸਿੰਘ ਸਹਿਰਾਈ

**ਕਲਮੀ ਚਿੱਤਰ**

*'ਪੰਜਾਬ ਟਾਈਮਜ਼' ਦੇ ਪਿਛਲੇ ਅੰਕਾਂ ਵਿਚ ਅਸੀਂ ਉਘੇ ਲਿਖਾਰੀ ਗੁਰਬਚਨ ਸਿੰਘ ਭੁੱਲਰ ਦੇ ਕਾਲਮ 'ਕਲਮਾਂ ਵਾਲੀਆਂ' ਤਹਿਤ ਔਰਤ ਲਿਖਾਰੀਆਂ ਦੀ ਜ਼ਿੰਦਗੀ ਅਤੇ ਸਾਹਿਤ ਬਾਰੇ ਲੜੀ ਛਾਪੀ ਜਿਸ ਨੂੰ ਭਰਪੂਰ ਹੁੰਗਾਰਾ ਮਿਲਿਆ। ਹੁਣ 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਉਨ੍ਹਾਂ ਆਪਣੇ ਸਾਹਿਤਕਾਰ ਦੋਸਤਾਂ ਬਾਰੇ 'ਕਲਮੀ ਚਿੱਤਰ' ਭੇਜੇ ਹਨ, ਜਿਸ ਵਿਚ ਉਨ੍ਹਾਂ ਵੱਖ-ਵੱਖ ਲਿਖਾਰੀਆਂ ਬਾਰੇ ਬੜੀਆਂ ਦਿਲਚਸਪ ਅਤੇ ਅਣਛੋਹੀਆਂ ਗੱਲਾਂ ਕੀਤੀਆਂ ਹਨ। ਗੁਰਬਚਨ ਸਿੰਘ ਭੁੱਲਰ ਨੇ ਆਪਣੀ ਹਯਾਤੀ ਦਾ ਵੱਡਾ ਹਿੱਸਾ ਭਾਵੇਂ ਦਿੱਲੀ ਵਰਗੇ ਮਹਾਂਨਗਰ ਵਿਚ ਗੁਜ਼ਾਰਿਆ ਪਰ ਉਨ੍ਹਾਂ ਦੀਆਂ ਰਚਨਾਵਾਂ ਵਿਚ ਪਿੰਡਾਂ ਅਤੇ ਪੇਂਡੂ ਰਹਿਤਲ ਦੇ ਰੰਗ ਅਛੋਪਲੇ ਜਿਹੇ ਆਣ ਜੁੜਦੇ ਹਨ। ਉਨ੍ਹਾਂ ਦੀਆਂ ਕਿਰਤਾਂ ਵਿਚ ਸੁਹਜ ਅਤੇ ਸਲੀਕਾ ਆਪਣੀ ਮਿਸਾਲ ਆਪ ਬਣਦਾ ਹੈ। ਉਨ੍ਹਾਂ ਦੀਆਂ ਕਹਾਣੀਆਂ, ਪਲੇਠੇ ਤੇ ਇਕੋ-ਇਕ ਨਾਵਲ 'ਇਹੁ ਜਨਮੁ ਤੁਮਹਾਰੇ ਲੇਖੇ' ਅਤੇ ਹੋਰ ਰਚਨਾਵਾਂ ਵਿਚ ਇਹ ਰੰਗ ਸਹਿਜੇ ਹੀ ਮਹਿਸੂਸ ਕੀਤਾ ਜਾ ਸਕਦਾ ਹੈ। ਇਸ ਲੜੀ ਤਹਿਤ ਇਸ ਵਾਰ ਉੱਘਾ ਲੇਖਕ ਬਲਵੰਤ ਗਾਰਗੀ ਪਾਠਕਾਂ ਦੀ ਨਜ਼ਰ ਹੈ।*

ਸੰਤ-ਕਵੀ ਕਬੀਰ ਜੀ ਨੇ ਕਿਹਾ ਸੀ ਕਿ ਜਣਨੀ ਜਾਂ ਤਾਂ ਭਗਤ ਜਣੇ ਜਾਂ ਦਾਤਾ ਜਣੇ ਤੇ ਜਾਂ ਸੂਰਮਾ ਜਣੇ, ਨਹੀਂ ਤਾਂ ਜਣਨੀ ਐਵੇਂ ਨੂਰ ਨਾ ਗੁਆਵੇ। ਇਹੋ ਜਿਹਾ ਵਿਅਕਤੀ ਜਣਨ ਵਾਲੀ ਜਣਨੀ ਤਾਂ ਧੰਨ ਹੋਵੇਗੀ ਹੀ ਜਿਹੜਾ ਭਗਤ ਵੀ ਹੋਵੇ, ਦਾਤਾ ਵੀ ਤੇ ਸੂਰਮਾ ਵੀ! ਅਜਿਹਾ ਸਬੱਬ ਭਾਵੇਂ ਕਦੀ-ਕਦਾਈਂ, ਵਿਰਲਾ-ਟਾਂਵਾਂ ਹੀ ਹੁੰਦਾ ਹੈ। ਇਨ੍ਹਾਂ ਗੁਣਾਂ ਦੇ ਸੰਗਮ ਦੀ ਇਕ ਮਿਸਾਲ ਸਨ ਪਿਆਰਾ ਸਿੰਘ ਸਹਿਰਾਈ।



**ਗੁਰਬਚਨ ਸਿੰਘ ਭੁੱਲਰ**
ਫੋਨ:+91-80763-63058

ਉਨ੍ਹਾਂ ਨੂੰ ਪਹਿਲੀ ਵਾਰ ਅੱਧੀ ਸਦੀ ਤੋਂ ਵੱਧ ਪਹਿਲਾਂ ਸੋਵੀਅਤ ਦੂਤਾਵਾਸ ਦੇ ਸੂਚਨਾ ਵਿਭਾਗ ਵਿਚ ਦੇਖਿਆ-ਸੀ। ਉਥੇ ਮੈਂ ਦਰਪਨ' ਨਾਂ ਦੇ ਵਿਚ ਕੰਮ ਕਰਨ ਮਿਲਿਆ 'ਸੋਵੀਅਤ ਸਪਤਾਹਿਕ ਲਈ ਪਹੁੰਚਿਆ ਸੀ ਤੇ ਉਹ ਪੰਦਰਵਾੜਾ 'ਸੋਵੀਅਤ ਦੇਸ' ਦੇ ਸੰਪਾਦਕ ਵਜੋਂ ਕੰਮ ਕਰ ਰਹੇ ਸਨ। ਚੌੜੇ ਮੱਥੇ ਵਾਲਾ ਤੇ ਹਸੂੰ-ਹਸੂੰ ਕਰਦਾ ਚਿਹਰਾ; ਸਿਰ ਤੋਂ ਪੈਰਾਂ ਤੱਕ ਦੁੱਧ-ਚਿੱਟੇ ਬਸਤਰ (ਪੈਰਾਂ ਤੱਕ ਇਸ ਲਈ, ਕਿਉਂਕਿ ਉਹ ਹਾੜ੍ਹ-ਸਿਆਲ ਚਿੱਟੇ ਕੱਪੜੇ ਦੇ ਫ਼ਲੀਟ ਹੀ ਪਹਿਣਦੇ ਸਨ ਜੋ ਉਨ੍ਹਾਂ ਦੇ ਪੈਰਾਂ ਦੀ ਟੇਢੀ ਬਣਤਰ ਅਨੁਸਾਰ ਸੌਖੇ ਮੁੜ ਸਕਦੇ ਸਨ); ਮੇਜ਼ ਦੇ ਇਕ ਪਾਸੇ ਨਾਲ ਖੂੰਡੀ ਅਟਕਾਈ ਹੋਈ; ਕੁਰਸੀ ਦੀ ਪਿੱਠ ਉੱਤੇ ਆਪਣਾ ਸਦੀਵੀ ਸਾਥੀ ਲੰਮੀ ਵੱਧਰੀ ਵਾਲਾ ਕੱਪੜੇ ਦਾ ਝੋਲਾ ਮੋਢੇ ਤੋਂ ਲਾਹ ਕੇ ਲਟਕਾਇਆ ਹੋਇਆ!

ਵਾਹ ਪਿਆ ਤਾਂ ਛੇਤੀ ਹੀ ਇਹ ਗੱਲ ਸਪੱਸ਼ਟ ਹੋ ਗਈ ਕਿ ਉਹ ਸੁਭਾਅ ਦੇ ਫ਼ਕੀਰ ਤੇ ਖ਼ਾਨਾਬਦੋਸ਼ ਸਨ। ਜਿਹੜੇ ਲੋਕ ਸ਼ਬਦ 'ਖ਼ਾਨਾਬਦੋਸ਼' ਆਮ ਹੀ ਵਰਤਦੇ ਹਨ, ਸ਼ਾਇਦ ਉਨ੍ਹਾਂ ਵਿਚੋਂ ਵੀ ਬਹੁਤਿਆਂ ਨੂੰ ਇਹ ਇਲਮ ਨਹੀਂ ਹੁੰਦਾ ਕਿ ਫ਼ਾਰਸੀ ਵਿਚ ਖ਼ਾਨਾ ਘਰ ਨੂੰ ਤੇ ਦੋਸ਼ ਮੋਢੇ ਨੂੰ ਆਖਦੇ ਹਨ। ਇਉਂ ਖ਼ਾਨਾਬਦੋਸ਼ ਉਹ ਹੁੰਦਾ ਹੈ ਜਿਸ ਨੇ ਆਪਣਾ ਘਰ ਮੋਢਿਆਂ ਉੱਤੇ ਚੁੱਕਿਆ ਹੋਇਆ ਹੋਵੇ। ਜਿਥੇ ਜਿੰਨਾ ਚਿਰ ਟਿਕਾਣਾ ਕੀਤਾ, ਉਹੋ ਓਨਾ ਚਿਰ ਘਰ ਬਣ ਗਿਆ! ਜੇ ਮੈਂ ਕਹਾਂ ਕਿ ਪੂਰੇ ਜੀਵਨ ਵਿਚ ਮੈਂ ਸਹੀ ਅਰਥਾਂ ਵਿਚ ਖ਼ਾਨਾਬਦੋਸ਼ ਸਹਿਰਾਈ ਜੀ ਦੇ ਰੂਪ ਵਿਚ ਇਕੋ ਹੀ ਦੇਖਿਆ ਹੈ, ਇਹ ਝੂਠ ਨਹੀਂ। ਉਨ੍ਹਾਂ ਦੇ ਝੋਲੇ ਵਿਚ ਹੋਰ ਲੋੜੀਂਦੇ ਦਵਾਈ-ਦੱਪੇ ਤੋਂ ਇਲਾਵਾ ਇਕ ਪੂਰੀ ਪੁਸ਼ਾਕ ਤੇ ਤੌਲੀਆ ਹਮੇਸ਼ਾ ਪਾਏ ਹੋਏ ਹੁੰਦੇ। ਕੀ ਪਤਾ ਦਫ਼ਤਰ ਦੇ ਸਮੇਂ ਮਗਰੋਂ ਸ਼ਾਮ ਨੂੰ ਕਿਸ ਦੋਸਤ-ਮਿੱਤਰ ਦੇ ਘਰ ਜਾਣ ਦਾ ਮਨ ਬਣ ਜਾਵੇ! ਭਾਪਾ ਪ੍ਰੀਤਮ ਸਿੰਘ ਨਵਯੁਗ ਦੀ ਕੋਠੀ ਵਿਚ ਤਾਂ ਇਕ ਕਮਰੇ ਉੱਤੇ ਉਨ੍ਹਾਂ ਦੀ ਪੱਕੀ ਮੇਰ ਸੀ। ਉਥੇ ਤਾਂ ਉਹ ਕਈ-ਕਈ ਦਿਨ ਰਹਿ ਆਉਂਦੇ।

ਉਨ੍ਹਾਂ ਦਾ ਨਿਰਮਲ ਮਨ ਅਤੇ ਉਜਲਾ ਚਿਹਰਾ ਇਸ ਅਖਾਣ ਦਾ ਪ੍ਰਮਾਣ ਸਨ ਕਿ ਚਿਹਰਾ ਮਨ ਦਾ ਸ਼ੀਸ਼ਾ ਹੁੰਦਾ ਹੈ। ਉਨ੍ਹਾਂ ਦੀ ਸ਼ਖ਼ਸੀਅਤ ਬਹੁਪੱਖੀ ਸੀ—ਕਵੀ ਸਹਿਰਾਈ, ਕੌਮੀ ਤੇ ਕੌਮਾਂਤਰੀ ਰਾਜਨੀਤੀ ਦਾ ਵਿਦਿਆਰਥੀ ਸਹਿਰਾਈ, ਕਮਿਊਨਿਸਟ ਸਿਧਾਂਤ ਦਾ ਨਿਸਚੇਮਾਣ ਸਹਿਰਾਈ, ਅਨੁਵਾਦਕ ਸਹਿਰਾਈ, ਫ਼ਕੀਰ ਸਹਿਰਾਈ, ਨਿਆਸਰਿਆਂ ਦਾ ਆਸਰਾ ਸਹਿਰਾਈ, ਯਾਰਾਂ ਦਾ ਯਾਰ ਸਹਿਰਾਈ...

ਉਨ੍ਹਾਂ ਦਾ ਜਨਮ 16 ਸਤੰਬਰ 1915 ਨੂੰ ਆਪਣੇ ਨਾਨਕੇ ਪਿੰਡ ਛਾਪਿਆਂਵਾਲੀ ਵਿਖੇ (ਮਾਨਸਾ ਦੇ ਨੇੜੇ) ਹੋਇਆ। ਪਿੰਡ ਲੁਧਿਆਣੇ ਜ਼ਿਲ੍ਹੇ ਦਾ ਕਿਲਾ ਹਾਂਸ। ਦਾਦਾ ਜੀ ਥੋੜ੍ਹ-ਜ਼ਮੀਨੇ ਸਾਧਾਰਨ ਕਿਸਾਨ ਸਨ ਅਤੇ ਪਿਤਾ ਜੀ ਸਟੇਸ਼ਨ ਮਾਸਟਰ ਸਨ। ਇਹ ਪੌਣੇ ਦੋ ਸਾਲ ਦੇ ਸਨ, ਜਦੋਂ ਸਰੀਰ ਪੋਲੀਓ ਨਾਲ ਜਕੜਿਆ ਗਿਆ। ਇਲਾਜ ਨਾਲ ਬਾਕੀ ਅੰਗ ਇਕ-ਇਕ ਕਰ ਕੇ ਖੁਲ੍ਹਦੇ ਗਏ, ਪਰ ਸੱਜਾ ਚੂਲਾ ਜੁੜਿਆ ਰਹਿ ਗਿਆ ਤੇ ਕੁਝ ਅਸਰ ਬਾਕੀ ਸਰੀਰ ਵਿਚ ਵੀ ਬਚ ਰਿਹਾ। ਕੁਝ ਪਰਿਵਾਰਕ ਲਾਪਰਵਾਹੀ ਅਤੇ ਕੁਝ ਮਜਬੂਰੀ, ਇਲਾਜ ਵਿਚਾਲੇ ਛੱਡ ਦਿੱਤੇ ਜਾਣ ਕਾਰਨ ਏਨਾ ਕੁ ਰੋਗ ਬਣਿਆ ਰਿਹਾ। ਉਹ ਹੱਥ ਵਿਚ ਵੀ ਅਕੜੇਵੇਂ ਦੀ ਸਮੱਸਿਆ ਹੋਣ ਕਰਕੇ ਕਲਮ ਨੂੰ ਇਉਂ ਘੁੱਟ ਕੇ ਫੜਦੇ ਸਨ ਜਿਵੇਂ ਉਹਦੇ ਉਂਗਲਾਂ ਵਿਚੋਂ ਤਿਲ੍ਹਕ ਜਾਣ ਦਾ ਡਰ ਹੋਵੇ। ਤੇ ਫੇਰ ਉਹਨੂੰ ਕਾਗਜ਼ ਉੱਤੇ ਇਉਂ ਰਗੜਦੇ ਸਨ ਜਿਵੇਂ ਬਲੌਰੀ ਖਰਲ ਵਿਚ ਸੰਜੀਵਨੀ ਰਗੜ ਰਿਹਾ ਰਾਜਵੈਦ ਮੂਸਲੀ ਘਸਾਉਂਦਾ ਹੈ।

ਉਨ੍ਹਾਂ ਦਾ ਮਨ ਓਨਾ ਹੀ ਬਲਵਾਨ ਸੀ, ਜਿੰਨਾ ਤਨ ਨਿਤਾਣਾ ਸੀ। ਇਸੇ ਕਰਕੇ ਸਰੀਰਕ ਕਜ ਵਾਲਿਆਂ ਵਿਚ ਅਕਸਰ ਆ ਜਾਣ ਵਾਲੇ ਹੀਣਤਾ ਦੇ ਅਹਿਸਾਸ ਤੇ ਮਾਨਸਿਕ ਵਿਗੋਚੇ ਤੋਂ ਉਹ ਮੁਕਤ ਰਹਿ ਸਕੇ। ਉਹ ਦਸਦੇ ਸਨ, 'ਹੀਣਤਾ ਦਾ ਅਹਿਸਾਸ ਬੱਸ ਹੋਇਆ ਹੀ ਨਹੀਂ। ਇਸ ਦਾ ਇਕ ਕਾਰਨ ਇਹ ਵੀ ਸੀ ਕਿ ਮੇਰੇ ਵਿਦਿਆਰਥੀ-ਜੀਵਨ ਵਿਚ ਜਾਂ ਮਗਰੋਂ ਦੇ ਜੀਵਨ ਵਿਚ ਮੈਨੂੰ ਖਿਝਾਏ ਜਾਣ ਦੀ ਇਕ ਵੀ ਘਟਨਾ ਨਹੀਂ ਵਾਪਰੀ। ਮੈਂ ਸਭ ਸਾਥੀ ਵਿਦਿਆਰਥੀਆਂ ਦਾ ਦੋਸਤ ਹੁੰਦਾ ਸੀ ਤੇ ਆਗੂ ਵੀ। ਇਹ ਗੱਲ ਹੈਰਾਨ ਕਰਨ ਵਾਲੀ ਹੈ ਕਿ ਸਕੂਲ ਵਿਚ ਮੈਂ ਕਈ ਵਾਰ ਤੁਰੇ ਜਾਂਦਿਆਂ ਡਿੱਗ ਪੈਣਾ, ਇਕ ਵੀ ਬੱਚੇ ਨੇ ਹੱਸਣਾ ਨਾ, ਕਿਸੇ ਇਕ ਨੇ ਵੀ! ਮੈਂ ਉੱਠ ਕੇ ਆਪਣੇ ਰਾਹ ਤੁਰ ਪੈਣਾ। ਹਾਂ, ਜਦੋਂ 18-19 ਸਾਲ ਦੀ ਜਵਾਨ ਉਮਰ ਆਈ, ਉਸ ਉਮਰ ਦੇ ਜਜ਼ਬਿਆਂ ਦਾ ਅਸਰ ਕਹਿ ਲਵੋ, ਖ਼ਾਲਸਾ ਕਾਲਜ ਵਿਚ ਮੈਂ ਜਦੋਂ ਤੁਰੇ ਜਾਂਦਿਆਂ ਡਿੱਗ ਪੈਣਾ, ਕਈ ਵਾਰ ਮੇਰਾ ਰੋਣ ਨਿੱਕਲ ਜਾਣਾ। ਮਨ ਵਿਚ ਆਉਣਾ, 'ਇਹ ਵੀ ਕੋਈ ਜ਼ਿੰਦਗੀ ਹੈ, ਮੈਂ ਤੁਰ ਵੀ ਨਹੀਂ ਸਕਦਾ!' ਇਹ ਦੌਰ ਤਿੰਨ-ਚਾਰ ਸਾਲ ਰਿਹਾ। ਫੇਰ ਇਹ ਗੱਲ ਵੀ ਦਿਮਾਗ਼ ਵਿਚੋਂ ਪੂਰੀ ਤਰ੍ਹਾਂ ਨਿੱਕਲ ਗਈ।'

ਸਰੀਰਕ ਬੇਵਸੀ ਤੇ ਮਜਬੂਰੀ ਦੀ ਇਹ ਭਾਵਨਾ ਬੌਧਿਕ ਰੌਸ਼ਨੀ ਨਾਲ ਨਿੱਕਲ ਸਕੀ ਜਿਸ ਨਾਲ ਉਨ੍ਹਾਂ ਦੀ ਆਤਮਾ ਬਲਵਾਨ ਹੁੰਦੀ ਗਈ। ਵਿਚਾਰਧਾਰਾ ਦੇ ਲੜ ਲੱਗਣ ਨੇ ਉਨ੍ਹਾਂ ਨੂੰ ਹੀਣਤਾ ਵਿਚ ਪੈਣੋਂ ਰੋਕਿਆ ਤੇ ਇਹ ਅਹਿਸਾਸ ਕਰਵਾਇਆ ਕਿ ਬ੍ਰਹਿਮੰਡ ਐਡਾ ਵੱਡਾ, ਅਥਾਹ-ਅਸੀਮ ਹੈ। ਉਸ ਵਿਚ ਇਕ ਕਿਣਕੇ ਸਮਾਨ ਸਾਡੀ ਧਰਤੀ ਹੈ। ਉਸ ਉੱਤੇ ਅਰਬਾਂ-ਖ਼ਰਬਾਂ ਜੀਵ-ਜੰਤੂ ਰਹਿੰਦੇ ਹਨ; ਪੰਜ ਅਰਬ ਦੇ ਕਰੀਬ ਤਾਂ ਮਨੁੱਖ ਹੀ ਹਨ। ਉਨ੍ਹਾਂ ਵਿਚੋਂ ਇਕ ਪਿਆਰਾ ਸਿੰਘ ਸਹਿਰਾਈ ਹੈ। ਅੱਗੇ ਉਸ ਸਹਿਰਾਈ ਦਾ ਕੋਈ ਦੁੱਖ-ਸੁਖ ਹੈ। ਕੀ ਮਹੱਤਵ ਹੈ ਇਸ ਦੁੱਖ-ਸੁਖ ਦਾ? ਬੱਸ ਇਸ ਸੋਚ ਨੇ ਉਨ੍ਹਾਂ ਨੂੰ ਸਭ ਹੀਣ-ਭਾਵਾਂ ਤੋਂ ਮੁਕਤ ਕਰ ਦਿੱਤਾ। ਉਹ ਮੰਨਦੇ ਸਨ ਕਿ ਮਨੁੱਖ ਲਈ ਦੁੱਖ-ਸੁਖ ਇਕ-ਸਮਾਨ ਹੋ ਜਾਣ ਵਾਲੀ ਗ੍ਰੰਥਾਂ ਵਿਚ ਲਿਖੀ ਹੋਈ ਅਵਸਥਾ ਨੂੰ ਪਹੁੰਚਣਾ ਅਸੰਭਵ ਹੁੰਦਾ ਹੈ। ਸੁਖ ਆਨੰਦ ਵੀ ਦਿੰਦਾ ਹੈ ਤੇ ਦੁੱਖ ਪੀੜਤ ਵੀ ਕਰਦਾ ਹੈ। ਪਰ ਸੁਖ ਆਪਣੇ ਉਦੇਸ਼ ਭੁਲਾ ਕੇ ਥਿੜਕਾਉਂਦਾ ਨਹੀਂ ਅਤੇ ਦੁੱਖ ਢੇਰੀ ਢਾਹ ਕੇ ਬੈਠਣ ਲਈ ਮਜਬੂਰ ਨਹੀਂ ਕਰ ਸਕਦਾ।

ਜਵਾਨੀ ਨਾਲ ਵਿਆਹ ਦਾ ਵਿਚਾਰ ਜੁੜਿਆ ਹੋਇਆ ਹੈ। ਘਰ ਚੰਗਾ ਹੋਣ ਕਰਕੇ ਇਨ੍ਹਾਂ ਦੀ ਕਜ ਦੇ ਬਾਵਜੂਦ ਰਿਸ਼ਤੇ ਆਉਂਦੇ ਰਹੇ। ਘਰ ਵਾਲੇ ਵੀ ਜ਼ੋਰ ਪਾਉਂਦੇ ਰਹੇ। ਇਨ੍ਹਾਂ ਨੇ ਪਰ ਵਿਆਹ ਦਾ ਖ਼ਿਆਲ ਸੋਚ-ਸਮਝ ਕੇ ਪਹਿਲਾਂ ਹੀ ਛੱਡ ਦਿੱਤਾ ਸੀ। ਇਕ ਤਾਂ ਇਹ ਸਮਝਦੇ ਸੀ ਕਿ ਅਜਿਹੇ ਨਿਰਬਲ ਸਰੀਰ ਨਾਲ ਬੀਵੀ-ਬੱਚਿਆਂ ਦਾ ਭਾਰ ਚੁੱਕਣਾ ਔਖਾ ਹੋਵੇਗਾ। ਦੂਜੇ, ਇਹ ਮਹਿਸੂਸ ਕਰਦੇ ਸੀ ਕਿ ਦੇਸ-ਭਗਤੀ ਦੇ ਜਿਸ ਰਾਹ ਉੱਤੇ ਤੁਰ ਪਏ ਹਨ, ਪਤਾ ਨਹੀਂ ਜੇਲ੍ਹੀਂ ਜਾਣਾ ਪਵੇ ਜਾਂ ਕੀ ਹੋਵੇ। ਤੀਜਾ, ਬਹੁਤ ਸੂਖ਼ਮ ਕਾਰਨ, ਇਹ ਸਮਝਦੇ ਸੀ ਕਿ ਹਰੇਕ ਕੁੜੀ ਦਾ ਆਪਣਾ ਸੁਫ਼ਨਾ ਹੁੰਦਾ ਹੈ। ਤੇ ਫੇਰ ਇਕ ਦਿਨ ਇਸ ਤੀਜੇ ਕਾਰਨ ਨਾਲ ਸੰਬੰਧਿਤ ਇਕ ਅਜਿਹੀ ਘਟਨਾ ਵਾਪਰੀ ਜਿਸ ਨੇ ਇਸ ਮੁੱਦੇ ਦਾ ਭੋਗ ਸਦਾ-ਸਦਾ ਲਈ ਪਾ ਦਿੱਤਾ। ਮਾਤਾ ਜੀ ਤੇ ਮਾਸੀ ਜੀ ਆਉਂਦੇ ਰਿਸ਼ਤਿਆਂ ਦੀਆਂ ਅਤੇ 'ਨਿੱਕੇ ਜਿਹੇ ਨੁਕਸ' ਦੀਆਂ ਦਲੀਲਾਂ ਦੇ-ਦੇ ਕੇ ਇਨ੍ਹਾਂ ਨੂੰ ਵਿਆਹ ਲਈ ਮਨਾਉਣ ਲੱਗੀਆਂ ਹੋਈਆਂ ਸਨ। ਕੋਲ ਮਾਸੀ ਜੀ ਦੀ 16-17 ਸਾਲ ਦੀ ਲੜਕੀ ਬੈਠੀ ਸੀ। ਇਹ ਉਹਨੂੰ ਕਹਿਣ ਲੱਗੇ, 'ਅੱਛਾ ਤੂੰ ਇਹ ਦੱਸ ਕਿ ਜੇ ਕਿਸੇ ਮੁੰਡੇ ਵਿਚ ਮੇਰਾ ਵਰਗਾ 'ਨਿੱਕਾ ਜਿਹਾ ਨੁਕਸ' ਹੋਵੇ, ਤੂੰ ਵਿਆਹ ਕਰਵਾ ਲਵੇਂਗੀ?' ਕੁੜੀ ਨੇ ਇਕਦਮ ਕਿਹਾ, 'ਨਾ, ਮੈਂ ਤਾਂ ਨਾ ਕਰਵਾਵਾਂ।' ਇਹ ਕੁੜੀ ਵੱਲੋਂ ਨਹੀਂ, ਇਨ੍ਹਾਂ ਵੱਲੋਂ ਮਾਂ ਅਤੇ ਮਾਸੀ ਦੀਆਂ ਸਭ ਦਲੀਲਾਂ ਦਾ ਉੱਤਰ ਸੀ। ਇਸ ਮਗਰੋਂ ਘਰ ਵਿਚ ਇਹ ਚਰਚਾ ਬੰਦ ਹੋ ਗਈ।

ਉਨ੍ਹਾਂ ਨਾਲ ਗੱਲਾਂ ਕਰਦਿਆਂ ਕਈ ਵਾਰ ਮੇਰੇ ਮਨ ਵਿਚ ਇਕ ਸਵਾਲ ਆਉਂਦਾ ਪਰ ਮੈਂ ਪੁੱਛਣੋਂ ਝਿਜਕ ਜਾਂਦਾ। ਉਹ ਸਵਾਲ ਜੋ ਹੋਰ ਸੂਰਤਾਂ ਵਿਚ ਸਹਿਰਾਈ ਜੀ ਨਾਲੋਂ ਵਡੇਰੀ ਉਮਰ ਦੇ ਸਾਹਿਤਕਾਰਾਂ ਨੂੰ ਕਰਦਿਆਂ ਵੀ ਸ਼ਾਇਦ ਕੋਈ ਝਿਜਕ ਨਾ ਹੋਵੇ, ਉਨ੍ਹਾਂ ਤੋਂ ਪੁੱਛਣਾ ਕੁਝ ਬੇਅਦਬੀ ਜਿਹੀ ਵੀ ਲਗਦਾ। ਫੇਰ ਇਕ ਦਿਨ ਮੈਂ ਦਿਲ ਕਰੜਾ ਕੀਤਾ ਤੇ ਪੁੱਛ ਹੀ ਲਿਆ, 'ਸਹਿਰਾਈ ਜੀ, ਕਹਿੰਦੇ ਨੇ ਕਿ ਕਵੀ ਨੂੰ ਕੋਈ ਬਾਹਰੋਂ ਵੀ ਪ੍ਰੇਰਨਾ ਮਿਲਦੀ ਹੁੰਦੀ ਐ।...ਮੇਰਾ ਮਤਲਬ ਹੈ ਕੋਈ ਪਿਆਰ-ਸ਼ਿਆਰ...'


ਉਹ ਬੜੀ ਸਹਿਜਤਾ ਨਾਲ ਬੋਲੇ, 'ਦੇਖ ਭਾਈ, ਬੰਦੇ ਨੂੰ ਹੋਰ ਵਿਅਕਤੀਆਂ ਤੋਂ ਪ੍ਰੇਰਨਾ ਤਾਂ ਮਿਲਦੀ ਹੀ ਹੈ ਨਾ, ਕਿਸੇ ਤੋਂ ਬਹੁਤੀ, ਕਿਸੇ ਤੋਂ ਥੋੜ੍ਹੀ।' ਫੇਰ ਉਹ ਚੁੱਪ ਹੋ ਗਏ ਤੇ ਸਿੱਧੇ ਮੇਰੀਆਂ ਅੱਖਾਂ ਵਿਚ ਝਾਕ ਕੇ ਬੋਲੇ, 'ਪਰ ਇਹ ਨਿੱਜੀ ਜਿਹੀਆਂ ਗੱਲਾਂ ਪੁੱਛਣੀਆਂ-ਜਾਣਨੀਆਂ ਕੀ ਜ਼ਰੂਰੀ ਹਨ?'

ਮੈਂ ਉਨ੍ਹਾਂ ਦੇ ਇਸ ਸਵਾਲ ਨਾਲ ਆਪਣੀ ਔਖ ਵਿਚੋਂ ਨਿੱਕਲਣ ਦਾ ਰਾਹ ਮਿਲ ਗਿਆ ਦੇਖ ਕੇ ਕਿਹਾ, 'ਨਹੀਂ, ਨਹੀਂ, ਸਹਿਰਾਈ ਜੀ, ਛੱਡੋ।'

ਉਹ ਪੱਕੇ ਮਾਰਕਸਵਾਦੀ ਸਨ। ਵੈਸੇ ਮਾਰਕਸਵਾਦ ਦੀ ਜਾਗ ਕਾਫ਼ੀ ਮਗਰੋਂ ਲੱਗੀ। ਪਹਿਲਾਂ ਉਹ ਧਾਰਮਿਕ ਰੁਚੀਆਂ ਦੇ ਸਨ ਅਤੇ ਸੁਭਾਅ ਦੇ ਪੱਖੋਂ ਮਨੁੱਖ-ਹਿਤੈਸ਼ੀ, ਗ਼ਰੀਬਾਂ ਨਾਲ ਮੋਹ ਕਰਨ ਵਾਲੇ ਤੇ ਤਿਆਗੀ ਭਾਵਨਾ ਵਾਲੇ ਸਨ। ਉਹ, ਮਾਰਕਸਵਾਦੀ ਹੋਣ ਦੇ ਬਾਵਜੂਦ, ਨਿਝੱਕਤਾ ਨਾਲ ਕਹਿੰਦੇ ਸਨ ਕਿ ਉਨ੍ਹਾਂ ਦੇ ਸੁਭਾਅ ਵਿਚ ਇਹ ਰੁਚੀਆਂ ਧਰਮ ਨੇ, ਸਿੱਖੀ ਨੇ ਪੈਦਾ ਕੀਤੀਆਂ। ਲੰਮਾ ਸਮਾਂ ਉਹ ਅ-ਰਾਜਨੀਤਕ ਰਹੇ। ਐਫ.ਏ. ਤੱਕ ਉਨ੍ਹਾਂ ਦਾ ਇਰਾਦਾ ਸੰਤ ਬਣਨ ਦਾ ਸੀ। ਉਹ ਰਾੜੇਵਾਲੇ ਸੰਤਾਂ ਦੇ ਸ਼ਰਧਾਲੂ ਸਨ। ਛੁੱਟੀਆਂ ਵਿਚ ਪੰਦਰਾਂ-ਪੰਦਰਾਂ ਦਿਨ, ਮਹੀਨਾ-ਮਹੀਨਾ ਉਨ੍ਹਾਂ ਦੇ ਡੇਰੇ ਜਾ ਰਹਿੰਦੇ ਸਨ। ਪਟਿਆਲੇ ਪੜ੍ਹਦਿਆਂ ਵੀ ਡੇਰਿਆਂ ਵਿਚ ਜਾ ਕੇ ਬੈਠੇ ਰਹਿੰਦੇ ਸਨ।

ਪਹਿਲੀਆਂ ਚਾਰ ਜਮਾਤਾਂ ਪਿੰਡ ਦੇ ਪ੍ਰਾਇਮਰੀ ਸਕੂਲ ਤੋਂ ਪਾਸ ਕੀਤੀਆਂ, ਅਗਲੀਆਂ ਚਾਰ ਜਮਾਤਾਂ ਪਟਿਆਲੇ ਮਾਮਾ ਜੀ ਕੋਲ ਰਹਿ ਕੇ ਪੜ੍ਹੀਆਂ ਅਤੇ ਅਗਲੇਰੀਆਂ ਦੋ ਜਮਾਤਾਂ ਗੌਰਮਿੰਟ ਇੰਟਰਮੀਡੀਏਟ ਕਾਲਜ ਲੁਧਿਆਣਾ ਵਿਚ ਪੂਰੀਆਂ ਕੀਤੀਆਂ। ਇਸ ਪਿਛੋਂ ਐਫ.ਏ. ਅਤੇ ਗਰੈਜੂਏਸ਼ਨ ਲਈ ਉਹ ਖ਼ਾਲਸਾ ਕਾਲਜ ਅੰਮ੍ਰਿਤਸਰ ਵਿਚ ਦਾਖ਼ਲ ਹੋ ਗਏ।

ਜਦੋਂ ਭਗਤ ਸਿੰਘ ਨੂੰ ਫਾਂਸੀ ਹੋਈ, ਸਹਿਰਾਈ ਜੀ ਨੌਵੀਂ ਵਿਚ ਸਨ, ਰਾਜਨੀਤੀ ਤੋਂ ਬੇਖ਼ਬਰ ਅਤੇ ਬੇਵਾਸਤਾ। ਪਰ



ਇਸ ਖ਼ਬਰ ਨਾਲ ਉਨ੍ਹਾਂ ਵਿਚ ਅੰਗਰੇਜ਼-ਵਿਰੋਧੀ ਨਫ਼ਰਤ ਦੀ, ਗ਼ੁੱਸੇ ਅਤੇ ਕਰੋਧ ਦੀ ਲਹਿਰ ਫਿਰ ਗਈ। ਉਸੇ ਸ਼ਾਮ ਹੋਸਟਲ ਵਿਚ ਪਾਠ ਮਗਰੋਂ ਅਰਦਾਸਾ ਕਰਦਿਆਂ ਉਨ੍ਹਾਂ ਨੇ ਹੋਰ ਸ਼ਹੀਦਾਂ ਨਾਲ ਭਗਤ ਸਿੰਘ ਦੀ ਸ਼ਹੀਦੀ ਦਾ ਵੀ ਜ਼ਿਕਰ ਕੀਤਾ। ਜਦੋਂ ਉਹ ਦਸਵੀਂ ਵਿਚ ਸਨ, ਮਹਾਤਮਾ ਗਾਂਧੀ ਲਾਹੌਰ ਨੂੰ ਜਾਂਦਿਆਂ ਲੁਧਿਆਣੇ ਵਿਚੋਂ ਦੀ ਲੰਘੇ ਸਨ। ਕਾਲਜ ਦੇ ਬਹੁਤ ਸਾਰੇ ਸਾਥੀ ਵਿਦਿਆਰਥੀ ਹੁੰਮ-ਹੁੰਮਾ ਕੇ ਸਟੇਸ਼ਨ ਉੱਤੇ ਉਨ੍ਹਾਂ ਨੂੰ ਦੇਖਣ ਗਏ ਸਨ। ਪਰ ਸਹਿਰਾਈ ਜੀ ਭਗਤ ਸਿੰਘ ਦੀ ਫਾਂਸੀ ਸੰਬੰਧੀ ਗਾਂਧੀ ਜੀ ਦੀ ਭੂਮਿਕਾ ਬਾਰੇ ਰੋਸ ਕਾਰਨ ਨਹੀਂ ਸਨ ਗਏ। ਉਂਜ ਭਗਤ ਸਿੰਘ ਦੀ ਫਾਂਸੀ ਦੀ ਘਟਨਾ ਨੇ ਵੀ ਇਸ ਬੇਸੇਧੀ ਅੰਗਰੇਜ਼-ਵਿਰੋਧੀ ਨਫ਼ਰਤ ਤੋਂ ਵੱਧ ਰਾਜਨੀਤੀਕਰਨ ਸਹਿਰਾਈ ਜੀ ਦਾ ਨਹੀਂ ਸੀ ਕੀਤਾ।

ਐਫ.ਏ. ਵਿਚ ਪੜ੍ਹਦਿਆਂ ਹੋਸਟਲ ਵਿਚ ਉਨ੍ਹਾਂ ਦੇ ਨਾਲ ਦਾ ਕਮਰਾ ਚੰਨਣ ਸਿੰਘ ਧੂਤ ਦਾ ਸੀ। ਉਹ ਇਨਕਲਾਬ ਦੀਆਂ ਗੱਲਾਂ ਕਰਿਆ ਕਰਦਾ ਸੀ। ਉਨ੍ਹਾਂ ਗੱਲਾਂ ਨਾਲ ਰਾਜਨੀਤੀ ਦੀ ਕੁਝ ਜਗਿਆਸਾ ਜਿਹੀ ਜਾਗੀ। ਤੇਰ੍ਹਵੀਂ ਵਿਚ ਪੜ੍ਹਨ ਸਮੇਂ ਸਪੇਨ ਦੀ ਘਰੇਲੂ ਜੰਗ ਛਿੜ ਪਈ। ਉਹਨੇ ਦੁਨੀਆ ਨੂੰ, ਖ਼ਾਸ ਕਰ ਕੇ ਬੁਧੀਮਾਨਾਂ ਨੂੰ ਹਿਲਾ ਦਿੱਤਾ, ਝੰਜੋੜ ਕੇ ਰੱਖ ਦਿੱਤਾ। ਰੂਸ ਦੇ ਇਨਕਲਾਬ ਤੋਂ ਮਗਰੋਂ ਪਹਿਲੀ ਵਾਰ ਮਜ਼ਦੂਰ-ਕਿਸਾਨ ਸਾਂਝਾ ਮੋਰਚਾ ਬਣਿਆ ਸੀ। ਫ਼ਰਾਂਕੋ ਦੇ ਹਮਲੇ ਦੀਆਂ ਖ਼ਬਰਾਂ ਨਾਲ ਸਹਿਰਾਈ ਜੀ ਦੇ ਰਾਜਨੀਤੀਕਰਨ ਦਾ ਅਮਲ ਤਿੱਖਾ ਹੋ ਗਿਆ। ਉਨ੍ਹਾਂ ਦੇ ਆਪਣੇ ਸ਼ਬਦਾਂ ਅਨੁਸਾਰ ਉਹ 'ਰੈਡੀਕਲਾਈਜ਼' ਹੋ ਚੁੱਕੇ ਸਨ ਤੇ ਉਨ੍ਹਾਂ ਵਿਚ ਰਾਜਨੀਤਕ ਪੁਸਤਕਾਂ ਪੜ੍ਹਨ ਦੀ ਰੁਚੀ ਜਾਗ ਪਈ ਸੀ। ਪਹਿਲੀ ਪੁਸਤਕ ਉਰਦੂ ਵਿਚ ਸਾਨਿਆਲ ਦੀ ਰਚਨਾ 'ਹਯਾਤੇ ਅਸੀਰੀ' ਪੜ੍ਹੀ (ਜੋ ਪੰਜਾਬੀ ਵਿਚ 'ਬੰਦੀ ਜੀਵਨ' ਦੇ ਨਾਂ ਹੇਠ ਛਪੀ ਸੀ)। ਇਸ ਮਗਰੋਂ ਸਰਦਾਰ ਅਜੀਤ ਸਿੰਘ ਦੀਆਂ ਲਿਖਤਾਂ, ਗੈਰੀਬਾਲਡੀ ਤੇ ਮੇਜ਼ਨੀ ਦੇ ਜੀਵਨ ਅਤੇ ਆਜ਼ਾਦੀ ਬਾਰੇ ਹੋਰ ਜਜ਼ਬਾਤੀ ਲਿਖਤਾਂ ਪੜ੍ਹੀਆਂ।

ਬੀ.ਏ. ਵਿਚ ਪੜ੍ਹਦਿਆਂ ਮਾਰਕਸਵਾਦ ਤੇ ਇਨਕਲਾਬੀ ਸਿਧਾਂਤ ਦੀ ਤੇਹ ਲੱਗੀ ਅਤੇ ਕਮਿਊਨਿਸਟ ਕੌਮਾਂਤਰੀ ਬਾਰੇ ਪਤਾ ਲਗਿਆ। ਇਸ ਪਿਛੋਂ 'ਕਿਰਤੀ' ਮਿਲਣ ਲਗਿਆ। ਗੁਰੂ ਰਾਮਦਾਸ ਦੀ ਸਰਾਂ ਕੋਲ ਕਿਰਤੀ ਪਾਰਟੀ ਦੇ ਗੁਪਤ ਅੱਡੇ ਤੱਕ ਇਨ੍ਹਾਂ ਦੀ ਪਹੁੰਚ ਹੋ ਗਈ। ਉਥੇ ਡਾ. ਭਾਗ ਸਿੰਘ ਪਹਿਲੀ ਵਾਰ ਮਿਲਿਆ। ਉਸ ਸੁਲਝੇ ਅਤੇ ਸਾਊ ਮਨੁੱਖ ਨੇ ਇਨ੍ਹਾਂ ਨੂੰ ਬੜਾ ਪ੍ਰਭਾਵਿਤ ਕੀਤਾ। ਉਹਦੇ ਨਾਲ ਅਕਸਰ ਮੁਲਾਕਾਤਾਂ ਹੁੰਦੀਆਂ ਰਹੀਆਂ। ਭਗਤ ਸਿੰਘ ਦੀ ਫਾਂਸੀ ਨਾਲ ਬੀਜਿਆ ਗਿਆ ਬੇਸੇਧੇ ਰਾਜਨੀਤੀਕਰਨ ਦਾ ਬੀਜ ਹੁਣ ਮਾਰਕਸਵਾਦੀ ਸੇਧ ਵਿਚ ਲਗਰਾਂ ਛੱਡਣ ਲੱਗ ਪਿਆ ਸੀ।

ਪ੍ਰੀਤਨਗਰ ਨਾਲ ਉਨ੍ਹਾਂ ਦਾ ਲੰਮਾ ਵਾਹ ਰਿਹਾ। ਉਹ ਮੁੱਢਲੇ ਪ੍ਰੀਤਨਗਰੀਆਂ ਵਿਚੋਂ ਸਨ। ਉਨ੍ਹਾਂ ਨੇ 'ਪ੍ਰੀਤਲੜੀ' 1935 ਵਿਚ ਪੜ੍ਹਨੀ ਸ਼ੁਰੂ ਕਰ ਦਿੱਤੀ ਸੀ। ਇਹ ਚੇਟਕ ਗੋਪਾਲ ਸਿੰਘ ਦਰਦੀ, ਜੋ ਇਨ੍ਹਾਂ ਦਾ ਜਮਾਤੀ ਸੀ, ਨੇ ਲਾਈ ਜੀਹਨੇ ਇਕ ਅੰਕ ਦੇ ਕੇ ਕਿਹਾ ਕਿ ਇਹ ਪੰਜਾਬੀ ਵਿਚ ਬੜੇ ਨਰੋਏ ਵਿਚਾਰਾਂ ਵਾਲਾ ਰਸਾਲਾ ਨਿੱਕਲਿਆ ਹੈ ਅਤੇ ਪੜ੍ਹਨ ਦੇ ਜੋਗ ਹੈ। ਇਕ ਵਾਰ ਕਾਲਜ ਵਿਚ ਸ. ਗੁਰਬਖ਼ਸ਼ ਸਿੰਘ ਆਏ। ਉਥੇ ਉਨ੍ਹਾਂ ਦਾ ਭਾਈ ਪ੍ਰੋਫ਼ੈਸਰ ਸੀ। ਪੁਰਾਣੇ ਸਮਾਜ ਦੀਆਂ ਬੋਦੀਆਂ ਕਦਰਾਂ-ਕੀਮਤਾਂ ਤੋੜਨ ਅਤੇ ਨਵੀਆਂ ਸਿਰਜਣ ਬਾਰੇ ਉਨ੍ਹਾਂ ਦੇ ਰੌਸ਼ਨ ਵਿਚਾਰਾਂ ਨੂੰ ਵਿਦਿਆਰਥੀਆਂ ਨੇ ਬੜੇ ਧਿਆਨ ਨਾਲ ਸੁਣਿਆ। ਸਹਿਰਾਈ ਜੀ ਵੀ ਬਹੁਤ ਪ੍ਰਭਾਵਿਤ ਹੋਏ। ਜਦੋਂ ਪ੍ਰੀਤ-ਸੈਨਾ ਦੀ ਵਿਉਂਤ ਪੜ੍ਹੀ ਤਾਂ ਝੱਟ ਫ਼ਾਰਮ ਭਰ ਦਿੱਤਾ ਅਤੇ ਪੜ੍ਹਾਈ ਮੁਕਾ ਕੇ 1938 ਵਿਚ ਪ੍ਰੀਤਨਗਰ ਪੁੱਜ ਗਏ।

ਪ੍ਰੀਤਨਗਰ ਵਿਚ ਸਹਿਰਾਈ ਜੀ ਦਾ ਟਿਕਾਣਾ ਕਿਰਤੀ ਪਾਰਟੀ ਦਾ ਅੱਡਾ ਬਣ ਗਿਆ। ਕਿਰਤੀ ਪਾਰਟੀ ਵਾਲਿਆਂ ਦਾ ਬੰਦਾ ਆ ਕੇ ਪਾਰਟੀ ਦਾ ਅੰਡਰ-ਗਰਾਊਂਡ ਪਰਚਾ 'ਲਾਲ ਢੰਡੋਰਾ' ਦੇ ਜਾਂਦਾ ਸੀ। ਇਸ ਪਿਛੋਂ ਦਲੀਪ ਸਿੰਘ ਟਪਿਆਲਾ ਅਤੇ ਫ਼ੌਜਾ ਸਿੰਘ ਭੁੱਲਰ ਮਿਲੇ। ਅਮਨ ਲਹਿਰ ਸ਼ੁਰੂ ਹੋਣ ਨਾਲ ਇਹ ਉਹਦੇ ਅਣਥੱਕ ਘੁਲਾਟੀਏ ਬਣ ਗਏ। ਜਦੋਂ 1947 ਦੇ ਫ਼ਸਾਦਾਂ ਤੋਂ ਪਹਿਲਾਂ ਵਾਲੀ ਖਿੱਚੋਤਾਣ ਸ਼ੁਰੂ ਹੋਈ, ਸਹਿਰਾਈ ਜੀ ਆਪਣੇ ਹੋਰ ਸਾਥੀਆਂ ਨਾਲ ਅਮਨ ਕਮੇਟੀਆਂ ਬਣਾ ਕੇ, ਜਲਸੇ ਕਰਵਾ ਕੇ ਭਾਂਬੜ ਬਣ ਜਾਣਾ ਚਾਹੁੰਦੇ ਅੰਗਿਆਰਾਂ ਉੱਤੇ ਠੰਢਾ ਛਿੜਕਣ ਦਾ ਯਤਨ ਕਰਦੇ ਰਹੇ। ਓਦੋਂ ਤੋਂ ਕਮਿਊਨਿਸਟ ਵਿਚਾਰਧਾਰਾ ਦੇ ਰਾਹ ਉੱਤੇ ਇਨ੍ਹਾਂ ਨੇ ਕਦੀ ਪਿਛੇ ਕਦਮ ਨਹੀਂ ਸੀ ਰੱਖਿਆ ਅਤੇ ਕਦੀ ਕੋਈ ਅਜਿਹਾ ਕੰਮ ਨਹੀਂ ਸੀ ਕੀਤਾ ਜੋ ਕਮਿਊਨਿਸਟ ਹੋਣ ਦੇ ਉੱਤਮ ਨਾਂ ਉੱਤੇ ਮੱਧਮ ਤੋਂ ਮੱਧਮ ਦਾਗ਼ ਵੀ ਲਾ ਸਕੇ।

ਜਦੋਂ ਇਹ ਲੁਧਿਆਣੇ ਪੜ੍ਹਦੇ ਸਨ, 9ਵੀਂ-10ਵੀਂ ਵਿਚ ਹਰਦਿਆਲ ਸਿੰਘ ਸੀਕਰੀ ਪੰਜਾਬੀ ਪੜ੍ਹਾਉਂਦਾ ਹੁੰਦਾ ਸੀ। ਉਹ ਵਿਦਿਆਰਥੀਆਂ ਨੂੰ ਸਾਹਿਤ ਦੀ ਚੇਟਕ ਲਾਉਂਦਾ ਅਤੇ ਕਵਿਤਾ ਲਿਖਣ ਲਈ ਪ੍ਰੇਰਦਾ। ਉਥੇ ਸਹਿਰਾਈ ਜੀ ਦਾ ਮੇਲਿਆਂ, ਲੋਕ-ਗੀਤਾਂ, ਬੋਲੀਆਂ ਦਾ ਬਚਪਨ ਦਾ ਸ਼ੌਕ ਮੌਲ ਪਿਆ ਅਤੇ ਇਹ ਕਬਿਤ, ਆਦਿ ਲਿਖਣ ਲੱਗ ਪਏ। ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਸਾਹਿਤਕ ਮਾਹੌਲ ਨੇ ਹੋਰ ਬਹੁਤਾ ਪ੍ਰਭਾਵ ਪਾਇਆ। ਮੋਹਨ ਸਿੰਘ ਉਥੇ ਫ਼ਾਰਸੀ ਪੜ੍ਹਾਉਂਦਾ ਹੁੰਦਾ ਸੀ। ਪ੍ਰੀਤਮ ਸਿੰਘ ਸਫ਼ੀਰ, ਜੀਹਦਾ ਨਾਂ ਪੰਜਾਬੀ ਸਾਹਿਤ ਵਿਚ ਵਾਹਵਾ ਜਾਣਿਆ ਜਾਣ ਲਗਿਆ ਸੀ, ਇਨ੍ਹਾਂ ਤੋਂ ਅਗਲੀ ਜਮਾਤ ਦਾ ਵਿਦਿਆਰਥੀ ਸੀ। ਗੋਪਾਲ ਸਿੰਘ ਦਰਦੀ ਵੀ ਸਾਹਿਤਕ ਖੇਤਰ ਵਿਚ ਪਛਾਣਿਆ ਜਾਣ ਲੱਗਿਆ ਸੀ। ਹੋਸਟਲ ਵਿਚ ਹਫ਼ਤਾਵਾਰ ਕਵੀ-ਦਰਬਾਰ ਹੁੰਦੇ; ਸਹਿਰਾਈ ਜੀ, ਉਥੇ ਦਿੱਤੀ ਗਈ 'ਸਮੱਸਿਆ' ਨੂੰ ਲੈ ਕੇ ਹਰ ਵਾਰ ਕਵਿਤਾ ਲਿਖਦੇ।

'ਪ੍ਰੀਤਲੜੀ' ਨੂੰ ਕਵਿਤਾ ਭੇਜੀ, ਪਰ ਉਹ ਮੁੜ ਆਈ। ਉਹੋ ਕਵਿਤਾ ਹਫ਼ਤਾਵਾਰ 'ਪੰਜਾਬੀ ਪੰਚ' ਨੂੰ ਭੇਜੀ ਤਾਂ ਉਨ੍ਹਾਂ ਨੇ ਚੰਗੀ ਸਜਾਵਟ ਨਾਲ ਛਾਪੀ। ਇਹ ਲਗਭਗ ਹਰ ਹਫ਼ਤੇ ਉਸ ਅਖ਼ਬਾਰ ਨੂੰ ਕਵਿਤਾ ਭੇਜਦੇ ਤੇ ਉਹ ਬੜੀਆਂ ਵੇਲਾਂ-ਛੇਲਾਂ ਲਾ ਕੇ ਛਾਪਦੇ। ਇਨ੍ਹਾਂ ਦਾ ਇਕ ਗੀਤ ਛਪਿਆ:

ਪਿਆਰਾਂ ਦੀ ਬਸਤੀ ਦਾ ਇਹ ਹੁਸਨ ਪਰਾਹੁਣਾ ਏ।
ਇਹ ਗੀਤ ਜਨੌਰਾਂ ਨੇ ਬਿੰਦ ਭਰ ਲਈ ਗਾਉਣਾ ਏ।

ਦਰਦੀ ਉਨ੍ਹੀਂ ਦਿਨੀਂ 'ਮੌਜੀ' ਅਖ਼ਬਾਰ ਦਾ ਸੰਪਾਦਨ ਕਰਦਾ ਸੀ। ਦੇਵਿੰਦਰ ਸਤਿਆਰਥੀ ਕਿਤੇ ਉਹਨੂੰ ਮਿਲੇ ਅਤੇ ਪੁੱਛਣ ਲੱਗੇ, ਇਹ ਸਹਿਰਾਈ ਕੌਣ ਹੈ? ਸਤਿਆਰਥੀ ਵੱਲੋਂ ਇਹ ਗੀਤ ਸਲਾਹੇ ਜਾਣ ਨੇ ਇਨ੍ਹਾਂ ਨੂੰ ਬੜਾ ਉਤਸ਼ਾਹ ਤੇ ਵਿਸ਼ਵਾਸ ਦਿੱਤਾ। ਦਰਦੀ ਨੇ ਇਨ੍ਹਾਂ ਦੀਆਂ ਕਵਿਤਾਵਾਂ 'ਮੌਜੀ' ਦੇ ਪਹਿਲੇ ਸਫ਼ੇ ਉੱਤੇ ਛਾਪਣੀਆਂ ਸ਼ੁਰੂ ਕਰ ਦਿੱਤੀਆਂ। ਪਰ ਸਹਿਰਾਈ ਜੀ ਇਨ੍ਹਾਂ ਸਭ ਕਵਿਤਾਵਾਂ ਨੂੰ ਆਪਣੀਆਂ ਅਭਿਆਸੀ ਰਚਨਾਵਾਂ ਹੀ ਮੰਨਦੇ ਸਨ। ਇਹ ਆਪਣੀ ਪਹਿਲੀ ਸਾਹਿਤਕ ਕਵਿਤਾ, ਜਿਸ ਨੂੰ ਮਗਰੋਂ ਇਨ੍ਹਾਂ ਨੇ ਪਹਿਲੇ ਕਾਵਿ-ਸੰਗ੍ਰਹਿ 'ਸਹਿਰਾਈ ਪੰਛੀ' ਵਿਚ ਵੀ ਸ਼ਾਮਲ ਕੀਤਾ, 'ਪ੍ਰੀਤਲੜੀ' ਵਿਚ ਛਪੀ 'ਮੇਰਾ ਮਾਹੀ ਵਿਚ ਪਰਦੇਸ ਕੁੜੇ' ਨੂੰ ਮੰਨਦੇ ਸਨ।

ਪਹਿਲਾਂ ਅੰਮ੍ਰਿਤਸਰ, ਫੇਰ ਪ੍ਰੀਤਨਗਰ ਅਤੇ ਪਿੱਛੋਂ ਦਿੱਲੀ ਇਨ੍ਹਾਂ ਦਾ ਵਾਹ ਅਨੇਕ ਲੇਖਕਾਂ, ਰਾਜਨੀਤਕ ਹਸਤੀਆਂ ਅਤੇ ਹੋਰ ਪ੍ਰਸਿੱਧ ਬੰਦਿਆਂ ਨਾਲ ਰਿਹਾ। ਕਵੀ ਵਜੋਂ ਸਚੇਤ ਪ੍ਰਭਾਵ ਇਨ੍ਹਾਂ ਨੇ ਸਿਰਫ਼ ਮੋਹਨ ਸਿੰਘ ਦਾ ਪ੍ਰਵਾਨ ਕੀਤਾ। ਮਨੁੱਖ ਵਜੋਂ ਇਨ੍ਹਾਂ ਨੂੰ ਨਾਨਕ ਸਿੰਘ ਬਹੁਤ ਚੰਗੇ ਲਗਦੇ ਸਨ, ਜਿਨ੍ਹਾਂ ਨੂੰ ਇਹ ਬਹੁਤ ਹੀ ਖ਼ੂਬਸੂਰਤ ਇਨਸਾਨ, ਦਿਲੋਂ ਮੋਹ ਕਰਨ ਵਾਲਾ ਸੱਜਣ-ਪਿਆਰਾ, ਸੱਚਾ-ਸੁੱਚਾ, ਸਾਊ ਆਦਮੀ ਆਖਦੇ ਸਨ।

ਦੇਸ-ਭਗਤੀ ਅਤੇ ਲੋਕ-ਭਗਤੀ ਵਿਚ ਬਾਬਾ ਭਕਨਾ, ਸੋਹਨ ਸਿੰਘ ਜੋਸ਼ ਤੇ ਤੇਜਾ ਸਿੰਘ ਸੁਤੰਤਰ, ਆਦਿ ਨੇ ਬਹੁਤ ਪ੍ਰਭਾਵਿਤ ਕੀਤਾ। ਗੁਰਬਖ਼ਸ਼ ਸਿੰਘ ਦੀ ਰੌਸ਼ਨ-ਖ਼ਿਆਲੀ ਨੇ ਵੀ ਬਹੁਤ ਅਸਰ ਪਾਇਆ।

ਇਨ੍ਹਾਂ ਦੀ ਇਕ ਸਿਫ਼ਤ ਅੰਦਰੋਂ-ਬਾਹਰੋਂ ਇਕ ਹੋਣਾ ਸੀ। ਇਹ ਨਹੀਂ ਕਿ ਕਿਸੇ ਨੂੰ ਮਿਲ ਕੇ ਮਨ ਵਿਚ ਤਾਂ ਭਾਵਨਾ ਹੋਰ ਜਾਗੀ ਹੈ, ਪਰ ਚਿਹਰੇ ਉੱਤੇ ਲੇਪ ਹੋਰ ਭਾਵਨਾ ਦਾ ਕਰ ਲਿਆ ਹੈ। ਇਹ ਅੰਮ੍ਰਿਤਾ ਪ੍ਰੀਤਮ ਦੀਆਂ ਪਹਿਲੀਆਂ ਕਵਿਤਾਵਾਂ ਦੇ ਪ੍ਰਸੰਸਕ ਸਨ ਤੇ ਮਨੁੱਖ ਵਜੋਂ ਪ੍ਰੀਤਮ ਸਿੰਘ ਦੇ ਕਦਰਦਾਨ ਸਨ। ਦੋਵਾਂ ਨਾਲ ਚੰਗੀ ਦੁਆ-ਸਲਾਮ ਸੀ। ਪਰ ਜਦੋਂ ਅੰਮ੍ਰਿਤਾ ਨੇ ਪ੍ਰੀਤਮ ਸਿੰਘ ਦੀ ਪਰਿਵਾਰਕ ਜ਼ਿੰਮੇਦਾਰੀ ਦੀ ਭਾਵਨਾ ਤੇ ਸ਼ਰਾਫ਼ਤ ਦਾ ਨਾਜਾਇਜ਼ ਫ਼ਾਇਦਾ ਉਠਾ ਕੇ ਉਹਦੇ ਰਾਹ ਉੱਤੇ ਕੰਡੇ ਬੀਜਦਿਆਂ ਆਪਣਾ ਮਨ-ਚਾਹਿਆ ਰਾਹ ਫੜ ਲਿਆ, ਇਨ੍ਹਾਂ ਨੇ ਉਹਦੇ ਲਈ ਆਪਣੀ ਨਾਰਾਜ਼ਗੀ ਤੇ ਪ੍ਰੀਤਮ ਸਿੰਘ ਲਈ ਆਪਣੀ ਪਹਿਲਾਂ ਤੋਂ ਵੀ ਵਧੀ ਹੋਈ ਇੱਜ਼ਤ ਜ਼ਾਹਿਰ ਕਰਨ ਵਿਚ ਕਦੀ ਕੋਈ ਸੰਕੋਚ ਨਹੀਂ ਸੀ ਵਰਤਿਆ। ਜਦੋਂ ਮੈਂ ਅੰਮ੍ਰਿਤਾ ਦੇ ਜੀਵਨ ਉੱਤੇ ਆਧਾਰਿਤ ਨਾਵਲ 'ਇਹੁ ਜਨਮੁ ਤੁਮਹਾਰੇ ਲੇਖੇ' ਲਿਖਿਆ, ਉਸ ਵਿਚ ਇਨ੍ਹਾਂ ਦੇ ਨਾਂ ਦਾ ਰੂਪ ਬਦਲ ਕੇ ਪ੍ਰੇਮ ਸਿੰਘ ਨਿਰਜਲ ਨਾਂ ਦਾ ਪਾਤਰ ਸਿਰਜਿਆ।

ਇਨ੍ਹਾਂ ਦੇ ਪਹਿਲੇ ਕਾਵਿ-ਸੰਗ੍ਰਹਿ ਦਾ ਇਕ ਦਿਲਚਸਪ ਤੱਥ ਇਹ ਹੈ ਕਿ ਉਸ ਨੂੰ ਛਪਾਉਣ ਦੀ ਇੱਛਾ ਇਨ੍ਹਾਂ ਦੇ ਮਨ ਵਿਚ ਨਹੀਂ ਸੀ ਜਾਗੀ ਸਗੋਂ ਨਾਨਕ ਸਿੰਘ ਨੇ ਮਹਿਸੂਸ ਕੀਤਾ ਕਿ ਇਨ੍ਹਾਂ ਦਾ ਕਾਵਿ-ਸੰਗ੍ਰਹਿ ਛਪਣਾ ਚਾਹੀਦਾ ਹੈ। ਇਹ 1940 ਦੀ ਗੱਲ ਹੈ। ਉਨ੍ਹਾਂ ਨੇ ਆਪ ਹੀ ਕਿਰਪਾਲ ਸਿੰਘ ਬਲਬੀਰ ਸਿੰਘ, ਅੰਮ੍ਰਿਤਸਰ ਦੀ 'ਪ੍ਰੀਤ ਬੁੱਕ ਏਜੰਸੀ' ਨਾਲ ਗੱਲ ਕੀਤੀ ਤੇ ਇਨ੍ਹਾਂ ਨੂੰ ਖਰੜਾ ਤਿਆਰ ਕਰਨ ਲਈ ਕਿਹਾ। ਇਉਂ ਪਹਿਲੀ ਕਾਵਿ-ਪੁਸਤਕ 'ਸਹਿਰਾਈ ਪੰਛੀ' ਹੋਂਦ ਵਿਚ ਆਈ। ਜਦੋਂ ਫ਼ਰਮੇ ਛਪ ਕੇ ਆ ਗਏ, ਨਾਨਕ ਸਿੰਘ ਕਹਿਣ ਲੱਗੇ, ਤੁਸੀਂ ਗੁਰਬਖ਼ਸ਼ ਸਿੰਘ ਜੀ ਨੂੰ ਕਹੋ ਕਿ ਉਹ ਭੂਮਿਕਾ ਲਿਖਣ। ਇਨ੍ਹਾਂ ਨੇ ਗੁਰਬਖ਼ਸ਼ ਸਿੰਘ ਨੂੰ ਅਜਿਹਾ ਆਖਣ ਤੋਂ ਸੰਕੋਚ ਕਰਦਿਆਂ ਕਿਹਾ, ਬਿਨਾਂ ਭੂਮਿਕਾ ਹੀ ਜਾਣ ਦਿਉ। ਫੇਰ ਗੁਰਬਖ਼ਸ਼ ਸਿੰਘ ਤੋਂ ਭੂਮਿਕਾ ਵੀ ਆਪੇ ਨਾਨਕ ਸਿੰਘ ਨੇ ਹੀ ਲਿਖਵਾਈ।

'ਸਹਿਰਾਈ ਪੰਛੀ' ਦੀ ਭੂਮਿਕਾ ਵਾਲੀ ਗੱਲ ਤੋਂ ਮੈਨੂੰ ਆਪਣਾ ਇਕਲੌਤਾ ਕਾਵਿ-ਸੰਗ੍ਰਹਿ 'ਮੌਨ ਕਹਾਣੀ' ਚੇਤੇ ਆ ਗਿਆ। ਸ਼ੁਰੂ ਵਿਚ, ਕਹਾਣੀ ਲਿਖਣ ਲੱਗਣ ਤੋਂ ਪਹਿਲਾਂ ਮੈਂ ਖਾਸਾ ਚਿਰ ਕਵਿਤਾ ਹੀ ਲਿਖਦਾ ਰਿਹਾ ਸੀ। ਸਾਡੀ ਪੀੜ੍ਹੀ ਦੇ ਬਹੁਤੇ ਨਵੇਂ ਕਵੀ ਉਸ ਕਿਸਮ ਦੀ ਰੁਮਾਂਚਿਕ ਜਿਹੀ ਕਵਿਤਾ ਲਿਖਿਆ ਕਰਦੇ ਸਨ ਜਿਸ ਦਾ ਨਾਂ ਆਲੋਚਕਾਂ ਨੇ ਮੋਹਨ ਸਿੰਘ-ਅੰਮ੍ਰਿਤਾ ਕਾਵਿਧਾਰਾ ਰੱਖਿਆ ਹੋਇਆ ਸੀ। ਫੇਰ ਹੌਲ਼ੀ-ਹੌਲ਼ੀ ਕਵਿਤਾ ਛੁੱਟ ਗਈ ਤੇ ਕਹਾਣੀ ਮੂਹਰੇ ਹੋ ਗਈ। ਮੇਰੀ ਪਹਿਲੀ ਪੁਸਤਕ 1969 ਵਿਚ ਛਪਿਆ ਕਹਾਣੀ-ਸੰਗ੍ਰਹਿ 'ਓਪਰਾ ਮਰਦ' ਸੀ। ਆਪਣੀ ਕਿਸੇ ਪੁਸਤਕ ਦੀ ਭੂਮਿਕਾ ਨਾ ਲਿਖਾਉਣ ਦਾ ਫ਼ੈਸਲਾ ਵੀ ਉਸੇ ਸਮੇਂ ਹੋ ਗਿਆ ਸੀ।

'ਓਪਰਾ ਮਰਦ' ਤੋਂ ਸਤਾਰਾਂ ਸਾਲ ਮਗਰੋਂ, 1986 ਵਿਚ, ਮੈਨੂੰ ਖ਼ਿਆਲ ਆਇਆ ਕਿ ਆਪਣੀਆਂ ਕਵਿਤਾਵਾਂ ਨੂੰ, ਜੋ ਮੋਹਰੀ ਰਸਾਲਿਆਂ ਵਿਚ ਛਪਦੀਆਂ ਰਹੀਆਂ ਸਨ, ਪੁਸਤਕ ਦੇ ਰੂਪ ਵਿਚ ਸੰਭਾਲ ਲੈਣਾ ਚਾਹੀਦਾ ਹੈ। 'ਮੌਨ ਕਹਾਣੀ' ਦਾ ਨਾਂ ਦੇ ਕੇ ਮੈਂ ਖਰੜਾ ਤਿਆਰ ਕਰ ਲਿਆ। ਸੋਚਿਆ, ਖਰੜਾ ਸਹਿਰਾਈ ਜੀ ਨੂੰ ਦੇ ਕੇ ਕਹਾਂ, ਪੜ੍ਹ ਕੇ ਬੇਲਿਹਾਜ ਸਲਾਹ ਦਿਓ, ਪੁਸਤਕ ਛਪਣਜੋਗ ਹੈ ਜਾਂ ਨਹੀਂ। ਉਹ ਪੜ੍ਹ ਕੇ ਖ਼ੁਸ਼, ਸਗੋਂ ਹੈਰਾਨ ਹੋਏ ਤੇ ਕਹਿਣ ਲੱਗੇ, 'ਅੱਛਾ, ਤੂੰ ਕਵਿਤਾ ਵੀ ਲਿਖਦਾ ਹੈਂ ਤੇ ਕਵਿਤਾ ਵੀ ਖਾਸੀ ਵਧੀਆ! ਬਈ ਮੈਂ ਤਾਂ ਇਹਦੀ ਭੂਮਿਕਾ ਲਿਖਣ ਦਾ ਮਨ ਬਣਾ ਲਿਆ ਹੈ।' ਮੈਂ ਵਰਜਦਾ ਕਿਵੇਂ! ਇਉਂ 'ਮੌਨ ਕਹਾਣੀ' ਵਿਚ ਭੂਮਿਕਾ ਸਹਿਰਾਈ ਜੀ ਦੀ ਲਿਖੀ ਹੋਈ ਹੈ ਤੇ ਉਹ, ਸ਼ਾਇਦ, ਮੇਰੀ ਕਿਸੇ ਪੁਸਤਕ ਲਈ ਲਿਖੀ ਗਈ ਇਕੋ-ਇਕ ਭੂਮਿਕਾ ਹੈ।

ਮੌਲਕ ਰਚਨਾ ਦੇ ਨਾਲ-ਨਾਲ ਇਨ੍ਹਾਂ ਨੇ ਅਨੁਵਾਦ ਦਾ ਵੀ ਬਹੁਤ ਕੰਮ ਕੀਤਾ। ਅਨੁਵਾਦ ਦਾ ਰਾਹ ਵੀ ਇਨ੍ਹਾਂ ਦੀ ਇਕ ਮੌਲਕ ਰਚਨਾ ਨੇ ਖੋਲ੍ਹਿਆ, ਭਾਵੇਂ ਉਹ ਕਵਿਤਾ ਤਾਂ ਨਹੀਂ ਸੀ। ਦੂਜੀ ਸੰਸਾਰ ਜੰਗ ਸਮੇਂ ਫ਼ਾਸ਼ਿਸਟ-ਵਿਰੋਧੀ ਵਿਚਾਰ ਜ਼ੋਰਾਂ ਉੱਤੇ ਸਨ। ਉਸ ਜ਼ਮਾਨੇ ਵਿਚ ਕਿਤਾਬਚੇ ਵਿਚਾਰਾਂ ਦੇ ਪ੍ਰਚਾਰ ਦਾ ਹਰਮਨਪਿਆਰਾ ਵਸੀਲਾ ਸਨ। ਬਿਨਾਂ ਕਿਸੇ ਦੇ ਕਹਿਣ ਦੇ ਇਨ੍ਹਾਂ ਨੇ ਆਪੇ ਹੀ ਕਿਤਾਬਚਾ 'ਜੰਗ ਤੇ ਹਿੰਦੁਸਤਾਨ' ਲਿਖਿਆ ਅਤੇ ਆਪੇ ਹੀ ਛਪਵਾਇਆ। ਸਬੱਬ ਨਾਲ ਉਨ੍ਹੀਂ ਦਿਨੀਂ ਹੀ ਛੀਨੇ ਵਿਚ ਕਾਨੂੰਨੀ ਹੋਈ ਕਮਿਊਨਿਸਟ ਪਾਰਟੀ ਦਾ ਜਲਸਾ ਹੋਇਆ, ਜਿਸ ਵਿਚ ਸੋਹਨ ਸਿੰਘ ਜੋਸ਼, ਤੇਜਾ ਸਿੰਘ ਸੁਤੰਤਰ ਤੇ ਜਗਜੀਤ ਸਿੰਘ ਲਾਇਲਪੁਰੀ ਬੋਲੇ। ਇਨ੍ਹਾਂ ਨੇ ਆਪ ਜਾ ਕੇ ਆਪਣਾ ਕਿਤਾਬਚਾ ਉਥੇ ਵੰਡਿਆ। ਜੋਸ਼ ਜੀ ਨੇ ਚਿੱਠੀ ਵਿਚ ਕਿਤਾਬਚੇ ਦੀ ਬਹੁਤ ਪ੍ਰਸੰਸਾ ਭੇਜੀ।

ਫੇਰ 'ਫ਼ਰੈਂਡਜ਼ ਆਫ਼ ਸੋਵੀਅਟ ਯੂਨੀਅਨ' ਬਣੀ। ਪਹਿਲਾਂ ਇਹ ਉਹਦੀ ਲਾਹੌਰ ਇਕਾਈ ਦਾ ਮੈਂਬਰ ਬਣੇ ਤੇ ਮਗਰੋਂ ਹੋਰ ਸਾਥੀਆਂ ਨਾਲ ਮਿਲ ਕੇ ਪ੍ਰੀਤਨਗਰ ਵਿਚ ਹੀ 'ਸੋਵੀਅਤ ਮਿੱਤਰ ਮੰਡਲ' ਸੰਸਥਾ ਬਣਾ ਲਈ। ਉਸ ਸਮੇਂ ਇਨ੍ਹਾਂ ਨੇ ਅਨੁਵਾਦ ਦਾ ਬਹੁਤ ਸਾਰਾ ਕੰਮ ਕੀਤਾ। ਆਪ ਹੀ ਅੰਗਰੇਜ਼ੀ ਕਿਤਾਬਚੇ ਪ੍ਰਾਪਤ ਕਰਨੇ, ਆਪ ਹੀ ਅਨੁਵਾਦ ਕਰ ਲੈਣੇ ਜਾਂ ਕਰਵਾ ਕੇ ਸੋਧ ਲੈਣੇ ਤੇ ਆਪ ਹੀ ਛਪਵਾਉਣੇ। ਵਿਚ-ਵਿਚ ਕੋਈ ਕਿਤਾਬਚਾ ਆਪ ਲਿਖ ਵੀ ਲੈਣਾ। ਦੂਜੀ ਸੰਸਾਰ ਜੰਗ ਸਮੇਂ ਇਨ੍ਹਾਂ ਨੇ 30 ਤੋਂ ਵੱਧ ਕਿਤਾਬਾਂ-ਕਿਤਾਬਚੇ ਅਨੁਵਾਦੇ ਜਾਂ ਅਨੁਵਾਦ ਕਰਵਾ ਕੇ ਸੋਧੇ ਜਾਂ ਲਿਖੇ ਤੇ ਫੇਰ ਉਹ ਸਭ ਆਪ ਹੀ ਛਪਵਾਏ। ਉਸ ਪਿਛੋਂ ਦੀ ਅੱਧੀ ਸਦੀ ਵਿਚ ਇਨ੍ਹਾਂ ਨੇ ਅਨਗਿਣਤ ਕਲਾਸਕੀ ਅਤੇ ਸਮਕਾਲੀ ਰਾਜਨੀਤਕ ਅਤੇ ਸਾਹਿਤਕ ਰਚਨਾਵਾਂ ਅਨੁਵਾਦੀਆਂ।

ਦੇਸ-ਵੰਡ ਸਮੇਂ 'ਪ੍ਰੀਤਲੜੀ' ਦੇ ਦਿੱਲੀ ਆ ਜਾਣ ਕਾਰਨ ਇਹ ਵੀ ਨਾਲ ਹੀ ਦਿੱਲੀ ਆ ਗਏ। ਕਮਿਊਨਿਸਟ ਪਾਰਟੀ ਵਿਚ ਉਹ ਰਣਦੀਵੇ ਦਾ ਸਮਾਂ ਸੀ। ਪਾਰਟੀ ਗ਼ੈਰ-ਕਾਨੂੰਨੀ ਹੋ ਚੁੱਕੀ ਸੀ। ਪਾਰਟੀ ਦੇ ਆਪਣੇ ਪਰਚੇ ਬੰਦ ਹੋ ਗਏ ਸਨ। ਸਹਿਰਾਈ ਜੀ ਨੇ ਸਾਥੀਆਂ ਨਾਲ ਮਿਲ ਕੇ 'ਨਵੇਂ ਰਾਹ' ਹਫ਼ਤਾਵਾਰ ਅਤੇ 'ਸਾਡਾ ਜੁੱਗ' ਮਾਹਵਾਰ ਚਲਦੇ ਰੱਖੇ। 1950 ਵਿਚ 'ਪ੍ਰੀਤਲੜੀ' ਦੇ ਪ੍ਰੀਤਨਗਰ ਮੁੜ ਜਾਣ ਮਗਰੋਂ ਇਹ ਦਿੱਲੀ ਹੀ ਰਹਿ ਪਏ। ਅਸਲ ਵਿਚ ਇਨ੍ਹਾਂ ਦਾ ਮੋਹ ਪ੍ਰੀਤਨਗਰ ਐਕਟਿਵਿਟੀ ਸਕੂਲ ਨਾਲ ਸੀ। ਉਥੇ ਇਨ੍ਹਾਂ ਨੇ ਰੱਜਵਾਂ ਪਿਆਰ ਵੰਡਿਆ ਅਤੇ ਬਦਲੇ ਵਿਚ ਰੱਜਵਾਂ ਸਤਿਕਾਰ ਹਾਸਲ ਕੀਤਾ। ਸਕੂਲ 'ਪ੍ਰੀਤਲੜੀ' ਦੇ ਦਿੱਲੀ ਆਉਣ ਤੋਂ ਪਹਿਲਾਂ, ਤਣਾਉ ਦੇ ਸਮੇਂ ਵਿਚ ਹੀ ਬੰਦ ਹੋ ਗਿਆ ਸੀ। ਪ੍ਰੀਤਨਗਰ ਵਿਚ ਵਸਦੇ ਲੋਕ ਖਿੰਡ-ਪੁੰਡ ਗਏ ਸਨ। ਸੋ ਹੁਣ ਇਨ੍ਹਾਂ ਲਈ ਪ੍ਰੀਤਨਗਰ ਜਾਣ ਦੀ ਕੋਈ ਖਿੱਚ ਨਹੀਂ ਸੀ ਰਹਿ ਗਈ। ਇਹ ਪਾਠ-ਪੁਸਤਕਾਂ ਦੇ ਇਕ ਮਸ਼ਹੂਰ ਪ੍ਰਕਾਸ਼ਕ ਕੋਲ ਪਰੂਫ਼ਰੀਡਰ ਵਜੋਂ ਕੰਮ ਕਰਨ ਲੱਗੇ।

ਇਕ ਵਾਰ ਇਨ੍ਹਾਂ ਨੇ ਇਕ ਅਜਿਹੀ ਗੱਲ ਸੁਣਾਈ ਜਿਸ ਨਾਲ ਮਹਿਸੂਸ ਹੋਇਆ ਕਿ ਸਾਡੇ ਅਖੌਤੀ ਵੱਡੇ ਲੇਖਕ ਸ਼ੁਰੂ ਤੋਂ ਹੀ ਪਾਠ-ਪੁਸਤਕਾਂ ਨੂੰ ਲੈ ਕੇ ਕਿੰਨੀ ਗ਼ੈਰ-ਸੰਜੀਦਗੀ, ਸਗੋਂ ਗ਼ੈਰ-ਜ਼ਿੰਮੇਦਾਰੀ ਦਿਖਾਉਂਦੇ ਰਹੇ ਹਨ। ਪਹਿਲਾਂ ਪਾਠ-ਪੁਸਤਕਾਂ ਦਾ ਮਾਧਿਅਮ ਉਰਦੂ ਸੀ। ਜਦੋਂ ਮਾਧਿਅਮ ਪੰਜਾਬੀ ਬਣਾਇਆ ਗਿਆ ਤਾਂ ਨਵੀਆਂ ਪਾਠ-ਪੁਸਤਕਾਂ ਏਨੀ ਛੇਤੀ ਤਿਆਰ ਕਰਾਉਣੀਆਂ ਅਸੰਭਵ ਦੇਖ ਕੇ ਫ਼ੈਸਲਾ ਕੀਤਾ ਗਿਆ ਕਿ ਵਿਚਕਾਰਲੇ ਸਮੇਂ ਲਈ ਉਰਦੂ ਵਾਲੀਆਂ ਪਾਠ-ਪੁਸਤਕਾਂ ਦਾ ਅਨੁਵਾਦ ਕਰ ਲਿਆ ਜਾਵੇ। ਬੱਸ ਏਨਾ ਧਿਆਨ ਰੱਖਣਾ ਸੀ ਕਿ ਅਨੁਵਾਦਕ ਨੇ ਪੰਜਾਬ-ਪੰਜਾਬੀ ਲਈ ਓਪਰੇ ਲਗਦੇ ਨਾਂ-ਥਾਂ ਬਦਲ ਕੇ ਪੰਜਾਬੀ ਰੂਪ ਵਿਚ ਢਾਲ ਦੇਣੇ ਸਨ। ਅਨੁਵਾਦ ਛਪਣ ਲੱਗੇ ਤਾਂ ਪਰੂਫ਼ ਸਹਿਰਾਈ ਜੀ ਕੋਲ ਆਉਂਦੇ ਸਨ। ਇਕ ਉਰਦੂ ਪਾਠ-ਪੁਸਤਕ ਵਿਚ ਸਬਕ ਸੀ, 'ਲਖ਼ਨਊ ਕੇ ਬਾਂਕੇ'। ਉਹ ਪਟਿਆਂ ਨੂੰ ਤੇਲ ਲਾ ਕੇ ਤੇ ਕੰਨ ਵਿਚ ਅਤਰ ਦਾ ਫੰਭਾ ਰੱਖ ਕੇ ਕਬੂਤਰ ਉਡਾਉਂਦੇ ਸਨ ਤੇ ਪਤੰਗ ਚੜ੍ਹਾਉਂਦੇ ਸਨ।

ਪੰਜਾਬੀ ਅਨੁਵਾਦਕ ਨੇ ਸੋਚ-ਸੋਚ ਕੇ ਲਖ਼ਨਊ ਦੇ ਬਾਂਕਿਆਂ ਵਰਗੇ ਕੋਈ ਨਿਆਰੇ ਪੰਜਾਬੀ ਲੱਭਣ ਲਈ ਨਜ਼ਰ ਮਾਰੀ ਤਾਂ ਉਹਨੂੰ ਨਿਹੰਗ ਦਿੱਸ ਪਏ। ਉਹਨੇ ਸਿਰਲੇਖ 'ਅੰਮ੍ਰਿਤਸਰ ਦੇ ਨਿਹੰਗ' ਕਰ ਦਿੱਤਾ। ਏਨਾ ਸ਼ੁਕਰ ਹੈ ਕਿ ਸਿਰਾਂ ਉੱਤੇ ਦੁਮਾਲੇਦਾਰ ਪੱਗਾਂ ਬੰਨ੍ਹ ਦਿੱਤੀਆਂ, ਪਰ ਅਤਰ ਦੇ ਫੰਭੇ ਕੰਨਾਂ ਵਿਚ ਰਖਵਾ ਕੇ ਕਬੂਤਰ ਤੇ ਪਤੰਗ ਨਿਹੰਗਾਂ ਤੋਂ ਵੀ ਉਡਵਾ ਦਿੱਤੇ। ਸਹਿਰਾਈ ਜੀ ਨੇ ਪ੍ਰਕਾਸ਼ਕ ਨੂੰ ਦੱਸਿਆ ਤੇ ਉਹਨੇ ਇਨ੍ਹਾਂ ਨੂੰ ਹੀ ਕੱਟ-ਵੱਢ ਕੇ ਸੂਤ-ਬਾਤ ਕਰਨ ਵਾਸਤੇ ਆਖ ਦਿੱਤਾ। ਅਨੁਵਾਦਕ ਵਜੋਂ ਨਾਂ ਇਕ ਵੱਡੇ ਪੰਜਾਬੀ ਲੇਖਕ ਦਾ ਸੀ। ਪਰ ਸਹਿਰਾਈ ਜੀ ਦਾ ਕਹਿਣਾ ਸੀ ਕਿ ਉਹ ਕਿੰਨਾ ਵੀ ਮੂਰਖ਼ ਹੋਵੇ, ਏਨਾ ਮੂਰਖ਼ ਨਹੀਂ ਹੋ ਸਕਦਾ। ਉਹ ਦਸਦੇ ਸਨ ਕਿ ਇਹ ਕਥਿਤ ਵੱਡੇ ਲੇਖਕ ਪੈਸੇ ਵਾਲਾ ਕੰਮ ਲੈ ਲੈਂਦੇ ਹਨ ਤੇ ਅੱਧ-ਪਚੱਧ ਨਾਲ ਉਹ ਕੰਮ ਕਿਸੇ ਤੋਂ ਕਰਵਾ ਕੇ ਬਾਕੀ ਰਕਮ ਜੇਬ ਵਿਚ ਪਾ ਲੈਂਦੇ ਹਨ। ਮੈਂ ਨਾਂ ਪੁੱਛਿਆ ਤਾਂ ਉਨ੍ਹਾਂ ਨੇ ਕਿਹਾ, 'ਛੱਡ ਪਰੇ! ਗੱਲ ਦਾ ਮਹੱਤਵ ਹੈ, ਨਾਂ ਨੂੰ ਛੱਡ। ਚੰਗੀ ਇੱਜ਼ਤ ਬਣੀ ਹੋਈ ਹੈ, ਬਣੀ ਹੀ ਰਹਿਣ ਦੇ।' ਉਨ੍ਹਾਂ ਨੇ ਨਾਂ ਦੱਸਣ ਤੋਂ ਨਾਂਹ ਕਰ ਦਿੱਤੀ। ਮਗਰੋਂ ਦੇ ਸਮੇਂ ਵਿਚ, ਜਦੋਂ ਸਾਡੇ ਸੰਬੰਧ ਬਹੁਤ ਨੇੜਲੇ ਹੋ ਗਏ ਸਨ, ਮੈਂ ਪੁਛਦਾ ਤਾਂ ਉਹ ਜ਼ਰੂਰ ਦੱਸ ਦਿੰਦੇ। ਓਦੋਂ ਇਹ ਗੱਲ ਵਿੱਸਰੀ ਹੋਈ ਸੀ। ਇਥੇ ਲਿਖਦਿਆਂ ਯਾਦ ਆਈ ਤਾਂ ਦੱਸਣ ਵਾਲੇ ਨਹੀਂ ਰਹੇ!

ਮਗਰੋਂ ਇਹ ਵਰਤਾਰਾ ਮੈਂ ਸੋਵੀਅਤ ਦੂਤਾਵਾਸ ਵਿਚ ਅੱਖੀਂ ਬਹੁਤ ਦੇਖਿਆ ਜਿਥੇ ਵੱਡੇ ਕਾਮਰੇਡ ਆਪਣੇ ਨਾਂ ਲਿਆ ਹੋਇਆ ਅਨੁਵਾਦ ਦਾ ਕੰਮ ਤੀਜਾ-ਚੌਥਾ ਹਿੱਸਾ ਪੈਸੇ ਦੇ ਕੇ ਪੰਜਾਬ ਦੇ ਕਿਸੇ ਥੁੜੇ ਪਰ ਸਿਆਣੇ ਕੁੱਲ-ਵਕਤੀ ਕਾਮਰੇਡ ਤੋਂ ਕਰਵਾ ਲੈਂਦੇ ਸਨ ਤੇ ਬਾਕੀ ਪੈਸੇ ਹੜੱਪ ਜਾਂਦੇ ਸਨ। ਉਹ ਉਸ ਕਾਮਰੇਡ ਉੱਤੇ ਇਹ ਅਹਿਸਾਨ ਵੱਖਰਾ ਕਰਦੇ ਸਨ ਕਿ ਦੇਖ, ਤੈਨੂੰ ਅੰਬੈਸੀ ਤੋਂ ਕੰਮ ਲਿਆ ਕੇ ਦਿੱਤਾ ਹੈ!

ਉਨ੍ਹਾਂ ਦਿਨਾਂ ਵਿਚ ਨਾਲੋ-ਨਾਲ ਪੰਜਾਬੀ ਵਿਚ ਸਕੂਲੀ ਪੁਸਤਕਾਂ ਲਿਖੀਆਂ ਵੀ ਜਾ ਰਹੀਆਂ ਸਨ। ਪ੍ਰਕਾਸ਼ਕ ਦੇ ਆਖਿਆਂ ਇਨ੍ਹਾਂ ਨੇ ਇਹ ਪੁਸਤਕਾਂ ਵੀ ਲਿਖੀਆਂ। ਇਹ ਹੱਸ ਕੇ ਕਹਿੰਦੇ ਸਨ ਕਿ ਇਨ੍ਹਾਂ ਵਿਚੋਂ ਕਈ ਵੱਡਿਆਂ-ਵੱਡਿਆਂ ਨਾਂਵਾਂ ਹੇਠ ਛਪੀਆਂ। ਇਹ ਲਿਖਦੇ ਰਹੇ ਤੇ ਉਹ 'ਵੱਡੇ-ਵੱਡੇ' ਸੱਜਣ ਰਾਇਲਟੀਆਂ ਲੈਂਦੇ ਤੇ ਛਕਦੇ ਰਹੇ।

ਖ਼ੈਰ, ਉਨ੍ਹੀਂ ਦਿਨੀਂ ਹੀ ਸੋਵੀਅਤ ਦੂਤਾਵਾਸ ਵੱਲੋਂ ਪੰਜਾਬੀ ਵਿਚ ਪਰਚਾ ਕੱਢੇ ਜਾਣ ਦੀਆਂ ਸਲਾਹਾਂ ਹੋ ਰਹੀਆਂ ਸਨ। ਦੇਵ ਰਾਜ ਚਾਨਣਾ ਭਾਰਤ-ਸੋਵੀਅਤ ਮਿੱਤਰਤਾ ਦਾ ਇਹ ਪਰਚਾ ਪੰਜਾਬੀ ਵਿਚ ਕਢਵਾਉਣ ਲਈ ਜਤਨ ਕਰ ਰਿਹਾ ਸੀ। ਉਹ ਇਨ੍ਹਾਂ ਨੂੰ ਕਹਿੰਦਾ ਰਹਿੰਦਾ ਕਿ ਤੁਸੀਂ ਉਸ ਵਿਚ ਕੰਮ ਕਰਨਾ ਹੋਵੇਗਾ। 'ਸੋਵੀਅਤ ਦੇਸ' ਦਾ ਪਹਿਲਾ ਅੰਕ ਮਾਰਚ 1956 ਵਿਚ ਨਿਕਲਿਆ। ਓਦੋਂ ਤੋਂ ਲੈ ਕੇ ਸੇਵਾ-ਮੁਕਤ ਹੋਣ ਤੱਕ ਇਨ੍ਹਾਂ ਨੇ ਪਹਿਲਾਂ ਅਨੁਵਾਦਕ ਤੇ ਫੇਰ ਸੰਪਾਦਕ ਵਜੋਂ ਕੰਮ ਕੀਤਾ।

ਇਨ੍ਹਾਂ ਦੀ ਸ਼ਖ਼ਸੀਅਤ ਦੇ ਇਕ ਹੋਰ ਪੱਖ ਨਾਲ ਮੇਰੀ ਮੁੱਢਲੀ ਜਾਣ-ਪਛਾਣ ਮਨੀ-ਆਰਡਰਾਂ ਰਾਹੀਂ ਹੋਈ। ਸਾਡੇ ਦਫ਼ਤਰ ਵਿਚ ਕਰਮਚਾਰੀਆਂ ਦੀਆਂ ਡਾਕ ਵਿਚ ਆਈਆਂ ਚਿੱਠੀਆਂ ਟੰਗਣ ਵਾਲੇ ਫੱਟੇ ਉੱਤੇ, ਖ਼ਾਸ ਕਰ ਕੇ ਹਰੇਕ ਮਹੀਨੇ ਦੇ ਸ਼ੁਰੂ ਦੇ ਦਿਨੀਂ, ਇਨ੍ਹਾਂ ਦੀਆਂ ਕਈ-ਕਈ ਮਨੀ-ਆਰਡਰੀ ਰਸੀਦਾਂ ਲੱਗੀਆਂ ਹੋਈਆਂ ਹੁੰਦੀਆਂ। ਕੋਈ ਪੰਜਾਹ ਦੀ, ਕੋਈ ਪੱਚੀਆਂ ਦੀ! ਤੇ ਜਾਂ ਫੇਰ ਜਦੋਂ ਨਵਯੁਗ ਤੋਂ ਆਇਆ ਮੁੰਡਾ 'ਸੋਵੀਅਤ ਦੇਸ' ਦੇ ਕੰਮ ਨਿਬੇੜ ਕੇ 'ਸੋਵੀਅਤ ਦਰਪਨ' ਦੇ ਕੰਮ ਲਈ ਮੇਰੇ ਕੋਲ ਆਉਂਦਾ ਤਾਂ ਉਹਦੇ ਹੱਥ ਵਿਚ ਕਈ ਵਾਰ ਇਕ-ਦੋ-ਚਾਰ ਮਨੀਆਰਡਰ ਫ਼ਾਰਮ ਹੁੰਦੇ ਜੋ ਸਹਿਰਾਈ ਜੀ ਨੇ ਉਹਨੂੰ ਡਾਕਖਾਨੇ ਜਾ ਕੇ ਕਰਵਾਉਣ ਲਈ ਦਿੱਤੇ ਹੁੰਦੇ।

ਜੇ ਕੋਈ ਓਪਰਾ ਆਦਮੀ ਸਹਿਰਾਈ ਜੀ ਨੂੰ ਚੰਗੀ ਤਨਖ਼ਾਹ ਤੋਂ ਇਲਾਵਾ ਅਨੁਵਾਦ ਰਾਹੀਂ ਸਿਰਫ਼ ਪੈਸੇ ਕਮਾਉਂਦਿਆਂ ਹੀ ਦੇਖਦਾ, ਉਹ ਸੋਚਦਾ, ਇਸ ਬੰਦੇ ਦੇ ਨਾ ਰੰਨ, ਨਾ ਕੰਨ, ਕਿਵੇਂ ਮਾਇਆ ਪਿਛੇ ਪਿਆ ਹੈ! ਠੀਕ ਹੀ ਇਨ੍ਹਾਂ ਨੇ ਜ਼ਿੰਦਗੀ ਵਿਚ ਵਾਹਵਾ ਪੈਸੇ ਕਮਾਏ। ਪਰ ਵਡਿਆਈ ਇਸ ਵਿਚ ਨਹੀਂ। ਪੈਸੇ ਹੋਰ ਲੋਕ ਵੀ ਬੜੇ ਕਮਾਉਂਦੇ ਸਨ। ਸਗੋਂ ਕਈ ਲੋਕ ਗ਼ਲਤ ਤਰਜਮੇ ਕਰ ਕੇ ਵੀ ਚਾਪਲੂਸੀਆਂ ਤੇ ਹੇਰਾਫੇਰੀਆਂ ਦੇ ਸਹਾਰੇ ਪੈਸੇ ਇਨ੍ਹਾਂ ਨਾਲੋਂ ਵੱਧ ਕਮਾਉਂਦੇ ਸਨ। ਪਰ ਇਨ੍ਹਾਂ ਵਾਂਗ ਬੇਕਿਰਕੀ ਨਾਲ ਪੈਸੇ 'ਲੁਟਾਉਂਦਾ', ਮੁੱਠੀਆਂ ਭਰ-ਭਰ ਵੰਡਦਾ ਕੋਈ ਨਹੀਂ ਸੀ ਦੇਖਿਆ। ਜਦੋਂ ਕਿਸੇ ਤੋਂ ਕੋਈ ਫ਼ੰਡ ਜਾਂ ਚੰਦਾ ਮੰਗਣ ਦੀ ਲੋੜ ਪੈਂਦੀ ਹੈ, ਤਾਂ ਆਮ ਕਰ ਕੇ ਉਹਨੂੰ ਸਭ ਕੁਝ ਖੋਲ੍ਹ ਕੇ ਦੱਸਣਾ ਪੈਂਦਾ ਹੈ। ਇਸੇ ਆਦਤ ਅਧੀਨ ਜੇ ਕਿਤੇ ਸਹਿਰਾਈ ਜੀ ਨੂੰ ਕੁਝ ਕਹਿਣ ਲੱਗਣਾ, ਉਨ੍ਹਾਂ ਨੇ ਜਵਾਬ ਦੇਣਾ, 'ਊਂਹੂੰ! ਤੂੰ ਫੇਰ ਵਿਸਥਾਰਾਂ ਵਿਚ ਪੈ ਗਿਆ। ਪੈਸੇ ਦੱਸ ਕਿੰਨੇ ਚਾਹੀਦੇ ਨੇ?' ਤੇ ਜੇ ਪੈਸੇ ਕੋਲ ਹੋਣ, ਕੱਢ ਕੇ ਹਥੇਲੀ ਉੱਤੇ ਧਰ ਦਿੰਦੇ ਸਨ; ਜੇ ਜੇਬ ਪਹਿਲਾਂ ਹੀ ਮਸਤਾਨੀ ਹੋ ਚੁੱਕੀ ਹੋਵੇ, ਤਾਂ ਕਹਿੰਦੇ ਸਨ, 'ਕੋਲੋਂ ਪਾ ਦੇ, ਤਨਖ਼ਾਹ ਵਾਲੇ ਦਿਨ ਲੈ ਜਾਈਂ।'

ਇਕ ਵਾਰ ਇਕ ਸਾਧਨ-ਹੀਣ ਪ੍ਰਸਿੱਧ ਪੰਜਾਬੀ ਲੇਖਕ ਬਹੁਤ ਬੀਮਾਰ ਪੈ ਗਿਆ। ਮੈਂ ਉਹਨੂੰ ਉਸ ਸਮੇਂ ਜ਼ਾਤੀ ਤੌਰ ਉਤੇ ਤਾਂ ਨਹੀਂ ਸੀ ਜਾਣਦਾ, ਪਰ ਮਨੁੱਖ ਅਤੇ ਸਾਹਿਤਕਾਰ ਦੇ ਨਾਤੇ ਉਹਦੇ ਲਈ ਕੁਝ ਕਰਨ ਦਾ ਖ਼ਿਆਲ ਮਨ ਵਿਚ ਆ ਗਿਆ। ਪਰੇਮ ਸਿੰਘ ਨਾਲ ਗੱਲ ਕੀਤੀ ਤਾਂ ਉਹ ਕਹਿੰਦੇ, ਆਪਣੇ ਘੇਰੇ ਦੇ ਸਾਰਿਆਂ ਨਾਲ ਗੱਲ ਕਰੀਏ। ਮੈਂ ਇਸ ਗੱਲ ਦੇ ਨਿਹਫ਼ਲ ਹੋਣ ਬਾਰੇ ਸ਼ੱਕ ਪਰਗਟਾਇਆ। ਉਨ੍ਹਾਂ ਨੇ ਸਾਡੇ ਦਫ਼ਤਰ ਦੇ ਹੀ ਦੋ-ਤਿੰਨ ਅਜਿਹੇ ਆਦਮੀਆਂ ਕੋਲ ਜ਼ਰੂਰ ਚੱਲਣ ਲਈ ਕਿਹਾ ਜੋ ਸਾਹਿਤ ਦੇ ਨਾਂ ਉਤੇ ਸਾਥੋਂ ਹਰਤੇ-ਕਰਤੇ ਪੈਸੇ ਲੈਂਦੇ ਸਨ। ਪਰ ਜਵਾਬ ਮਿਲਿਆ, 'ਹਾਂ, ਅਸਾਂ ਵੀ ਸੋਚਿਆ ਹੈ। ਪਰ ਇਹ ਕਾਰਜ ਵਿਅਕਤੀਗਤ ਜਤਨਾਂ ਦੀ ਥਾਂ ਸਮੂਹਿਕ ਜਤਨ ਲੋੜਦਾ ਹੈ। ਅਸਾਂ ਇਸ ਆਸ਼ੇ ਨਾਲ ਇਕ ਵੱਡੀ ਮੀਟਿੰਗ ਬੁਲਾਉਣ ਬਾਰੇ ਸੋਚ ਰਹੇ ਹਾਂ। ਅਸਲ ਵਿਚ ਇਸ ਗੱਲ ਦੇ ਤਿੰਨ ਪਹਿਲੂ ਹਨ...!' ਮੈਂ ਬਾਹਰ ਨਿੱਕਲਦਿਆਂ ਪਰੇਮ ਸਿੰਘ ਨੂੰ ਹੱਸ ਕੇ ਕਿਹਾ, 'ਲੈ ਲਏ ਬੀਟੇ? ਮੈਂ ਕਿਹਾ ਸੀ ਕਿ ਇਨ੍ਹਾਂ ਨੇ ਚੁਆਨੀ ਨਹੀਂ ਦੇਣੀ, ਫਿਲਾਸਫੀਆਂ ਘੋਟਣੀਆਂ ਨੇ ਤੇ ਤਿੰਨ ਪਹਿਲੂ ਦੱਸਣੇ ਨੇ...!' (ਉਹ 'ਵੱਡੀ ਮੀਟਿੰਗ' ਨਾ ਕਦੀ ਹੋਣੀ ਸੀ, ਨਾ ਹੋਈ!) ਫੇਰ ਅਸੀਂ ਸਹਿਰਾਈ ਜੀ ਕੋਲ ਗਏ। ਲੇਖਕ ਦੀ ਬੀਮਾਰੀ ਬਾਰੇ ਦੱਸ ਕੇ ਉਨ੍ਹਾਂ ਨਾਲ ਗੱਲ ਸ਼ੁਰੂ ਕੀਤੀ, ਤਾਂ ਬੋਲੇ, 'ਊਂਹੂੰ! ਤੂੰ ਫੇਰ ਵਿਸਥਾਰਾਂ ਵਿਚ ਪੈ ਗਿਆ। ਪੈਸੇ ਦੱਸ ਕਿੰਨੇ ਚਾਹੀਦੇ ਨੇ।'

ਸਹਿਰਾਈ ਜੀ ਤਾਂ ਗੁਪਤ-ਦਾਨ ਦੇ ਵਿਸ਼ਵਾਸੀ ਸਨ। ਆਪ ਉਹ ਕਿਸੇ ਦੀ ਕੀਤੀ ਮਦਦ ਬਾਰੇ ਕੁਝ ਨਹੀਂ ਸਨ ਕਹਿੰਦੇ। ਤਾਂ ਵੀ ਮੈਨੂੰ ਕਈ ਅਜਿਹੇ ਵਿਦਿਆਰਥੀਆਂ-ਵਿਦਿਆਰਥਣਾਂ ਦਾ ਪਤਾ ਸੀ, ਜੋ ਕੁਰਬਾਨੀਆਂ ਵਾਲੇ ਸਾਧਨ-ਹੀਣ ਕਾਮਰੇਡਾਂ ਦੇ ਪੁੱਤਰ-ਧੀਆਂ ਸਨ ਤੇ ਜਿਨ੍ਹਾਂ ਦੀ ਲਗਾਤਾਰ ਮਦਦ ਕਰ ਕੇ ਇਨ੍ਹਾਂ ਨੇ ਪੜ੍ਹਾਈ ਸਿਰੇ ਲੁਆਈ।...ਦੋ ਯਤੀਮ ਕੁੜੀਆਂ ਦਾ ਪਤਾ ਹੈ, ਜਿਨ੍ਹਾਂ ਨੂੰ ਪਾਲਿਆ ਤੇ ਵਿਆਹਿਆ, ਜਿਨ੍ਹਾਂ ਦੇ ਘਰ ਵਸਾਏ।...ਇਕ ਵਾਰ ਸਾਡਾ ਇਕ ਸਹਿਕਰਮੀ ਲਹੂ ਦੇ ਕੈਂਸਰ ਨਾਲ ਹਸਪਤਾਲ ਵਿਚ ਅੰਤਲੇ ਦਿਨ ਪੂਰੇ ਕਰ ਰਿਹਾ ਸੀ। ਮਿਲਣ ਗਏ ਸਹਿਰਾਈ ਜੀ ਨੂੰ ਉਹਨੇ ਕੁਝ ਝੋਰੇ ਜਿਹੇ ਨਾਲ ਆਪਣੀ ਲੜਕੀ ਜਾ ਜ਼ਿਕਰ ਕਰ ਕੇ ਕਿਹਾ, 'ਹੋਰ ਤਾਂ, ਸਹਿਰਾਈ ਜੀ, ਸਭ ਠੀਕ ਹੈ, ਬੱਸ ਜੇ ਉਹਦੀ ਪੜ੍ਹਾਈ ਪੂਰੀ ਹੋ ਜਾਂਦੀ!' ਇਨ੍ਹਾਂ ਨੇ ਉਹਦਾ ਹੱਥ ਫੜ ਕੇ ਹਿੱਕ ਥਾਪੜਦਿਆਂ ਕਿਹਾ, 'ਪਹਿਲੀ ਗੱਲ ਤਾਂ ਤੈਨੂੰ ਕੁਝ ਹੁੰਦਾ ਨਹੀਂ।...ਪਰ...ਬੱਚੀ ਦੀ ਪੜ੍ਹਾਈ ਦੀ ਚਿੰਤਾ ਨਾ ਕਰ, ਉਹਨੂੰ ਮੈਂ ਪੜ੍ਹਾਵਾਂਗਾ।'

ਸਰੀਰਕ ਕਮਜ਼ੋਰੀ ਦੇ ਬਾਵਜੂਦ ਦੂਜਿਆਂ ਦੀ ਮਦਦ ਕਰਨ ਦੀ ਇਹ ਰੁਚੀ, ਉਨ੍ਹਾਂ ਦੇ ਦੱਸਣ ਅਨੁਸਾਰ, ਕਿਸੇ ਹੱਦ ਤਕ ਤਾਂ ਬੀਬੀ ਜੀ ਤੇ ਬਾਊ ਜੀ (ਮਾਤਾ ਜੀ ਤੇ ਪਿਤਾ ਜੀ) ਤੋਂ ਮਿਲੀ। ਉਹ ਕਹਿੰਦੇ ਸਨ, 'ਗੱਲ ਇਹ ਹੈ ਕਿ ਮੈਥੋਂ ਕਿਸੇ ਦੀ ਤਕਲੀਫ਼ ਦੇਖੀ ਨਹੀਂ ਜਾਂਦੀ। ਖ਼ਾਸ ਕਰ ਕੇ ਮੈਂ ਇਹ ਨਹੀਂ ਦੇਖ ਸਕਦਾ ਕਿ ਕੋਈ ਵਿਦਿਆਰਥੀ ਪੈਸਿਆਂ ਬਿਨਾਂ ਪੜ੍ਹਨੋਂ ਰਹਿ ਜਾਵੇ ਜਾਂ ਕੋਈ ਰੋਗੀ ਦਵਾਈ ਬਿਨਾਂ ਮਰ ਜਾਵੇ। ਤੇ ਬੱਚੇ ਦਵਾਈ ਬਿਨਾਂ ਮਰਨ! ਇਸ ਸਿਸਟਮ ਨੂੰ ਤਾਂ ਜੇ ਹੋਰ ਕਿਸੇ ਕਾਰਨ ਨਹੀਂ ਤਾਂ ਕੇਵਲ ਇਸ ਇਕੱਲੇ ਕਾਰਨ ਕਰ ਕੇ ਹੀ ਮਿੱਟੀ ਵਿਚ ਮਿਲਾ ਦੇਣਾ ਚਾਹੀਦਾ ਹੈ। ਭੁੱਲਰ, ਤੂੰ ਇਹ ਦੱਸ, ਮੇਰੀ ਜੇਬ ਵਿਚ ਸੌ ਰੁਪਈਆ ਹੋਵੇ ਤੇ ਕੋਈ ਆਦਮੀ ਖ਼ੂਨ ਦੀ ਬੋਤਲ ਬਿਨਾਂ ਮਰ ਰਿਹਾ ਹੋਵੇ, ਉਹ ਸੌ ਰੁਪਈਆ ਮੇਰੇ ਕਿਸ ਕੰਮ?'

ਇਨ੍ਹਾਂ ਦਾ ਰਚਨਾ-ਸਮੂਹ ਕਾਫ਼ੀ ਭਾਰਾ-ਗੌਰਾ ਸੀ, ਪਰ ਸਾਡੇ ਸਾਹਿਤਕ ਦਸਤੂਰ ਅਨੁਸਾਰ ਇਨ੍ਹਾਂ ਨੂੰ ਮਾਣਾਂ-ਸਨਮਾਨਾਂ ਤੋਂ ਲਗਭਗ ਲਾਂਭੇ ਹੀ ਰੱਖਿਆ ਗਿਆ। ਸਮੇਂ-ਸਮੇਂ ਇਨ੍ਹਾਂ ਦੀਆਂ ਪੁਸਤਕਾਂ 'ਤਾਰਿਆਂ ਦੀ ਲੋਅ', 'ਧਰਤੀ ਦੇ ਗੀਤ', 'ਸਮੇਂ ਦੀ ਵਾਗ', 'ਤਿਲੰਗਾਨਾ ਦੀ ਵਾਰ', 'ਸ਼ਕੁੰਤਲਾ', 'ਲਗਰਾਂ', 'ਰੁਣ-ਝੁਣ', 'ਵਣ-ਤ੍ਰਿਣ', 'ਗੁਜ਼ਰਗਾਹ', 'ਬਾਤਾਂ ਵਕਤ ਦੀਆਂ', 'ਗੀਤ ਮਰਿਆ ਨਹੀਂ ਕਰਦੇ', 'ਆਤਮ ਕਥਾ ਤੇ ਚੋਣਵੀਂ ਕਵਿਤਾ' ਅਤੇ 'ਸੰਗੀਤ ਦੇ ਖੰਭ' ਪ੍ਰਕਾਸ਼ਿਤ ਹੋਈਆਂ। ਇਨ੍ਹਾਂ ਦੀ ਸਮੁੱਚੀ ਰਚਨਾ 'ਮੇਰੀ ਕਵਿਤਾ ਦਾ ਸਫ਼ਰ' ਨਾਂ ਹੇਠ ਛਪੀ।

ਇਕ ਵਾਰ ਮੈਂ ਸਾਹਿਤਕ ਮਾਣਾਂ-ਸਨਮਾਨਾਂ ਦੀ ਗੱਲ ਛੇੜੀ ਤਾਂ ਉਨ੍ਹਾਂ ਦਾ ਕਹਿਣਾ ਸੀ, 'ਦੇਖ ਭਾਈ ਭੁੱਲਰ, ਆਪਣਾ ਲਿਖਣਾ ਆਪਣੀ ਜ਼ਿੰਦਗੀ ਵਾਂਗ ਸਹਿਜ ਰਵਾਨੀ ਵਾਲਾ ਹੈ। ਸਾਹਿਤਕ ਸ਼ੁਹਰਤ ਦੀ ਲਾਲਸਾ ਉੱਕਾ ਹੀ ਕੋਈ ਨਹੀਂ, ਖ਼ਾਸ ਕਰ ਕੇ ਖ਼ੁਆਰ ਕਰਨ ਵਾਲੀ ਸ਼ੁਹਰਤ ਦੀ। ਹਾਂ, ਪ੍ਰਸੰਸਾ ਖ਼ੁਸ਼ੀ ਤਾਂ ਦਿੰਦੀ ਹੀ ਹੈ। ਪਰ ਫ਼ਿਤਰਤੀ ਤੌਰ 'ਤੇ ਮੈਨੂੰ ਇਨਾਮਾਂ ਦੀ, ਸਮਾਗਮਾਂ ਦੀ ਕੋਈ ਰੁਚੀ ਨਹੀਂ। ਮੈਂ ਇਸ ਪੱਖ ਤੋਂ ਬੜਾ ਸ਼ਰਮਾਕਲ ਜਿਹਾ ਹਾਂ। ਕੱਠ ਕਰੋ ਜੀ, ਹਾਰ ਪਾਓ ਜੀ, ਇਨ੍ਹਾਂ ਨੇ ਘਾਲਾਂ ਘਾਲੀਆਂ ਜੀ...ਊਂਈ ਸੰਗ ਆਉਂਦੀ ਹੈ ਬੰਦੇ ਨੂੰ।...ਹਾਂ, ਮੈਂ ਇਕ ਗੱਲ ਦੱਸ ਦੇਵਾਂ, ਜੋ ਮੇਰੇ ਲਈ ਸਭ ਇਨਾਮਾਂ ਤੋਂ ਵੱਡੀ ਹੈ, ਉਹ ਹੈ ਲੋਕਾਂ ਦਾ ਪਿਆਰ! ਭੁੱਲਰ ਜੀ, ਮੈਨੂੰ ਬਹੁਤ ਪਿਆਰ ਮਿਲਿਆ ਹੈ, ਰੱਜਵਾਂ ਪਿਆਰ। ਏਨਾ ਸ਼ਾਇਦ ਕਿਸੇ ਨੂੰ ਹੀ ਮਿਲਿਆ ਹੋਵੇ। ਦਿਲ ਦਾ ਸੱਚਾ ਪਿਆਰ। ਮੇਰੇ ਮਿੱਤਰਾਂ ਦਾ ਬੜਾ ਵਿਸ਼ਾਲ ਘੇਰਾ ਹੈ। ਮੈਨੂੰ ਹੌਸਲਾ ਵੀ ਹੈ ਅਤੇ ਤਸੱਲੀ ਵੀ। ਪਰਿਵਾਰਾਂ ਦੇ ਪਰਿਵਾਰ ਮੈਨੂੰ ਪਿਆਰ ਕਰਦੇ ਹਨ। ਬੱਚੇ ਮੈਨੂੰ ਉਚੇਚਾ ਪਿਆਰ ਕਰਦੇ ਹਨ।...'

ਸੇਵਾ-ਮੁਕਤ ਹੋਣ ਸਮੇਂ ਮਿਲੇ ਪੈਸਿਆਂ ਨਾਲ ਉਨ੍ਹਾਂ ਨੇ ਸਾਡੇ ਘਰ ਤੋਂ 4-5 ਕਿਲੋਮੀਟਰ ਦੂਰ ਉਸੇ ਹਾਊਸਿੰਗ ਸੁਸਾਇਟੀ ਵਿਚ ਫ਼ਲੈਟ ਲੈ ਲਿਆ ਜਿਸ ਵਿਚ ਪਰੇਮ ਸਿੰਘ ਦਾ ਵੀ ਫ਼ਲੈਟ ਸੀ। ਨੇੜੇ ਹੋਣ ਕਰਕੇ ਉਨ੍ਹਾਂ ਨਾਲ ਮਿਲਣਾ-ਗਿਲਣਾ ਸੌਖਾ ਹੋ ਗਿਆ। ਉਨ੍ਹਾਂ ਨੇ ਆਪਣੇ ਨਾਲ ਉਸ ਬੇਸਹਾਰਾ ਲੜਕੀ, ਜਿਸ ਨੂੰ ਉਨ੍ਹਾਂ ਨੇ ਬਚਾਇਆ, ਪਾਲ਼ਿਆ, ਵਿਆਹਿਆ ਸੀ, ਦੇ ਧੀ-ਜੁਆਈ ਰੱਖੇ ਹੋਏ ਸਨ। ਅਸੀਂ ਜਾਂਦੇ ਤਾਂ ਉਨ੍ਹਾਂ ਦਾ ਸਾਫ਼ ਬਿਸਤਰਾ, ਸਾਫ਼ ਕੱਪੜੇ ਦੇਖ ਕੇ ਸੰਭਾਲ ਦੇ ਪੱਖੋਂ ਸੰਤੁਸ਼ਟ ਹੋ ਜਾਂਦੇ। ਮੁੜਦੇ ਹੋਏ ਅਸੀਂ ਪਰੇਮ ਸਿੰਘ ਵੱਲ ਵੀ ਹੋ ਆਉਂਦੇ।

ਮੇਰੀ ਪੱਕੀ ਆਦਤ ਹੈ, ਕਿਤੇ ਵੀ ਜਾਵਾਂ, ਕਿੰਨੇ ਨਜ਼ਦੀਕੀ ਦੇ ਜਾਵਾਂ, ਘਰੋਂ ਤੁਰਨ ਵੇਲ਼ੇ ਫੋਨ ਕਰ ਦਿੰਦਾ ਹਾਂ। ਇਕ ਦਿਨ ਮੈਂ ਪਰੇਮ ਸਿੰਘ ਨੂੰ ਕੁਝ ਕਿਤਾਬਾਂ ਦੇਣ ਕਰਕੇ ਪਹਿਲਾਂ ਉਨ੍ਹਾਂ ਵੱਲ ਜਾਣਾ ਸੀ। ਸੋਚਿਆ, ਉਥੇ ਪਤਾ ਨਹੀਂ ਕਿੰਨਾ ਚਿਰ ਲੱਗ ਜਾਵੇ, ਸਹਿਰਾਈ ਜੀ ਨੂੰ ਫੋਨ ਉਨ੍ਹਾਂ ਦੇ ਘਰੋਂ ਕਰ ਲਵਾਂਗੇ। ਮੋਬਾਈਲਾਂ ਤੋਂ ਪਹਿਲਾਂ ਦੀ ਗੱਲ ਹੈ। ਸਹਿਰਾਈ ਜੀ ਵੱਲ ਤੁਰਨ ਲੱਗਿਆਂ ਪਰੇਮ ਸਿੰਘ ਨੂੰ ਫੋਨ ਕਰਨ ਲਈ ਕਿਹਾ ਤਾਂ ਮੇਰੇ ਜ਼ੋਰ ਦੇਣ ਦੇ ਬਾਵਜੂਦ ਉਹ ਕਹਿੰਦੇ, 'ਛੱਡੋ ਜੀ, ਉਨ੍ਹਾਂ ਨੇ ਕਿਹੜਾ ਕਿਤੇ ਜਾਣਾ ਹੁੰਦਾ ਹੈ! ਏਨੀ ਫ਼ਾਰਮੈਲਿਟੀ ਕਾਹਦੇ ਲਈ!'

ਬੱਚੇ ਨੇ ਦਰਵਾਜ਼ਾ ਖੋਲ੍ਹਿਆ ਤੇ ਅਸੀਂ ਹਮੇਸ਼ਾ ਵਾਂਗ ਸਿੱਧੇ ਉਨ੍ਹਾਂ ਦੇ ਕਮਰੇ ਵਿਚ ਚਲੇ ਗਏ। ਉਨ੍ਹਾਂ ਦੇ ਬਿਸਤਰੇ ਦੀ ਚਾਦਰ ਵੀ ਮੈਲ਼ੀ ਤੇ ਸਫ਼ੈਦ ਕੁਰਤਾ-ਪਜਾਮਾ ਤੇ ਪੱਗ ਤਾਂ ਕੁਝ ਜ਼ਿਆਦਾ ਹੀ ਮੈਲ਼ੇ। ਕੁੜੀ ਕਾਹਲੀ-ਕਾਹਲੀ ਕੱਪੜੇ ਤੇ ਚਾਦਰ ਲੈ ਕੇ ਆਈ, ਸਾਨੂੰ ਰਸਮੀ ਮੁਸਕਰਾਹਟ ਨਾਲ ਹੱਥ ਜੋੜੇ ਤੇ ਸਹਿਰਾਈ ਜੀ ਨੂੰ ਕਹਿਣ ਲੱਗੀ, 'ਭਾਪਾ ਜੀ, ਤੁਹਾਨੂੰ ਕਿੰਨੇ ਵਾਰ ਕਿਹਾ ਹੈ, ਕੱਪੜੇ ਹਰ ਰੋਜ਼ ਬਦਲ ਲਿਆ ਕਰੋ। ਤੁਸੀਂ ਐਵੇਂ ਹੀ ਘੌਲ ਕਰ ਜਾਂਦੇ ਹੋ।'

ਅਸੀਂ ਕਿਹਾ, 'ਕੱਪੜੇ ਰੱਖ ਦੇ ਬੀਬੀ, ਅਸੀਂ ਬਦਲਣ ਵਿਚ ਮਦਦ ਕਰ ਦਿਆਂਗੇ।'

ਬਾਹਰ ਆ ਕੇ ਪਰੇਮ ਸਿੰਘ ਕਹਿੰਦੇ, 'ਸਹਿਰਾਈ ਜੀ ਦਸਦੇ ਨਹੀਂ, ਇਨ੍ਹਾਂ ਦੀ ਸੰਭਾਲ ਠੀਕ ਨਹੀਂ ਹੋ ਰਹੀ।...ਭਾਪਾ ਜੀ ਨਾਲ ਕੋਈ ਸਲਾਹ ਕਰੀਏ।'

ਮੈਂ ਕਿਹਾ, 'ਭਾਪਾ ਜੀ, ਤੁਸੀਂ, ਮੈਂ, ਅਸੀਂ ਸਭ ਉਸ ਉਮਰ ਨੂੰ ਪਹੁੰਚੇ ਹੋਏ ਹਾਂ ਜਾਂ ਪਹੁੰਚਣ ਵਾਲੇ ਹਾਂ ਜਿਸ ਵਿਚ ਸਾਨੂੰ ਆਪ ਨੂੰ ਸੰਭਾਲ ਦੀ ਲੋੜ ਪਵੇਗੀ।...ਗੱਲ ਤਾਂ ਬੇਕਿਰਕ ਤੇ ਦੁਖਦਾਈ ਹੈ, ਪਰ ਇਨ੍ਹਾਂ ਦੇ ਪਹਿਲਾਂ ਹੀ ਮੁਸ਼ਕਿਲ ਨਾਲ ਆਪਾ ਸੰਭਾਲਣ ਵਾਲੇ ਸਰੀਰ ਨੂੰ ਜੇ ਮੰਜਾ ਮੱਲਣਾ ਪੈ ਗਿਆ, ਇਹ ਤਾਂ ਬਿਲਕੁਲ ਹੀ ਲਾਚਾਰ ਤੇ ਬੇਵੱਸ ਹੋ ਜਾਣਗੇ। ਕਿਸੇ ਵੀ ਬੰਦੇ ਲਈ ਉਹ ਅਵਸਥਾ ਨਰਕ-ਸਮਾਨ ਹੁੰਦੀ ਹੈ, ਇਨ੍ਹਾਂ ਲਈ ਹੋਰ ਵੀ ਵੱਧ ਔਖੀ ਹੋਵੇਗੀ।...ਇਸ ਸਮੱਸਿਆ ਦਾ ਇਕੋ ਹੱਲ ਹੈ, ਉਹ ਅਵਸਥਾ ਆਉਣ ਤੋਂ ਪਹਿਲਾਂ ਜੇ ਇਹ ਕਿਸੇ ਦਿਨ ਅਚਾਨਕ ਅਨੰਤ ਰਾਹ ਦੇ ਯਾਤਰੀ ਬਣ ਜਾਣ!'

ਹੋ ਵੀ ਏਵੇਂ ਗਿਆ। ਕੁਝ ਮਹੀਨਿਆਂ ਮਗਰੋਂ ਹੀ ਉਹ ਕਸ਼ਟ-ਮੁਕਤ ਹੋ ਗਏ!

ਸਾਡੇ ਇਕ ਰਿਸ਼ਤੇਦਾਰ ਨੇ ਉਸੇ ਸੁਸਾਇਟੀ ਵਿਚ ਫ਼ਲੈਟ ਖ਼ਰੀਦ ਲਿਆ। ਉਨ੍ਹਾਂ ਦੇ ਘਰ ਸ਼ਾਮ ਦਾ ਕੋਈ ਸਮਾਗਮ ਸੀ। ਸੜਕਾਂ ਦੀਆਂ ਬੱਤੀਆਂ ਬੁਝੀਆਂ ਹੋਈਆਂ ਸਨ, ਘਰਾਂ ਵਿਚ ਬਿਜਲੀ ਹੈ ਸੀ। ਉਨ੍ਹਾਂ ਨੇ ਮਹਿਮਾਨਾਂ ਨੂੰ ਲਿਆਉਣ ਲਈ ਸੁਸਾਇਟੀ ਦੇ ਗੇਟ 'ਤੇ ਮੁੰਡੇ ਖੜ੍ਹੇ ਕੀਤੇ ਹੋਏ ਸਨ। ਜਦੋਂ ਅਸੀਂ ਫ਼ਲੈਟ ਦੇ ਅੰਦਰ ਗਏ, ਮੈਂ ਪਛਾਣਿਆ, ਇਹ ਤਾਂ ਸਹਿਰਾਈ ਜੀ ਵਾਲਾ ਫ਼ਲੈਟ ਲਗਦਾ ਹੈ। ਮੈਂ ਪੁੱਛਿਆ, 'ਇਹ ਫ਼ਲੈਟ ਵੇਚਣ ਵਾਲੇ ਦਾ ਨਾਂ ਕੀ ਸੀ?'

ਉਨ੍ਹਾਂ ਨੇ ਉਸੇ ਮੁੰਡੇ ਦਾ ਨਾਂ ਲਿਆ। ਮੈਂ ਜਾਣਨਾ ਚਾਹਿਆ, 'ਉਹ ਆਪ ਕਿਥੇ ਚਲਿਆ ਗਿਆ?'

ਉੱਤਰ ਮਿਲਿਆ, 'ਦੱਸ ਕੇ ਨਹੀਂ ਗਿਆ। ਅਸੀਂ ਪੁੱਛਿਆ ਵੀ ਕਿ ਤੁਹਾਡੀ ਕੋਈ ਡਾਕ ਆ ਜਾਂਦੀ ਹੈ, ਤੁਹਾਨੂੰ ਕੋਈ ਮਿਲਣ ਵਾਲਾ ਆ ਜਾਂਦਾ ਹੈ!...ਉਹ ਕਹਿੰਦਾ, ਅਸੀਂ ਸਭ ਨੂੰ ਆਪੇ ਦੱਸ ਦੇਵਾਂਗੇ। ਫੇਰ ਵੀ ਜੇ ਕੋਈ ਡਾਕ-ਡੂਕ ਆ ਜਾਵੇ, ਪਾੜ ਦੇਣੀ।'

ਮੈਂ ਦਿਲ ਹੀ ਦਿਲ ਸੋਚਿਆ, ਅਜਿਹੀ ਸੂਰਤ ਵਿਚ ਲੋੜ ਅਨੁਸਾਰ ਕਾਗ਼ਜ਼ ਬਣਾਉਣੇ ਕੀ ਔਖੇ ਹਨ! ਤੇ ਕਿਸੇ ਦਾਅਵੇਦਾਰੀ ਦੇ ਝੰਜਟ ਤੋਂ ਬਚਣ ਲਈ ਸਭ ਤੋਂ ਵਧੀਆ ਤਰੀਕਾ ਫ਼ਲੈਟ ਵੇਚਣਾ ਹੀ ਸੀ!

ਜਸਵੰਤ ਸਿੰਘ ਕੰਵਲ ਨੇ ਉਨ੍ਹਾਂ ਬਾਰੇ ਠੀਕ ਹੀ ਕਿਹਾ ਸੀ: 'ਕਈ ਪੱਖਾਂ ਵਿਚ ਜ਼ਿੰਦਗੀ ਤੋਂ ਵਿਰਵਿਆਂ ਰਹਿ ਕੇ ਵੀ ਸਹਿਰਾਈ ਜੀ ਨੇ ਜ਼ਿੰਦਗੀ ਨੂੰ ਮੁਹੱਬਤ ਕੀਤੀ। ਉਨ੍ਹਾਂ ਨੇ ਜ਼ਿੰਦਗੀ ਨੂੰ ਦਿੱਤਾ ਹੀ ਦਿੱਤਾ, ਲਿਆ ਕੁਝ ਵੀ ਨਹੀਂ। ਅਜਿਹੇ ਸੂਰਮਿਆਂ ਅੱਗੇ ਸਿਰ ਝੁਕਦਾ ਹੈ, ਜਿਨ੍ਹਾਂ ਨੇ ਸਮਾਜ ਦੀ ਜ਼ਹਿਰ ਪੀਤੀ ਤੇ ਅੰਮ੍ਰਿਤ ਵੰਡਿਆ, ਦੁਰਗੰਧ ਸਮੇਟੀ ਤੇ ਸੁਗੰਧ ਖਿਲਾਰੀ!...'

# ਅੱਗ ਦੀ ਲਾਟ ਚਿਮਟੇ ਨਾਲ ਫੜਨ ਵਾਲਾ - ਸੰਪੂਰਨ ਸਿੰਘ ਉਰਫ਼ ਗੁਲਜ਼ਾਰ

*ਸੂਖਮ ਤੰਦਾਂ ਨਾਲ ਗਜ਼ਲ ਦੀ ਬੁਣਤੀ ਪਾਉਣ ਵਾਲੇ ਗਜ਼ਲਗੋ ਅਜੈ ਤਨਵੀਰ ਨੇ ਉਘੇ ਸ਼ਾਇਰ ਅਤੇ ਫਿਲਮੀ ਹਸਤੀ ਗੁਲਜ਼ਾਰ ਦੇ ਕਲਾ ਦੇ ਵਿਹੜੇ ਝਾਤੀ ਮਾਰੀ ਹੈ; ਨਾਲ ਹੀ ਉਨ੍ਹਾਂ ਦੀ ਜ਼ਿੰਦਗੀ ਦੇ ਕੁਝ ਖਾਸ ਤੇ ਅਣਛੋਹੇ ਵਰਕੇ ਫਰੋਲੇ ਹਨ। ਇਸ ਲਿਖਤ ਵਿਚ ਅਜੈ ਤਨਵੀਰ ਪਾਠਕ ਨੂੰ ਗੁਲਜ਼ਾਰ ਦੀ ਮਹਿਕ ਨਾਲ ਹੀ ਸਰਸ਼ਾਰ ਨਹੀਂ ਕਰਦਾ ਸਗੋਂ ਜ਼ਿੰਦਗੀ ਦੀਆਂ ਉਨ੍ਹਾਂ ਸਚਾਈਆਂ ਦੇ ਰੂਬਰੂ ਵੀ ਕਰਦਾ ਹੈ ਜੋ ਇਨ੍ਹਾਂ ਦੋਹਾਂ ਨੇ ਆਪਣੇ ਅਨੁਭਵ ਵਿਚੋਂ ਕਮਾਈਆਂ ਹਨ। ਅਸੀਂ ਗੁਲਜ਼ਾਰ ਬਾਰੇ ਇਹ ਲੰਮਾ ਲੇਖ ਪਾਠਕਾਂ ਨਾਲ ਸਾਂਝਾ ਕਰ ਰਹੇ ਹਾਂ। ਇਸ ਦੀ ਚੌਥੀ ਕਿਸ਼ਤ ਹਾਜ਼ਰ ਹੈ।*

ਜਦੋਂ ਰਿਸ਼ੀਕੇਸ਼ ਮੁਖਰਜੀ ਬਿਮਲ ਰਾਏ ਦੇ ਐਡੀਟਰ ਸਨ, ਉਨ੍ਹਾਂ ਦਿਨਾਂ ਤੋਂ ਹੀ ਗੁਲਜ਼ਾਰ ਅਤੇ ਮੁਖਰਜੀ ਦੀ ਗੂੜ੍ਹੀ ਦੋਸਤੀ ਸੀ। ਇਹ ਦੋਸਤੀ ਅੱਗੇ ਚੱਲ ਕੇ ਮਿਸਾਲ ਵੀ ਬਣੀ। ਜਦੋਂ ਮੁਖਰਜੀ ਨੇ ਬਤੌਰ ਡਾਇਰੈਕਟਰ ਕੰਮ ਕਰਨਾ ਸ਼ੁਰੂ ਕੀਤਾ ਤਾਂ ਉਸ ਨੇ ਸਭ ਤੋਂ ਪਹਿਲਾਂ ਆਪਣੇ ਪਿਆਰੇ ਮਿੱਤਰ ਗੁਲਜ਼ਾਰ ਨੂੰ ਕਿਹਾ, 'ਤੁਮ ਹਮਾਰੇ ਸਾਥ ਹਮ ਤੁਮਾਰੇ ਸਾਥ।' ਤਦ ਗੁਲਜ਼ਾਰ ਨੇ 'ਖਾਮੋਸ਼ੀ',



**ਅਜੈ ਤਨਵੀਰ**

'ਆਸ਼ੀਰਵਾਦ', 'ਨਮਕ ਹਰਾਮ' ਅਤੇ 'ਆਨੰਦ', ਇਨ੍ਹਾਂ ਫ਼ਿਲਮਾਂ ਦੇ ਡਾਇਲਾਗਜ਼ ਅਤੇ ਕਹਾਣੀ 'ਤੇ ਕੰਮ ਕੀਤਾ। 'ਆਨੰਦ' ਫ਼ਿਲਮ ਦੀ ਕਹਾਣੀ ਤੇ ਡਾਇਲਾਗ ਹਰ ਕਿਸੇ ਦੀ ਜ਼ੁਬਾਨ 'ਤੇ ਚੜ੍ਹ ਗਏ, ਤਕੀਆ ਕਲਾਮ ਬਣ ਗਏ। ਇਸ ਫ਼ਿਲਮ ਵਿਚ ਰਾਜੇਸ਼ ਖੰਨਾ ਤੇ ਅਮਿਤਾਭ ਬੱਚਨ ਨੇ ਆਪਣੀ ਅਦਾਕਾਰੀ ਦੇ ਪੂਰੇ ਜੌਹਰ ਦਿਖਾਏ। ਇਸ ਫ਼ਿਲਮ ਦੇ ਗੀਤ ਯੋਗੇਸ਼ ਅਤੇ ਗੁਲਜ਼ਾਰ ਨੇ ਲਿਖੇ ਸਨ। ਸੰਗੀਤ ਸਲਿਲ ਚੌਧਰੀ ਦਾ ਸੀ। ਇਸ ਫ਼ਿਲਮ ਦੀ ਕਹਾਣੀ ਰਿਸ਼ੀਕੇਸ਼ ਮੁਖਰਜੀ ਅਤੇ ਰਾਜ ਕਪੂਰ ਦੀ ਦੋਸਤੀ 'ਤੇ ਆਧਾਰਿਤ ਸੀ। ਇਨ੍ਹਾਂ ਦੀ ਦੋਸਤੀ ਬਹੁਤ ਗੂੜ੍ਹੀ ਸੀ। ਇਸ ਫ਼ਿਲਮ ਦਾ ਇਕ ਡਾਇਲਾਗ ਬਹੁਤ ਮਸ਼ਹੂਰ ਹੋਇਆ ਸੀ, 'ਬਾਬੂ ਮੋਸ਼ਾਏ ਜ਼ਿੰਦਗੀ ਬੜੀ ਹੋਨੀ ਚਾਹੀਏ ਲੰਬੀ ਨਹੀਂ, ਹਦ ਕਰਤੇ ਹੋ, ਮੌਤ ਕੇ ਡਰ ਸੇ ਅਗਰ ਜ਼ਿੰਦਾ ਰਹਿਨਾ ਛੋੜ ਦੀਆ ਤੋ ਮੌਤ ਕਿਸੇ ਕਹਿਤੇ। ਬਾਬੂ ਮੋਸ਼ਾਏ ਜਬ ਤੱਕ ਜ਼ਿੰਦਾ ਹੂੰ ਮਰਾ ਨਹੀਂ, ਜਬ ਮਰ ਗਿਆ ਸਾਲਾ ਮੈਂ ਹੀ ਨਹੀਂ ਤੋ ਫਿਰ ਡਰ ਕਿਸ ਬਾਤ ਕਾ...' ਅਸਲ ਵਿਚ ਬਾਬੂ ਮੋਸ਼ਾਏ ਸ਼ਬਦ ਸਤਿਕਾਰਯੋਗ ਸ਼ਖ਼ਸੀਅਤ ਲਈ ਵਰਤਿਆ ਜਾਂਦਾ ਹੈ। ਰਾਜ ਕਪੂਰ ਹਮੇਸ਼ਾ ਹੀ ਰਿਸ਼ੀਕੇਸ਼ ਮੁਖਰਜੀ ਨੂੰ ਪਿਆਰ ਨਾਲ ਇਸ ਸ਼ਬਦ ਨਾਲ ਹੀ ਸੰਬੋਧਿਤ ਕਰਦੇ ਸਨ। ਪਰ ਜੋ ਇਸ ਕਹਾਣੀ 'ਤੇ ਗੁਲਜ਼ਾਰ ਨੇ ਪੁੱਠ ਚਾੜ੍ਹੀ ਉਹ ਤਾਂ ਅਸੀਂ ਸਾਰੇ ਹੀ ਜਾਣਦੇ ਹਾਂ। ਗੁਲਜ਼ਾਰ ਕੋਲ ਐਸੀ ਕਲਾ ਹੈ, ਉਹ ਜਿਸ ਨਾਲ ਹਰ ਸ਼ਬਦ ਦੀ ਨੁਹਾਰ ਬਦਲ ਦਿੰਦਾ ਹੈ। ਕਿਸੇ ਨੇ ਠੀਕ ਹੀ ਕਿਹਾ ਹੈ, 'ਜੋ ਲੋਕ ਕਲਾ ਨੂੰ ਪਿਆਰ ਨਹੀਂ ਕਰਦੇ, ਜ਼ਿੰਦਗੀ ਉਨ੍ਹਾਂ ਕੋਲੋਂ ਘੁੰਡ ਕੱਢ ਕੇ ਲੰਘ ਜਾਂਦੀ ਹੈ।' ਗੁਲਜ਼ਾਰ ਨੂੰ 'ਆਨੰਦ' ਫ਼ਿਲਮ ਦੇ ਬੈਸਟ ਡਾਇਲਾਗ ਲਿਖਣ ਲਈ ਐਵਾਰਡ ਮਿਲਿਆ।

ਬਾਬੂ ਮੋਸ਼ਾਏ ਤਾਂ ਹਰ ਇਕ ਦਾ ਤਕੀਆ ਕਲਾਮ ਬਣ ਚੁੱਕਾ ਸੀ। ਕਾਫ਼ੀ ਸਮਾਂ ਪਹਿਲਾਂ ਸੁਣਨ ਵਿਚ ਆਇਆ ਸੀ ਕਿ ਇਸ ਫ਼ਿਲਮ ਦਾ ਰੀਮੇਕ ਵੀ ਬਣ ਰਿਹਾ ਹੈ। ਐੱਨ. ਸੀ. ਸਿੱਪੀ ਦੇ ਪੋਤੇ ਸਮੀਰ ਰਾਜ ਸਿੱਪੀ ਅਤੇ ਨਿਰਮਾਤਾ ਵਿਕਰਮ ਖੱਖੜ ਦੁਆਰਾ ਘੋਸ਼ਣਾ ਕੀਤੀ ਗਈ ਸੀ। ਉਨ੍ਹਾਂ ਦੇ ਕਹਿਣ ਮੁਤਾਬਕ ਸਕ੍ਰਿਪਟ ਪੂਰੀ ਤਰ੍ਹਾਂ ਤਿਆਰ ਹੈ। ਪਰ ਦੋਵਾਂ ਨਿਰਮਾਤਾਵਾਂ ਨੇ ਅਜੇ ਨਿਰਦੇਸ਼ਕ ਫ਼ਾਈਨਲ ਕਰਨਾ ਹੈ। ਸਮੀਰ ਰਾਜ ਸਿੱਪੀ ਚਾਹੁੰਦੇ ਹਨ, ਇਸ ਤਰ੍ਹਾਂ ਦੀਆਂ ਕਹਾਣੀਆਂ ਨਵੀਂ ਪੀੜ੍ਹੀ ਨੂੰ ਜ਼ਰੂਰ ਸੁਣਾਉਣੀਆਂ ਚਾਹੀਦੀਆਂ ਹਨ। ਅਸਲ ਵਿਚ 'ਆਨੰਦ' ਫ਼ਿਲਮ ਦੀ ਕਹਾਣੀ ਰਿਸ਼ੀਕੇਸ਼ ਮੁਖਰਜੀ ਦੇ ਦਿਮਾਗ਼ ਵਿਚ 1954 ਤੋਂ ਹੀ ਘੁੰਮ ਰਹੀ ਸੀ ਪਰ ਇਸ ਨੂੰ ਬੂਰ ਪਿਆ 1971 ਵਿਚ। ਪਤੰਗ ਉਡਾਉਣਾ ਤਾਂ ਹਰ ਕੋਈ ਜਾਣਦਾ ਹੈ ਪਰ ਤਣਾਵਾਂ ਪਾਉਣ ਦੀ ਕਾਰੀਗਰੀ ਕਿਸੇ ਕਿਸੇ ਕੋਲ ਹੁੰਦੀ ਹੈ। ਇਸ ਕਾਰੀਗਰੀ ਵਿਚ ਗੁਲਜ਼ਾਰ ਪੂਰੀ ਤਰ੍ਹਾਂ ਨਿਪੁੰਨ ਹੈ। ਉਹ ਇਕੱਲੀਆਂ ਤਣਾਵਾਂ ਹੀ ਨਹੀਂ ਪਾਉਣੀਆਂ ਜਾਣਦਾ, ਉਹ ਤੁਣਕਾ ਮਾਰਨਾ ਵੀ ਚੰਗੀ ਤਰ੍ਹਾਂ ਜਾਣਦਾ ਹੈ।

ਗੁਲਜ਼ਾਰ ਆਪਣੇ ਆਪ ਵਿਚ ਗੁਲਜ਼ਾਰ ਨਹੀਂ, ਉਹ ਹਰ ਕਿਸੇ ਲਈ ਹਰ ਮੌਸਮ ਵਿਚ ਗੁਲਜ਼ਾਰ ਹੈ। ਉਹ ਕੱਲਰ ਧਰਤੀ ਵਿਚ ਵੀ ਖਿੜਨਾ ਜਾਣਦਾ ਹੈ। ਉਸ ਦੀ ਮਹਿਕ ਹਰ ਸਾਹਿਤ ਪ੍ਰੇਮੀ ਨੂੰ ਹੱਦਾਂ-ਸਰਹੱਦਾਂ ਚੀਰ ਕੇ ਵੀ ਗਲਵੱਕੜੀ ਪਾ ਲੈਂਦੀ ਹੈ। ਉਸ ਦੀ ਗਲਵੱਕੜੀ ਵਿਚ ਪੋਹ ਮਾਘ ਦੀ ਧੁੱਪ ਵਰਗਾ ਨਿੱਘ ਹੈ। ਗੁਲਜ਼ਾਰ ਜੇਠ ਹਾੜ੍ਹ ਵਿਚ ਤਪਦਾ ਨਹੀਂ, ਠਰ੍ਹਦਾ ਹੈ। ਬਸ ਲੋੜ ਹੈ ਉਸ ਦੇ ਅੰਦਰ ਉਤਰਨ ਦੀ, ਫਿਰ ਆਨੰਦ ਹੀ ਆਨੰਦ ਹੈ। ਚਿੱਟਾ ਕੁੜਤਾ ਪਜਾਮਾ, ਚਿੱਟੀ ਲੋਈ ਅਤੇ ਪੈਰਾਂ ਵਿਚ ਪੰਜਾਬੀ ਜੁੱਤੀ ਭਾਵ ਪੰਜਾਬੀ ਖੁੱਸਾ। ਗੁਲਜ਼ਾਰ ਦਾ ਪਹਿਰਾਵਾ ਨਿਰ੍ਹਾ ਪੰਜਾਬੀ ਹੈ। ਬੋਲਣ ਦਾ ਢੰਗ ਵੀ ਪੰਜਾਬੀ ਹੈ। ਉਸ ਵਿਚ ਮੜ੍ਹਕ ਹੈ, ਰੜਕ, ਬੜਕ ਵੀ ਹੈ। ਪਰ ਇਨ੍ਹਾਂ ਦੀ ਉਹ ਕਦੇ ਦੁਰਵਰਤੋਂ ਨਹੀਂ ਕਰਦਾ। ਚਿੱਟੇ ਕੱਪੜਿਆਂ ਵਿਚ ਗੁਲਜ਼ਾਰ ਅਮਨ ਦਾ ਪੁਜਾਰੀ ਲੱਗਦਾ ਹੈ। ਉਸ ਨੇ ਬਚਪਨ ਵਿਚ ਹਾਦਸੇ ਹੀ ਹਾਦਸੇ ਵੇਖੇ ਹਨ। ਉਸ ਦੀਆਂ ਅੱਖਾਂ ਨੇ ਦ੍ਰਿਸ਼ ਅਜੇ ਤੀਕਰ ਵੀ ਸਾਂਭ ਕੇ ਰੱਖੇ ਹੋਏ ਹਨ। ਇਸ ਲਈ ਉਹ ਚਾਹੁੰਦਾ ਹੈ ਕਿ ਇਹ ਸੀਨ ਦੁਬਾਰਾ ਉਸ ਦੀਆਂ ਅੱਖਾਂ ਵਿਚ ਨਾ



ਸ਼ਾਮਿਲ ਹੋਣ। ਆਮ ਜ਼ਿੰਦਗੀ ਵਿਚ ਗੁਲਜ਼ਾਰ ਬਹੁਤ ਸ਼ਾਂਤ ਚਿੱਤ ਹੈ। ਨਿਰ੍ਹਾ ਵਗਦਾ ਝਰਨਾ ਰਚਵੇਂ ਮੀਂਹ ਦੀ ਕਣੀ ਵਰਗਾ। ਨਿਰ੍ਹਾ ਗੰਨੇ ਦੀ ਪਿਛਲੀ ਪੋਰ ਵਰਗਾ। ਤਾਜ਼ੇ ਗੁੜ ਦੀ ਮਹਿਕ ਵਰਗਾ। ਆਪਣੀ ਗੀਤਕਾਰੀ ਵਿਚ ਗੁਲਜ਼ਾਰ ਬਾਗ਼ੀ ਹੈ। ਉਸ ਦੇ ਗੀਤ ਉਸ ਚਿਣਗ ਵਰਗੇ ਹਨ, ਜਿਸ ਵਿਚ ਕੁਝ ਕਰਨ ਦਾ ਜਜ਼ਬਾ ਹੋਵੇ। ਕਿੰਨੀਆਂ ਹੀ ਫ਼ਿਲਮਾਂ ਹਨ ਜਿਹੜੀਆਂ ਉਸ ਦੇ ਗੀਤਾਂ ਕਰਕੇ



ਸੁਪਰਹਿੱਟ ਹੋਈਆਂ। ਗੁਲਜ਼ਾਰ ਨੂੰ ਤੁਸੀਂ ਜਦੋਂ ਵੀ ਪੜ੍ਹੋਗੇ-ਸੁਣੋਗੇ, ਤੁਹਾਡੇ ਅੰਦਰ ਕੁਝ ਨਾ ਕੁਝ ਜ਼ਰੂਰ ਹਿੱਲਜੁਲ ਹੋਵੇਗੀ। ਜਦੋਂ ਗੁਲਜ਼ਾਰ ਸੰਤਾਲੀ ਦੀ ਵੰਡ ਦੀ ਗੱਲ ਕਰਦਾ ਹੈ ਤਾਂ ਮੈਂ ਮਹਿਸੂਸ ਕੀਤਾ ਕਿ ਜਿਸ ਤਰ੍ਹਾਂ ਗੁਲਜ਼ਾਰ ਦਰਦ ਦੀ ਬਾਤ ਪਾਉਂਦਾ ਹੈ, ਸਾਰਾ ਭਾਰਤ ਹੀ ਉਸ ਦੀ ਬਾਤ ਨੂੰ ਹੁੰਗਾਰਾ ਦੇ ਰਿਹਾ ਹੁੰਦਾ। ਤੁਸੀਂ ਸੰਪੂਰਨ ਸਿੰਘ ਨੂੰ ਤਦੇ ਹੀ ਸੰਪੂਰਨ ਵੇਖ ਸਕੋਗੇ, ਜਦੋਂ ਉਸ ਨੂੰ ਪੂਰੀ ਤਰ੍ਹਾਂ ਘੋਖੋਗੇ। ਜੇਕਰ ਉਸ ਨੂੰ ਨਹੀਂ ਘੋਖਦੇ, ਫਿਰ ਤੁਸੀਂ ਗੁਲਜ਼ਾਰ ਨੂੰ ਪੂਰਾ ਨਹੀਂ, ਅਧੂਰਾ ਹੀ ਸਮਝੋਗੇ। ਉਸ ਦੇ ਚਿਹਰੇ ਉੱਤੇ ਹਰ ਪਲ ਖ਼ੁਸ਼ੀ ਦਾ ਪਹਿਰਾ ਹੈ। ਉਹ ਜਦੋਂ ਠੇਠ ਪੰਜਾਬੀ ਬੋਲਦਾ ਤਾਂ ਮਾਝਾ, ਦੁਆਬਾ, ਮਾਲਵਾ ਤਿੰਨਾਂ ਖ਼ਿੱਤਿਆਂ ਦੀ ਖ਼ੁਸ਼ਬੂ ਮਹਿਕਣ ਲੱਗਦੀ ਹੈ। ਉਹ ਕਰਾਰੇ-ਕਰਾਰੇ ਭੋਜਨ ਦਾ ਸ਼ੌਕੀਨ ਹੈ। ਉਹ ਰਾਖੀ ਨੂੰ ਲੈ ਕੇ ਤਦੇ ਤਾਂ ਸਮੁੰਦਰ ਦੇ ਕਿਨਾਰੇ ਢਾਬੇ 'ਤੇ ਸਪੈਸ਼ਲ ਕਰਾਰਾ ਭੋਜਨ ਖਾਣ ਤੁਰਿਆ ਰਹਿੰਦਾ ਸੀ। ਮੈਨੂੰ ਲੱਗਦਾ ਹੈ, ਗੁਲਜ਼ਾਰ ਦੀ ਜੀਭ ਦਾ ਹਰੀ ਮਿਰਚ ਨਾਲ ਖ਼ਾਸ ਹੀ ਯਾਰਾਨਾ ਹੈ। ਇਹ ਹੋਵੇ ਵੀ ਕਿਉਂ ਨਾ, ਪੰਜਾਬੀ ਹੈ। ਉਹ ਮਹਾਰਾਸ਼ਟਰ ਵਿਚ ਰਹਿ ਕੇ ਵੀ ਪੰਜਾਬੀ ਦਾ ਪੰਜਾਬੀ ਰਿਹਾ। ਕੋਈ ਵੀ ਪੰਜਾਬੀ ਉਸ ਨੂੰ ਮਿਲੇ, ਉਹ ਸਤਿਕਾਰ ਕਰਦਾ। ਉਹ ਹਰ ਗੱਲ ਪੰਜਾਬੀ ਵਿਚ ਕਰਦਾ ਹੈ, ਪਰ ਗੁਲਜ਼ਾਰ ਸਾਹਿਤ ਦੀ ਸਿਰਜਣਾ ਉਰਦੂ ਵਿਚ ਕਰਦਾ ਹੈ।

ਗੁਲਜ਼ਾਰ ਕਹਿੰਦਾ ਹੈ, 'ਮੈਂ ਕਿਤਾਬ ਬਿਨਾਂ ਅਧੂਰਾ ਹਾਂ। ਕਿਤਾਬਾਂ ਨਾਲ ਹੀ ਮੇਰੇ ਸਾਹ ਚੱਲਦੇ ਹਨ। ਲਿਖਣਾ ਰਿਆਜ਼ ਨਹੀਂ, ਪੜ੍ਹਨਾ ਰਿਆਜ਼ ਹੈ। ਰਿਆਜ਼ ਉਹ ਹੁੰਦਾ ਹੈ, ਜੋ ਰੋਜ਼ ਕੀਤਾ ਜਾਵੇ, ਬਿਨਾਂ ਨਾਗੇ ਪੜ੍ਹਨ ਤੋਂ ਬਗ਼ੈਰ ਲਿਖਣ ਵਾਲੇ ਲਿਖਾਰੀ ਨਹੀਂ, ਵਪਾਰੀ ਹੁੰਦੇ ਹਨ। ਸਮੇਂ ਦਾ ਹਾਣੀ ਉਹ ਨਹੀਂ ਹੋ ਸਕਦਾ, ਜੋ ਖ਼ੁਦ ਨੂੰ ਸਮੇਂ ਦੇ ਹਾਣ ਦਾ ਬਣਾਵੇ।'




ਗੁਲਜ਼ਾਰ ਨੇ ਨਵੇਂ ਨਿਰਦੇਸ਼ਕਾਂ ਦੇ ਨਾਲ ਵੀ ਪੂਰੀ ਤਨਦੇਹੀ ਨਾਲ ਕੰਮ ਕੀਤਾ, ਜਿਨ੍ਹਾਂ 'ਚ ਸ਼ੇਖਰ ਕਪੂਰ ਤੋਂ ਲੈ ਕੇ ਮਨੀਰਤਨਮ ਜਿਹੇ ਤੇਰ੍ਹਾਂ-ਚੌਦ੍ਹਾਂ ਨਾਮ ਹਨ। ਕਿਸੇ ਪੁੱਛਿਆ, 'ਗੁਲਜ਼ਾਰ ਸਾਹਿਬ ਤੁਸੀਂ ਕਹਾਣੀ ਵੀ ਲਿਖਦੇ ਹੋ, ਗੀਤ ਵੀ ਲਿਖਦੇ ਹੋ, ਸਕਰੀਨ ਪਲੇਅ ਵੀ ਲਿਖਦੇ ਹੋ, ਪਤਾ ਨਹੀਂ ਕੀ-ਕੀ ਲਿਖਦੇ ਹੋ। ਐਨੇ ਅਜੀਬ ਨਾਮ ਵਾਲੇ ਰਿਸ਼ਤੇ, ਕਿਸ ਤਰ੍ਹਾਂ ਨਿਭਾਅ ਲੈਂਦੇ ਹੋ?' ਗੁਲਜ਼ਾਰ ਨੇ ਮੁਸਕਰਾਉਂਦੇ ਹੋਏ ਸਵਾਲ ਕੀਤਾ, 'ਤੁਹਾਡੇ ਮਾਂ-ਬਾਪ, ਭੈਣ-ਭਾਈ ਤੇ ਪਤਨੀ ਹੈ?' ਉਸ ਨੇ ਕਿਹਾ, 'ਹਾਂ ਜੀ, ਸਾਰੇ ਹਨ। ਇਕ ਘਰ ਵਿਚ ਹੀ ਰਹਿ ਰਹੇ ਹਾਂ।' ਗੁਲਜ਼ਾਰ ਨੇ ਕਿਹਾ, 'ਤੁਸੀਂ ਫਿਰ ਕਿਸ ਤਰ੍ਹਾਂ ਸਾਰਿਆਂ ਨਾਲ ਇਹ ਰਿਸ਼ਤੇ ਨਿਭਾਅ ਰਹੇ ਹੋ।

ਇਹ ਸਾਰੇ ਰਿਸ਼ਤੇ ਅਸੀਂ ਸਾਰੇ ਲੋਕ ਕਿਸੇ ਨਾ ਕਿਸੇ ਰੂਪ ਵਿਚ ਨਿਭਾਅ ਰਹੇ ਹਾਂ।' ਗੁਲਜ਼ਾਰ ਨੇ ਪਰਦੇ ਉੱਪਰ ਸਾਹਿਤ ਦਾ ਆਉਣਾ ਬਹੁਤ ਅਹਿਮ ਮੰਨਿਆ। ਉਸ ਨੇ ਸਾਹਿਤ ਨੂੰ ਅਨੋਖੇ ਰੂਪ ਵਿਚ ਪੇਸ਼ ਕੀਤਾ। ਉਸ ਦੀਆਂ ਤਕਰੀਬਨ ਸਾਰੀਆਂ ਫ਼ਿਲਮਾਂ ਵਿਚ ਕਹਾਣੀਆਂ ਹਨ, ਨਾਵਲ ਨਹੀਂ, ਕਿਉਂਕਿ ਸਰੋਤਾ ਆਪਣਾ ਮਨੋਰੰਜਨ ਕਰਨ ਲਈ ਕਹਾਣੀ ਸੁਣਨਾ ਪਸੰਦ ਕਰਦਾ ਹੈ, ਨਾਵਲ ਨਹੀਂ। ਦਰਸ਼ਕਾਂ ਦੀ ਨਬਜ਼ ਗੁਲਜ਼ਾਰ ਨੇ ਐਸੀ ਫੜੀ ਕਿ ਹਰੇ ਪੱਤੇ ਵਾਲੀ ਗੋਲੀ ਦਾ ਪੂਰਾ ਅਸਰ ਹੋਇਆ। ਗੁਲਜ਼ਾਰ ਦੀਆਂ ਤਕਰੀਬਨ ਸਾਰੀਆਂ ਫ਼ਿਲਮਾਂ ਹੀ ਦੋ ਘੰਟੇ ਤੀਕਰ ਸੀਮਤ ਹਨ। ਉਸ ਦਾ ਮੰਨਣਾ ਹੈ ਕਿ ਜ਼ਿਆਦਾ ਲੰਬੀ ਫ਼ਿਲਮ ਦਰਸ਼ਕਾਂ ਨੂੰ ਬੋਰ ਕਰਦੀ ਹੈ। ਸੁਆਦ ਅਤੇ ਨਜ਼ਾਰਾ ਲੰਬਾ ਨਹੀਂ ਹੁੰਦਾ, ਛੋਟੀ ਅਤੇ ਥੋੜ੍ਹੀ ਵਿਚ ਆਨੰਦ ਹੈ। ਕਿਸੇ ਚੀਜ਼ ਦਾ ਅਰਕ ਹੀ ਉਸ ਦਾ ਸਿੱਟਾ ਹੁੰਦਾ ਹੈ। ਪਰ ਅਰਕ ਕਸ਼ੀਦਣਾ ਹਾਰੀ-ਸਾਰੀ ਦੇ ਵੱਸ ਦੀ ਗੱਲ ਨਹੀਂ।



'ਅਚਾਨਕ' ਫ਼ਿਲਮ ਦੀ ਕਹਾਣੀ ਜਦੋਂ ਗੁਲਜ਼ਾਰ ਨੇ ਐੱਨ. ਸੀ.ਸਿੱਪੀ ਦੇ ਲੜਕੇ ਰੋਸ਼ਨ ਸਿੱਪੀ ਨੂੰ ਸੁਣਾਈ, ਉਸ ਨੇ ਪਸੰਦ ਕੀਤੀ। ਜਦੋਂ ਇਹ ਕਹਾਣੀ ਖ਼ੁਦ ਐੱਨ. ਸੀ. ਸਿੱਪੀ ਨੇ ਸੁਣੀ ਤਾਂ ਉਸ ਨੇ ਉਦੋਂ ਹੀ ਕਹਿ ਦਿੱਤਾ, ਇਸ 'ਤੇ ਫ਼ਿਲਮ ਬਣਾਓ। ਗੁਲਜ਼ਾਰ ਨੇ ਕਿਹਾ, 'ਇਹ ਫ਼ਿਲਮ ਤਿੰਨ ਘੰਟੇ ਦੀ ਨਹੀਂ ਬਣੇਗੀ, ਛੋਟੀ ਹੋਵੇਗੀ।' ਐੱਨ. ਸੀ. ਸਿੱਪੀ ਕਹਿੰਦਾ-ਮਨਜ਼ੂਰ ਹੈ। ਅਗਰ ਫ਼ਿਲਮ ਛੋਟੀ ਹੈ ਤਾਂ ਆਪਾਂ ਅੰਗਰੇਜ਼ੀ ਫ਼ਿਲਮਾਂ ਵਾਂਗ ਇੰਟਰਵਲ ਤੋਂ ਬਾਅਦ ਸ਼ੁਰੂ ਕਰਾਂਗੇ। ਇਸ ਤੋਂ ਪਹਿਲਾਂ ਕੋਈ ਕਿਸੇ ਦੀ ਡਾਕੂਮੈਂਟਰੀ ਚਲਾਵਾਂਗੇ, ਹੋਇਆ ਵੀ ਇਸ ਤਰ੍ਹਾਂ ਹੀ। ਗੁਲਜ਼ਾਰ ਹੁਣ ਵੀ ਜਦੋਂ ਐੱਨ. ਸੀ. ਸਿੱਪੀ ਦੀ ਗੱਲ ਕਰਦੇ ਹਨ ਤਾਂ ਖ਼ਾਮੋਸ਼ ਹੋ ਜਾਂਦੇ ਹਨ। ਇਸ ਤਰ੍ਹਾਂ ਦੇ ਨਿਰਮਾਤਾ ਕਦੇ ਕਦੇ ਹੀ ਮਿਲਦੇ ਹਨ। ਐੱਨ. ਸੀ. ਸਿੱਪੀ ਕੰਮ ਦੀ ਕਦਰ ਕਰਨ ਵਾਲਾ ਆਦਮੀ ਸੀ। ਹਰ ਕੰਮ ਕਰਨ ਵਾਲੇ ਦੀ ਮਿਹਨਤ ਦਾ ਮੁੱਲ ਦਿੰਦਾ ਸੀ। ਗੁਲਜ਼ਾਰ ਦੇ ਨਾਲ ਕੰਮ ਕਰਨ ਵਾਲੇ ਆਖਦੇ ਹਨ ਕਿ ਗੁਲਜ਼ਾਰ ਜਿਸ ਸਕ੍ਰਿਪਟ 'ਤੇ ਕੰਮ ਕਰਦੇ ਹਨ ਉਸ ਸਕ੍ਰਿਪਟ ਦੀ ਫ਼ਾਈਲ ਇਸ ਤਰ੍ਹਾਂ ਦੀ ਹੁੰਦੀ ਸੀ ਕਿ ਜਿਸ ਦੇ ਹੱਥ ਵਿਚ ਹੋਵੇ, ਉਹ ਅਗਰ ਕਾਲਾ ਕੋਟ ਪਾ ਲਵੇ ਤਾਂ ਪੂਰਾ ਵਕੀਲ ਹੀ ਲੱਗੇ। ਭਾਵ ਉਸ ਫ਼ਾਈਲ ਨੂੰ ਬਹੁਤ ਹੀ ਮਿਹਨਤ ਅਤੇ ਸ਼ਿੱਦਤ ਨਾਲ ਤਿਆਰ ਕੀਤਾ ਜਾਂਦਾ।

ਬਾਲੀਵੁੱਡ ਦੇ ਡਾਇਰੈਕਟਰਾਂ ਨੇ ਇਕੱਠੇ ਹੋ ਕੇ ਇਕ ਪ੍ਰੋਗਰਾਮ ਕਰਵਾਇਆ। ਇਸ ਪ੍ਰੋਗਰਾਮ ਵਿਚ ਖ਼ਾਸ ਤੌਰ 'ਤੇ ਜਤਿੰਦਰ ਤੇ ਗੁਲਜ਼ਾਰ ਦੀ ਹਾਜ਼ਰੀ ਅਹਿਮ ਸੀ। ਸਾਰੇ ਜਤਿੰਦਰ ਕੋਲੋਂ ਗੁਲਜ਼ਾਰ ਬਾਰੇ ਕੁਝ ਨਾ ਕੁਝ ਸੁਣਨਾ ਚਾਹੁੰਦੇ ਸਨ। ਜਤਿੰਦਰ ਨੇ ਕਿਹਾ-'ਗੁਲਜ਼ਾਰ ਜੀ ਦੇ ਸਾਹਮਣੇ ਮੈਂ ਕੀ ਬੋਲਾਂ, ਸਾਰੀ ਜ਼ਿੰਦਗੀ ਜੋ ਇਨ੍ਹਾਂ ਨੇ ਲਿਖ ਕੇ ਦਿੱਤਾ ਹੈ, ਉਹੀ ਬੋਲਿਆ ਹੈ, ਹੁਣ ਹੋਰ ਨਹੀਂ ਬੋਲ ਸਕਦਾ। ਗੁਲਜ਼ਾਰ ਇਕ ਐਸਾ ਐਵਾਰਡ ਹੈ ਜੋ ਭਾਰਤ ਨੂੰ ਮਿਲਿਆ ਹੈ। ਇਹ ਸਾਡੇ ਲਈ ਮਾਣ ਵਾਲੀ ਗੱਲ ਹੈ।' ਜਤਿੰਦਰ ਦੀ ਗੱਲ ਸੁਣ ਕੇ ਸਾਰੇ ਭਾਵੁਕ ਹੋ ਗਏ। ਜਤਿੰਦਰ ਹਰ ਥਾਂ ਇਹ ਗੱਲ ਆਖਦਾ ਕਿ ਗੁਲਜ਼ਾਰ ਨੇ ਮੈਨੂੰ ਮੇਰੇ ਅੰਦਰਲੇ ਜਤਿੰਦਰ ਨਾਲ ਮਿਲਾਇਆ। ਇਸ ਤੋਂ ਵੱਡੀ ਮੇਰੇ ਲਈ ਕੀ ਗੱਲ ਹੋ ਸਕਦੀ ਹੈ।

ਜਤਿੰਦਰ ਨੂੰ ਭੂਤ ਪ੍ਰੇਤ ਤੋਂ ਬਹੁਤ ਡਰ ਲੱਗਦਾ ਸੀ। ਗੁਲਜ਼ਾਰ ਨੇ ਆਪਣੇ ਸਾਰੇ ਸਾਥੀਆਂ ਨੂੰ ਕਿਹਾ, 'ਰਾਤ ਨੂੰ ਜਤਿੰਦਰ ਨੂੰ ਡਰਾਉਣਾ ਹੈ।' ਜਦੋਂ ਜਤਿੰਦਰ ਰਾਤ ਨੂੰ ਘੂਕ ਸੁੱਤਾ ਪਿਆ ਸੀ ਤਾਂ ਗੁਲਜ਼ਾਰ ਨੇ ਵੱਖਰੀ ਆਵਾਜ਼ ਕੱਢ ਕੇ ਕਿਹਾ, 'ਅਰੇ, ਮੈਂ ਨਰਸ ਹੂੰ, ਦਵਾ ਪੀ ਲੋ।' ਜਦੋਂ ਇਕ ਦੋ-ਵਾਰ ਇੰਝ ਹੋਇਆ ਤਾਂ ਜਤਿੰਦਰ ਡਰ ਗਿਆ। ਹਾਕਾਂ ਮਾਰਨ ਲੱਗਾ-ਗੁਲਜ਼ਾਰ ਸਾਹਿਬ, ਗੁਲਜ਼ਾਰ ਸਾਹਿਬ... ਫਿਰ ਸਾਰਿਆਂ ਨੇ ਦੱਸਿਆ, ਇਹ ਗੁਲਜ਼ਾਰ ਹੀ ਉਹ ਨਰਸ ਹੈ। ਸਾਰੇ ਹੱਸਣ ਲੱਗ ਪਏ। ਕਈ ਵਾਰ ਇਸ ਤਰ੍ਹਾਂ ਦੇ ਅਜੀਬ ਕਿੱਸੇ ਜ਼ਿੰਦਗੀ ਦਾ ਗਹਿਣਾ ਬਣ ਜਾਂਦੇ ਹਨ। ਗੁਲਜ਼ਾਰ ਨੇ ਜਤਿੰਦਰ ਨਾਲ ਚਾਰ-ਪੰਜ ਫ਼ਿਲਮਾਂ ਕੀਤੀਆਂ। ਸਾਰੀਆਂ ਹੀ ਸੁਪਰਹਿੱਟ। ਗੁਲਜ਼ਾਰ ਹਰ ਹੀਰੋ ਦੇ ਅੰਦਰੋਂ ਉਸ ਦੀ ਲੁਕੀ ਹੋਈ ਕਲਾਕਾਰੀ-ਅਦਾਕਾਰੀ ਨੂੰ ਬਾਹਰ ਇਸ ਤਰ੍ਹਾਂ ਕੱਢਦਾ ਕਿ ਲੋਕ ਹੈਰਾਨ ਰਹਿ ਜਾਂਦੇ, ਹੀਰੋ ਉਸ ਤੋਂ ਵੀ ਹੈਰਾਨ। ਇਸ ਆਦਮੀ ਕੋਲ ਕਿਹੜੀ ਜਾਦੂ ਦੀ ਛੜੀ ਹੈ, ਜਿਸ ਨੂੰ ਵੀ ਹੱਥ ਲਾਉਂਦਾ ਹੈ, ਉਹ ਸੋਨਾ ਬਣ ਜਾਂਦਾ ਹੈ।

ਇਕ ਵਾਰ ਸੁਧੀਰ ਮਿਸ਼ਰਾ ਨੇ ਗੁਲਜ਼ਾਰ ਨੂੰ ਪੁੱਛਿਆ, ਅੱਜ ਦੇ ਗੁਲਜ਼ਾਰ ਦੀ ਕਦੇ ਕੱਲ੍ਹ ਦੇ ਸੰਪੂਰਨ ਸਿੰਘ ਨਾਲ ਗੱਲ ਹੁੰਦੀ ਹੈ ਤਾਂ ਗੁਲਜ਼ਾਰ ਨੇ ਕਿਹਾ-''ਮੈਂ ਹੁਣ ਗੁਲਜ਼ਾਰ ਹਾਂ, ਸਿਰਫ਼ ਗੁਲਜ਼ਾਰ। ਅਗਰ ਮੈਂ ਸੰਪੂਰਨ ਸਿੰਘ ਹੁੰਦਾ ਤਾਂ ਕਿਸੇ ਇਨਕਮ ਟੈਕਸ ਜਾਂ ਕਿਸੇ ਪਾਸਪੋਰਟ ਦਫ਼ਤਰ ਵਿਚ ਨੌਕਰੀ ਕਰਦਾ।' ਗੁਲਜ਼ਾਰ ਆਖਦਾ, 'ਮੈਂ ਕਈ ਵਾਰ ਸੋਚਦਾ ਹਾਂ ਕਿ ਕਿਸਮਤ ਕਰਵਟ ਹੀ ਐਸੀ ਲੈਂਦੀ ਹੈ, ਜੋ ਤੁਸੀਂ ਸੋਚ ਵੀ ਨਹੀਂ ਸਕਦੇ ਉਹ ਹੋ ਜਾਂਦਾ ਹੈ। ਖ਼ਾਸ ਕਰ ਮੇਰੇ ਨਾਲ ਐਸਾ ਹੋਇਆ ਹੈ।' ਆਪਣੀਆਂ ਯਾਦਾਂ ਨੂੰ ਜਦੋਂ ਗੁਲਜ਼ਾਰ ਸਾਂਝੀਆਂ ਕਰਦਾ ਹੈ ਤਾਂ ਭਾਵੁਕ ਹੋ ਜਾਂਦਾ ਹੈ। ਆਪਣੇ ਕਾਲਜ ਦੇ ਦਿਨਾਂ ਦੀ ਜਦੋਂ ਗੱਲ ਕਰਦਾ ਹੈ ਤਾਂ ਆਖਦਾ ਹੈ, 'ਕਾਲਜ ਗਿਆ ਹਾਂ, ਇਸ ਦਾ ਸਬੂਤ ਸਾਗਰ ਸਰਹੱਦੀ ਹੈ। ਅਸੀਂ ਦੋਵੇਂ ਸ਼ਾਇਦ ਇਕ ਸਾਲ ਦੇ ਫ਼ਰਕ ਨਾਲ ਪੜ੍ਹਦੇ ਸੀ ਪਰ ਰਹਿੰਦੇ ਇਕੱਠੇ ਸੀ। ਬਸ ਇੰਨਾ ਹੀ ਯਾਦ ਹੈ ਕਾਲਜ ਦਾ ਸਫ਼ਰ। ਮੈਨੂੰ ਤੇ ਸਾਗਰ ਸਰਹੱਦੀ ਨੂੰ ਸਾਹਿਤ ਦਾ ਬਹੁਤ ਸ਼ੌਕ ਸੀ। ਸਾਗਰ ਸਰਹੱਦੀ ਦਾ ਨਾਟਕ ਕਲਾ 'ਤੇ ਬਹੁਤ ਕੰਮ ਸੀ।' ਗੁਲਜ਼ਾਰ ਸਾਗਰ ਸਰਹੱਦੀ ਦੇ ਕੰਮ ਦੀ ਹੁਣ ਵੀ ਬਹੁਤ ਤਾਰੀਫ਼ ਕਰਦੇ ਹਨ। ਉਸ ਦੇ ਭਤੀਜੇ ਰਮੇਸ਼ ਤਲਵਾਰ ਦੇ ਕੰਮ ਦੀ ਵੀ ਤਾਰੀਫ਼ ਕਰਦੇ ਹਨ। ਗੁਲਜ਼ਾਰ ਕਹਿੰਦਾ-ਸਭ ਤੋਂ ਪਹਿਲਾਂ ਮੈਂ ਰਾਈਟਰ ਹਾਂ, ਬਾਕੀ ਸਭ ਕੁਝ ਤਾਂ ਬਾਅਦ ਵਿਚ।

ਬਿਮਲ ਰਾਏ ਦੀ ਮੌਤ ਤੋਂ ਬਾਅਦ ਗੁਲਜ਼ਾਰ ਰਿਸ਼ੀਕੇਸ਼ ਮੁਖਰਜੀ ਨਾਲ ਕੰਮ ਕਰਨ ਲੱਗ ਪਿਆ। ਰਿਸ਼ੀਕੇਸ਼ ਮੁਖਰਜੀ 'ਗੁੱਡੀ' ਫ਼ਿਲਮ ਦੇ ਨਿਰਮਾਣ ਬਾਰੇ ਸੋਚ ਰਿਹਾ ਸੀ। ਡਾਇਰੈਕਟਰ ਸਤਿਆਜੀਤ ਰੇਅ ਦੀ ਬੰਗਾਲੀ ਫ਼ਿਲਮ 'ਮਹਾਂਨਗਰ' (1963) ਵਿਚ ਜਯਾ ਭਾਦੁੜੀ ਨੇ ਸਪੋਰਟਿੰਗ ਅਭਿਨੇਤਰੀ ਦਾ ਕਿਰਦਾਰ ਨਿਭਾਇਆ ਸੀ, ਇਸ ਲਈ ਰਿਸ਼ੀਕੇਸ਼ ਮੁਖਰਜੀ ਦੇ ਦਿਮਾਗ਼ ਵਿਚ ਸੀ ਕਿ ਗੁੱਡੀ ਵਰਗੀ ਅੱਲ੍ਹੜ ਗੁੱਡੀ ਨੂੰ ਲਿਆ ਜਾਵੇ। ਇਸ ਫ਼ਿਲਮ ਵਿਚ ਏ. ਕੇ. ਹੰਗਲ ਅਤੇ ਉਤਪਲ ਦੱਤ ਵਰਗੇ ਦਿੱਗਜ਼ ਕਲਾਕਾਰ ਸਨ। ਇਸ ਫ਼ਿਲਮ ਦੀ ਕਹਾਣੀ ਅਤੇ ਗੀਤ ਗੁਲਜ਼ਾਰ ਨੇ ਹੀ ਲਿਖੇ ਸਨ। ਸੰਗੀਤ ਵਸੰਤ ਦੇਸਾਈ ਨੇ ਤਿਆਰ ਕੀਤਾ। 'ਹਮ ਕੋ ਮਨ ਕੀ ਸ਼ਕਤੀ ਦੇਨਾ' ਇਸ ਫ਼ਿਲਮ ਦਾ ਹਿੱਟ ਗੀਤ ਹੈ। 'ਗੁੱਡੀ' ਫ਼ਿਲਮ ਦੇ ਸੈੱਟ ਉੱਤੇ ਹੀ ਰਿਸ਼ੀਕੇਸ਼ ਮੁਖਰਜੀ ਨੇ ਅਮਿਤਾਭ ਅਤੇ ਜਯਾ ਭਾਦੁੜੀ ਨੂੰ ਆਪਸ ਵਿਚ ਮਿਲਾਇਆ ਸੀ। ਇਹ ਮੁਲਾਕਾਤ ਹੌਲੀ-ਹੌਲੀ ਪਿਆਰ ਵਿਚ ਬਦਲ ਗਈ ਸੀ। ਗੁਲਜ਼ਾਰ ਜਦੋਂ ਵੀ ਕਿਸੇ ਕਹਾਣੀ ਜਾਂ ਗੀਤ ਦੀ ਤੰਦ ਫੜਦਾ, ਉਸ ਨੂੰ ਤਕਲੇ ਉੱਤੇ ਚਾੜ੍ਹ ਕੇ ਗਲੋਟੇ ਕੱਤਣ ਲੱਗਾ ਕਦੇ ਵੀ ਤੰਦ ਨਹੀਂ ਟੁੱਟਣ ਦੇਂਦਾ। ਉਸ ਦੇ ਚਰਖੇ ਦੀ ਮਾਲ੍ਹ ਬੇਸੁਰੀ ਨਹੀਂ ਹੁੰਦੀ। ਬਾਕੀ ਗੁਲਜ਼ਾਰ ਦਾ ਹੁਨਰ ਇਹ ਸਭ ਕੁਝ ਜਾਣਦਾ ਹੈ। ਗੁਲਜ਼ਾਰ ਦੇ ਯਾਰ ਜਦੋਂ ਉਸ ਦੀਆਂ ਗੱਲਾਂ ਕਰਦੇ ਹਨ, ਸਭ ਤੋਂ ਪਹਿਲਾਂ ਉਹ ਗੁਲਜ਼ਾਰ ਲਈ ਸਤਿਕਾਰ ਭਰੇ ਸ਼ਬਦ ਹੀ ਬੋਲਦੇ ਹਨ। ਬਾਅਦ ਵਿਚ ਭਾਵੇਂ ਲੱਖ ਹਾਸਾ-ਠੱਠਾ ਕਰੀ ਜਾਣ। ਵਿਸ਼ਾਲ ਭਾਰਦਵਾਜ ਉਸ ਦੇ ਪਿਆਰੇ ਤੇ ਜਿਗਰੀ ਯਾਰਾਂ ਵਿਚੋਂ ਇਕ ਹੈ। ਗੁਲਜ਼ਾਰ ਜਦੋਂ ਵੀ ਵਿਸ਼ਾਲ ਭਾਰਦਵਾਜ ਬਾਰੇ ਗੱਲ ਕਰਦਾ ਹੈ ਤਾਂ ਆਖਦਾ ਹੈ-ਵਿਸ਼ਾਲ ਮੇਰਾ ਮਿੱਤਰ ਵੀ ਹੈ, ਮੇਰਾ ਪੁੱਤਰ ਵੀ ਹੈ। ਆਰ. ਡੀ. ਬਰਮਨ ਦੀ ਮੌਤ ਬਾਅਦ ਜੇਕਰ ਕਿਸੇ ਨੇ ਆਰ. ਡੀ. ਬਰਮਨ ਦੀ ਘਾਟ ਪੂਰੀ ਕੀਤੀ ਹੈ, ਉਹ ਵਿਸ਼ਾਲ ਭਾਰਦਵਾਜ ਹੀ ਹੈ। ਕੁਝ ਸਮਾਂ ਪਹਿਲਾਂ ਵਿਸ਼ਾਲ ਭਾਰਦਵਾਜ ਨੇ ਆਪਣੀ ਇਕ ਫ਼ਿਲਮ ਵਿਚ ਕੱਵਾਲੀ ਦਾ ਸੀਨ ਤਿਆਰ ਕਰਨਾ ਸੀ ਤਾਂ ਉਸ ਨੇ ਉਹ ਸੀਨ ਗੁਲਜ਼ਾਰ ਦੇ ਜੱਦੀ ਪਿੰਡ ਦੀਨਾਨਗਰ (ਪਾਕਿਸਤਾਨ) ਵਿਚ ਜਾ ਕੇ ਸ਼ੂਟ ਕੀਤਾ। ਇਸ ਕੱਵਾਲੀ ਨੂੰ ਸ਼ੂਟ ਕਰਨ ਲਈ ਵਿਸ਼ਾਲ ਆਪਣੇ ਨਾਲ ਗੁਲਜ਼ਾਰ ਨੂੰ ਵੀ ਲੈ ਕੇ ਗਿਆ। ਗੁਲਜ਼ਾਰ ਨੂੰ ਮੁਹੱਬਤ ਕਰਨ ਵਾਲਿਆਂ ਦੀ ਗਿਣਤੀ ਨਹੀਂ ਕਰ ਸਕਦੇ।

ਜੈਪੁਰ ਲਿਟਰੇਚਰ ਫ਼ੈਸਟੀਵਲ 'ਤੇ ਗੁਲਜ਼ਾਰ ਤੇ ਜਾਵੇਦ ਅਖ਼ਤਰ ਇਕੱਠੇ ਸਨ। ਦੋਵਾਂ ਨੂੰ ਇਕੱਠੇ ਵੇਖ ਕੇ ਫ਼ੈਸਟੀਵਲ ਦੀ ਨੁਹਾਰ ਹੀ ਬਦਲ ਗਈ। ਦੋਵਾਂ ਨੇ ਸਟੇਜ ਉੱਤੇ ਸੋਹਣਾ ਰੰਗ ਬੰਨ੍ਹਿਆ। ਗੁਲਜ਼ਾਰ ਨੇ ਉਥੇ ਨਿੱਕੀ ਕਹਾਣੀ ਦੀ ਗੱਲ ਛੇੜੀ। ਗੁਲਜ਼ਾਰ ਕਹਿੰਦਾ-ਛੋਟੀ ਕਹਾਣੀ ਹੀ ਫ਼ਿਲਮ ਨੂੰ ਦਰਸ਼ਕ ਦੇ ਦਿਲ ਤੱਕ ਲਿਜਾ ਸਕਦੀ ਹੈ। ਬਚਪਨ ਵਿਚ ਨਾਨੀ ਅਤੇ ਦਾਦੀ ਕੱਛੂ ਅਤੇ ਖ਼ਰਗੋਸ਼ ਦੀ ਕਹਾਣੀ ਸੁਣਾਇਆ ਕਰਦੀਆਂ ਸਨ। ਹੁਣ ਮੇਰੇ ਨਾਲ ਸਟੇਜ 'ਤੇ ਜਾਵੇਦ ਅਖ਼ਤਰ ਜੀ ਬੈਠੇ ਹਨ। ਇਹ ਹੀ ਮੇਰੀ ਨਾਨੀ ਹੈ, ਇਹ ਹੀ ਮੇਰੀ ਦਾਦੀ। ਇਨ੍ਹਾਂ ਕੋਲੋਂ ਕੋਈ ਕਹਾਣੀ ਸੁਣਦੇ ਹਾਂ। ਸਾਰੇ ਹੱਸਣ ਲੱਗ ਪਏ।

ਚਲਦਾ

# ਨਸ਼ਿਆਂ ਖਿਲਾਫ਼ ਆਵਾਜ ਬੁਲੰਦ ਕਰਨ ਆ ਰਿਹਾ 'ਗਿੱਲ ਸਾਬ੍ਹ ਸਕੂਟਰ ਵਾਲੇ'

ਸਮਾਜ ਨਾਲ ਜੁੜੇ ਲੋਕ ਹਮੇਸ਼ਾ ਹੀ ਲੋਕ ਭਲਾਈ ਦਾ ਸੁਨੇਹਾ ਦਿੰਦੇ ਹਨ। ਪੰਜਾਬੀ ਸਿਨਮੇ ਦੇ ਮਾਧਿਅਮ ਜ਼ਰੀਏ ਨਸ਼ਿਆਂ ਦੇ ਮੱਕੜਜਾਲ ਚ ਫ਼ਸੀ ਨੌਜਵਾਨ ਪ੍ਰਤੀ ਚਿੰਤਤ ਲੇਖਕ ਨਿਰਦੇਸ਼ਕ



ਤੇ ਨਿਰਮਾਤਾ ਰਾਜੀਵ ਦਾਸ ਇੰਨ੍ਹੀਂ ਦਿਨੀਂ ਆਪਣੀ ਪਲੇਠੀ ਪੰਜਾਬੀ ਫ਼ਿਲਮ 'ਗਿੱਲ ਸਾਹਬ ਸਕੂਟਰ ਵਾਲੇ' ਲੈ ਕੇ ਆ ਰਹੇ ਹਨ।

ਫ਼ਿਲਮ ਦਾ ਟਾਈਟਲ ਭਾਵੇਂ ਅਜੀਬ ਜਿਹਾ ਲੱਗਦਾ ਹੈ ਪ੍ਰੰਤੂ ਗਿੱਲ ਸਾਬ੍ਹ ਦਾ ਕਿਰਦਾਰ ਵੇਖ ਕੇ ਸੱਭ ਦੇ ਮੂੰਹੋਂ ਸਲਾਘਾ ਭਰੇ ਬੋਲ ਹੀ ਨਿਕੱਲਣਗੇ। ਇਹ ਗਿੱਲ ਸਾਹਬ ਕੋਈ ਹੋਰ ਨਹੀਂ, ਬਲਕਿ ਪੰਜਾਬੀ ਸਿਨਮੇ ਦੇ ਮੰਨੇ ਪ੍ਰਮੰਨੇ ਅਦਾਕਾਰ ਸਰਦਾਰ ਸੋਹੀ ਹਨ, ਜੋ ਆਪਣੇ ਵੱਖਰੇ ਤੇ ਪ੍ਰਭਾਵਸ਼ਾਲੀ ਅੰਦਾਜ਼ ਨਾਲ ਨਸ਼ਿਆ ਦੇ ਖਿਲਾਫ਼ ਇਕ ਜੰਗ ਲੜਦੇ ਨਜ਼ਰ ਆਉਣਗੇ। ਇਸ ਫ਼ਿਲਮ ਲਈ ਉਹ ਬਤੌਰ ਨਾਇਕ ਲੋਕ ਸੇਵਾ ਦਾ ਹੀਰੋ ਬਣ ਕੇ ਉਭਰੇਗਾ। ਫ਼ਿਲਮ ਦੇ ਬਾਕੀ ਕਲਾਕਾਰਾਂ ਵਿਚ ਅਮਰਿੰਦਰ ਬੌਬੀ, ਅਮਰੀਨ ਸ਼ਰਮਾ, ਹੌਬੀ ਧਾਲੀਵਾਲ, ਬਲਵੀਰ ਬੋਪਾਰਾਏ, ਆਦਿੱਤੀ ਆਰਿਆ, ਹੈਪੀ ਗੋਸਲ, ਸੱਜਣ ਕਪੂਰ ਤੇ ਕੇ. ਕੇ. ਗਿੱਲ ਦੇ ਨਾਂ ਜ਼ਿਕਰਯੋਗ ਹਨ।




ਫ਼ਿਲਮ ਦੇ ਲੇਖਕ-ਨਿਰਦੇਸ਼ਕ ਤੇ ਨਿਰਮਾਤਾ ਸ੍ਰੀ ਰਾਜੀਵ ਦਾਸ ਨੇ ਗੱਲਬਾਤ ਕਰਦੇ ਦੱਸਿਆ ਕਿ ਇਹ ਫ਼ਿਲਮ ਅੱਜ ਦੇ ਨੌਜਵਾਨਾਂ ਦੀ ਕਹਾਣੀ ਹੈ ਜੋ ਸਮਾਜ ਦੇ ਹਰ ਚੰਗੇ ਮਾੜੇ ਪਹਿਲੂਆਂ ਬਾਰੇ ਦਰਸ਼ਕਾਂ ਨੂੰ ਜਾਗੂਰਕ ਕਰੇਗੀ। ਮੌਜੂਦਾ ਦੌਰ ਵਿਚ ਨੌਜਵਾਨ ਆਪਣੇ ਸੁਨਿਹਰੇ ਭਵਿੱਖ ਦੀ ਤਲਾਸ਼ ਵਿਚ ਵਿਦੇਸ਼ਾਂ ਵੱਲ ਉਡਾਰੀ ਮਾਰ ਰਹੇ ਹਨ। ਨੌਜਵਾਨ ਮੁੰਡੇ ਕੁੜੀਆਂ ਡਿਗਰੀਆਂ-ਡਿਪਲੋਮੇ ਪ੍ਰਾਪਤ ਕਰ ਬੇਰੁਜਗਾਰ ਦੀ ਭੱਠੀ 'ਚ ਮੱਚ ਰਹੇ ਹਨ। ਮਾਪੇ ਆਪਣੀਆਂ ਨਸ਼ਲਾਂ ਬਚਾਉਣ ਲਈ ਉਪਜਾਊ ਫ਼ਸਲਾਂ ਦੀਆਂ ਕੁੱਖਾਂ ਵੇਚਣ ਲਈ ਮਜਬੂਰ ਹਨ। ਇਸ ਫ਼ਿਲਮ ਵਿਚ ਜਿੱਥੇ ਸਮਾਜਿਕ ਮੈਸ਼ਜ ਵੀ ਹੋਵੇਗਾ ਉੱਥੇ ਹਲਕੀ-ਫੁਲਕੀ ਪਰਿਵਾਰਕ ਕਾਮੇਡੀ, ਸੋਹਣਾ ਗੀਤ-ਸੰਗੀਤ ਵੀ ਦਿਲਾਂ ਨੂੰ ਝੰਜੋੜਣ ਵਾਲਾ ਇਮੋਸ਼ਨਲ ਹੋਵੇਗਾ। ਇੰਡੋ ਕੀਵੀ ਫ਼ਿਲਮਜ ਦੇ ਬੈਨਰ ਹੇਠ ਬਣੀ ਇਸ ਫ਼ਿਲਮ ਦੀ ਕਹਾਣੀ, ਡਾਇਲਾਗ ਤੇ ਸਕਰੀਨਪਲੇਅ ਰਾਜੀਵ ਦਾਸ ਤੇ ਕੇ.ਕੇ. ਗਿੱਲ ਨੇ ਲਿਖਿਆ ਹੈ। ਅਮਰਿੰਦਰ ਬੌਬੀ, ਬਲਬੀਰ ਬੋਪਾਰਾਏ,



ਮੈਂਡੀ ਸੰਧੂ, ਦੀਪ ਅਟਵਾਲ ਤੇ ਤਰੁਣ ਮਲਿਕ ਨੇ ਇਸ ਫ਼ਿਲਮ 'ਚ ਪਲੇਅ ਬੈਕ ਗਾਇਆ ਹੈ। ਇਸ ਫ਼ਿਲਮ ਦੇ ਨਿਰਮਾਤਾ ਰਾਜੀਵ ਦਾਸ ਤੇ ਕੇ.ਕੇ. ਗਿੱਲ ਹਨ ਜਦਕਿ ਜੇ ਪੀ ਪਰਦੇਸੀ ਸਹਿ ਨਿਰਮਾਤਾ ਹੈ। ਜ਼ਿਕਰਯੋਗ ਹੈ ਕਿ 19 ਮਈ ਨੂੰ ਰਿਲੀਜ਼ ਹੋ ਰਹੀ ਇਹ ਫ਼ਿਲਮ ਅੱਜ ਦੀ ਜਵਾਨੀ ਨੂੰ ਨਸ਼ਿਆਂ ਤੋਂ ਬਚਾਉਣ ਦਾ ਉਪਰਾਲਾ ਹੈ ਕਿਉਂਕਿ ਪੰਜ ਦਰਿਆਵਾਂ ਦੀ ਧਰਤੀ ਤੇ ਅੱਜ ਛੇਵਾਂ ਦਰਿਆ ਨਸ਼ਿਆਂ ਦਾ ਵਗ ਰਿਹਾ ਹੈ ਜਿਸ ਵਿਚ ਮਾਵਾਂ ਤੇ ਜਵਾਨ ਪੁੱਤ ਨਿੱਤ ਦਿਨ ਡੁੱਬਦੇ ਜਾ ਰਹੇ ਹਨ। ਇਸ ਕਰਕੇ ਇਹ ਫ਼ਿਲਮ ਨਸ਼ਿਆਂ ਖਿਲਾਫ਼ ਇੱਕ ਨਵੇਂ ਯੁੱਧ ਦਾ ਆਗਾਜ਼ ਕਰੇਗੀ। ਆਸ ਹੈ ਕਿ ਇਹ ਫਿਲਮ ਦਰਸ਼ਕਾਂ ਦੀ ਪਸੰਦ ਤੇ ਖ਼ਰੀ ਉਤਰੇਗੀ।

ਸੁਰਜੀਤ ਜੱਸਲ
98146-07737

# 'ਟੁਟ ਪਉ ਖੁਰਲੀਆਂ 'ਤੇ'

## ਵਿਅੰਗ

ਸਾਡੀ ਇਕ ਜਾਣਕਾਰ ਪਰਵਾਸੀ ਪੰਜਾਬਣ ਹੈ। ਉਹ ਜਦ ਕਦੀ ਵੀ ਐਧਰ ਕੋਈ ਵਿਆਹ-ਸ਼ਾਦੀ 'ਅਟੈਂਡ' ਕਰਨ ਆਉਂਦੀ ਹੈ ਤਾਂ ਇਕ ਬੜਾ ਸਖਤ ਗਿਲਾ ਕਰਦੀ ਹੈ। ਉਹ ਇਹ ਕਿ ਅਸੀਂ ਅਜਿਹੇ ਮੌਕੇ ਆਪਸ ਵਿਚ ਮਿਲਣ-ਗਿਲਣ ਅਤੇ ਗੱਲ-ਬਾਤ ਕਰਨ ਦੀ ਬਜਾਏ ਸਾਰਾ ਧਿਆਨ ਖਾਣਾ ਖਾਣ ਉਪਰ ਕੇਂਦਰਤ ਕਰਦੇ ਹਾਂ। ਉਪਚਾਰਕਤਾ ਵਸ ਓਪਰੀ-ਓਪਰੀ ਸਾਹਬ-ਸਲਾਮ ਉਪਰੰਤ ਸਿੱਧੇ ਖਾਣੇ ਦੇ ਸਟਾਲਾਂ ਉਪਰ ਧਾਵਾ ਬੋਲ ਦਿੰਦੇ ਹਾਂ। ਉਸ ਅਨੁਸਾਰ ਅਸੀਂ ਆਉਂਦੇ ਸਾਰ ਸ਼ਗਨ ਦਾ ਲਿਫਾਫਾ ਘਰ ਵਾਲਿਆਂ ਦੇ ਹੱਥ ਵਿਚ ਥਮਾ ਕੇ ਸਟਾਲਾਂ ਵਲ ਇਉਂ ਅਹੁਲਦੇ ਹਾਂ ਜਿਵੇਂ ਰੱਸਾ ਖੋਲ੍ਹੇ ਜਾਣ 'ਤੇ ਮੱਝ ਦਾ ਕਟੜੂ ਆਪਣੀ ਮਾਂ ਵਲ ਦੁਧ ਲਈ ਭੱਜਦਾ ਹੈ!

ਉਹ ਸ਼ਗਨ ਵਾਲੇ ਲਿਫਾਫੇ ਨੂੰ 'ਰਾਹਦਾਰੀ' ਸਦਦੀ ਹੈ ਅਤੇ ਇਸ ਵਿਚਲੀ 'ਰੂਹਦਾਰੀ' ਨੂੰ ਗਾਇਬ ਹੋਇਆ ਸਮਝਦੀ ਹੈ। ਉਹ ਬੜੇ ਵਿਅੰਗਮਈ ਪਰ ਬੜਬੋਲੇ ਲਹਿਜੇ ਵਿਚ ਕਹੇਗੀ, 'ਰਾਹਦਾਰੀ ਤਾਂ ਹੋ ਗਈ, ਹੁਣ ਟੁਟ ਪਉ ਖੁਰਲੀਆਂ 'ਤੇ'! ਉਸ ਦਾ ਲਹਿਜਾ ਬੇਸ਼ਕ ਚੁੱਭਵਾਂ ਲਗੇ ਪਰ ਗਲਾਂ ਉਹਦੀਆਂ ਸੱਚ ਹਨ। ਸੱਚ ਦਾ ਸੇਕ ਤਾਂ ਫਿਰ ਲਗਣਾ ਹੀ ਹੁੰਦੈ।

ਅਜੇ ਕੋਈ ਬਹੁਤਾ ਲੰਮਾ ਸਮਾਂ ਨਹੀਂ ਹੋਇਆ ਜਦ ਧੀ-ਧਿਆਣੀ ਦੀ ਸ਼ਾਦੀ ਦੇ ਕਾਰਜ ਵਿਚ ਸਾਰਾ ਪਿੰਡ ਹੀ ਸ਼ਾਮਿਲ ਹੁੰਦਾ ਸੀ; ਉਹ ਵੀ ਜਿਨ੍ਹਾਂ ਦੀ ਕਿਸੇ ਕਹਾ-ਸੁਣੀ ਕਾਰਨ ਅਣਬਣ ਹੁੰਦੀ ਸੀ। ਹਰ ਘਰੋਂ ਦੁੱਧ ਵਿਆਹ ਵਾਲੇ ਘਰ ਦਿਤਾ ਜਾਂਦਾ ਸੀ ਤਾਂ ਕਿ ਮੱਠਾ ਅਤੇ ਮਿਠਾਈ ਲਈ ਖੋਆ ਬਣਾਇਆ ਜਾ ਸਕੇ। ਆਂਢ-ਗੁਆਂਢ ਤਾਂ ਚੁੱਲ੍ਹੇ ਨੇਂਦ ਹੋਣ ਕਾਰਨ ਆਉਂਦੇ ਹੀ ਸਨ, ਹੋਰ ਵੀ 10-12 ਘਰਾਂ ਦੀਆਂ ਸੁਆਣੀਆਂ ਘਰਦਿਆਂ ਨਾਲ ਕੰਮ 'ਚ ਹੱਥ ਵਟਾਉਂਦੀਆਂ ਸਨ। ਧੀ ਪਿੰਡ ਦੀ ਧੀ ਸਮਝੀ ਜਾਂਦੀ ਸੀ (ਥੋੜੇ ਬਹੁਤੇ ਫਰਕ ਨਾਲ ਇਹ ਭਾਵਨਾ ਅਜੇ ਵੀ ਕਾਇਮ ਹੈ)

ਬਰਾਤ ਲਈ ਮੰਜੇ-ਬਿਸਤਰੇ ਇਕੱਠੇ ਕੀਤੇ ਜਾਂਦੇ ਸਨ। ਅਸੀਂ ਆਪ ਇਹ ਕੰਮ ਕਰਦੇ ਰਹੇ ਹਾਂ। ਮੇਰੀ ਮਾਂ ਤਾਂ ਬਿਸਤਰੇ ਦਾ ਇਕ ਨਵਾਂ ਸੈਟ ਵਖਰਾ ਹੀ ਰਖਦੀ ਸੀ ਜੋ ਘਰ ਨਹੀਂ ਸੀ ਵਰਤਿਆ ਜਾਂਦਾ। ਜਿਵੇਂ ਵਾਂਢੇ ਜਾਣ ਲਈ ਨਵੇਂ ਕਪੜੇ ਘਰ ਨਹੀਂ ਸਨ ਪਾਏ ਜਾਂਦੇ, ਉਵੇਂ ਹੀ ਬਰਾਤ ਵਾਲਾ ਬਿਸਤਰਾ ਬਰਾਤੀਆਂ ਲਈ ਹੀ ਰਖਿਆ ਜਾਂਦਾ ਸੀ। ਬਾਕੀ ਘਰ ਵੀ ਤਕਰੀਬਨ ਏਦਾਂ ਹੀ ਕਰਦੇ ਸਨ।

ਜਲੇਬੀਆਂ/ਮਿਠਾਈ ਲਈ ਹਲਵਾਈ ਬਿਠਾਇਆ ਜਾਂਦਾ ਸੀ, ਲੱਡੂ ਆਦਿ ਸਭ ਆਪ ਹੀ ਵਟ ਲਈਦੇ ਸੀ। ਬਰਾਤ ਨੂੰ ਖਾਣਾ ਵੀ ਪਿੰਡ ਦੇ ਸੂਝਵਾਨ ਨੌਜਵਾਨ ਵਰਤਾਉਂਦੇ ਸਨ (ਮੈਂ ਵੀ ਇਹ ਕੰਮ ਕਰਦਾ ਰਿਹਾ ਹਾਂ-ਸ਼ਾਇਦ ਉਦੋਂ ਮੈਨੂੰ ਪਿੰਡ ਵਾਲੇ ਸੂਝਵਾਨਾਂ ਦੀ ਸ਼੍ਰੇਣੀ ਵਿਚ ਰਖਦੇ ਸਨ)।

ਸਾਰਾ ਪਿੰਡ, ਪੰਚਾਇਤ ਅਤੇ ਮੇਲ ਇਕ ਪਾਸੇ ਬੈਠ ਜਾਂਦੇ ਸਨ। ਬਰਾਤੀਆਂ ਦੇ ਖਾਣਾ ਖਾਣ ਅਤੇ ਆਪਣੇ ਉਤਾਰੇ ਵਾਲੇ ਟਿਕਾਣੇ ਵਲ ਤੁਰਨ ਮਗਰੋਂ ਆਪ ਖਾਣਾ ਖਾਂਦੇ ਸਨ। ਇਹ ਦੋ ਕਾਰਨਾਂ ਕਰਕੇ ਕੀਤਾ ਜਾਂਦਾ ਸੀ। ਪਹਿਲਾ, ਮਹਿਮਾਨਾਂ ਲਈ ਸਮੁੱਚੇ ਰੂਪ 'ਚ ਮਾਣ-ਸਤਿਕਾਰ ਪ੍ਰਗਟ ਕਰਨ ਲਈ। ਦੂਸਰਾ, ਖੁਦਾ ਨਾ ਖਾਸਤਾ, ਜੇ ਕੁਝ ਘਟ-ਥੁੜ ਜਾਵੇ ਤਾਂ ਘਰ ਵਾਲਿਆਂ ਨੂੰ ਮਹਿਮਾਨਾਂ ਅਗੇ ਨਮੋਸ਼ੀ ਦਾ ਸਾਹਮਣਾ ਨਾ ਕਰਨਾ ਪਵੇ ਤੇ ਘਰ ਦੀ ਘਰ 'ਚ ਹੀ ਰਹਿ ਜਾਵੇ, ਕਿਉਂਕਿ ਧੀ ਵਾਲੇ ਘਰ ਦੀ ਇੱਜ਼ਤ ਸਾਰੇ ਪਿੰਡ ਦੀ ਇੱਜ਼ਤ ਸਮਝੀ ਜਾਂਦੀ ਸੀ! (ਉਂਜ ਧੀਆਂ ਦੇ ਕਾਰਜਾਂ ਵਿਚ ਦਾਤਾ ਕਦੀ ਥੋੜ ਪੈਣ ਨਹੀਂ ਦਿੰਦਾ!)

ਹੁਣ ਤਾਂ ਬਰਾਤ ਮਗਰੋਂ ਆਉਂਦੀ ਹੈ ਤੇ ਮੇਲੀ ਪਹਿਲਾਂ ਹੀ ਆਪਣਾ ਖਾਣਾ-ਪੀਣਾ ਬੜੇ ਤਪਾਕ ਨਾਲ ਸ਼ੁਰੂ ਕਰ ਦਿੰਦੇ ਹਨ। 'ਅਸੀਂ ਕਿਸੇ ਦੀ ਨੂੰਹ-ਧੀ ਨਾਲੋਂ ਘਟ ਹਾਂ' ਵਾਲਾ ਰਵੱਈਆ ਹੋ ਗਿਆ ਹੈ। ਬਰਾਤ ਲਈ ਲਗਾਈ ਗਈ 'ਲੇਅ-ਆਊਟ'(ਸੱਜ-ਫੱਬ) ਸਭ ਧਰੀ ਧਰਾਈ ਰਹਿ ਜਾਂਦੀ ਹੈ। ਅਸੀਂ ਕਈ ਥਾਂ ਖਾਣ-ਪੀਣ ਦੇ ਪ੍ਰਬੰਧ ਵਿਚ ਬੇਸੁਆਦੀ ਹੁੰਦੀ ਵੀ ਦੇਖੀ ਹੈ ਜੋ ਮੇਜ਼ਬਾਨਾਂ ਲਈ ਪ੍ਰੇਸ਼ਾਨੀ ਦਾ ਸਬੱਬ ਬਣਦੀ ਹੈ।

ਸਾਨੂੰ ਚੱਜ ਨਾਲ ਖਾਣਾ ਵੀ ਨਹੀਂ ਆਉਂਦਾ। ਬਹੁਤੇ ਤਾਂ ਆਪਣੀਆਂ ਪਲੇਟਾਂ ਏਦਾਂ ਠੂਸ ਲੈਂਦੇ ਹਨ ਜਿਵੇਂ ਆਮਿਰ ਖਾਨ ਦੀ 2009 ਦੀ ਮਸ਼ਹੂਰ



ਫਿਲਮ 'ਥਰੀ ਈਡੀਅਟਸ'(ਤਿੰਨ ਮੂਰਖ) ਦੇ ਕਿਰਦਾਰ ਇਕ 'ਬੇਗਾਨੀ ਸ਼ਾਦੀ ਵਿਚ ਅਬਦੁਲਾ ਦੀਵਾਨਾ' ਵਾਂਗ ਘੁਸ ਕੇ ਆਪਣੀਆਂ ਪਲੇਟਾਂ ਇੰਜ ਭਰਦੇ ਹਨ ਕਿ ਟੀਸੀ-ਕੱਢੀਆਂ ਪਲੇਟਾਂ ਇਕ ਛੋਟੀ-ਮੋਟੀ ਪਹਾੜੀ ਦਾ ਰੂਪ ਲਗਦੀਆਂ ਹਨ! ਅਜਿਹੇ ਲੋਕਾਂ ਨੂੰ ਦੇਖ ਕੇ ਇੰਜ ਲਗੂ ਜਿਵੇਂ ਅਜਿਹੇ ਸਮਾਗਮ ਵਿਚ ਲੇੜ੍ਹ-ਲੇੜ੍ਹ ਖਾਣ ਲਈ ਇਨ੍ਹਾਂ ਨੇ ਕਮ-ਅਜ਼-ਕਮ ਇਕ-ਦੋ ਦਿਨ ਦੀ ਭੁੱਖ ਤਾਂ ਜ਼ਰੂਰ ਰਖੀ ਹੋਊ!

ਮਾਸਾਹਾਰੀ ਖਾਣੇ ਵਾਲੇ ਖੇਤਰ ਵਿਚ ਜੋ ਘਸਮਾਣ ਮਚਦੈ ਉਹ ਦੇਖਣ ਵਾਲਾ ਹੁੰਦੈ। 'ਲੈਗ-ਪੀਸ'(ਮੁਰਗੇ ਦੀ ਟੰਗ) ਦੇ ਦੀਵਾਨੇ ਤਾਂ ਤੰਦੂਰ/ਭੱਠੀ ਜਾਂ ਜੋ ਵੀ ਸਾਜ਼ੋ-ਸਾਮਾਨ ਇਸ ਨੂੰ ਤਿਆਰ ਕਰਨ ਲਈ ਵਰਤਿਆ ਜਾਂਦੈ, ਉਸ ਕੋਲ ਹੀ ਖੜ ਜਾਣਗੇ। ਵੇਟਰ ਵਲੋਂ ਟਰੇਅ ਵਿਚ ਰਖਣ/ਪਰੋਸਣ ਤੋਂ ਪਹਿਲਾਂ ਹੀ ਟੰਗੜੀਆਂ ਟੁੱਕਣ ਲਗ ਪੈਣਗੇ। ਫਿਰ ਉਹ ਬਰਬਾਦੀ ਕਰਨਗੇ ਕਿ ਅੱਧੀ ਟੰਗੜੀ ਟੁੱਕ ਕੇ ਬਾਕੀ ਬੜੀ ਬੇਰਹਿਮੀ ਨਾਲ ਥੱਲੇ ਸੁਟ ਦੇਣਗੇ ਤੇ ਦੂਸਰੀ ਤੇ ਝਪਟ ਪੈਣਗੇ, ਜਿਵੇਂ ਕਿਸੇ ਬਾਗ ਵਿਚ ਤੋਤੇ ਫਲ ਅੱਧੇ ਠੂੰਗ ਠੂੰਗ ਕੇ ਭੁੰਜੇ ਸੁਟ ਰਹੇ ਹੋਣ! ਪੰਜਾਬੀਆਂ ਨੂੰ ਅੱਡੀ ਚੁਕ ਕੇ ਫਾਹਾ ਲੈਣ ਦੀ ਆਦਤ ਤਾਂ ਹੈ ਹੀ। ਮੱਧ-ਵਰਗੀ ਜਾਂ ਨਿਮਨ ਮੱਧ-ਵਰਗੀ ਪਰਿਵਾਰਾਂ ਵਲੋਂ ਵਿੱਤੋਂ ਵੱਧ ਖਰਚ ਕੇ ਕੀਤੇ ਗਏ ਖਾਣੇ ਦੇ ਪ੍ਰਬੰਧਾਂ ਨੂੰ 'ਫ੍ਰੀ' ਦਾ ਮਾਲ ਸਮਝ ਕੇ ਲੁੱਟ ਮਚਾ ਦੇਣਗੇ। ਬਸ ਘਰ ਦੀ ਮੁਰਗੀ ਦਾਲ ਬਰੋਬਰ ਵਾਲਾ ਹਾਲ ਹੁੰਦੈ! ਅਜਿਹੇ ਮੌਕਿਆਂ ਉਪਰ ਲਗਭਗ 25/30% ਖਾਣਾ ਜ਼ਾਇਆ ਕੀਤਾ ਜਾਂਦੈ (ਜਦ ਕਿ ਸਾਡੇ ਦੇਸ਼ ਵਿਚ ਕਰੋੜਾਂ ਲੋਕ ਭੁੱਖੇ ਪੇਟ ਜਾਂ ਅੱਧ-ਭੁੱਖੇ ਸੌਂਦੇ ਹਨ)।

ਕਤਾਰ ਵਿਚ ਖੜਨਾ ਸਾਡੇ ਸੁਭਾ ਵਿਚ ਨਹੀਂ। ਜਿਹੜੇ ਕਰਮਾਂ ਮਾਰੇ ਖੜ ਜਾਂਦੇ ਹਨ ਉਨ੍ਹਾਂ ਦੇ ਅਗੋਂ-ਪਿਛੋਂ, ਹੇਠੋਂ-ਉਤੋਂ, ਵਿਚ-ਵਿਚਾਲਿਉਂ ਤੇ ਪਤਾ ਨਹੀਂ ਕਿਥੋਂ ਕਿਥੋਂ ਪਲੇਟਾਂ ਵਾਲੇ ਹੱਥ ਉਠਦੇ ਦਿਸਣਗੇ ਤੇ ਕਈ ਤਾਂ ਤੁਹਾਡੇ ਕੱਪੜਿਆਂ ਨਾਲ ਵੀ ਖਹਿੰਦੇ ਅਗੇ ਲੰਘਦੇ ਜਾਣਗੇ। ਪਤਾ ਨਹੀਂ ਕਤਾਰ-ਤੋੜ ਬਰਿਗੇਡ ਨੂੰ ਲਾਈਨ 'ਚ ਖੜ੍ਹਨਾ ਰੁਤਬਾ-ਘਟਾਈ ਵਰਗਾ ਲਗਦੈ ਜਾਂ ਉਨ੍ਹਾਂ ਨੂੰ ਡਰ ਰਹਿੰਦੈ ਕਿ ਕਿਧਰੇ ਮਨ-ਪਸੰਦ ਪੀਸ, ਸੰਖੀਆਂ ਜਾਂ ਹੋਰ ਪਕਵਾਨ ਥੁੜ ਹੀ ਨਾ ਜਾਣ।

ਕਈ ਅਗੇ ਖੜ੍ਹੇ ਪੈਰ ਮਲੀ ਜਾਣਗੇ। ਇਹ ਸੋਚਦਿਆਂ ਕਿ ਮੁਰਗੇ ਦਾ ਲੈੱਗ-ਪੀਸ ਚੁੱਕਾਂ ਜਾਂ ਬੱਕਰੇ ਦੀਆਂ ਚਾਂਪਾਂ ਛਕਾਂ। ਉਹ ਇਕ ਥਾਂ ਦੁਚਿੱਤੀ 'ਚ ਖੜੇ ਤੁਹਾਡੇ ਲਈ ਸਿਰ-ਦਰਦੀ ਦਾ ਕਾਰਨ ਬਨਣਗੇ। ਕਈ ਵਾਰ ਤਾਂ ਅਖੀਰ ਵਿਚ ਖੜੇ ਚੰਦ ਕੁ ਲਾਈਨ-ਪ੍ਰਸਤ ਸ.ਲੀਕਾਦਾਰਾਂ ਦਾ ਕੜਛੀਆਂ-ਝੰਭੀ ਤਰੀ ਦੀ ਤਹਿ ਵਿਚ ਦੁਬਕੀਆਂ ਘੋਨੀਆਂ ਹੱਡੀਆਂ ਹੀ ਖੈਰ-ਮਕਦਮ ਕਰਨਗੀਆਂ!

ਭੁੱਜੀ ਲੈੱਗ ਨਾਲ ਫਿਰ ਪਟਿਆਲਾ ਪੈੱਗ ਤਾਂ ਲਾਜ਼ਮੀ ਚਾਹੀਦੈ। ਅਖੇ 'ਸ਼ਰਾਬ, ਕਬਾਬ, ਸ਼ਬਾਬ, ਤਿੰਨ ਸ਼ੌਕ ਚੋਬਰਾਂ ਦੇ'! ਤੇ ਸ਼ਰਾਬ ਵਾਲੀ ਤਾਂ ਗਲ ਹੀ ਛਡੋ। ਕਹਿੰਦੇ ਹਨ ਕਿ ਮੁਫਤ ਦੀ ਸ਼ਰਾਬ ਤਾਂ ਕਾਜ਼ੀ ਨੂੰ ਵੀ ਹਲਾਲ। ਨਸ਼ੇੜੀ ਬੋਤਲ ਬੋਤਲ ਚਾੜ੍ਹ ਕੇ ਬਹੁਤੇ ਤਾਂ ਵੇਟਰਾਂ ਉਪਰ ਰੋਹਬ ਝਾੜੀ ਜਾਣਗੇ। ਅਸੀਂ ਮੇਜ਼ਾਂ ਹੇਠਾਂ ਅੱਧੀਆਂ 2 ਬੋਤਲਾਂ ਸ਼ਰਾਬ ਦੀਆਂ ਪਈਆਂ ਅਤੇ ਮੇਜ਼ਾਂ ਉਪਰ ਗਲਾਸ ਭਰੇ ਜਾਂ ਥੋੜੇ ਖਾਲੀ ਛਡੇ ਪਏ ਅਕਸਰ ਦੇਖੇ ਹਨ। ਅਸੀਂ ਤਾਂ ਕੁਝ ਟੱਲੀ ਹੋਏ ਨਸ਼ੇੜੀ ਬੋਤਲ ਡੱਬ ਵਿਚ ਦੇ ਕੇ ਨਾਲ ਲਿਜਾਂਦੇ ਵੀ ਦੇਖੇ ਹਨ। ਸੱਦਾ-ਪੱਤਰ ਤੋਂ ਬਿਨਾ ਵੀ ਹੋਰ ਕਈ ਜਣੇ ਖਾਣ ਵਾਲਿਆਂ ਵਿਚ ਆਣ ਘੁਸੜਦੇ ਹਨ। ਮਹਿੰਗੇ ਭਾਅ 'ਚ ਕੀਤੀ 'ਪਰ ਪਲੇਟ' ਦਾ ਖਰਚਾ ਹਿਲਾ ਕੇ ਰਖ ਦਿੰਦੈ।

ਇਕ ਆ ਨਵੀਂ ਸ਼ੈਅ ਆ ਗਈ ਹੈ 'ਬਫੇ'(ਇਸ ਫਰੈਂਚ ਸ਼ਬਦ ਦਾ ਅੰਗਰੇਜ਼ੀ ਉਚਾਰਨ 'ਬਫੇ' ਹੈ ਅਤੇ ਫ੍ਰੈਂਚ, ਬੁਫੇ। ਪਰ ਬੋਲ-ਚਾਲ ਦੀ ਭਾਸ਼ਾ ਵਿਚ ਵੀ ਬੁਫੇ ਪ੍ਰਚੱਲਤ ਹੋ ਗਿਐ)।

ਇਹ ਸ਼ੈਅ ਐਡੀ ਨਵੀਂ ਵੀ ਨਹੀਂ ਪਰ ਸਾਡੇ ਵਰਗੇ ਪੇਂਡੂ ਪਿਛੋਕੜ ਵਾਲਿਆਂ ਨੂੰ ਨਵੀਂ ਲਗਦੀ ਹੈ। ਇਥੇ ਤਾਂ ਸੱਚੀਂ-ਮੁਚੀਂ ਖੁਰਲੀਆਂ ਵਾਲਾ ਹਾਲ ਹੀ ਹੁੰਦੈ। ਇਥੇ ਮਨ-ਇੱਛਤ ਪਦਾਰਥਾਂ ਨੂੰ ਝਪਟਣ ਦੀ ਕਾਹਲ ਹੁੰਦੀ ਹੈ। ਲੰਮੀਆਂ-ਲੰਮੀਆਂ ਲਾਈਨਾਂ ਤੇ ਸਵਾਦਲੇ ਪਕਵਾਨ ਪਲੇਟ 'ਚ ਪਾਉਣ ਦੀ ਤਲਬ। ਹਿੰਦੀ ਕਵੀ ਆਸ਼ ਕਰਨ 'ਅਟਲ' ਦੀ ਇਕ ਹਾਸ-ਕਵਿਤਾ ਹੈ-'ਮੇਰੀ ਪਹਿਲੀ ਬੁਫੇ ਦਾਅਵਤ'।

ਇਸ ਵਿਚ ਕਵੀ ਬੁਫੇ ਦਾ ਬੜਾ ਮਜ਼ਾਹੀਆ ਦ੍ਰਿਸ਼ ਪੇਸ਼ ਕਰਦਾ ਹੈ। ਉਸ ਅਨੁਸਾਰ ਬੁਫੇ ਖਾਣਾ ਐਵਰੇਸਟ ਤੇ ਚੜ੍ਹਨ ਬਰਾਬਰ ਹੈ! ਉਹ ਨਵੇਂ ਤੇ ਪੁਰਾਣੇ ਬੁਫੇਬਾਜ਼ਾਂ ਬਾਰੇ ਬੜਾ ਵਧੀਆ ਬਿਰਤਾਂਤ ਉਸਾਰਦਾ ਹੈ। ਉਸ ਅਨੁਸਾਰ ਨਵਾਂ ਬੁਫੇਬਾਜ਼ ਆਪਣੀ ਪਲੇਟ ਵਿਚ ਹਰ ਡਿਸ਼ ਇੰਜ ਭਰ ਲੈਂਦਾ ਜਿਦਾਂ ਕੋਈ ਭਿਖਾਰੀ ਦਸ ਘਰਾਂ ਤੋਂ ਭਿਖਿਆ ਮੰਗ ਕੇ ਲਿਆਇਆ ਹੋਵੇ! ਪਰ ਪੁਰਾਨਾ ਖੁਰਾਟ ਬੁਫੇਬਾਜ਼ ਹਰ ਸ਼ੈਅ ਦੇ ਬਸ ਇਕ ਦੋ ਚਮਚੇ ਇੰਜ ਪਲੇਟ ਤੇ ਰਖੇਗਾ ਜਿਵੇਂ ਕੋਈ 'ਸਤਿਆਨਰੈਣ ਦਾ ਪ੍ਰਸਾਦ' ਲੈ ਕੇ ਆਇਆ ਹੋਵੇ! ਸ਼ਾਇਰ ਬੁਫੇ ਵਾਲੇ ਸਥਾਨ ਨੂੰ ਯੁੱਧ ਖੇਤਰ ਨਾਲ ਤੁਲਨਾਂ ਦਿੰਦਿਆਂ ਪਲੇਟਾਂ ਅਤੇ ਚਮਚਿਆਂ ਦੇ ਖੜਾਕ ਨੂੰ ਢਾਲ ਅਤੇ ਤਲਵਾਰ ਦੇ ਖੜਾਕ ਦੀ ਸੰਗਿਆ ਦਿੰਦਾ ਹੈ। ਉਹ ਕੂਪਨ ਨੂੰ 'ਖਾਣੇ ਦਾ ਲਾਈਸੈਂਸ' ਕਹਿੰਦੈ!

ਪਹਿਲੀ ਵਾਰ ਗਿਆ ਹੋਣ ਕਾਰਨ ਕਵੀ ਜਦ ਪਲੇਟ ਵਿਚ ਕਟੋਰੀਆਂ ਰਖਦੈ ਤਾਂ ਖਾਣਾ ਪਾਉਣ ਲਈ ਥਾਂ ਨਹੀਂ ਬਚਦੀ ਅਤੇ ਜਦ ਕਟੋਰੀਆਂ ਤੋਂ ਬਿਨਾ ਖਾਣਾ ਪਾਉਂਦੈ ਤਾਂ 'ਦਾਲ ਮੇਂ ਰਸਗੁਲਾ ਔਰ ਰਾਇਤੇ ਮੇਂ ਸਬਜ਼ੀ ਮਿਲ ਗਈ'! ਜਦ ਕਿਸੇ ਨੇ ਪੁਛਿਆ ਕਿ ਤੁਸੀਂ ਰਸਗੁਲਾ ਕਿਉਂ ਨਹੀਂ ਲਿਆ ਤਾਂ ਕਵੀ ਕਹਿੰਦੈ 'ਯੇ ਜੋ ਦਾਲ ਔਰ ਚਟਨੀ ਮੇਂ ਡੂਬਾ ਪੜਾ ਹੈ ਵੋ ਰਸਗੁਲਾ ਹੀ ਹੈ'! ਪਲੇਟ ਦਾ ਹਾਲ ਇਹ ਹੋ ਗਿਆ ਕਿ 'ਪਤਾ ਨਹੀਂ ਮੇਂ ਪਤਾ ਨਹੀਂ ਕਯਾ ਮਿਲ ਕਰ ਪਤਾ ਨਹੀਂ ਕੌਨ ਸੀ ਡਿਸ਼ ਬਨ ਗਈ'! ਲੰਮੀ ਕਤਾਰ ਕਾਰਨ ਉਹ ਬਾਕੀ ਪਕਵਾਨਾਂ ਨੂੰ ਨਿਹਾਰਦਾ ਰਿਹਾ ਤੇ ਆਪਣੇ ਆਪ ਨੂੰ ਕਹਿੰਦਾ ਰਿਹਾ, 'ਸਕਲ ਪਦਾਰਥ ਯਾ ਜਗ ਮਾਹੀ/ਕਰਮਹੀਣ ਨਰ ਪਾਵਤ ਨਾਹੀਂ'!

ਅਮਰੀਕਨ ਕਵਿਤਰੀ ਮੈਰੀਲਿਨ ਲ਼ੌਟ ਨੇ ਵੀ 'ਏ ਬੁਫੇ ਟੂ ਰਿਮੈਂਬਰ'(ਯਾਦਗਾਰੀ ਬੁਫੇ) ਨਾਮ ਦੀ ਵਿਅੰਗਮਈ ਕਵਿਤਾ ਲਿਖੀ ਹੈ ਜਿਸ ਵਿਚ ਉਹ ਤਾਜ਼ਾ ਤੇ ਜ਼ਾਇਕੇਦਾਰ ਖਾਣੇ (ਸ਼ਰਿੰਪ ਤੇ ਪਿੱਗ) ਦੀ ਸਿਫਤ ਕਰਦਿਆਂ ਕਹਿੰਦੀ ਹੈ ਕਿ 'ਅਸੀਂ ਇੰਤਜ਼ਾਰ ਨਾ ਕਰ ਸਕੇ ਤੇ ਇਕ ਪਲੇਟ ਝਮੁੱਟੀ,ਉਸ ਉਪਰ ਖਾਣਾ ਭਰਿਆ/ਸਾਡੀ ਪਲੇਟ ਉਪਰ ਐਨਾ ਸਾਰਾ ਭੋਜਨ ਪੈ ਗਿਆ ਕਿ ਆਪਣੀ ਸੀਟ ਤਕ ਇਸ ਨੂੰ ਲਿਜਾਣਾ ਔਖਾ ਹੋ ਗਿਆ'!

ਬੁਫੇ ਬਾਰੇ ਕਈ ਕਾਰਟੂਨ ਵੀ ਹਨ। ਇਕ ਅਨੁਸਾਰ-'ਤੁਸੀਂ ਸਭ ਬੁਫੇ ਛਕ ਸਕਦੇ ਹੋ ਪਰ ਸਪੀਡ ਸੀਮਾ ਇਕ ਮਿੰਟ ਵਿਚ 70 ਕੈਲੋਰੀਆਂ ਦਾ ਭੋਜਨ ਖਾਣਾ ਹੋਵੇਗੀ!' ਦੂਸਰਾ ਕਹਿੰਦੈ 'ਬੁਫੇ ਦੀ ਦਾਵਤ/ਸਭ ਤੋਂ ਵਢੀ ਆਫਤ'! ਕਈ ਤਾਂ ਇਸ ਨੂੰ 'ਸੇਲਾਂ ਵਾਲਾ ਖਾਣਾ' ਸਦਦੇ ਹਨ।

ਸ਼ਬਦ-ਵਿਗਿਆਨ ਅਨੁਸਾਰ ਬਫੇ/ਬੁਫੇ ਦਾ ਅਰਥ ਸਟੂਲ, ਬੈਂਚ, ਸਾਈਡ ਟੇਬਲ, ਸਾਈਡਬੋਰਡ, ਕੱਪਬੋਰਡ ਆਦਿ ਹੈ ਅਤੇ ਇਸ ਸ਼ਬਦ ਦਾ ਮੂਲ ਫਰਾਂਸੀਸੀ ਭਾਸ਼ਾ ਅਤੇ ਮਿਡਲ ਇੰਗਲਿਸ਼ ਹਨ। ਕਿਰਿਆ ਦੇ ਤੌਰ 'ਤੇ ਇਸ ਦਾ ਅਰਥ ਘਸੁੰਨ ਜਾਂ ਥੱਪੜ ਮਾਰਨਾ ਹੈ। ਬਹੁਤ ਬਾਅਦ ਵਿਚ ਇਸ ਦਾ ਮੌਜੂਦਾ ਅਰਥ ਪ੍ਰਚੱਲਤ ਹੋਇਆ। ਰਿਫਰੈਸ਼ਮੈਂਟ ਬਾਰ ਤੋਂ ਰੈਸਟੋਰੈਂਟ/ਹੋਟਲ ਵਿਚ ਅਜਿਹੀ ਜਗ੍ਹਾ ਜੋ ਜਨਤਕ ਤੌਰ 'ਤੇ ਰਿਫਰੈਸ਼ਮੈਂਟ ਦੇਣ ਲਈ ਇਕ ਪਾਸੇ ਰਾਖਵੀਂ ਰਖੀ ਜਾਏ ਤੋਂ ਹੁੰਦਾ ਹੋਇਆ ਇਹ ਬਫੇ ਲੰਚ ਰਾਹੀਂ 'ਮੇਜ਼ ਤੇ ਰਖਿਆ ਖਾਣਾ, ਜਿਥੋਂ ਆਪਣੀ ਮਰਜ਼ੀ ਨਾਲ ਖਾਣਾ ਲਿਆ ਜਾਂਦੈ' ਤਕ ਪੁਜਾ।

ਆਪਾਂ ਬਾਹਰ ਰਹਿੰਦੇ ਰਿਸ਼ਤੇਦਾਰਾਂ ਅਤੇ ਯਾਰਾਂ-ਮਿਤਰਾਂ ਦੀਆਂ ਬਹੁਤ ਰੀਸਾਂ ਕਰਦੇ ਹਾਂ। ਪਰ ਇਕ ਰੀਸ ਜੇ ਹੋਰ ਵੀ ਕਰ ਲਈਏ ਤਾਂ ਫਾਇਦੇ 'ਚ ਰਹਾਂਗੇ। ਮੇਰੀ ਘਰਵਾਲੀ ਕੈਨੇਡਾ ਵਿਚ ਵੱਖ ਵੱਖ ਵੇਲੇ ਦੋ ਵਿਆਹ ਅਟੈਂਡ ਕਰਕੇ ਆਈ ਹੈ।

ਉਹ ਦਸਦੀ ਹੈ ਕਿ ਓਥੇ ਬਰਾਤ ਗੁਰਦੁਵਾਰਾ ਸਾਹਿਬ ਢੁਕਦੀ ਹੈ। ਆਨੰਦ ਕਾਰਜ ਉਪਰੰਤ ਪ੍ਰਸ਼ਾਦਾ-ਪਾਣੀ (ਲੰਗਰ) ਵੀ ਓਥੇ ਹੀ ਛਕਿਆ ਜਾਂਦਾ ਹੈ। ਰਾਤ ਨੂੰ ਕਿਸੇ ਹੋਟਲ ਵਿਚ ਦੋਵੇਂ ਪਰਿਵਾਰ ਰਲ ਕੇ ਇਕ ਪਾਰਟੀ ਕਰਦੇ ਹਨ ਜਿਸ ਵਿਚ ਦੋਵਾਂ ਸਾਈਡਾਂ ਦੇ ਰਿਸ਼ਤੇਦਾਰ ਅਤੇ ਮਿਤਰ-ਸਨੇਹੀ ਭਾਗ ਲੈਂਦੇ ਹਨ। ਇਸ ਪਾਰਟੀ ਦਾ ਖਰਚਾ ਦੋਵੇਂ ਪਰਿਵਾਰ ਸਾਂਝੇ ਤੌਰ 'ਤੇ ਚੁਕਦੇ ਹਨ, ਸਾਡੇ ਵਾਂਗ ਨਹੀਂ ਕਿ ਸਾਰਾ ਬੋਝ ਲੜਕੀ ਵਾਲਿਆਂ ਉਪਰ ਪਾ ਦਿੰਦੇ ਹਨ।

ਰਾਹਦਾਰੀ ਦੀ ਇਕ ਬਾ-ਕਮਾਲ ਮਿਸਾਲ ਨਾਲ ਗੱਲ ਖਤਮ ਕਰਾਂਗੇ। ਅਸੀਂ ਜਦ ਕਿਸੇ ਸ਼ਾਦੀ ਤੇ ਜਾਈਏ ਤਾਂ 3 ਲਿਫਾਫੇ ਲੈ ਕੇ ਜਾਂਦੇ ਹਾਂ। ਜੇ ਤਾਂ ਖਾਣਾ ਸਿਰਫ ਸ਼ਾਕਾਹਾਰੀ ਹੋਵੇ ਤਾਂ ਨੰਬਰ 3 ਲਿਫਾਫਾ ਸ਼ਗਨ ਵਜੋਂ ਦਈਦੈ। ਇਸ ਵਿਚ ਸਭ ਤੋਂ ਘਟ ਰੁਪਏ ਹੁੰਦੇ ਹਨ! ਜੇ ਖਾਣਾ ਮਾਸਾਹਾਰੀ ਹੈ ਪਰ ਨਾਲ ਲਾਲਪਰੀ ਨਹੀਂ ਤਾਂ 2 ਨੰਬਰ ਦਾ ਲਿਫਾਫਾ ਪੇਸ਼ ਕਰੀਦੈ। ਇਸ ਵਿਚ 3 ਨੰਬਰ ਨਾਲੋਂ ਕੁਝ ਵਧ ਰੁਪਏ ਹੁੰਦੇ ਹਨ। ਪਰ ਜੇ ਮੁਰਗ-ਮੁਸੱਲਮ ਨਾਲ ਲਾਲਪਰੀ ਵੀ ਹੈ ਤਾਂ ਇਕ ਨੰਬਰ ਵਾਲਾ ਲਿਫਾਫਾ ਬੜੇ ਚੌੜੇ ਹੋ ਕੇ ਪਕੜਾਈਦੈ। ਇਸ ਵਿਚ ਬਣਦਾ-ਸਰਦਾ ਸ਼ਗਨ ਹੁੰਦੈ।

ਵੈਸੇ ਇਕ ਚੌਥਾ ਲਿਫਾਫਾ ਵੀ ਰਖੀਦੈ, ਜੋ ਖਾਲੀ ਹੁੰਦੈ। ਪਰ ਅਜੇ ਅਸੀਂ ਐਨੇ ਕਮੀਨੇ ਵੀ ਨਹੀਂ ਹੋਏ ਕਿ ਚੌਥਾ ਲਿਫਾਫਾ ਹੀ ਦੇ ਦਈਏ ਅਤੇ ਅਗਲੇ ਦਾ ਮਾਲ ਡੱਫ ਡੱਫ ਆਪਣੇ ਚਾਟੀ ਜਿਡੇ ਢਿੱਡ ਦਾ ਭਾਰ ਢੋਂਦੇ ਫਿਰੀਏ।

ਆਖਿਰ ਸਾਡੀ ਵੀ ਕੋਈ ਇੱਜ਼ਤ ਹੈ!

# ਚਲਾ ਗਿਆ ਜੋ ... ਜਾਵੇਦ ਬੂਟਾ

ਜਾਵੇਦ ਬੂਟਾ ਪੰਜਾਬੀ ਜ਼ਬਾਨ ਨੂੰ ਕਿੰਨਾਂ ਪਿਆਰ ਕਰਦਾ ਸੀ, ਇਕ ਹਵਾਲੇ ਨਾਲ਼ ਹੀ ਸਾਬਿਤ ਹੋ ਜਾਂਦਾ। ਵਰਜੀਨੀਆ ਵਿਚ ਕਿਸੇ ਸੂਝਵਾਨ ਦੀ ਮੌਤ ਹੋ ਗਈ। ਉਸ ਦਾ ਸ਼ਰਧਾਂਜਲੀ ਸਮਾਗਮ ਇਕ ਰੈਸਟੋਰੈਂਟ ਵਿਚ ਰੱਖਿਆ ਗਿਆ। ਉਹ ਸੂਝਵਾਨ ਕਿਉਂਕਿ (ਮੈਨੂੰ ਹੁਣ ਨਾਮ ਭੁੱਲ ਗਿਆ) ਜਾਵੇਦ ਬੂਟਾ ਨਾਲ਼ ਗੂੜ੍ਹੀ ਸਾਂਝ ਰੱਖਦਾ ਸੀ, ਸਮਾਗਮ ਵਿਚ ਉਸ ਨੂੰ ਵੀ ਬੁਲਾ ਲਿਆ ਗਿਆ। ਓਥੇ ਜਾ ਕੇ ਜਾਵੇਦ ਨੂੰ ਪਤਾ ਲੱਗਾ ਕਿ ਸਾਰੇ ਦਾ ਸਾਰਾ ਪ੍ਰੋਗਰਾਮ ਸਿਰਫ਼ ਤੇ ਸਿਰਫ਼ ਉਰਦੂ ਵਿਚ ਹੀ ਚੱਲਣਾ ਸੀ। ਉਨ੍ਹਾਂ ਜਾਵੇਦ ਨੂੰ ਵੀ ਉਰਦੂ ਬੋਲਣ ਵਾਸਤੇ ਮਜਬੂਰ ਕੀਤਾ। ਉਹ ਸ਼ਸ਼ੋਪੰਜ ਵਿਚ ਸੀ। ਇਕ ਪਲ ਲਈ ਤਾਂ ਉਸ ਨੇ ਨਾ ਬੋਲਣ ਦਾ ਫ਼ੈਸਲਾ ਕਰ ਲਿਆ। ਫਿਰ ਵਕਤ ਦੀ ਨਜ਼ਾਕਤ ਸਮਝਦਿਆਂ ਉਸ ਨੇ ਰਾਹ ਲੱਭ ਲਿਆ। ਜਾਵੇਦ ਬੂਟਾ ਦੇ ਦੱਸਣ

ਸੁਰਿੰਦਰ ਸੋਹਲ

ਮੁਤਾਬਕ, ''ਜਨਾਬ! ਮੈਂ ਸਟੇਜ 'ਤੇ ਗਿਆ ਤੇ ਬੋਲਣਾ ਸ਼ੁਰੂ ਕੀਤਾ, '... ਸਾਹਿਬ ਮੇਰੇ ਬਹੁਤ ਪਿਆਰੇ ਦੋਸਤ ਥੇ। ਵੋ ਜਬ ਭੀ ਮਿਲਦੇ, ਬੜੀ ਗਰਮਜੋਸ਼ੀ ਸੇ ਹਾਥ ਮਿਲਾਤੇ ਔਰ ਕਹਿਤੇ- ਓਹ ਬਈ ਜਾਵੇਦ ਤੂੰ ਏਨੇ ਦਿਨ ਕਿੱਥੇ ਰਿਹਾ? ਯਾਰ ਮਿਲਿਆ ਈ ਨਹੀਂ। ਤੇਰੇ ਨਾਲ਼ ਢੇਰ ਸਾਰੀਆਂ ਗੱਲਾਂ ਕਰਨੀਆਂ ਸਨ। ਆ ਘਰ ਚਲੀਏ। ਤੇਰੀ ਭਰਜਾਈ ਨੇ ਤਾਜ਼ੇ-ਤਾਜ਼ੇ ਪਕੌੜੇ ਕੱਢੇ ਹੋਣਗੇ। ਚੱਲ! ਫਿਰ ਪਤਾ ਨਹੀਂ ਤੂੰ ਕਦੋਂ ਮਿਲੇਂ।' ਇਸ ਤਰ੍ਹਾਂ ਉਸ ਦੋਸਤ ਕੀ ਹਰ ਮੁਲਾਕਾਤ ਯਾਦਗਾਰੀ ਹੋ ਜਾਤੀ ਥੀ।' ਤੇ ਭਾਈ ਸਾਹਿਬ! ਮੈਂ ਅੱਧਿਓਂ ਬਹੁਤਾ ਭਾਸ਼ਣ ਪੰਜਾਬੀ ਵਿਚ ਕਰ ਆਇਆ।''

ਸ਼ਾਇਦ 2001 ਵਿਚ ਬੋਸਟਨ ਵਿਚ 'ਅਪਨਾ' ਦੀ ਕਾਨਫ਼ਰੰਸ ਹੋਈ ਸੀ। ਨਿਊਯਾਰਕ ਤੋਂ ਮੈਂ ਤੇ ਦਲਜੀਤ ਮੋਖਾ ਗਏ ਸਾਂ। ਸਾਨੂੰ ਓਂਦੋਂ ਵਿਨੀਪੈਗ ਰਹਿੰਦੇ ਗੁਰਦੀਪ ਨੇ ਸੱਦਾ ਪੱਤਰ ਭੇਜਿਆ ਸੀ। ਓਥੇ ਮੈਂ ਪਹਿਲੀ ਵਾਰ ਮਨਜ਼ੂਰ ਇਜਾਜ਼, ਸਫ਼ੀਰ ਰਾਮਾਹ ਅਤੇ ਜਾਵੇਦ ਬੂਟਾ ਨੂੰ ਦੇਖਿਆ ਤੇ ਸੁਣਿਆ ਸੀ।

ਪਰ ਸਫ਼ੀਰ ਰਾਮਾਹ ਤੇ ਜਾਵੇਦ ਬੂਟਾ ਨਾਲ਼ ਸਾਂਝ ਦੀ ਜੜ੍ਹ ਰਵਿੰਦਰ ਸਹਿਰਾਅ ਦੇ ਘਰ ਪੈਨਸਲਵੇਨੀਆ ਵਿਚ ਲੱਗੀ। ਅਸੀਂ ਕਈ ਵਾਰ ਓਥੇ ਮਿਲ਼ੇ।

ਜਾਵੇਦ ਬੂਟਾ ਅੰਦਰ ਪੰਜਾਬੀ ਦੀ ਜਾਗ ਬਚਪਨ ਵਿਚ ਹੀ ਲੱਗ ਗਈ ਸੀ। ਆਪਣੇ 'ਢਾਹਾਂ ਪ੍ਰਾਈਜ਼' ਪ੍ਰਾਪਤ ਕਹਾਣੀ-ਸੰਗ੍ਰਹਿ ਵਿਚ ਸਮਰਪਣ ਵਾਲ਼ੇ ਪੰਨੇ 'ਤੇ 'ਵੇਲ' ਸਿਰਲੇਖ ਹੇਠ ਉਸ ਨੇ ਦਰਜ ਕੀਤਾ ਸੀ—





'ਮੈਂ ਆਪਣੀ ਇਹ ਕਿਤਾਬ ਆਪਣੇ ਮਾਪਿਆਂ, ਆਇਸ਼ਾ ਬੀਬੀ ਤੇ ਮੁਹੰਮਦ ਬੂਟਾ ਹੋਰਾਂ ਦੀ ਨਜ਼ਰ ਕਰਨਾਂ। ਦੋਹਾਂ ਨੂੰ ਪੜ੍ਹਨਾ-ਲਿਖਣਾ ਉੱਕਾ ਈ ਨਹੀਂ ਸੀ ਆਉਂਦਾ ਪਰ ਉਹ ਮਾਂ-ਬੋਲੀ ਪੰਜਾਬੀ ਦਾ ਇਕ ਬੇਅੰਤ ਭੰਡਾਰ ਸਨ। ਮੇਰਾ ਪਿਉ ਜਿਨ੍ਹਾਂ ਨੇ ਆਪਣਾ ਨਾਂ ਲਿਖਣਾ ਆਪਣੀ ਔਲਾਦ ਤੋਂ ਸਿੱਖਿਆ, ਉਨ੍ਹਾਂ ਰਾਤ ਨੂੰ ਦੀਵੇ ਜਾਂ ਲਾਲਟੈਨ ਦੇ ਚਾਨਣ ਹੇਠ, ਮੌਲਵੀ ਗ਼ੁਲਾਮ ਰਸੂਲ ਹੋਰਾਂ ਦੀ ਕਿਤਾਬ 'ਆਹਸਨ ਅਲਕਸਸ' (ਕਿੱਸਾ ਯੂਸਫ਼ ਜ਼ੁਲੈਖ਼ਾਂ) ਲੈ ਕੇ ਬਹਿ ਜਾਣਾ ਤੇ ਹਰਫ਼ ਜੋੜ-ਜੋੜ ਕੇ ਅਸਾਂ ਦੋਹਾਂ ਨੇ ਪੜ੍ਹਨਾਂ। ਮੈਨੂੰ ਤਾਂ ਓਸ ਵੇਲ਼ੇ ਹਰਫ਼ ਜੋੜ-ਜੋੜ ਕੇ ਲਫ਼ਜ਼ ਪੜ੍ਹਨ ਤੋਂ ਅਗਾਂਹ ਕੁਝ ਆਉਂਦਾ ਈ ਨਹੀਂ ਸੀ ਪਰ ਉਨ੍ਹਾਂ ਲਫ਼ਜ਼ਾਂ ਤੇ ਸ਼ਿਅਰਾਂ ਅੰਦਰ ਲੁਕੇ ਹੋਏ ਮਤਲਬ ਸਮਝਾਉਣੇ। ਏਸ ਮਾਣ ਪਾਰੋਂ ਮੇਰੀ ਹਿੱਕ ਚੌੜੀ ਹੋ ਜਾਂਦੀ ਏ ਕਿ ਮੈਨੂੰ ਮਾਂ-ਬੋਲੀ ਦਾ ਪਹਿਲਾ ਸਬਕ ਉਨ੍ਹਾਂ ਪੜ੍ਹਾਇਆ ਤੇ ਅੱਜ ਮਾਂ-ਬੋਲੀ ਪੰਜਾਬੀ ਦੇ ਓਸ ਬੇਅੰਤ ਭੰਡਾਰ ਵਿਚੋਂ ਬੁੱਕਾਂ ਭਰ-ਭਰ ਵਰਤਦਿਆਂ ਉਨ੍ਹਾਂ ਦੇ ਅਹਿਸਾਨ ਪਾਰੋਂ ਮੇਰਾ ਸੀਸ ਨਿਉਂ-ਨਿਉਂ ਜਾਂਦਾ ਏ।'

ਪਾਕਿਸਤਾਨ ਰਹਿੰਦਿਆਂ ਉਹ ਸਿੱਧੇ-ਅਸਿੱਧੇ ਤੌਰ 'ਤੇ ਫ਼ਿਲਮੀ ਦੁਨੀਆ ਨਾਲ਼ ਵੀ ਜੁੜਿਆ। ਅਮਰੀਕਾ ਆ ਕੇ ਉਸ ਅੰਦਰ ਕਲਾ ਦਾ ਕੀੜਾ ਵਿਚ ਵਿਚ ਸੁਰਲ-ਸੁਰਲ ਕਰਨ ਲੱਗ ਪਿਆ। ਉਸ ਨੇ ਦੋਸਤਾਂ ਨਾਲ਼ ਮਿਲ਼ ਕੇ 'ਇੰਡੋ-ਪਾਕਿ ਆਰਟ ਸਰਕਲ' ਦੀ ਸਥਾਪਨਾ ਕੀਤੀ। ਇਸ ਸਰਕਲ ਨੇ 'ਗਰੀਨ ਕਾਰਡ', 'ਅਮਰੀਕਾ ਚੱਲੋ', ਪਾਗਲ-ਖ਼ਾਨਾ' ਅਤੇ 'ਟਾਊਨ-ਹਾਊਸ' ਨਾਟਕ ਵਰਜੀਨੀਆ ਤੇ ਵਾਸ਼ਿੰਗਟਨ ਵਿਚ ਖੇਡੇ। 'ਗਰੀਨ ਕਾਰਡ' ਨਾਟਕ ਦੇ ਇਕ ਹਫ਼ਤੇ ਵਿਚ ਤਿੰਨ ਸ਼ੋਅ ਨਿਊਯਾਰਕ ਵਿਚ ਵੀ ਹੋਏ।

ਜਾਵੇਦ ਬੂਟਾ ਨੇ 'ਇੰਡੋ-ਪਾਕਿ ਆਰਟ ਸਰਕਲ' ਦਾ ਇਤਿਹਾਸ ਬਹੁਤ ਹੀ ਦਿਲਚਸਪ ਅੰਦਾਜ਼ ਵਿਚ ਲਿਖਿਆ। ਉਸ ਦਾ ਵਿਚਾਰ ਇਸ ਇਤਿਹਾਸ ਨੂੰ ਸ਼ਾਹਮੁਖੀ ਤੇ ਗੁਰਮੁਖੀ ਲਿੱਪੀ ਦੇ ਨਾਲ਼-ਨਾਲ਼ ਹਿੰਦੀ ਤੇ ਅੰਗਰੇਜ਼ੀ ਵਿਚ ਅਨੁਵਾਦ ਕਰ ਕੇ ਕਿਤਾਬੀ ਰੂਪ 'ਚ ਛਾਪਣਾ ਸੀ। ਸ਼ਾਹਮੁਖੀ ਵਿਚ ਉਸ ਨੇ ਟਾਈਪ ਕੀਤਾ। ਉਸ ਦਾ ਗੁਰਮੁਖੀ ਲਿੱਪੀਅੰਤਰ ਮੈਂ ਕੀਤਾ ਸੀ। ਅੰਗਰੇਜ਼ੀ ਵਿਚ ਸਫ਼ੀਰ ਰਾਮਾਹ ਹੋਰੀਂ ਅਨੁਵਾਦ ਕਰ ਰਹੇ ਸਨ। ਹਿੰਦੀ ਤਰਜਮਾ ਕਰਨ ਵਾਲ਼ਾ ਅਜੇ ਉਹ ਲੱਭ ਹੀ ਰਹੇ ਸਨ। 'ਇੰਡੋ-ਪਾਕਿ ਆਰਟ ਸਰਕਲ' ਦਾ ਇਤਿਹਾਸ ਲਿਖਣ ਦਾ ਵਿਚਾਰ ਉਨ੍ਹਾਂ ਨੂੰ ਕਿਵੇਂ ਆਇਆ? ਇਹ ਵੀ ਬੜੀ ਦਿਲਚਸਪ ਘਟਨਾ । ਉਨ੍ਹਾਂ ਇਹ ਘਟਨਾ 'ਇੰਡੋ-ਪਾਕਿ ਆਰਟ ਸਰਕਲ' ਦੇ ਇਤਿਹਾਸ ਦੇ ਮੁੱਢ ਵਿਚ ਇਉਂ ਬਿਆਨ ਕੀਤੀ -

'ਇੰਡੋ-ਪਾਕਿ ਆਰਟ ਸਰਕਲ' ਬਾਰੇ ਲਿਖਣ ਦੀ ਪ੍ਰੇਰਣਾ ਮੈਨੂੰ ਇਕ ਮਹਾਨ ਹਸਤੀ ਦੀ ਆਖੀ ਹੋਈ ਗੱਲ ਚੇਤੇ ਆਉਣ ਤੋਂ ਮਿਲੀ। ਓਸ ਮਹਾਨ ਹਸਤੀ ਦਾ ਨਾਮ ਏ- ਪ੍ਰੋਫ਼ੈਸਰ ਪ੍ਰੀਤਮ ਸਿੰਘ'। ਜਿਹੜੇ ਸੱਜਣ 'ਇੰਡੋ-ਪਾਕਿ ਆਰਟ ਸਰਕਲ' ਬਾਰੇ, ਉਹਦੇ ਕੀਤੇ ਹੋਏ ਕੰਮਾਂ ਬਾਰੇ ਜਾਣਕਾਰੀ ਰੱਖਦੇ ਨੇ ਜਾਂ ਉਹਦਾ ਅੰਗ ਰਹੇ ਨੇ, ਹੈਰਾਨ ਹੋਣਗੇ ਕਿ ਪ੍ਰੋਫ਼ੈਸਰ ਪ੍ਰੀਤਮ ਸਿੰਘ ਹੋਰਾਂ ਦਾ 'ਇੰਡੋ-ਪਾਕਿ ਆਰਟ ਸਰਕਲ' ਨਾਲ਼ ਕੀ ਤੇ ਕਿਵੇਂ ਸੰਬੰਧ ਏ...ਪਰ ਮੈਂ ਸਮਝਨਾਂ 'ਇੰਡੋ-ਪਾਕਿ ਆਰਟ ਸਰਕਲ' ਬਾਰੇ ਜਿਹੜੀ ਜਾਣਕਾਰੀ ਤੁਸੀਂ ਪੜ੍ਹੋਗੇ ਜਾਂ ਸੁਣੋਗੇ ਇਹ ਜਾਣਕਾਰੀ ਉਲੀਕ ਕੇ ਤੁਹਾਡੇ ਨਾਲ਼ ਸਾਂਝੀ ਕਰਨ ਦਾ ਸਿਹਰਾ ਪ੍ਰੋਫ਼ੈਸਰ ਪ੍ਰੀਤਮ ਸਿੰਘ ਹੋਰਾਂ ਦੇ ਸਿਰ ਈ ਫੱਬਦਾ ਏ।

ਇਹ (20... ਸੰਨ ਉਨ੍ਹਾਂ ਨੂੰ ਯਾਦ ਨਹੀਂ ਸੀ। ਇਸ ਦੀ ਤਫ਼ਤੀਸ਼ ਅਜੇ ਉਹ ਕਰ ਹੀ ਰਹੇ ਸਨ) ਦੀ ਗੱਲ ਏ। 'ਅਕੈਡਮੀ ਆਫ਼ ਦੀ ਪੰਜਾਬ ਇਨ ਨਾਰਥ ਅਮੈਰਿਕਾ' (ਅਪਨਾ) ਨੇ ਆਪਣੀ ਇਕ ਕਾਨਫਰੰਸ ਵਿਚ ਰਲਤ ਲਈ ਪ੍ਰੋਫ਼ੈਸਰ ਪ੍ਰੀਤਮ ਸਿੰਘ ਹੋਰਾਂ ਨੂੰ ਚੜ੍ਹਦੇ ਪੰਜਾਬ ਤੋਂ ਸੱਦਿਆ ਸੀ। ਮੈਂ ਉਨ੍ਹਾਂ ਨੂੰ ਲੈਣ ਲਈ ਵਾਸ਼ਿੰਗਟਨ ਨੈਸ਼ਨਲ ਏਅਰਪੋਰਟ ਗਿਆ (ਹੁਣ ਉਹਦਾ ਨਾਮ 'ਰੀਗਨ ਨੈਸ਼ਨਲ ਏਅਰਪੋਰਟ' ਏ)। ਪਾਰਕਿੰਗ ਲਾਟ ਵਿਚ ਖਲੋਤੀ ਗੱਡੀ ਵੱਲ ਟੁਰੇ ਜਾਂਦਿਆਂ ਗੱਲਾਂ-ਬਾਤਾਂ ਕਰਦਿਆਂ ਪ੍ਰੋਫ਼ੈਸਰ ਹੋਰੀਂ ਮੈਥੋਂ 'ਅਪਨਾ' ਬਾਰੇ ਜਾਣਕਾਰੀ ਲੈਣ ਲਈ ਸਵਾਲ ਪਾਉਂਦੇ ਜਾ ਰਹੇ ਸਨ। 'ਅਪਨਾ' ਕਿਉਂ ਉਸਰੀ? ਕਿੰਨੇ ਤੇ ਕਿਹੜੇ-ਕਿਹੜੇ ਸੱਜਣ ਇਹਦੇ ਨਾਲ਼ ਸੰਬੰਧਿਤ ਨੇ? ਇਹਦੀ ਛਤਰ-ਛਾਂਵੇਂ ਕਿਹੜੇ ਕੰਮਕਾਰ ਕੀਤੇ ਗਏ? ਉਹ ਪੁੱਛਦੇ ਰਹੇ, ਮੈਂ ਦੱਸਦਾ ਰਿਹਾ। ਉਹ ਖ਼ੁਸ਼ ਹੁੰਦੇ ਰਹੇ। ਉਨ੍ਹਾਂ ਨੂੰ ਗੱਡੀ ਵਿਚ ਬਿਠਾਉਣ ਲਈ ਮੈਂ ਬੂਹਾ ਖੋਲ੍ਹਿਆ ਤਾਂ ਉਹ ਖੁੱਲ੍ਹੇ ਬੂਹੇ ਵਿਚਾਲੇ ਈ ਖੜ੍ਹ ਗਏ, ਜਿਵੇਂ ਅਚਨਚੇਤ ਉਨ੍ਹਾਂ ਦੇ ਦਿਮਾਗ਼ ਵਿਚ ਕੋਈ ਬੜੀ ਅਹਿਮ ਗੱਲ ਉੱਘੜੀ ਹੋਵੇ। ਭੋਰਾ ਕੁ ਸੋਚ ਕੇ ਮੈਨੂੰ ਪੁੱਛਣ ਲੱਗੇ, ''ਇਹਦੀ ਉਸਾਰੀ ਤੇ ਕੀਤੇ ਕੰਮਾਂ ਨੂੰ ਲਿਖਤੀ ਰੂਪ ਵਿਚ ਵੀ ਸੰਭਾਲਦੇ ਜਾ ਰਹੇ ਓਂ ਨਾ?'' ਮੈਂ 'ਨਾਂਹ' ਵਿਚ ਜਵਾਬ ਦਿੱਤਾ ਤਾਂ ਬੜੇ ਹਿਰਖ ਨਾਲ਼ ਭੋਰਾ ਜ਼ੋਰ ਦੇ ਕੇ ਆਖਣ ਲੱਗੇ, ''ਇਹਦੀ ਡਾਕੂਮੈਂਟੇਸ਼ਨ ਹੋਣੀ ਚਾਹੀਦੀ ਐ।''

ਹਵਾਈ ਅੱਡੇ ਦੇ ਪਾਰਕਿੰਗ ਲਾਟ ਤੋਂ ਲੈ ਕੇ ਹਾਈਵੇਅ 395 ਤਾਂਈ ਸਾਡੇ ਵਿਚਾਲੇ ਵਰਤੀ ਚੁੱਪ ਨੂੰ ਉਨ੍ਹਾਂ ਤੋੜਦਿਆਂ

ਬਾਕੀ ਅਗਲੇ ਸਫੇ 'ਤੇ

# ਇਕ ਸੀ ਜਾਵੇਦ ਬੂਟਾ

ਸ਼ਾਇਦ ਇਹ 1986-87 ਦੀ ਗੱਲ, ਵਰਜੀਨੀਆ ਵਸਦੇ ਇਕ ਦੋਸਤ ਨੇ ਦੱਸਿਆ ਕਿ ਓਥੇ ਲਹਿੰਦੇ ਪੰਜਾਬ ਦੇ ਕਈ ਸੱਜਣ ਹਨ, ਜਿਹੜੇ ਅਦਬੀ ਰੁਚੀਆਂ ਵਾਲ਼ੇ ਹਨ। ਅਸੀਂ ਉਨ੍ਹੀਂ ਦਿਨੀਂ 'ਪੰਜਾਬੀ ਸੁਸਾਇਟੀ

ਰਵਿੰਦਰ ਸਹਿਰਾਅ

ਬਾਲਟੀਮੋਰ' (ਮੈਰੀਲੈਂਡ) ਬਣਾਈ ਹੋਈ ਸੀ। ਮਾਸਟਰ ਧਰਮਪਾਲ ਦਾ ਇਸ ਵਿਚ ਬਹੁਤ ਸਹਿਯੋਗ ਸੀ। ਹਰਭਜਨ ਹਲਵਾਰਵੀ, ਤੇਜਵੰਤ ਗਿੱਲ, ਇਕਬਾਲ ਰਾਮੂਵਾਲੀਆ, ਬਲਬੀਰ ਮੋਮੀ, ਗੁਰਬਚਨ ਆਦਿ ਕਈ ਸਾਹਿਤਕਾਰਾਂ ਨਾਲ਼ ਅਸੀਂ ਵਿਚਾਰ-ਵਟਾਂਦਰਾ ਕਰ ਚੁੱਕੇ ਸੀ ਤੇ ਮੈਂ ਚਾਹੁੰਦਾ ਸੀ ਕਿ ਲਹਿੰਦੇ ਪੰਜਾਬ ਦੇ ਉਨ੍ਹਾਂ ਅਦੀਬਾਂ ਨਾਲ਼ ਵੀ ਗੱਲ-ਬਾਤ ਕੀਤੀ ਜਾਏ।

ਕੁਝ ਸਾਲਾਂ ਬਾਅਦ ਉਨ੍ਹਾਂ ਸੱਜਣਾਂ ਨੇ 'ਅਕੈਡਮੀ ਆਫ਼ ਪੰਜਾਬ ਇਨ ਨੌਰਥ ਅਮੈਰਿਕਾ' (ਅਪਨਾ) ਦਾ ਗਠਨ ਕੀਤਾ। ਸਾਨੂੰ ਵੀ ਉਸ ਵਿਚ ਸ਼ਾਮਿਲ ਹੋਣ ਲਈ ਸੁਨੇਹਾ ਮਿਲਿਆ। ਸਾਡੇ ਵਾਲੀ ਸੁਸਾਇਟੀ ਵੀ ਉਨ੍ਹੀਂ ਦਿਨੀਂ ਗ਼ੈਰ-ਸਾਹਿਤਕ ਬੰਦਿਆਂ ਦੀ ਬੇਲੋੜੀ ਦਖ਼ਲ-ਅੰਦਾਜ਼ੀ ਕਾਰਨ ਡਿੱਕੇ-ਡੋਲੇ ਖਾ ਰਹੀ ਸੀ। ਸੋ ਅਸੀਂ ਫ਼ੈਸਲਾ ਕੀਤਾ ਕਿ ਇਸ ਨੂੰ ਭੰਗ ਕਰ ਦਿੱਤਾ ਜਾਏ। ਇਸ ਵਲੋਂ ਦੋ-ਤਿੰਨ ਸਾਲ ਮੈਂ ਹੱਥ-ਲਿਖਤ ਮਹੀਨੇਵਾਰ ਪਰਚਾ 'ਦਸਤਕ' ਵੀ ਕੱਢਿਆ। ਭੰਗ ਕਰਨ ਦਾ ਦੁੱਖ ਤਾਂ ਬਹੁਤ ਸੀ ਪਰ ਹਰ ਮੀਟਿੰਗ ਵਿਚ ਗ਼ੈਰ-ਜ਼ਰੂਰੀ ਨੁਕਤਾਚੀਨੀ ਕਾਰਨ ਮਨ ਉਚਾਟ ਸੀ। ਸੋ ਅਸੀਂ 'ਅਪਨਾ' ਦੀਆਂ ਹਫ਼ਤਾਵਾਰੀ ਮੀਟਿੰਗਾਂ ਵਿਚ ਜਾਣਾ ਸ਼ੁਰੂ ਕਰ ਦਿੱਤਾ।

ਮੈਂ ਤੇ ਮਾਸਟਰ ਧਰਮਪਾਲ ਉੱਗੀ ਹਰ ਐਤਵਾਰ ਨੂੰ ਸੱਠ-ਸੱਤਰ ਮੀਲ ਡਰਾਈਵ ਕਰ ਕੇ ਵਰਜੀਨੀਆ ਜਾਂ ਵਾਸ਼ਿੰਗਟਨ ਡੀ. ਸੀ. ਜਾਂਦੇ। ਕਦੀ-ਕਦੀ ਇਹ ਮੀਟਿੰਗ ਸਾਡੇ ਸ਼ਹਿਰ ਵੀ ਰੱਖ ਲਈ ਜਾਂਦੀ।

ਜਾਵੇਦ ਬੂਟਾ ਇਨ੍ਹਾਂ ਮੀਟਿੰਗਾਂ ਵਿਚ ਰੂਹ ਫੂਕ ਦਿੰਦਾ। ਸੋਹਣਾ-ਸੁਣੱਖਾ, ਗੋਰਾ-ਨਿਛੋਹ ਰੰਗ ਤੇ ਗੱਲ ਕਰਨ ਦਾ ਅੰਦਾਜ਼ ਏਨਾ ਮਨਮੋਹਣਾ ਕਿ ਸੁਣਨ ਵਾਲ਼ਾ ਅਸਰ ਕਬੂਲਣ ਤੋਂ ਬਿਨੱ ਨਾ ਰਹਿੰਦਾ। ਉਂਵ ਤਾਂ ਮਨਜ਼ੂਰ ਇਜਾਜ਼, ਸਫ਼ੀਰ ਰਾਮਹ ਅਤੇ ਨਸੀਰ ਚੌਧਰੀ ਦੀਆਂ ਡੂੰਘੀਆਂ ਗੱਲਾਂ ਤੇ ਫ਼ਾਲਕਨ ਦੀਆਂ ਹਲਕੀਆਂ-ਹਲਕੀਆਂ ਜੁਗਤਾਂ ਵੀ ਅਸਰ ਪਾਉਂਦੀਆਂ ਸਨ ਪਰ ਜਾਵੇਦ ਦੀ ਤਾਂ ਗੱਲ ਹੀ ਹੋਰ ਸੀ। ਛੇਤੀ ਹੀ ਅਸੀਂ ਬਹੁਤ ਚੰਗੇ ਦੋਸਤ ਬਣ ਗਏ। ਉਸ ਦੀ ਬੀਵੀ ਨਾਸਿਰਾ ਦਾ ਸੁਭਾਅ ਉਸ ਤੋਂ ਵੀ ਚੰਗਾ।

ਅਪਨਾ ਵੱਲੋਂ ਕਈ ਆਲਮੀ ਪੱਧਰ ਦੀਆਂ ਕਾਨਫ਼ਰੰਸਾਂ ਵੀ ਕਰਵਾਈਆਂ ਗਈਆਂ, ਜਿਨ੍ਹਾਂ ਵਿਚ ਕਰਤਾਰ ਸਿੰਘ ਦੁੱਗਲ, ਡਾ. ਰਘਬੀਰ ਸਿੰਘ ਸਿਰਜਣਾ, ਸਾਧੂ ਬਿਨਿੰਗ, ਸੁਖਵੰਤ ਹੁੰਦਲ, ਅਮਰਜੀਤ ਚੰਦਨ, ਮਜ਼ਹਰ ਤਿਰਮਜ਼ੀ, ਮੁਸ਼ਤਾਕ ਸੂਫ਼ੀ ਆਦਿ ਨਾਮਵਰ ਸ਼ਖ਼ਸੀਅਤਾਂ ਨੇ ਸ਼ਮੂਲੀਅਤ ਕੀਤੀ। ਕਈ ਕਵੀ ਦਰਬਾਰ ਵੀ ਕਰਵਾਏ ਗਏ। ਇਕਬਾਲ ਰਾਮੂਵਾਲੀਆ, ਉਂਕਾਰਪ੍ਰੀਤ, ਕੁਲਵਿੰਦਰ ਖਹਿਰਾ, ਚੰਦਨ, ਇਰਫ਼ਾਨ ਮਲਿਕ ਆਦਿ ਕਵੀਆਂ ਨੇ ਆਪਣੇ ਕਲਾਮ ਨਾਲ਼ ਕਾਫ਼ੀ ਰੰਗ ਬੰਨ੍ਹਿਆ। ਆਮ ਤੌਰ 'ਤੇ ਮੁਸਲਿਮ ਭਾਈਚਾਰੇ ਦੇ ਮਰਦ ਅਜਿਹੇ ਫ਼ੰਕਸ਼ਨਾਂ ਵਿਚ ਆਪਣੀਆਂ ਬੀਵੀਆਂ ਨੂੰ ਨਾਲ਼ ਨਹੀਂ ਲਿਆਉਂਦੇ ਪਰ ਇਨ੍ਹਾਂ ਫ਼ੰਕਸ਼ਨਾਂ ਵਿਚ ਇਨ੍ਹਾਂ ਦੀਆਂ ਬੀਵੀਆਂ ਦੀ ਸ਼ਮੂਲੀਅਤ ਤਾਂ ਹੁੰਦੀ ਹੀ, ਨਾਲ਼ ਦੀ ਨਾਲ਼ ਉਹ ਹਰ ਕੰਮ ਵਿਚ ਹੱਥ ਵੀ ਵਟਾਉਂਦੀਆਂ।

ਹੁਣ ਅਸੀਂ ਮੀਟਿੰਗਾਂ ਤੋਂ ਇਲਾਵਾ ਵੀ ਮਿਲ਼ਣਾ ਸ਼ੁਰੂ ਕਰ ਦਿੱਤਾ ਸੀ। ਫੋਨ ਤਾਂ ਆਮ ਜਿਹੀ ਗੱਲ ਸੀ। ਅਸੀਂ ਏਧਰਲੇ-ਓਧਰਲੇ ਪੰਜਾਬ ਦੇ ਅਦੀਬਾਂ ਬਾਰੇ ਗੱਲ-ਬਾਤ ਕਰਦੇ। ਜਾਵੇਦ ਚੜ੍ਹਦੇ ਪੰਜਾਬ ਜਾਣਾ ਚਾਹੁੰਦਾ ਸੀ ਪਰ ਵੀਜ਼ਾ ਮਿਲਣ ਦੀ ਦਿੱਕਤ ਸੀ।



ਫਿਰ ਜਦੋਂ ਵੀਜ਼ਾ ਮਿਲ਼ ਗਿਆ ਤਾਂ ਫੋਨ ਆਇਆ ਕਿ ਮੈਨੂੰ ਚੜ੍ਹਦੇ ਪੰਜਾਬ ਦੇ ਲੇਖਕਾਂ ਦੇ ਨਾਮ ਤੇ ਫੋਨ ਨੰਬਰ ਭੇਜ। ਮੈਂ ਦਿੱਲੀ ਤੋਂ ਲੈ ਕੇ ਅੰਬਰਸਰ ਤਕ ਜਿੰਨੇ ਵੀ ਮੇਰੇ ਸੰਪਰਕ ਸਨ, ਸਾਰਿਆਂ ਦੇ ਨੰਬਰ ਭੇਜ ਦਿੱਤੇ। ਉਹ ਗਿਆ ਤੇ ਬਹੁਤ ਸਾਰੇ ਲੇਖਕਾਂ ਨੂੰ ਮਿਲ਼ ਕੇ ਵੀ ਆਇਆ। ਸਭ ਤੋਂ ਜ਼ਿਆਦਾ ਉਹ ਡਾ. ਜਗਤਾਰ ਨੂੰ ਮਿਲ਼ ਕੇ ਖੁਸ਼ ਸੀ। ਡਾ. ਜਗਤਾਰ ਨੂੰ ਮੈਂ ਜਦ ਵੀ ਮਿਲਣ ਗਿਆ, ਉਨ੍ਹਾਂ ਜਾਵੇਦ ਦੇ ਮਿਲਣਸਾਰ ਸੁਭਾਅ ਦੀ ਸਿਫ਼ਤ ਕੀਤੀ। ਦੁੱਗਲ ਤੋਂ ਉਹ ਥੋੜ੍ਹਾ ਨਾ-ਖ਼ੁਸ਼ ਸੀ। ਕਾਰਨ, ਉਹਦੇ ਸਾਹਮਣੇ ਰਹਿੰਦੀ ਅੰਮ੍ਰਿਤਾ ਪ੍ਰੀਤਮ ਨੂੰ ਮਿਲਣ ਵਿਚ ਉਸ ਨੇ ਕੋਈ ਦਿਲਚਸਪੀ ਨਹੀਂ ਸੀ ਦਿਖਾਈ। ਜਾਵੇਦ ਕਿਉਂਕਿ ਦੁੱਗਲ ਦਾ ਮਹਿਮਾਨ ਸੀ ਤੇ ਉਹ ਨਹੀਂ ਸੀ ਚਾਹੁੰਦਾ ਕਿ ਉਸਦੀ ਮਰਜ਼ੀ ਬਗ਼ੈਰ ਉਹ ਅੰਮ੍ਰਿਤਾ ਦੇ ਘਰ ਜਾਂਦਾ। ਬਾਅਦ ਵਿਚ ਉਹਨੇ ਅੰਮ੍ਰਿਤਾ ਬਾਰੇ ਇਕ ਲੇਖ ਲਿਖਿਆ, ਜੋ ਬਾਅਦ ਵਿਚ ਅਸੀਂ 'ਹੁਣ' ਮੈਗਜ਼ੀਨ ਦੇ ਅੰਕ 45 ਵਿਚ ਛਾਪਿਆ ਵੀ। ਉਸਦਾ ਸਿਰਲੇਖ ਉਹਨੇ 'ਅੰਮ੍ਰਿਤਾ ਪ੍ਰੀਤਮ' ਰੱਖਿਆ। ਮੈਂ ਉਸ ਨੂੰ ਸੁਝਾਅ ਦਿੱਤਾ ਕਿ ਤੂੰ ਅੰਮ੍ਰਿਤਾ ਨੂੰ ਮਿਲ਼ ਤਾਂ ਨਹੀਂ ਸਕਿਆ ਸੀ ਪਰ ਜਿਸ ਤਰ੍ਹਾਂ ਤੂੰ ਇਸ ਵਿਚ ਬਿਆਨ ਕੀਤਾ ਹੈ, ਉਸ ਨੂੰ ਇਸਦਾ ਸਿਰਲੇਖ 'ਮੁਲਾਕਾਤ ਇੰਜ ਵੀ ਹੁੰਦੀ ਹੈ' ਰੱਖ। ਉਹ ਝੱਟ ਮੰਨ ਗਿਆ। ਉਹ 'ਹੁਣ' ਦਾ ਪੱਕਾ ਪਾਠਕ ਸੀ। ਉਸ ਦਾ ਸੁਨੇਹਾ ਆਇਆ ਕਿ ਮੈਗਜ਼ੀਨ ਨਹੀਂ ਮਿਲ਼ਿਆ। ਸੁਸ਼ੀਲ ਨੇ ਦੱਸਿਆ ਕਿ ਮੈਗਜ਼ੀਨ ਤਾਂ ਤੁਹਾਡੇ ਨਾਲ਼ ਹੀ ਮੇਲ ਕਰ ਦਿੱਤਾ ਗਿਆ ਸੀ। ਮੈਂ ਦੁਬਾਰਾ ਮੇਲ ਕੀਤਾ ਤਾਂ ਉਹ ਬਹੁਤ ਖ਼ੁਸ਼ ਹੋਇਆ।

ਇਨ੍ਹਾਂ ਦਿਨਾਂ 'ਚ ਉਸ ਦੀ ਸਿਹਤ ਨਾ-ਸਾਜ਼ ਰਹਿਣ ਲੱਗੀ। ਉਸ ਨੂੰ ਬੋਲਣ ਵਿਚ ਤਕਲੀਫ਼ ਹੋਣ ਲੱਗੀ। ਜ਼ਿਆਦਾਤਰ ਉਹ ਵੱਟਸਐਪ 'ਤੇ ਹੀ ਲਿਖ ਕੇ ਭੇਜਦਾ। ਦੋ ਕੁ ਸਾਲ ਪਹਿਲਾਂ ਪ੍ਰੋ. ਨਿਰੰਜਨ ਸਿੰਘ ਢੇਸੀ ਨੂੰ ਵੀ ਇਸੇ ਤਰ੍ਹਾਂ ਦੀ ਤਕਲੀਫ਼ ਸੀ ਜੋ ਜਾਨਲੇਵਾ ਸਾਬਿਤ ਹੋਈ। ਮੈਂ ਸੁਰਿੰਦਰ ਸੋਹਲ ਨਾਲ਼ ਫ਼ਿਕਰ ਜ਼ਾਹਿਰ ਕੀਤਾ। ਉਹ ਵੀ ਪਰੇਸ਼ਾਨ ਸੀ ਪਰ ਇਕ ਆਸ ਦੀ ਚਿਣਗ ਅਜੇ ਬਾਕੀ ਸੀ।

ਮੈਂ ਉਸ ਨੂੰ ਜਦ ਵੀ ਫੋਨ ਕਰਨਾ ਤਾਂ ਜਾਵੇਦ ਦੀ ਥਾਂ ਜਵਾਨ ਬੂਟਾ ਕਹਿ ਕੇ ਗੱਲ ਕਰਨੀ। ਉਸ ਨੇ ਕਿੰਨਾਂ ਚਿਰ ਠਹਾਕੇ ਮਾਰ ਕੇ ਹੱਸਣਾ ਤੇ ਕਹਿਣਾ, 'ਯਾਰ! ਤੇਰਾ ਫੋਨ ਤਾਂ ਮੈਨੂੰ ਸੱਚ-ਮੁੱਚ ਜਵਾਨ ਕਰ ਦਿੰਦਾ ਹੈ।'

ਨਵੰਬਰ 2022 ਵਿਚ ਮੈਂ ਫੋਨ ਕੀਤਾ ਕਿ ਲਾਹੌਰ ਕਦੋਂ ਚੱਲਣਾਂ? ਕਹਿੰਦਾ, 'ਯਾਰ! ਦਿਲ ਤਾਂ ਕਹਿੰਦਾ ਉੱਡ ਕੇ ਚਲਾ ਜਾਵਾਂ ਪਰ ਸਿਹਤ ਠੀਕ ਨਾ ਹੋਣ ਕਾਰਨ ਦਿੱਕਤ ਹੈ।'

ਸਾਡਾ ਉਨ੍ਹੀਂ ਦਿਨੀਂ ਲਹਿੰਦੇ ਪੰਜਾਬ ਜਾਣ ਦਾ ਪ੍ਰੋਗਰਾਮ ਸੀ। ਮੈਂ ਨਾਸਿਰਾ ਨੂੰ ਵੀ ਕਿਹਾ ਕਿ ਦੱਸੋ ਕੋਈ ਸੁਨੇਹਾ ਭੇਜਣਾ ਹੈ ਤਾਂ। ਉਹ ਕਹਿਣ ਲ□ਗੀ ਕਿ ਮਿਹਰਬਾਨੀ ਪਰ ਜਦੋਂ ਜਾਵੇਦ ਆਪ ਜਾਊ ਤਾਂ ਲੈ ਜਾਊ। ਤੁਹਾਨੂੰ ਖੇਚਲ ਨਹੀਂ ਦੇਣੀ।

ਅਸੀਂ (ਜਾਵੇਦ ਤੇ ਸੁਰਿੰਦਰ ਸੋਹਲ) ਨੇ ਮੁਸ਼ਤਾਕ ਸੂਫ਼ੀ ਦੀ ਕਿਤਾਬ 'ਖੰਭ ਸਨੇਹਾ' ਦਾ ਗੁਰਮੁਖੀ ਲਿੱਪੀਅੰਤਰ ਕਰ ਕੇ ਚੇਤਨਾ ਪ੍ਰਕਾਸ਼ਨ ਤੋਂ ਛਪਵਾਇਆ ਸੀ। ਹੁਣ ਅਸੀਂ ਚਾਹੁੰਦੇ ਸੀ ਕਿ ਇਸ ਨੂੰ ਲਹੌਰ ਵਿਚ ਰਿਲੀਜ਼ ਕੀਤਾ ਜਾਵੇ। ਜਾਵੇਦ ਨੇ ਲਿੱਪੀਅੰਤਰ ਕਰਨ ਵਿਚ ਮੱਦਦ ਤਾਂ ਕੀਤੀ ਹੀ, ਨਾਲ ਥੋੜ੍ਹੇ ਜਿਹੇ ਲਫ਼ਜ਼ ਮੁਸ਼ਤਾਕ ਸੂਫ਼ੀ ਦੀ ਸ਼ਾਇਰੀ ਬਾਰੇ ਵੀ ਲਿਖੇ। ਇਹ ਲਫ਼ਜ਼ ਮੁਸ਼ਤਾਕ ਸੂਫ਼ੀ ਤੇ ਕਿਤਾਬ ਰਿਲੀਜ਼ ਸਮੇਂ ਬਹੁਤ ਸਾਰੇ ਅਦੀਬਾਂ ਨੇ ਸਲਾਹੇ।

ਉਹ ਯਾਰੀ ਦੀ ਲੱਜ ਪਾਲਣ ਵਾਲ਼ਾ ਸ਼ਖ਼ਸ ਸੀ। ਮੇਰੀ ਕਿਤਾਬ 'ਕੁਝ ਨਾ ਕਹੋ' ਦਾ ਚੁੱਪ-ਚੁੱਪੀਤੇ ਸ਼ਾਹਮੁਖੀ ਲਿਤਪੀਅੰਤਰ ਕਰ ਕੇ 'ਕਿਤਾਬ ਤ੍ਰਿੰਝਣ' ਲਾਹੌਰ ਤੋਂ ਛਪਵਾ ਕੇ ਮੈਨੂੰ ਹੈਰਾਨ ਕਰ ਦਿੱਤਾ ਸੀ। ਜਦੋਂ ਮੈਂ ਖਰਚੇ ਬਾਰੇ ਗੱਲ ਕੀਤੀ ਤਾਂ ਕਹਿੰਦਾ, 'ਜੇ ਤੂੰ ਅੱਜ ਤੋਂ ਬਾਅਦ ਇਹ ਗੱਲ ਕੀਤੀ ਤਾਂ ਆਪਣੀ ਸਾਂਝ ਖ਼ਤਮ।'

ਉਹ ਸਾਂਝਾਂ ਪਾਲਣ ਵਾਲ਼ਾ ਤੇ ਇਸ ਦੀ ਲੱਜ ਰੱਖਣ ਵਾਲ਼ਾ ਰਖਵਾਲਾ ਸੀ। ਦੋ ਕੁ ਸਾਲ ਪਹਿਲੇ ਜਦੋਂ ਅਸੀਂ ਪੈਨਸਲਵੇਨੀਆ ਤੋਂ ਇੰਡਿਆਨਾ ਆ ਗਏ ਤਾਂ ਉਸ ਦੀ ਆਵਾਜ਼ ਵਿਚ ਉਦਾਸੀ ਹੁੰਦੀ। ਓਥੇ ਰਹਿੰਦਿਆਂ ਅਸੀਂ ਕਿਤੇ ਵੀ ਕੋਈ ਸਾਹਿਤਕ ਪ੍ਰੋਗਰਾਮ ਕਰਨਾ-ਭਾਵੇਂ ਉਹ ਬਾਲਟੀਮੋਰ ਹੁੰਦਾ, ਭਾਵੇਂ ਨਿਊਯਾਰਕ ਤੇ ਭਾਵੇਂ ਸਾਡੇ ਘਰ ਪੈਨਸਲਵੇਨੀਆ ਕੋਈ ਮਿਲਣੀ ਹੁੰਦੀ, ਉਹ ਜ਼ਰੂਰ ਪਹੁੰਚਦਾ। ਅਹਿਮਦ ਸਲੀਮ ਵਾਸ਼ਿੰਗਟਨ ਆਇਆ ਤਾਂ ਉਹ ਤੇ ਸਫ਼ੀਰ ਰਾਮਹ ਉਚੇਚੇ ਤੌਰ 'ਤੇ ਉਸ ਨੂੰ ਲੈ ਕੇ ਪੈਨਸਲਵੇਨੀਆ ਆਏ। ਨਿਊਯਾਰਕ ਤੋਂ ਸੁਰਿੰਦਰ ਸੋਹਲ ਹੋਰੀਂ ਵੀ ਆਏ। ਦੁੱਖ-ਸੁੱਖ ਵਿਚ ਉਹ ਕਦੇ ਵੀ ਪਿੱਛੇ ਨਾ ਹਟਦਾ। ਹਮੇਸ਼ਾ ਕਹਿਣਾ, 'ਚਿੰਤਾ ਨਹੀਂ ਕਰੀਦੀ। ਖ਼ੁਸ਼ ਰਹੁ। ਆਬਾਦ ਰਹੁ।'

ਉਸ ਨੇ ਕੈਨੇਡਾ ਢਾਹਾਂ ਪ੍ਰਾਈਜ਼ ਲੈਣ ਜਾਣਾ ਸੀ। ਇੱਤਫ਼ਾਕਨ ਉਨ੍ਹੀਂ ਦਿਨੀਂ ਸਾਡਾ ਭਾਰਤ ਤੇ ਪਾਕਿਸਤਾਨ ਜਾਣ ਦਾ ਪ੍ਰੋਗਰਾਮ ਬਣ ਗਿਆ। ਮੁਸ਼ਤਾਕ ਸੂਫ਼ੀ ਦੀ ਕਿਤਾਬ 'ਖੰਭ ਸਨੇਹਾ' ਦਾ ਰਿਲੀਜ਼ ਸਮਾਗਮ ਸੀ। ਵਰਨਾ ਅਸੀਂ ਉਸ ਨਾਲ਼ ਕੈਨੇਡਾ ਜਾਣਾ ਸੀ ਤੇ ਉਸ ਦੀ ਜ਼ਿੰਦਗੀ ਦੀ ਅਹਿਮ ਪ੍ਰਾਪਤੀ ਵੇਲ਼ੇ, ਖ਼ੁਸ਼ੀ ਦੇ ਪਲਾਂ 'ਚ ਸ਼ਰੀਕ ਹੋਣਾ ਸੀ।

ਪਹਿਲੀ ਜਾਂ ਦੋ ਮਈ ਨੂੰ ਸਫ਼ੀਰ ਰਾਮਹ ਦਾ ਫੋਨ ਆਇਆ ਕਿ ਜਾਵੇਦ ਦੀ ਹਾਲਤ ਬਹੁਤ ਨਾਜ਼ੁਕ ਹੈ। ਨਾਸਿਰਾ ਚਾਹੁੰਦੀ ਹੈ ਕਿ ਉਸ ਦੇ ਸਾਰੇ ਦੋਸਤਾਂ ਨੂੰ ਖ਼ਬਰ ਕਰ ਦਿਉ। ਅਸੀਂ ਫ਼ਿਕਰਮੰਦ ਸੀ। 'ਸਾਂਝ' ਮੈਗਜ਼ੀਨ ਰਾਹੀਂ ਦੋਹਾਂ ਪੰਜਾਬਾਂ ਵਿਚ ਸਾਂਝ ਦੀ ਵਕਾਲਤ ਕਰਨ ਵਾਲ਼ਾ ਤੇ ਹਰ ਮੁਲਾਕਾਤ ਵਿਚ ਜਾਂ ਫੋਨ ਉਪਰ ਹਾਸਿਆਂ ਦੇ ਬੁੱਕ ਵੰਡਣ ਵਾਲੇ ਸਾਡੇ ਯਾਰ ਨੂੰ ਕੇਹੀ ਨਾਮੁਰਾਦ ਬਿਮਾਰੀ ਨੇ ਆਣ ਘੇਰਿਆ ਹੈ। ਅਸੀਂ ਤਾਂ ਬੱਸ ਦੁਆਵਾਂ ਹੀ ਕਰ ਸਕਦੇ ਸੀ ਤੇ ਕੀਤੀਆਂ। ਪਰ ਚਾਰ ਮਈ ਦੀ ਚੰਦਰੀ ਸਵੇਰੇ ਸਫ਼ੀਰ ਦਾ ਸੁਨੇਹਾ ਆਇਆ ਕਿ ਜਾਵੇਦ ਨਹੀਂ ਰਿਹਾ। ਪੜ੍ਹ ਕੇ ਸੁੰਨ ਹੋ ਗਿਆ।

10 ਜੂਨ 1946 ਦਾ ਜਨਮਿਆ ਸਾਡਾ ਯਾਰ 4 ਮਈ 2023 ਨੂੰ ਸਾਨੂੰ ਇਕ□ਲਿਆਂ ਛੱਡ ਗਿਆ। ਅਲਵਿਦਾ ਜਾਵੇਦਾ! ਹੁਣ ਕਿਸ ਨੂੰ ਜਵਾਨ ਬੂਟਾ ਕਹਿ ਕੇ ਬੁਲਾਇਆ ਕਰ੍ਹਾਂਗੇ?

# ...ਤੁਰ ਗਿਆ ਸਾਡਾ ਬਾਈ ਬੂਟਾ ਸਿੰਘ ਸ਼ਾਦ

ਮੌਤ ਕਿਸੇ ਦੀ ਮਿੱਤ ਨਹੀਂ। ਮੌਤ ਅਟੱਲ ਹੈ ਅਤੇ ਸਮਾਂ ਆਉਣ 'ਤੇ ਹਰ ਇੱਕ ਨੂੰ ਆ ਟੱਕਰਨੀ ਹੈ। ਸਕੂਲ ਪੜ੍ਹਦੇ ਸਮੇਂ ਬਾਈ ਬੂਟਾ ਸਿੰਘ ਸ਼ਾਦ ਦਾ ਨਾਵਲ 'ਕੁੱਤਿਆਂ ਵਾਲ਼ੇ ਸਰਦਾਰ' ਹੱਥ ਲੱਗਿਆ ਤਾਂ ਇੱਕ ਬੈਠਕ ਵਿੱਚ ਹੀ ਪੜ੍ਹ ਦਿੱਤਾ। ਨਾਵਲ ਦੇ ਪਿੱਛੇ ਲੱਗੀ ਫੋਟੋ ਨੂੰ ਬੜੇ ਗਹੁ ਅਤੇ

ਸ਼ਿਵਚਰਨ ਜੱਗੀ ਕੁੱਸਾ

ਰੀਝ ਨਾਲ਼ ਦੇਖਿਆ ਅਤੇ ਰਸ਼ਕ ਕੀਤਾ ਕਿ ਰੱਬ ਨੇ ਇਸ ਬੰਦੇ ਨੂੰ ਕਿੱਡਾ ਸੂਝਵਾਨ ਦਿਮਾਗ ਅਤੇ ਕੀ ਅਦੁਤੀ ਗੁਣ ਬਖਸ਼ਿਐ। ਖ਼ੁਦ ਮੇਰੇ ਦਿਲ ਵਿੱਚ ਆਇਆ ਕਿ ਕਦੇ ਮੈਂ ਵੀ ਅਜਿਹਾ ਨਾਵਲ ਲਿਖੂੰਗਾ...? 'ਕੁੱਤਿਆਂ ਵਾਲ਼ੇ ਸਰਦਾਰ' ਤੋਂ ਬਾਅਦ ਉਨ੍ਹਾਂ ਦਾ ਜਿਹੜਾ ਵੀ ਨਾਵਲ ਮਾਰਕੀਟ ਵਿੱਚ ਆਇਆ, ਪੜ੍ਹਿਆ। ਇਸੇ ਤਰ੍ਹਾਂ ਬਾਈ ਸ਼ਾਦ ਲਿਖਦਾ ਰਿਹਾ ਅਤੇ ਮੈਂ ਪੜ੍ਹਦਾ ਰਿਹਾ। ਉਸ ਤੋਂ ਬਾਅਦ ਸਾਡੀ ਗੱਲ-ਬਾਤ ਸ਼ੁਰੂ ਹੋਈ ਅਤੇ ਫ਼ਿਰ ਇਹ ਗੱਲ-ਬਾਤ 'ਯਾਰੀ' ਵਿੱਚ ਬਦਲੀ। ਸ਼ਾਦ ਬੜਾ ਖ਼ੁਸ਼-ਦਿਲ, ਰੰਗੀਲਾ, ਦਿਲਦਾਰ, ਯਾਰਾਂ ਦਾ ਯਾਰ, ਕਲਮ ਦਾ ਧਨੀ ਅਤੇ ਲਿਖਣ ਕਲਾ ਦਾ ਮਾਂਦਰੀ ਸੀ। ਮੁੰਬਈ ਵਿੱਚ ਉਸ ਨੇ 'ਬਰਾੜ ਪ੍ਰੋਡਕਸ਼ਨ' ਸਥਾਪਤ ਕਰ ਕੇ 'ਨਿਸ਼ਾਨ' ਵਰਗੀਆਂ ਹਿੰਦੀ ਫ਼ਿਲਮਾਂ ਬਣਾਈਆਂ। ਇਸ ਫ਼ਿਲਮ ਤੋਂ ਬਾਅਦ ਅਮਰੀਸ਼ ਪੁਰੀ ਵਰਗੇ ਨਿਪੁੰਨ ਕਲਾਕਾਰ ਨੂੰ ਵੀ ਵਪਾਰਕ ਫ਼ਿਲਮਾਂ ਮਿਲਣ ਲੱਗੀਆਂ, ਕਿਉਂਕਿ ਉਹ ਪਹਿਲਾਂ 'ਆਰਟ ਫ਼ਿਲਮਾਂ' ਹੀ ਕਰਦੇ ਸਨ।



ਪਰ 2016 ਤੋਂ ਬਾਅਦ ਬਾਈ ਬੂਟਾ ਸਿੰਘ ਸ਼ਾਦ ਨੇ ਫ਼ੌਲਾਦੀ ਚੁੱਪ ਧਾਰੀ ਹੋਈ ਸੀ। ਉਸ ਦੇ ਬਾਈਪਾਸ ਓਪ੍ਰੇਸ਼ਨ ਅਤੇ ਸ਼ੂਗਰ ਦੀ ਨਾਮੁਰਾਦ ਬਿਮਾਰੀ ਨੇ ਉਸ ਦੇ ਸਰੀਰ ਨੂੰ ਚਰ ਲਿਆ ਸੀ ਅਤੇ ਉਹ ਦੁਆਈਆਂ ਆਸਰੇ ਹੀ ਦਿਨ ਕਟੀ ਕਰ ਰਿਹਾ ਸੀ। ਬਾਈ ਸ਼ਾਦ ਦਾ ਜਨਮ 12 ਨਵੰਬਰ 1943 ਨੂੰ ਪਿੰਡ ਦਾਨ ਸਿੰਘ ਵਾਲ਼ਾ, ਜਿਲ੍ਹਾ ਬਠਿੰਡਾ ਵਿਖੇ ਹੋਇਆ। ਸ਼ਾਦ ਨੇ ਅੰਗਰੇਜ਼ੀ ਦੀ ਐੱਮ.ਏ. ਕਰਨ ਤੋਂ ਬਾਅਦ ਪ੍ਰੋਫ਼ੈਸਰੀ ਵੀ ਕੀਤੀ। ਪਰ ਫ਼ਿਲਮੀਂ ਲਗਨ ਉਸ ਨੂੰ ਖਿੱਚ ਕੇ ਬੰਬਈ ਲੈ ਆਈ। ਇੱਥੇ ਉਸ ਨੇ 1970 ਵਿੱਚ ਹਿੰਦੀ ਫ਼ਿਲਮ 'ਕੋਰਾ ਬਦਨ' ਅਤੇ ਪੰਜਾਬੀ ਫ਼ਿਲਮ 'ਮੈਂ ਪਾਪੀ ਤੂੰ ਬਖਸ਼ਣਹਾਰ' ਵਿੱਚ ਬਤੌਰ ਹੀਰੋ ਕੰਮ ਕੀਤਾ। ਉਸ ਦਾ ਸਕਰੀਨ ਨਾਂ 'ਹਰਿੰਦਰ' ਸੀ, ਜੋ ਬਾਅਦ ਵਿੱਚ ਨਿਰਮਾਤਾ ਤੌਰ 'ਤੇ ਬੀ.ਐੱਸ.ਸ਼ਾਦ ਵਿੱਚ ਤਬਦੀਲ ਹੋ ਗਿਆ। ਮੁੰਬਈ ਦੀ ਫ਼ਿਲਮ ਨਗਰੀ ਵਿੱਚ ਨਾਂਵਾਂ ਦੀ ਤਬਦੀਲੀ ਇੱਕ ਆਮ ਗੱਲ ਹੈ।

ਬਾਈ ਬੂਟਾ ਸਿੰਘ ਸ਼ਾਦ ਪੂਰਾ 'ਧੱਕੜ' ਨਾਵਲਕਾਰ ਸੀ। ਨਾਵਲਾਂ ਦੇ ਨਾਲ਼-ਨਾਲ਼ ਮਿੱਤਰ ਪਿਆਰੇ ਨੂੰ, ਕੁੱਲੀ ਯਾਰ ਦੀ ਅਤੇ ਗਿੱਧਾ ਵਰਗੀਆਂ ਫ਼ਿਲਮਾਂ ਦਾ ਨਿਰਮਾਣ ਵੀ ਕੀਤਾ। ਮਸ਼ਹੂਰ ਗਾਇਕ ਮੁਹੰਮਦ ਸਦੀਕ, ਮਿਹਰ ਮਿੱਤਲ, ਗਾਇਕਾ ਰਣਜੀਤ ਕੌਰ ਅਤੇ ਗੁਰਚਰਨ ਪੋਹਲੀ ਨੂੰ ਫ਼ਿਲਮਾਂ ਵਿੱਚ ਲਿਆਉਣ ਵਾਲ਼ਾ ਬੂਟਾ ਸਿੰਘ ਸ਼ਾਦ ਹੀ ਸੀ। ਸਰਦਾਰ ਬਾਬੂ ਸਿੰਘ ਮਾਨ ਮਰਾੜਾਂ ਵਾਲ਼ੇ ਨੇ ਵੀ ਬੂਟਾ ਸਿੰਘ ਸ਼ਾਦ ਸਦਕਾ ਹੀ ਫ਼ਿਲਮ ਇੰਡਸਟਰੀ ਵਿੱਚ ਪੈਰ ਰੱਖਿਆ। ਬਾਈ ਸ਼ਾਦ ਦੇ ਖ਼ੁਦ ਦੱਸਣ ਅਨੁਸਾਰ ਉਸ ਨੇ 'ਅੱਧੀ ਰਾਤ ਪਹਿਰ ਦਾ ਤੜਕਾ' ਨਾਵਲ ਸਿਰਫ਼ ਸੋਲ਼ਾਂ ਦਿਨਾਂ ਵਿੱਚ ਪੂਰਾ ਕਰ ਲਿਆ ਸੀ ਅਤੇ ਬਾਕੀ ਦੇ ਨਾਵਲ ਉਸ ਨੇ ਇੱਕ ਹਫ਼ਤੇ ਦੇ ਵਿੱਚ-ਵਿੱਚ ਹੀ ਪੂਰੇ ਕਰ ਕੇ ਪਬਲਿਸ਼ਰ ਦੇ ਹੱਥ ਦੇ ਦਿੱਤੇ ਸਨ। ਉਨ੍ਹਾਂ ਦੇ ਹੀ ਦੱਸਣ ਅਨੁਸਾਰ 'ਕੁੱਤਿਆਂ ਵਾਲ਼ੇ ਸਰਦਾਰ' ਨਾਵਲ ਉਨ੍ਹਾਂ ਨੇ ਸਿਰਫ਼ ਚਾਰ ਦਿਨ ਵਿੱਚ ਲਿਖ ਮਾਰਿਆ ਸੀ, ਜਿਸ ਨੇ ਬੇਥਾਹ ਪ੍ਰਸਿੱਧੀ ਹਾਸਲ ਕੀਤੀ।

ਬਾਈ ਬੂਟਾ ਸਿੰਘ ਸ਼ਾਦ ਧਰਤੀ ਨਾਲ਼ ਜੁੜਿਆ ਮਾਨੁੱਖ ਸੀ। ਕਿਸੇ ਮਾਣ-ਸਨਮਾਨ ਲਈ ਉਸ ਨੇ ਨਾ ਤਾਂ ਝਾਕ ਰੱਖੀ ਅਤੇ ਨਾ ਹੀ ਕਿਸੇ ਅੱਗੇ ਹੱਥ ਜੋੜੇ। ਉਹ ਬੱਸ ਤਿਆਰ-ਬਰ-ਤਿਆਰ ਸਿੰਘ ਵਾਂਗ ਇਕੱਲਾ ਹੀ ਕਾਫ਼ਲਾ ਬਣ ਨਿਰੰਤਰ ਤੁਰਦਾ ਰਿਹਾ। ਉਸ ਨੂੰ ਇਸ ਗੱਲ ਦਾ ਰੋਸਾ ਜ਼ਰੂਰ ਸੀ, ਕਿ ਉਸ ਦੇ ਨਾਵਲਾਂ ਦੀ ਇਤਨੀ ਵਿੱਕਰੀ ਹੋਣ ਦੇ ਬਾਵਜੂਦ ਵੀ ਕਿਸੇ ਸੰਸਥਾ ਨੇ ਉਸ ਦਾ ਨੋਟਿਸ ਨਹੀਂ ਲਿਆ ਅਤੇ ਪੰਜਾਬੀ ਨਾਵਲ ਅਤੇ ਪੰਜਾਬੀ ਕਹਾਣੀ ਦੇ ਇਤਿਹਾਸ ਵਿੱਚ ਕੋਈ ਜ਼ਿਕਰਯੋਗ ਸਥਾਨ ਨਹੀਂ ਦਿੱਤਾ ਗਿਆ। ਉਹ ਅਕਸਰ ਕਿਹਾ ਕਰਦੇ ਸਨ ਕਿ ਮਾਣ-ਸਨਮਾਨ ਚਮਚਾਗਿਰੀ ਕਰ ਕੇ ਮਿਲ਼ਦੇ ਨੇ, ਤੇ ਜਾਂ ਯਾਰੀਆਂ ਪੁਗਾਉਣ ਲਈ ਦਿੱਤੇ ਜਾਂਦੇ ਹਨ। ਪਰ ਸ਼ਾਦ ਦੀ ਜ਼ਮੀਰ ਫ਼ੌਲਾਦੀ ਸੀ, ਉਸ ਨੇ ਨਾ ਤਾਂ ਕਦੇ ਕਿਸੇ ਦੀ ਚਮਚਾਗਿਰੀ ਕੀਤੀ ਅਤੇ ਨਾ ਹੀ ਮਾਣ-ਸਨਮਾਨ ਦੇ ਲਾਲਚ ਕਰ ਕੇ ਕਿਸੇ ਨਾਲ਼ ਨੇੜਤਾ ਗੰਢੀ। ਉਸ ਦੇ ਪਾਠਕਾਂ ਅਤੇ ਪ੍ਰਸ਼ੰਸਕਾਂ ਨੇ ਹੀ ਉਸ ਨੂੰ ਬਾਂਹਾਂ 'ਤੇ ਟੰਗੀ ਰੱਖਿਆ। ਇਹ ਸ਼ਾਦ ਲਈ ਬਹੁਤ ਵੱਡਾ ਸਨਮਾਨ ਸੀ, ਜੋ ਚਮਚਾਗਿਰੀ ਕਰਨ ਵਾਲ਼ਿਆਂ, ਜਾਂ ਸ਼ਿਫ਼ਾਰਸ਼ੀ ਬੰਦਿਆਂ ਦੇ ਕਦੇ ਹਿੱਸੇ ਨਹੀਂ ਆਉਂਦਾ। ਅਜਿਹੇ ਮਾਣ-ਸਨਮਾਨ ਵੀ ਸਿਰਫ਼ ਅਤੇ ਸਿਰਫ਼ ਸ਼ਾਦ ਵਰਗੇ ਬੰਦਿਆਂ ਦੇ ਨਸੀਬਾਂ ਵਿੱਚ ਲਿਖੇ ਹੁੰਦੇ ਨੇ। ਉਸ ਦੇ ਆਲੋਚਕ ਚਾਹੇ ਲੱਖ ਉਸ ਦੀਆਂ ਲਿਖਤਾਂ ਉਪਰ ਉਂਗਲ਼ੀ ਚੁੱਕਣ, ਪਰ ਇਹ ਕੱਚ ਵਰਗਾ ਸੱਚ ਹੈ ਕਿ ਅੱਜ ਵੀ ਸ਼ਾਦ ਦੇ ਨਾਵਲਾਂ ਦੇ ਪਾਠਕ ਹਜ਼ਾਰਾਂ ਨਹੀਂ, ਲੱਖਾਂ ਦੀ ਗਿਣਤੀ ਵਿੱਚ ਹਨ।


ਇੱਕ ਵਾਰ ਮੈਂ ਪੁੱਛਿਆ, 'ਬਾਈ ਇਹ ਸ਼ਾਦ ਦਾ ਮਤਲਬ ਕੀ ਹੁੰਦੈ..?' ਕਹਿਣ ਲੱਗੇ ਸ਼ਾਦ ਦਾ ਮਤਲਬ ਖ਼ੁਸ਼ੀ, ਅਰਥਾਤ ਖ਼ੁਸ਼ ਰਹਿਣ ਵਾਲ਼ਾ। ਵੈਸੇ ਸ਼ਾਦ ਦਾ ਖਾਨਦਾਨੀ ਗੋਤ 'ਬਰਾੜ' ਸੀ। ਚਾਹੇ ਬਾਈ ਸ਼ਾਦ ਨੇ ਸਾਰੀ ਉਮਰ ਇਕੱਲਿਆਂ ਨੇ ਹੀ ਬਿਤਾਈ, ਮਤਲਬ ਸ਼ਾਦੀ ਨਹੀਂ ਕੀਤੀ। ਉਸ ਦਾ ਸਮੁੰਦਰ ਕਿਨਾਰੇ ਵਰਸੋਵਾ ਵਾਲ਼ਾ ਫ਼ਲੈਟ ਪੰਜਾਬੀਆਂ ਦਾ ਮੱਕਾ ਸੀ। ਇਸ ਫ਼ਲੈਟ ਵਿੱਚ ਹਰ ਰਾਤ ਖ਼ੂਬ ਮਹਿਫ਼ਲ ਸੱਜਦੀ। ਸ਼ਾਦ ਦੇ ਨਾ ਮੁੱਕਣ ਵਾਲ਼ੇ ਲਤੀਫ਼ੇ ਵੱਖੀਆਂ ਤੁੜਾਉਂਦੇ। ਸ਼ਾਦ ਇੱਕ ਖੁੱਲ੍ਹੀ ਕਿਤਾਬ ਵਰਗਾ ਬੰਦਾ ਸੀ। ਉਹ ਦਿਲ ਦੀ ਹਰ ਗੱਲ ਆਪਣੇ ਦੋਸਤਾਂ ਮਿੱਤਰਾਂ ਨਾਲ਼ ਬੇਬਾਕ ਅਤੇ ਬੇਝਿਜਕ ਸਾਂਝੀ ਕਰਦਾ। ਪਰ ਮੇਰੇ ਵਾਰ-ਵਾਰ ਪੁੱਛਣ 'ਤੇ ਵੀ ਉਸ ਨੇ ਇੱਕ ਗੱਲ ਸਾਲਾਂ ਬੱਧੀ ਹਰ ਕਿਸੇ ਤੋਂ ਗੁੱਝੀ ਰੱਖੀ। ਉਹ ਇਹ ਸੀ ਕਿ ਉਸ ਦੇ ਪਹਿਲੇ ਨਾਵਲ 'ਕੁੱਤਿਆਂ ਵਾਲ਼ੇ ਸਰਦਾਰ' ਦੀ 'ਯਾਰ ਮੈਡਮ' ਕੌਣ ਸੀ? ਇਹ ਰਹੱਸ ਬਾਈ ਬੂਟਾ ਸਿੰਘ ਸ਼ਾਦ ਆਪਣੇ ਨਾਲ਼ ਹੀ ਲੈ ਗਿਆ। ਜਦ ਵੀ ਇਸ ਵਿਸ਼ੇ 'ਤੇ ਗੱਲ ਹੋਣੀ, ਉਸ ਨੇ ਪੋਲਾ ਜਿਹਾ ਹੱਸ ਕੇ ਹੀ ਸਾਰ ਦੇਣਾ ਅਤੇ ਨਜ਼ਰ ਚੁਰਾ ਲੈਣੀ। ਇੱਕ ਮੰਨਣਯੋਗ ਗੱਲ ਹੈ ਕਿ ਹਰ ਮੋੜ 'ਤੇ ਹਾਦਸਾ ਤੁਹਾਨੂੰ ਵੰਗਾਰ ਬਣ ਕੇ ਟੱਕਰਦੈ, ਪਰ ਬਚ ਕੇ ਤੁਸੀਂ ਆਪ ਅੱਗੇ ਨਿਕਲਣਾ ਹੁੰਦੈ। ਉਹੀ ਅਣਹੋਣੀ ਬੀਤੇ ਕੱਲ੍ਹ ਬੀਤ ਗਈ, ਜਿਸ ਤੋਂ ਬਚਾਅ ਨਾ ਹੋ ਸਕਿਆ। 3 ਮਈ 2023 ਨੂੰ ਸ਼ਾਦ ਸਾਹਿਬ ਨੇ ਆਖਰੀ ਸਾਹ ਲਿਆ ਅਤੇ ਇਸ ਫ਼ਾਨੀ ਜਹਾਨ ਨੂੰ ਆਖਰੀ 'ਫ਼ਤਹਿ' ਬੁਲਾ ਗਏ। ਅਲਵਿਦਾ ਬਾਈ ਸ਼ਾਦ!! ਲੋਕਾਂ ਦੇ ਦਿਲਾਂ 'ਤੇ ਰਾਜ ਕਰਨ ਵਾਲ਼ੇ ਕਦੇ ਮਰਦੇ ਨਹੀਂ ਹੁੰਦੇ। ਤੁਸੀਂ ਹਮੇਸ਼ਾ ਸਾਡੇ ਦਿਲਾਂ ਵਿੱਚ ਜੀਵਤ ਰਹੋਂਗੇ।

# ਨਾਨਕ ਸਿੰਘ ਤੋਂ ਬਾਅਦ ਸਭ ਤੋਂ ਵੱਧ ਪੜ੍ਹਿਆ ਜਾਣ ਵਾਲਾ ਨਾਵਲਕਾਰ ਬੂਟਾ ਸਿੰਘ ਸ਼ਾਦ

ਬੂਟਾ ਸਿੰਘ ਸ਼ਾਦ ਦੇ ਨਾਵਲਾਂ ਵਿਚ ਪੰਜਾਬੀ ਭਾਸ਼ਾ ਦੀ ਸ਼ਕਤੀ ਤੇ ਸੁੰਦਰਤਾ ਆਪਣੀ ਉੱਤਮ ਸਿਖਰ ਉੱਪਰ ਹੈ। ਨਾ ਕਹਾਣੀ ਦੀ ਘਾਟ ਮਹਿਸੂਸ ਹੁੰਦੀ ਹੈ। ਪੰਜਾਬੀ ਬੋਲੀ ਦਾ ਸੂਰਜ ਪਾਠਕ ਉੱਪਰ

ਮੰਗਤ ਗਰਗ

ਆਪਣਾ ਜਾਦੂ ਬਖੇਰਦਾ ਜਾਂਦਾ ਹੈ। ਨਾਨਕ ਸਿੰਘ ਦੇ ਲੋਕ ਪਿਆਰ ਹੋਣ ਦਾ ਰਾਜ ਉਸਦੀ ਸਰਲ ਬੋਲੀ ਵਿੱਚ ਸੀ। ਬੂਟਾ ਸਿੰਘ ਦੀ ਬੋਲੀ ਦਾ ਸੂਰਜ ਪਾਠਕ ਉੱਪਰ ਆਪਣਾ ਜਾਦੂ ਬਖੇਰਦਾ ਜਾਂਦਾ ਹੈ। ਬੂਟਾ ਸਿੰਘ ਦੀ ਬੋਲੀ ਸਰਲ ਹੀ ਨਹੀ ਸੁਰਮਈ




ਵੀ ਜਾਪਦੀ ਹੈ। ਉਸ ਵਿੱਚ ਇੱਕ ਗੁਣ ਹੋਰ ਹੈ ਉਹ ਸਹਿਜ ਹੈ। ਸਹਿਜ ਤੋ ਮੇਰਾ ਭਾਵ ਇਹ ਹੈ ਕਿ ਕਿਤੇ ਵੀ ਵੱਖਰੀ ਸ਼ੈਲੀ ਦਾ ਝਲਕਾਰਾ ਦੇਣ ਲਈ ਜਤਨ ਨਹੀ ਕਰਦਾ। ਪਾਠਕ ਉਸਨੂੰ ਪੜਦਿਆਂ ਇਉਂ ਮਹਿਸੂਸ ਕਰਦਾ ਹੈ ਜਿਵੇ ਕਿਸੇ ਪਾਸੇ ਬੈਠੇ ਪੰਜਾਬੀ ਦੇ ਬੋਲ ਸੁਣ ਰਿਹਾ ਹੈ। ਪਾਠਕ ਸਰੋਤ ਵਾਂਗ ਸਹਿਜ ਮਹਿਸੂਸ ਕਰਦਾ ਹੈ।

ਬੂਟਾ ਸਿੰਘ ਸ਼ਾਦ ਨਾਲ ਪਹਿਲੀ ਵਾਰ ਫੋਨ 'ਤੇ ਗੱਲ ਕਰਨ ਦਾ ਸਬੱਬ ਬਠਿੰਡੇ ਮੇਰੇ ਪਰਮ ਮਿੱਤਰ ਨੈਬ ਸਿੰਘ ਬਰਾੜ ਸਾਹਿਬ, ਜੋ ਸ਼ਾਦ ਦੇ ਸਕੇ ਭਤੀਜੇ ਹਨ। ਉਹ ਬੂਟਾ ਸਿੰਘ ਸ਼ਾਦ ਕੋਲ ਮੁੰਬਈ ਕਈ ਸਾਲ ਨਾਲ ਰਹੇ ਸਨ।

ਉਨ੍ਹਾਂ ਨੇ ਕੁਝ ਕੁ ਸਾਲ ਪਹਿਲਾਂ ਬੂਟਾ ਸਿੰਘ ਸ਼ਾਦ ਨਾਲ ਗੱਲ ਕਰਵਾਈ। ਸ਼ਾਦ ਸਾਹਿਬ ਨਾਲ ਸਰਸਰੀ ਗੱਲ-ਬਾਤ ਤੋਂ ਬਾਅਦ ਉਨ੍ਹਾਂ ਨੂੰ ਮੈਂ ਦੱਸਿਆ, ਆਪਣੀ ਮਹਾਰਾਸ਼ਟਰਾ ਵਰਧਾ ਪੜ੍ਹਾਈ ਦੌਰਾਨ ਹੋਸਟਲ ਵਿੱਚ ਨਾਵਲ ਪੜਦਾ ਰਹਿੰਦਾ ਸੀ। ਬਠਿੰਡੇ ਤੋਂ ਜਾਂਦੇ ਹੋਏ ਕਈ-ਕਈ ਨਾਵਲ ਇਕੱਠੇ ਲੈ ਜਾਂਦੇ। ਉਨ੍ਹਾਂ ਸਮਿਆਂ ਵਿੱਚ ਮੋਬਾਈਲ ਤਾਂ ਹੁੰਦੇ ਨਹੀਂ ਸਨ। ਮੰਨੋਰੰਜ਼ਨ ਦਾ ਇਹੀ ਇੱਕ ਜ਼ਰੀਆ ਹੁੰਦਾ ਸੀ। ਇਹ ਸੁਣ ਕੇ ਸ਼ਾਦ ਸਾਬ ਨੇ ਮੈਨੂੰ ਪੁੱਛਿਆ ਕਿ ਤੂੰ ਮੇਰੇ ਕਿਹੜੇ-ਕਿਹੜੇ ਨਾਵਲ ਪੜ੍ਹੇ ਹਨ। ਮੈਂ ਨਾਵਲਾਂ ਦੇ ਨਾਮ ਦੱਸੇ। ਫਿਰ ਆਪਣੇ ਇੱਕ ਨਾਵਲ 'ਮੁੱਲ ਵਿਕਦਾ ਸੱਜਣ' ਦੇ ਪਾਤਰਾਂ ਬਾਰੇ ਪੁੱਛਿਆ ਤਾਂ ਮੈਂ ਨਾਵਲ ਵਿੱਚਲੇ ਕਾਫੀ ਪਾਤਰਾਂ ਦੇ ਨਾਮ ਦੱਸੇ। ਇਹ ਸੁਣ ਕੇ ਸ਼ਾਦ ਸਾਬ ਬਹੁਤ ਖੁਸ਼ ਹੋਏ। ਕਹਿੰਦੇ ਮੰਗਤ ਤੈਨੂੰ ਪਤੈ, ਮੇਰਾ ਸਭ ਤੋਂ ਵੱਡਾ ਅਵਾਰਡ ਮੇਰੇ ਪਾਠਕ ਹੀ ਹਨ। ਜਦੋਂ ਸ਼ਾਦ ਨੂੰ ਬਾਈ ਨੈਬ ਬਰਾੜ ਮੇਰੇ ਬਾਰੇ ਦੱਸਿਆ ਕਿ ਚਾਚਾ ਜੀ ਮੰਗਤ ਵੀ ਫ਼ਿਲਮ ਇੰਡਸਟਰੀ ਨਾਲ ਜੁੜਿਆ ਹੋਇਆ ਹੈ ਇਹ ਫਿਲਮਾਂ ਦੀ ਕਹਾਣੀ ਲਿੱਖਦਾ ਹੈ। ਉਸ ਤੋਂ ਬਾਅਦ ਅਕਸਰ ਗੱਲਬਾਤ ਹੁੰਦੀ ਰਹਿੰਦੀ। ਇਹ ਹਰ ਵਾਰ ਬੰਬੇ ਦਾ ਹਾਲ ਚਾਲ ਪੁੱਛਦੇ ਸਨ। ਸ਼ਾਦ ਸਾਬ ਨੇ ਆਪਣੀ ਜ਼ਿੰਦਗੀ ਦਾ 4 ਅਰਸੇ ਤੋਂ ਜ਼ਿਆਦਾ ਸਮਾਂ ਬੰਬੇ ਫ਼ਿਲਮ ਇੰਡਸਟਰੀ ਵਿੱਚ ਗੁਜ਼ਾਰਿਆ ਹੈ।

ਪਿਛਲੇ ਕੁਝ ਸਾਲ ਪਹਿਲਾਂ ਤਬੀਅਤ ਖਰਾਬ ਹੋਣ ਕਾਰਨ ਇਨ੍ਹਾਂ ਦਾ ਭਤੀਜਾ ਅਡਵੋਕੇਟ ਅਜੈਬ ਸਿੰਘ ਬਰਾੜ 'ਸ਼ਾਦ ਸਾਬ 'ਨੂੰ ਬੰਬੇ ਤੋਂ ਵਾਪਸ ਆਪਣੇ ਪਿੰਡ ਕੂਮਥਲ, ਜ਼ਿਲ੍ਹਾ ਸਿਰਸਾ ਵਾਲੇ ਪਿੰਡ ਲੈ ਕੇ ਆ ਗਿਆ ਤੇ ਇਸ ਸਾਲ ਫਰਵਰੀ ਵਿੱਚ ਇੱਕ ਦਿਨ ਘਰ ਚ ਸੈਰ ਕਰਦਿਆਂ ਅਚਾਨਕ ਹੀ ਇਨ੍ਹਾਂ ਦਾ ਪੈਰ ਤਿਲਕ ਗਿਆ।

ਕਾਫੀ ਸੱਟ ਲੱਗ ਗਈ। ਅੰਦਰੋਂ ਬੀਮਾਰੀ ਦਾ ਭੰਨਿਆ ਹੋਇਆ ਸਰੀਰ ਪਹਿਲਾਂ ਬੰਬੇ ਓਪਨ ਹਾਰਟ ਸਰਜਰੀ ਹੋਈ ਫਿਰ ਉਸ ਤੋਂ ਬਾਅਦ ਬਠਿੰਡਾ ਇਕ ਹੋਰ ਓਪ੍ਰੇਸ਼ਨ ਸਹੀ ਨਾ ਹੋਣ ਕਰਕੇ ਇਨ੍ਹਾਂ ਦੀ ਸਿਹਤ ਵੀ ਅੱਜਕਲ ਠੀਕ ਨਹੀਂ ਰਹਿੰਦੀ ਸੀ। ਇੱਕ ਵਾਰ ਸ਼ਾਦ ਸਾਬ ਨੇ ਮੈਨੂੰ ਆਪਣਾ ਨਾਵਲ ਆਪਣੇ ਦਸਤਖ਼ਤ ਕਰਕੇ ਪਿਆਰ ਨਾਲ ਭੇਂਟ ਕੀਤਾ। ਮੇਰੇ ਲਈ ਇਹ ਦੁਨੀਆਂ ਦਾ ਸਭ ਤੋਂ ਵੱਡਾ ਅਵਾਰਡ ਹੈ। ਇਸ ਮਹਾਨ ਪੰਜਾਬੀ ਨਿਰਮਾਤਾ ਨਿਰਦੇਸ਼ਕ ਅਤੇ ਪੰਜਾਬੀ ਦੇ ਪ੍ਰਸਿੱਧ ਨਾਵਲਕਾਰ ਨੂੰ ਮਿਲਣ ਦਾ ਸਬੱਬ ਮੇਰੇ ਵੱਡੇ ਵੀਰ ਨੈਬ ਸਿੰਘ ਬਰਾੜ ਦੀ ਬਦੌਲਤ ਪੂਰਾ ਹੋਇਆ ਸੀ, ਚਾਹੇ ਮੇਰੀ ਬੂਟਾ ਸਿੰਘ ਸ਼ਾਦ ਸਾਬ ਨਾਲ ਅਕਸਰ ਗੱਲਬਾਤ ਹੁੰਦੀ ਰਹਿੰਦੀ ਸੀ। ਬਹੁਤ ਹੀ ਖ਼ੂਬਸੂਰਤ ਮੁਲਾਕਾਤਾਂ ਸ਼ਾਦ ਸਾਬ ਨਾਲ ਹੋਈਆਂ। ਮੈਂ ਬਾਈ ਨੈਬ ਕਰਕੇ ਸ਼ਾਦ ਸਾਬ ਨੂੰ ਚਾਚਾ ਜੀ ਹੀ ਕਹਿੰਦਾ। ਅੱਜ ਸੱਜਰੇ ਸਵੇਰੇ ਬਾਈ ਨੈਬ ਦਾ ਫੋਨ ਆਇਆ। ਬਾਈ ਜੀ ਨੇ ਪੁੱਛਿਆ ਮੰਗਤ ਕਿਥੇ ਹੈ? ਮੈਂ ਪੁੱਛਿਆ ਗੱਲ ਕੀ ਹੈ ਬਾਈ ਜੀ ਦੱਸੋ, 'ਰਾਤੀਂ ਚਾਚਾ ਜੀ ਸਾਨੂੰ ਹਮੇਸ਼ਾ ਲਈ ਸਦੀਵੀ ਵਿਛੋੜਾ ਦੇ ਗਏ ਹਨ।' ਇਹ ਮਨਹੂਸ ਖ਼ਬਰ ਸੁਣਦਿਆਂ ਹੀ ਮੇਰੇ ਪੈਰਾਂ ਥੱਲਿਓਂ ਜਿਵੇਂ ਜ਼ਮੀਨ ਨਿਕਲ ਗਈ ਹੋਵੇ। ਹੁਣ ਮੈਨੂੰ ਕੌਣ ਪੁਛੇਗਾ, ਮੰਗਤ ਬੰਬੇ ਕਦੋਂ ਜਾਣੈ! ਉਨ੍ਹਾਂ ਦੇ ਦੇਹਾਂਤ ਨਾਲ਼ ਉਨ੍ਹਾਂ ਦੇ ਪਾਠਕਾਂ ਤੇ ਫ਼ਿਲਮ ਇੰਡਸਟਰੀ ਨੂੰ ਵੱਡਾ ਧੱਕਾ ਲੱਗਿਆ ਹੈ। ਉਹ ਹਮੇਸ਼ਾ ਸਾਡੇ ਦਿਲਾਂ ਵਿੱਚ ਰਹਿਣਗੇ। ਅਲਵਿਦਾ ਸ਼ਾਦ ਸਾਬ!

# ਚਲਾ ਗਿਆ ਜੋ ... ਜਾਵੇਦ ਬੂਟਾ

ਭੋਰਾ ਜ਼ੋਰ ਦੇ ਕੇ ਆਖਿਆ, "ਨਹੀਂ...ਨਹੀਂ ਤੁਹਾਨੂੰ 'ਅਪਨਾ' ਦਾ ਸਾਰਾ ਲੇਖਾ-ਜੋਖਾ ਲਿਖਣਾ ਚਾਹੀਦਾ ਏ। ਆਪਣੇ ਲਈ ਨਾ ਸਹੀ ਆਉਣ ਵਾਲ਼ੀਆਂ ਪੀੜ੍ਹੀਆਂ ਲਈ।"

ਏਸ ਪੱਖੋਂ ਉਨ੍ਹਾਂ ਹੋਰ ਵੀ ਬਥੇਰੀਆਂ ਗੱਲਾਂ ਕੀਤੀਆਂ ਜਿਹੜੀਆਂ ਮੈਨੂੰ ਏਸ ਵੇਲ਼ੇ ਚੇਤੇ ਨਹੀਂ ਆ ਰਹੀਆਂ ਅਤੇ ਨਾ ਈ ਮੈਂ ਚੇਤਾ ਕਰਨ ਲਈ ਆਪਣੇ ਦਿਮਾਗ਼ 'ਤੇ ਜ਼ੋਰ ਪਾਵਾਂਗਾ। ਪਰ ਉਨ੍ਹਾਂ ਦੀ ਆਖੀ ਹੋਈ ਗੱਲ ਜਿਹੜੀ ਮੈਂ ਹੁਣ ਤੁਹਾਡੇ ਨਾਲ ਸਾਂਝੀ ਕਰਨ ਲੱਗਾਂ, ਅਸਲ ਤੇ ਲਾਜ਼ਮੀ ਗੱਲ ਏ, ਜਿਹਦੇ ਪਾਰੋਂ 'ਇੰਡੋ-ਪਾਕਿ ਆਰਟ ਸਰਕਲ' ਦੀ ਕਹਾਣੀ ਦੀ ਸ਼ੁਰੂਆਤ ਵਿਚ ਉਨ੍ਹਾਂ ਦਾ ਨਾਮ ਆਇਆ ਏ। ਉਨ੍ਹਾਂ ਗੱਲ ਇੰਵ ਛੋਹੀ,

"ਆਇਰਲੈਂਡ ਵਿਚ ਲਗਭਗ ਤਿੰਨ-ਚਾਰ ਸੌ ਵਰ੍ਹੇ ਪੁਰਾਣਾ ਇਕ ਚਰਚ ਏ। ਉਹਦੀ ਕਹਾਣੀ ਆਖ ਲਵੋ ਜਾਂ ਤਵਾਰੀਖ਼ ਓਂਸ ਵੇਲ਼ੇ ਤੋਂ ਲਿਖੀ ਹੋਈ ਮਿਲ਼ਦੀ ਏ ਜਿਸ ਵੇਲ਼ੇ ਓਂਸ ਪਿੰਡ ਦੇ ਇਕ ਵਾਸੀ ਦੇ ਦਿਮਾਗ਼ ਵਿਚ ਇਹ ਖ਼ਿਆਲ ਪੁੰਗਰਿਆ ਕਿ ਸਾਡੇ ਪਿੰਡ ਵਿਚ ਵੀ ਇਕ ਚਰਚ ਹੋਣਾ ਚਾਹੀਦਾ ਏ।

ਉਸ ਬੰਦੇ ਦੇ ਦਿਮਾਗ਼ ਵਿਚ ਇਹ ਖ਼ਿਆਲ ਪੁੰਗਰਨ ਦੇ ਕਾਰਨਾਂ ਤੋਂ ਲੈ ਕੇ ਅੱਜ ਤਾਈਂ ਦੀ ਓਸ ਚਰਚ ਨਾਲ਼ ਵਾਪਰੀ ਅਤੇ ਉਹਦੀ ਛਤਰ-ਛਾਂਵੇਂ ਹੋਣ ਵਾਲ਼ੇ ਕੰਮ-ਕਾਰ ਲਿਖਤੀ ਰੂਪ ਵਿਚ ਸਾਂਭੇ ਮਿਲ਼ਦੇ ਨੇ। ਸ਼ੁਰੂਆਤ ਕਰਨ ਵਾਲ਼ੇ ਨੂੰ ਖ਼ਬਰੇ ਉਦੋਂ ਇਹਦੀ ਅਹਿਮੀਅਤ ਦਾ ਚਾਨਣ ਨਾ ਹੋਵੇ ਪਰ ਅੱਜ ਉਹਦੀ ਅਹਿਮੀਅਤ ਦਾ ਅੰਦਾਜ਼ਾ ਹੁੰਦਾ ਏ।"

ਜਾਵੇਦ ਬੂਟਾ ਨੇ ਲਿੱਪੀਅੰਤਰ ਤੇ ਤਰਜਮੇ ਦੇ ਖੇਤਰ ਵਿਚ ਬਹੁਤ ਕੰਮ ਕੀਤਾ। ਪਾਸ਼ ਦੀ ਚੋਣਵੀਂ ਕਵਿਤਾ 'ਇਨਕਾਰ' (1996) ਦੇ ਸ਼ਾਹਮੁਖੀ ਲਿੱਪੀਅੰਤਰ ਵੇਲ਼ੇ ਭੂਮਿਕਾ ਨਿਭਾਈ। ਰਵਿੰਦਰ ਸਹਿਰਾਅ ਦੇ ਦੱਸਣ ਮੁਤਾਬਕ, ਪਾਸ਼ ਪਹਿਲੀ ਵਾਰ ਲਿੱਪੀਅੰਤਰ ਹੋ ਕੇ ਸ਼ਾਹਮੁਖੀ ਦੇ ਪਾਠਕਾਂ ਤਕ ਪਹੁੰਚਿਆ ਸੀ। ਵੀਨਾ ਵਰਮਾ ਦਾ ਕਹਾਣੀ-ਸੰਗ੍ਰਹਿ 'ਮੁੱਲ ਦੀ ਤੀਵੀਂ', ਡਾ. ਰਛਪਾਲ ਦਾ ਕਾਵਿ-ਸੰਗ੍ਰਹਿ 'ਸ਼ਿਕਰਾ', ਰਵਿੰਦਰ ਸਹਿਰਾਅ ਦੀ ਕਾਵਿ-ਪੁਸਤਕ 'ਕੁਝ ਨਾ ਕਹੋ', ਮੇਰੀ ਨਜ਼ਮਾਂ ਦੀ ਕਿਤਾਬ 'ਇਬਾਰਤ ਚੁੱਪ ਕਿਉਂ?' ਉਸ ਦੇ ਯਤਨਾਂ ਸਦਕਾ ਸ਼ਾਹਮੁਖੀ ਦਾ ਜਾਮਾ ਪਾ ਸਕੀਆਂ। ਚੋਣਵੀਆਂ ਹਿੰਦੀ ਕਹਾਣੀਆਂ ਦਾ ਪੰਜਾਬੀ ਤਰਜਮਾ ਤੇ ਸ਼ਾਹਮੁਖੀ ਵਿਚ ਲਿੱਪੀਅੰਤਰ ਕਰ ਕੇ 'ਔਖਾ ਕੰਮ' ਨਾਂ ਹੇਠ ਛਪਵਾਇਆ। ਯਸ਼ਪਾਲ ਦੇ ਪ੍ਰਸਿੱਧ ਹਿੰਦੀ ਨਾਵਲ 'ਝੂਠਾ ਸੱਚ' ਦਾ ਪੰਜਾਬੀ ਤਰਜਮਾ ਕਰ ਕੇ ਸ਼ਾਹਮੁਖੀ ਲਿਪੀ ਵਿਚ ਦੋ ਜਿਲਦਾਂ ਵਿਚ ਪ੍ਰਕਾਸ਼ਿਤ ਕਰਵਾਇਆ। ਕ੍ਰਿਸ਼ਨਾ ਸੋਬਤੀ ਦਾ ਮਸ਼ਹੂਰ ਨਾਵਲ 'ਮਿੱਤਰੋ ਮਰਜਾਣੀ' ਦਾ ਪੰਜਾਬੀ ਤਰਜਮਾ ਸ਼ਾਹਮੁਖੀ ਲਿਪੀ ਵਿਚ ਲਾਹੌਰ ਤੋਂ ਛਪਿਆ ਤੇ ਗੁਰਮੁਖੀ ਵਿਚ 'ਕੁਕਨੁਸ ਪ੍ਰਕਾਸ਼ਨ, ਜਲੰਧਰ ਨੇ ਛਾਪਿਆ। ਚੈਖ਼ੋਵ ਦੇ ਨਾਟਕ 'ਪਰਪੋਜ਼ਲ' ਦਾ ਪੰਜਾਬੀ ਤਰਜਮਾ ਸ਼ਾਹਮੁਖੀ ਵਿਚ ਛਪਿਆ। ਇਹ ਨਾਟਕ ਇੰਸਟੀਚਿਊਟ ਆਫ਼ ਆਰਟ ਐਂਡ ਕਲਚਰ ਵਿਚ ਦੂਜੀ ਦੀ ਕਲਾਸ ਵਿਚ ਪੜ੍ਹਾਇਆ ਜਾਂਦਾ ਰਿਹਾ।

ਮੇਰੇ ਨਾਵਲ 'ਸਿੰਘਾਸਣ' ਨੂੰ ਸ਼ਾਹਮੁਖੀ ਵਿਚ ਛਪਾਉਣ ਦੀ ਉਨ੍ਹਾਂ ਦੀ ਭੂਮਿਕਾ ਮੇਰੇ ਲਈ ਯਾਦਗਾਰੀ ਹੈ।

ਜਾਵੇਦ ਨਾਲ਼ ਫੋਨ 'ਤੇ ਲੰਮੀਆਂ-ਲੰਮੀਆਂ ਮੁਲਾਕਾਤਾਂ ਹੁੰਦੀਆਂ। ਮੈਂ ਅਕਸਰ ਉਰਦੂ ਤੋਂ ਗੁਰਮੁਖੀ ਲਿੱਪੀਅੰਤਰ ਕਰਦਾ ਰਹਿੰਦਾ ਸਾਂ। ਜਿਸ ਲਫ਼ਜ਼ ਦੀ ਸਮਝ ਨਾ ਆਉਂਦੀ ਉਸ ਨੂੰ ਦੱਸਦਾ। ਉਹ ਸ਼ਬਦਕੋਸ਼ ਫੋਲ-ਫੋਲ ਕੇ ਲਫ਼ਜ਼ ਦੀਆਂ ਜੜ੍ਹਾਂ ਫੋਲ ਲਿਆਉਂਦਾ।

ਮੈਂ ਜਾਵੇਦ ਬੂਟਾ ਦੀਆਂ ਕੁਝ ਕਹਾਣੀਆਂ ਗੁਰਮੁਖੀ 'ਚ ਲਿੱਪੀਅੰਤਰ ਕੀਤੀਆਂ। 'ਚੌਲਾਂ ਦੀ ਬੁਰਕੀ' ਤੇ 'ਘੂਰਦੀਆਂ ਅੱਖਾਂ' ਪੰਜਾਬੀ ਦੇ ਪ੍ਰਸਿਧ ਰਸਾਲੇ 'ਹੁਣ' ਵਿਚ ਛਪੀਆਂ। 'ਘੂਰਦੀਆਂ ਅੱਖਾਂ' ਤਾਂ ਉਸ ਵਰ੍ਹੇ ਦੀ ਬਿਹਤਰੀਨ ਕਹਾਣੀਆਂ ਦੀ ਛਪਣ ਵਾਲ਼ੀ ਕਿਸੇ ਕਿਤਾਬ ਵਿਚ ਵੀ ਸ਼ਾਮਿਲ ਕੀਤੇ ਜਾਣ ਦੀ ਦੱਸ ਪੈਂਦੀ ਹੈ।

ਉਸ ਦੀ ਕਹਾਣੀ ਚੁੱਪ ਵਰਤ ਗਈ' ਅਮਰੀਕੀ ਪੰਜਾਬੀ ਕਹਾਣੀ-ਸੰਗ੍ਰਹਿ 'ਸਮਕਾਲ ਤੇ ਪਰਵਾਸ' ਵਿਚ ਛਪੀ। ਇਹ ਪੁਸਤਕ ਮੈਂ, ਹਰਜਿੰਦਰ ਪੰਧੇਰ ਅਤੇ ਹਰਮਹਿੰਦਰ ਚਹਿਲ ਦੁਆਰਾ ਸੰਪਾਦਿਤ ਕੀਤੀ ਗਈ ਸੀ। ਹਰਜਿੰਦਰ ਪੰਧੇਰ, ਹਰਮਹਿੰਦਰ ਚਹਿਲ ਅਤੇ ਰਵੀ ਸ਼ੇਰਗਿੱਲ ਵੱਲੋਂ ਸੰਪਾਦਿਤ ਕੀਤੀ ਗਈ ਹਾਲ ਹੀ ਵਿਚ ਛਪੀ ਅਮਰੀਕੀ ਪੰਜਾਬੀ ਕਹਾਣੀਆਂ ਦੀ ਕਿਤਾਬ 'ਨਿੱਗਰ ਖੰਭਾਂ ਦੀ ਉਡਾਣ' ਵਿਚ ਜਾਵੇਦ ਦੀ ਕਹਾਣੀ 'ਗੁਲਾਬੀ ਚੁੰਨੀ' ਸ਼ਾਮਿਲ ਕੀਤੀ ਗਈ।

ਅਸੀਂ ਬੜੇ ਪ੍ਰੋਗਰਾਮ ਉਲੀਕੇ। ਮੁਸ਼ਤਾਕ ਸੂਫ਼ੀ ਦਾ ਕਾਵਿ-ਸੰਗ੍ਰਹਿ 'ਸਨੇਹਾ' ਸ਼ਾਹਮੁਖੀ ਤੋਂ ਗੁਰਮੁਖੀ ਵਿਚ ਕਰਨ ਦੀ ਜ਼ਿੰਮੇਵਾਰੀ ਰਵਿੰਦਰ ਸਹਿਰਾਅ ਨੇ ਮੇਰੇ ਸਿਰ ਪਾ ਦਿੱਤੀ। ਉਨ੍ਹੀਂ ਦਿਨੀਂ ਅਸੀਂ ਜੁਲਾਈ 2022 ਵਿਚ ਨਿਊਯਾਰਕ ਤੋਂ ਇੰਡਿਆਨਾ ਮੂਵ ਹੋ ਗਏ ਸਾਂ। ਮੇਰੇ ਕੋਲ਼ ਕੋਈ ਕੰਮ ਵੀ ਨਹੀਂ ਸੀ। ਮੈਂ ਕੁਝ ਦਿਨਾਂ ਵਿਚ ਹੀ ਲਿੱਪੀਅੰਤਰ ਕਰ ਕੇ ਕਿਤਾਬ ਟਾਈਪ ਕਰ ਲਈ। ਕੁਝ ਲਫ਼ਜ਼ਾਂ ਦੀ ਸਮਝ ਨਹੀਂ ਸੀ ਆਉਂਦੀ। ਮੈਂ ਫੋਟੋ ਖਿੱਚ ਕੇ ਜਾਵੇਦ ਨੂੰ ਭੇਜ ਦਿੰਦਾ। ਉਹ ਲਫ਼ਜ਼ਾਂ ਦੇ ਅਰਥ ਵਿਸਥਾਰ ਨਾਲ਼ ਵਟਸਅਪ ਦੇ ਮੈਸੇਜ ਵਿਚ ਭਰ ਕੇ ਭੇਜ ਦਿੰਦਾ। ਓਂਦੋਂ ਮੈਨੂੰ ਅਹਿਸਾਸ ਹੋਇਆ, ਉਸ ਦੇ ਬੋਲਣ ਦਾ ਤਰੀਕਾ ਆਮ ਨਹੀਂ ਸੀ ਰਿਹਾ। ਮੈਂ ਪੁੱਛਿਆ ਤਾਂ ਕਹਿਣ ਲੱਗਾ, "ਹਾਂ ਸਾਈਂ! ਕੋਈ ਪ੍ਰਾਬਲਮ। ਟੈਸਟ ਚੱਲ ਰਹੇ ਨੇ। ਡਾਕਟਰ ਛੇਤੀ ਹੀ ਬਿਮਾਰੀ ਫੜ ਲੈਣਗੇ।"

ਕਿਤਾਬ ਮੁਕੰਮਲ ਕਰ ਕੇ ਛਪਣੀ ਭੇਜ ਦਿੱਤੀ ਤੇ ਅਗਸਤ ਵਿਚ ਅਸੀਂ ਵਾਪਿਸ ਨਿਊਯਾਰਕ ਆ ਗਏ।

ਜਾਵੇਦ ਬੂਟਾ ਦੇ ਕਹਾਣੀ-ਸੰਗ੍ਰਹਿ 'ਚੌਲ਼ਾਂ ਦੀ ਬੁਰਕੀ' ਨੂੰ ਢਾਹਾਂ ਇਨਾਮ ਮਿਲ਼ ਗਿਆ। ਸਾਡੀ ਕੋਸ਼ਿਸ਼ ਸੀ ਕਿ ਇਸ ਕਿਤਾਬ ਦਾ ਗੁਰਮੁਖੀ ਲਿੱਪੀਅੰਤਰ ਕਰ ਕੇ ਛਪਵਾਇਆ ਜਾਵੇ।

ਨਿਊਯਾਰਕ ਵਾਪਸ ਆ ਕੇ ਮੈਂ ਬਹੁਤ ਰੁਝ ਗਿਆ। ਜਾਵੇਦ ਦੀ ਸਿਹਤ ਡਿਗਦੀ ਜਾ ਰਹੀ ਸੀ। ਮੈਨੂੰ ਕਾਹਲ਼ੀ ਪੈ ਰਹੀ ਸੀ। ਮੈਂ ਪੰਜਾਬੀ-ਉਰਦੂ ਦੇ ਪ੍ਰਸਿਧ ਸ਼ਾਇਰ ਅਮਰੀਕ ਗ਼ਾਫ਼ਿਲ ਨੂੰ ਬੇਨਤੀ ਕੀਤੀ ਕਿ ਕੁਝ ਕਹਾਣੀਆਂ ਮੈਂ ਲਿੱਪੀਅੰਤਰ ਕੀਤੀਆਂ ਹੋਈਆਂ ਨੇ। ਬਾਕੀ ਉਹ ਕਰ ਦੇਵੇ ਤਾਂ ਕਿ ਦੋਹਾਂ ਲਿਪੀਆਂ ਨੂੰ ਦਿਲੋਂ ਪਿਆਰ ਕਰਨ ਵਾਲ਼ੇ ਜਾਵੇਦ ਹੋਰੀਂ ਆਪਣਾ ਕਹਾਣੀ-ਸੰਗ੍ਰਹਿ ਗੁਰਮੁਖੀ ਵਿਚ ਛਪਿਆ ਵੀ ਦੇਖ ਲੈਣ।

ਨਿਊਯਾਰਕ ਦੀ ਤੇਜ਼-ਰਫ਼ਤਾਰ ਜ਼ਿੰਦਗੀ 'ਚੋਂ ਅਮਰੀਕ ਗ਼ਾਫ਼ਿਲ ਨੇ ਰਹਿੰਦੀਆਂ ਕਹਾਣੀਆਂ ਲਿੱਪੀਅੰਤਰ ਕਰ-ਕਰ ਕੇ, ਪੇਜ ਮੇਕਰ ਵਿਚ ਟਾਈਪ ਕਰ ਕੇ ਮੈਨੂੰ ਭੇਜਣੀਆਂ ਸ਼ੁਰੂ ਕਰ ਦਿੱਤੀਆਂ ਮੈਂ ਨਾਲ਼ੋ-ਨਾਲ਼ ਪੇਜ-ਮੇਕਰ ਵਿਚ ਸੈੱਟ ਕਰ ਕੇ ਪਰੂਫ਼ ਪੜ੍ਹ ਕੇ ਕਿਤਾਬ ਤਿਆਰ ਕਰਦਾ ਰਿਹਾ।

ਅੱਜ ਮਈ 4, 2023 ਦੀ ਸ਼ਾਮ ਨੂੰ ਜਦੋਂ ਮੈਂ ਕਿਤਾਬ ਦਾ ਫ਼ਾਈਨਲ ਖਰੜਾ ਰਾਜਿੰਦਰ ਬਿਮਲ ਨੂੰ ਭੇਜਣ ਲਈ ਤਿਆਰ ਕੀਤਾ ਹੋਇਆ ਸੀ, ਸਵੇਰੇ ਹੀ ਸਫ਼ੀਰ ਰਾਮਾਹ ਨੇ ਖ਼ਬਰ ਦਿੱਤੀ-'ਜਾਵੇਦ ਬੂਟਾ ਨਹੀਂ ਰਿਹਾ।'

ਪਰਸੋਂ ਉਨ੍ਹਾਂ ਦੀ ਈ-ਮੇਲ ਆਈ ਸੀ ਕਿ ਜਾਵੇਦ ਦੀ ਸਿਹਤ ਵਿਗੜਦੀ ਜਾ ਰਹੀ ਸੀ। ਦਮ-ਖ਼ਮ ਨਾਲ਼ ਪੰਜਾਬੀ ਬੋਲੀ ਦਾ ਝੰਡਾ ਬੁਲੰਦ ਕਰਨ ਵਾਲ਼ਾ ਜਾਵੇਦ ਬੂਟਾ ਇਉਂ ਕਹਾਣੀਆਂ ਕਹਿੰਦਾ-ਕਹਿੰਦਾ, 'ਇੰਡੋ-ਪਾਕਿ ਆਰਟ ਸਰਕਲ' ਦਾ ਇਤਿਹਾਸ ਸਾਂਭਦਾ-ਸਾਂਭਦਾ ਆਪ ਇਤਿਹਾਸ ਬਣ ਜਾਏਗਾ ਯਕੀਨ ਨਹੀਂ ਆ ਰਿਹਾ...।

ਆਪਣੇ ਇਕ ਸ਼ਿਅਰ ਨਾਲ਼ ਉਸ ਨੂੰ ਯਾਦ ਕਰ ਕੇ ਗੱਲ ਖ਼ਤਮ ਕਰਦਾ ਹਾਂ-

ਚਲਾ ਗਿਆ ਜੋ ਵਾਪਿਸ ਕਦੇ ਨਹੀਂ ਮੁੜਿਆ,
ਕੋਈ ਤਾਂ ਦਿਲਕਸ਼ੀ ਹੋਵੇਗੀ ਇਸ ਜਹਾਨ ਤੋਂ ਬਾਅਦ।

# ਮਾਵਾਂ ਦੀਆਂ ਦੁਆਵਾਂ

## ਮਾਂ-ਦਿਵਸ ਲਈ ਵਿਸ਼ੇਸ਼

ਬੱਚਾ ਜਦੋਂ ਜਨਮ ਲੈਂਦਾ ਹੈ ਤਾਂ ਉਸ ਨੂੰ ਸਿਵਾਏ ਰੋਣ ਦੇ ਹੋਰ ਕੁੱਝ ਨਹੀਂ ਆਉਂਦਾ, ਪਰ ਉਦੋਂ ਵੀ ਉਸ ਨੂੰ ਮਾਂ ਦੀ ਨਿੱਘੀ ਗੋਦੀ ਦਾ ਅਹਿਸਾਸ ਜ਼ਰੂਰ ਹੁੰਦਾ ਹੈ। ਉਹ ਕਿੰਨਾ ਵੀ ਰੋਂਦਾ ਕਿਉਂ ਨਾ ਹੋਵੇ- ਜੇ ਮਾਂ ਉਸ ਨੂੰ ਘੁੱਟ ਕੇ ਹਿੱਕ ਨਾਲ ਲਾ ਲਵੇ ਤਾਂ ਝੱਟ ਚੁੱਪ ਕਰ ਜਾਂਦਾ ਹੈ। ਮਾਂ ਬੱਚੇ ਲਈ ਹਰ ਦੁੱਖ ਸੁੱਖ ਤਨ 'ਤੇ ਜਰਦੀ ਹੈ, ਪਰ ਆਪਣੇ ਬੱਚਿਆਂ ਨੂੰ ਤੱਤੀ ਵਾ ਨਹੀਂ ਲਗਣ ਦਿੰਦੀ। ਮਾਂ ਮਮਤਾ ਦੀ ਮੂਰਤ, ਪਿਆਰ ਦਾ ਸਾਗਰ, ਦਇਆ ਤੇ ਤਿਆਗ ਦੀ ਦੇਵੀ ਹੈ। ਪ੍ਰੋਫੈਸਰ ਮੋਹਨ ਸਿੰਘ ਨੇ ਤਾਂ 'ਮਾਂ' ਨੂੰ ਸਵਰਗ ਤੋਂ ਵੀ ਉਚਾ ਦਰਜਾ ਦਿੰਦੇ ਹੋਏ ਕਿਹਾ ਹੈ-

ਮਾਂ ਵਰਗਾ ਘਣਛਾਵਾਂ ਬੂਟਾ, ਮੈਨੂੰ ਨਜ਼ਰ ਨਾ ਆਏ।  
ਜਿਸ ਤੋਂ ਲੈ ਕੇ ਛਾਂ ਉਧਾਰੀ, ਰੱਬ ਨੇ ਸੁਰਗ ਬਣਾਏ।  
ਬਾਕੀ ਕੁੱਲ ਦੁਨੀਆਂ ਦੇ ਬੂਟੇ, ਜੜ੍ਹ ਸੁੱਕਿਆਂ ਮੁਰਝਾਂਦੇ,  
ਐਪਰ ਫੁੱਲਾਂ ਦੇ ਮੁਰਝਾਇਆਂ, ਇਹ ਬੂਟਾ ਸੁੱਕ ਜਾਏ।



ਮਾਂ ਦਾ ਪਿਆਰ ਸਾਨੂੰ, ਸਰਦੀ 'ਚ ਨਿੱਘ, ਗਰਮੀ 'ਚ ਠੰਢਕ ਤੇ ਦੁੱਖ ਮੁਸੀਬਤ ਵਿਚ

ਗੁਰਦੀਸ਼ ਕੌਰ ਗਰੇਵਾਲ  
ਕੈਲਗਰੀ- ਕੈਨੇਡਾ

ਧਰਵਾਸ ਦਿੰਦਾ ਹੈ। ਅਚਾਨਕ ਸਾਨੂੰ ਕੋਈ ਸੱਟ ਫੇਟ ਲੱਗ ਜਾਵੇ ਤਾਂ ਮੂੰਹੋਂ ਆਪ ਮੁਹਾਰੇ ਹੀ 'ਹਾਏ ਮਾਂ' ਨਿਕਲਦਾ ਹੈ। ਮਾਂ ਸਾਰੇ ਦੁੱਖ ਆਪਣੇ ਸਿਰ ਲੈ ਕੇ, ਸਾਰੇ ਸੁੱਖ ਬੱਚਿਆਂ ਤੋਂ ਨਿਛਾਵਰ ਕਰ ਦਿੰਦੀ ਹੈ। ਮਾਂ ਦੇ ਪਿਆਰ ਦਾ ਬਦਲ ਵੀ ਇਸ ਦੁਨੀਆਂ ਵਿੱਚ ਕੋਈ ਨਹੀਂ। ਕਹਿੰਦੇ ਹਨ, 'ਰੱਬ ਹਰ ਥਾਂ ਨਹੀਂ ਪਹੁੰਚ ਸਕਦਾ, ਇਸੇ ਲਈ ਉਸ ਨੇ ਮਾਂ ਦੀ ਸਿਰਜਣਾ ਕੀਤੀ!'

ਮਾਂ ਦੇ ਪਿਆਰ ਨੂੰ ਸਮਾਂ ਤੇ ਦੂਰੀ ਘੱਟ ਨਹੀਂ ਕਰ ਸਕਦੇ ਅਤੇ ਨਾ ਹੀ ਅਯੋਗਤਾ ਜਾਂ ਨਾਸ਼ੁਕਰਾਪਨ ਕਮਜ਼ੋਰ ਕਰ ਸਕਦੇ ਹਨ। ਮਾਂ ਦੀ ਕੁਰਬਾਨੀ ਦਾ ਮੁੱਲ ਕਿਸੇ ਵੀ ਕੀਮਤ ਤੇ ਤਾਰਿਆ ਨਹੀਂ ਜਾ ਸਕਦਾ, ਪਰ ਪਿਆਰ ਸਤਿਕਾਰ ਤਾਂ ਦਿੱਤਾ ਹੀ ਜਾ ਸਕਦਾ ਹੈ। ਦੁੱਖ ਦੀ ਗੱਲ ਇਹ ਹੈ ਕਿ ਅਜੋਕੇ ਯੁੱਗ ਵਿੱਚ ਬੱਚੇ ਇਸ ਤੋਂ ਵੀ ਮੁਨਕਰ ਹੁੰਦੇ ਜਾ ਰਹੇ ਹਨ। ਆਮ ਤੌਰ 'ਤੇ ਨਾਰੀ ਦੇ ਚਾਰ ਰੂਪ ਮੰਨੇ ਜਾਂਦੇ ਹਨ-ਮਾਂ, ਭੈਣ, ਪਤਨੀ ਤੇ ਬੇਟੀ। ਇਨ੍ਹਾਂ ਵਿਚੋਂ ਮਾਂ ਦੇ ਰੂਪ ਨੂੰ ਸਰਵ-ਉਚ ਸਥਾਨ ਪ੍ਰਾਪਤ ਹੈ। ਇਥੇ ਇੱਕ ਸੱਚੀ ਘਟਨਾ ਦਾ ਜ਼ਿਕਰ ਕਰਨਾ ਚਾਹੁੰਦੀ ਹਾਂ। ਅੱਤਵਾਦ ਦਾ ਦੌਰ ਸੀ। ਇੱਕ ਪਿੰਡ ਵਿੱਚ ਅੱਧੀ ਰਾਤ ਵੇਲੇ ਇੱਕ ਜ਼ਿਮੀਦਾਰ ਦੇ ਘਰ ਖਾੜਕੂ ਸਿੰਘ ਆ ਗਏ ਤੇ ਰੋਟੀ ਦੀ ਮੰਗ ਕੀਤੀ। ਹਥਿਆਰ ਦੇਖ ਪਰਿਵਾਰ ਵਾਲੇ ਸਹਿਮ ਗਏ। ਘਰ ਵਿੱਚ ਘਰ ਦਾ ਮਾਲਕ, ਉਸ ਦੀ ਬੀਵੀ ਤੇ ਜਵਾਨ ਕੁੜੀ ਮੁੰਡਾ ਸਨ। ਘਰ ਦੇ ਪਿਛਵਾੜੇ ਮਾਂ-ਬਾਪ ਅਲੱਗ ਰਹਿੰਦੇ ਸਨ। ਪੁੱਤਰ ਦੀ ਆਪਣੇ ਮਾਂ-ਬਾਪ ਨਾਲ ਬੋਲ ਚਾਲ ਨਹੀਂ ਸੀ। ਖਾੜਕੂਆਂ ਨੇ ਕਿਸੇ ਗੱਲ ਤੋਂ ਖਿਝ ਕੇ, ਮਾਲਕ ਤੇ ਏ.ਕੇ. ਸੰਤਾਲੀ ਤਾਣ ਲਈ। ਸਾਰੇ ਘਬਰਾ ਗਏ। ਰੌਲਾ ਸੁਣ ਮਾਂ-ਬਾਪ ਭੱਜੇ ਆਏ। ਮਾਂ ਨੇ ਜਦ ਆਪਣੇ ਪੁੱਤਰ ਦੀ ਹਿੱਕ ਤੇ ਬੰਦੂਕ ਤਣੀ ਵੇਖੀ ਤਾਂ ਦੌੜ ਕੇ ਪੁੱਤਰ ਦੇ ਅੱਗੇ ਖੜ੍ਹ ਗਈ, ਕਹਿਣ ਲੱਗੀ-'ਇਸ ਤੋਂ ਪਹਿਲਾਂ ਮੇਰੇ ਗੋਲੀ ਮਾਰ ਦਿਓ!' ਪਤਾ ਨਹੀਂ ਉਨ੍ਹਾਂ ਨੂੰ ਆਪਣੀ ਮਾਂ ਯਾਦ ਆ ਗਈ ਕਿ ਰਹਿਮ ਆ ਗਿਆ ਤੇ ਉਹ ਵਾਪਿਸ ਚਲੇ ਗਏ। ਮੈਂ ਕਈ ਦਿਨ ਸੋਚਦੀ ਰਹੀ ਕਿ ਇਹ ਮਾਂ ਦਾ ਹੀ ਜਿਗਰਾ ਸੀ- ਜਦ ਕਿ ਉਸ ਦੀ ਬੇਟੀ, ਬੇਟਾ ਤੇ ਬੀਵੀ ਵੀ ਤਾਂ ਘਰ ਵਿੱਚ ਹੀ ਸੀ!

ਮਾਂ ਦਾ ਰੋਲ ਬੱਚੇ ਨੂੰ ਜਨਮ ਦੇ ਕੇ ਹੀ ਖਤਮ ਨਹੀਂ ਹੋ ਜਾਂਦਾ, ਸਗੋਂ ਪਿਆਰ ਦੁਲਾਰ ਦੇ ਨਾਲ ਉਸ ਦਾ ਪਾਲਣ-ਪੋਸ਼ਣ ਕਰਨਾ ਤੇ ਜ਼ਿੰਦਗੀ ਵਿੱਚ ਸਹੀ ਰਾਹ ਦਿਖਾਉਣਾ ਵੀ ਉਸ ਦਾ ਫਰਜ਼ ਹੁੰਦਾ ਹੈ। ਕਈ ਪਰਿਵਾਰਾਂ ਵਿੱਚ ਇਹ ਰੋਲ ਦਾਦੀਆਂ ਨਾਨੀਆਂ ਵੀ ਨਿਭਾਅ ਰਹੀਆਂ ਹਨ। ਮਾਂ ਇੱਕ ਕਲਾਕਾਰ ਹੁੰਦੀ ਹੈ- ਜੋ ਆਪਣੇ ਬੱਚੇ ਦੀ ਸ਼ਖ਼ਸੀਅਤ ਨੂੰ ਘੜਨ ਲਈ ਆਪਣੀ ਪੂਰੀ ਵਾਹ ਲਾਉਂਦੀ ਹੈ। ਭਗਤ ਪੂਰਨ ਸਿੰਘ ਦੀ ਮਾਂ ਮਹਿਤਾਬ ਕੌਰ ਨੇ ਆਪਣੇ ਬੱਚੇ ਦੀ ਸ਼ਖ਼ਸੀਅਤ ਨੂੰ ਏਨਾ ਸੁਹਣਾ ਘੜਿਆ ਕਿ ਉਹ ਹਜ਼ਾਰਾਂ ਲੂਲੇ, ਲੰਗੜੇ, ਪਿੰਗਲਿਆਂ ਦੀ ਮਾਂ ਬਣ ਗਿਆ, ਜਿਸ ਦੀ ਮਿਸਾਲ ਦੁਨੀਆਂ ਵਿੱਚ ਕਿਤੇ ਨਹੀਂ ਮਿਲਦੀ। ਮਸ਼ਹੂਰ ਸਮਰਾਟ ਨੈਪੋਲੀਅਨ ਬੋਨਾਪਾਰਟ ਨੇ ਵੀ ਕਿਹਾ ਸੀ ਕਿ 'ਤੁਸੀਂ ਮੈਨੂੰ ਚੰਗੀਆਂ ਮਾਵਾਂ ਦਿਓ, ਮੈਂ ਤੁਹਾਨੂੰ ਚੰਗੀ ਕੌਮ ਦੇਵਾਂਗਾ'। ਮਾਂ ਨੂੰ ਪੁੱਤ ਦੀ ਸ਼ੋਹਰਤ ਜਾਂ ਕਮਾਈ ਨਾਲੋਂ, ਉਸ ਦੀ ਸਿਹਤ ਦਾ ਵੱਧ ਫਿਕਰ ਰਹਿੰਦਾ ਹੈ। ਜਦੋਂ ਨੈਪੋਲੀਅਨ ਵੀ ਅਨੇਕਾਂ ਜਿੱਤਾਂ ਜਿੱਤਣ ਤੋਂ ਬਾਅਦ ਆਪਣੀ ਮਾਂ ਨੂੰ ਮਿਲਿਆ ਤਾਂ ਮਾਂ ਨੇ ਉਸ ਦੇ ਸਰੀਰ ਨੂੰ ਟੋਹ ਕੇ ਕਿਹਾ ਸੀ-'ਪੁੱਤ ਤੂੰ ਲਿੱਸਾ ਹੋ ਗਿਆ!'

ਮਾਂ ਤੋਂ ਬਿਨਾਂ ਇਸ ਸ੍ਰਿਸ਼ਟੀ ਦੀ ਕਲਪਨਾ ਹੀ ਨਹੀਂ ਕੀਤੀ ਜਾ ਸਕਦੀ। ਮਹਾਰਾਜਾ ਰਣਜੀਤ ਸਿੰਘ ਦੀ ਮਾਂ ਨੂੰ ਵੀ, ਜੇ ਕਿਸੇ ਮਹਾਤਮਾ ਦੇ ਕਹਿਣ ਤੇ ਉਸ ਦੇ ਪਰਿਵਾਰ ਵਾਲੇ, ਜੰਮਦੀ ਨੂੰ ਚਾਟੀ 'ਚ ਪਾ ਕੇ ਦਬਾਇਆ ਹੋਇਆ ਤੁਰੰਤ ਨਾ ਕੱਢਦੇ ਤਾਂ ਉਹ ਮਾਂ ਬਣ ਸ਼ੇਰੇ ਪੰਜਾਬ ਨੂੰ ਕਿਵੇਂ ਜਨਮ ਦਿੰਦੀ? ਇਸੇ ਕਾਰਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵੀ ਇਸ ਜਗਤ ਜਨਣੀ ਦੇ ਹੱਕ ਵਿੱਚ ਆਵਾਜ਼ ਉਠਾਉਂਦਿਆਂ ਕਿਹਾ ਸੀ, 'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥

ਅਜੋਕੇ ਸਮੇਂ ਦਾ ਦੁਖਾਂਤ ਹੈ ਕਿ ਅੱਜ ਸਾਡੀਆਂ ਮਾਵਾਂ ਬ੍ਰਿਧ ਆਸ਼ਰਮਾਂ ਵਿੱਚ ਰੁਲ ਰਹੀਆਂ ਹਨ। ਇੱਕ ਵਾਰੀ 'ਮਦਰਜ਼ ਡੇ' ਤੇ ਖਬਰ ਆਈ ਸੀ, ਕਿ ਬ੍ਰਿਧ ਆਸ਼ਰਮ ਦੀਆਂ ਬਜ਼ੁਰਗ ਔਰਤਾਂ ਨੂੰ ਜਦ ਦੱਸਿਆ ਗਿਆ ਕਿ ਅੱਜ 'ਮਾਂ ਦਿਵਸ' ਹੈ ਤਾਂ ਉਹ ਸਾਰਾ ਦਿਨ ਗੇਟ ਦੇ ਨੇੜੇ ਬੈਠੀਆਂ ਰਹੀਆਂ, ਕਿ ਸ਼ਾਇਦ ਉਨ੍ਹਾਂ ਦਾ ਕੋਈ ਆਪਣਾ ਮਿਲਣ ਆ ਜਾਵੇ। ਕਿੰਨੇ ਨਾ ਸ਼ੁਕਰੇ ਹਾਂ ਅਸੀਂ...ਸੋਚਿਆ ਕਦੇ? ਇੱਕ ਵਾਰੀ ਆਪਣੇ ਸ਼ਹਿਰ ਦੇ ਬ੍ਰਿਧ ਆਸ਼ਰਮ ਵਿੱਚ ਜਾਣ ਦਾ ਸਬੱਬ ਬਣਿਆਂ। ਮੈਂ ਤੇ ਮੇਰਾ ਬੇਟਾ, ਬਜ਼ੁਰਗਾਂ ਲਈ ਕਾਫੀ ਸਾਰਾ ਫਰੂਟ ਲੈ ਗਏ। 25- 30 ਕਮਰੇ ਸਨ ਦੋ ਮੰਜ਼ਲੀ ਇਮਾਰਤ ਦੇ ਅਤੇ ਹਰ ਕਮਰੇ ਵਿੱਚ ਦੋ-ਦੋ ਬਜ਼ੁਰਗ ਸਨ। ਹਰ ਕਮਰੇ ਦੇ ਬਜ਼ੁਰਗ ਸਾਨੂੰ ਇੰਨੀ ਅਪਣੱਤ ਨਾਲ ਮਿਲੇ-ਜਿਵੇਂ ਉਹ ਸਾਡੇ ਵਿਚੋਂ ਕਿਸੇ ਆਪਣੇ ਨੂੰ ਤਲਾਸ਼ ਰਹੇ ਹੋਣ। ਮੇਰੀਆਂ ਅੱਖਾਂ ਵਾਰ ਵਾਰ ਸੇਜਲ ਹੋ ਜਾਂਦੀਆਂ। ਬੇਟੇ ਨੇ ਹਰ ਇੱਕ ਬਜ਼ੁਰਗ ਦੇ ਪੈਰੀਂ ਹੱਥ ਲਾਇਆ, ਤੇ ਫਿਰ ਫਰੂਟ ਦਿੱਤਾ।

ਢੇਰ ਸਾਰੀਆਂ ਦੁਆਵਾਂ ਨਾਲ ਮਾਲੋ-ਮਾਲ ਹੋ ਕੇ ਜਦੋਂ ਅਸੀਂ ਘਰ ਪਰਤੇ ਤਾਂ ਮੈਂ ਬੇਟੇ ਨੂੰ ਕਿਹਾ, 'ਅੱਜ ਤੂੰ ਬਹੁਤ ਅਮੀਰ ਹੋ ਗਿਆ ਹੈਂ...ਤੇਰੀ ਝੋਲੀ ਦੁਆਵਾਂ ਨਾਲ ਨੱਕੋ ਨੱਕ ਭਰ ਗਈ ਹੈ!' ਅੱਜ ਜਦੋਂ ਉਹ ਆਪਣੀ ਜ਼ਿੰਦਗੀ ਵਿੱਚ ਕੋਈ ਪ੍ਰਾਪਤੀ ਕਰਦਾ ਹੈ, ਤਾਂ ਮੈਨੂੰ ਜਾਪਦੈ, ਇਹ ਉਸ ਦੇ ਦਾਦਾ-ਦਾਦੀ, ਨਾਨਾ-ਨਾਨੀ, ਤੇ ਉਨ੍ਹਾਂ ਬ੍ਰਿਧ ਆਸ਼ਰਮ ਦੇ ਬਜ਼ੁਰਗਾਂ ਦੀਆਂ ਦੁਆਵਾਂ ਦਾ ਹੀ ਫਲ ਹੈ!

ਵਿਦੇਸ਼ਾਂ ਵਿੱਚ ਕੋਈ ਕਰਮਾਂ ਵਾਲਾ ਪਰਿਵਾਰ ਹੋਏਗਾ, ਜਿੱਥੇ ਮਾਂ-ਬਾਪ ਬੱਚਿਆਂ ਨਾਲ ਰਹਿੰਦੇ ਹਨ। ਬਹੁਤੇ ਪਰਿਵਾਰਾਂ ਵਿੱਚ ਲੜਕੀਆਂ ਨੇ ਹੀ ਮਾਂ-ਬਾਪ ਮੰਗਵਾਏ ਹਨ ਤੇ ਉਨ੍ਹਾਂ ਕੋਲ ਹੀ ਰਹਿੰਦੇ ਹਨ, ਭਾਵੇਂ ਉਸੇ ਸ਼ਹਿਰ ਵਿੱਚ ਉਨ੍ਹਾਂ ਦੇ ਲੜਕੇ ਦਾ ਪਰਿਵਾਰ ਵੀ ਰਹਿੰਦਾ ਹੋਵੇ। ਜਿੰਨਾ ਚਿਰ ਛੋਟੇ ਬੱਚਿਆਂ ਨੂੰ ਸੰਭਾਲਣਾ ਹੁੰਦਾ ਹੈ, ਉਨਾ ਚਿਰ ਦਾਦੀ-ਦਾਦੇ ਦੀ ਕਦਰ ਹੁੰਦੀ ਹੈ...ਪਰ ਜਿਉਂ ਹੀ ਬੱਚੇ ਟੀਨ-ਏਜਰ ਹੁੰਦੇ ਹਨ ਤਾਂ ਉਹ ਬਜ਼ੁਰਗ ਵਾਧੂ ਲੱਗਣ ਲੱਗ ਜਾਂਦੇ ਹਨ। ਫਿਰ ਉਨ੍ਹਾਂ ਨੂੰ ਕਿਸੇ ਬੇਸਮੈਂਟ ਜਾਂ ਓਲਡ-ਏਜ ਹੋਮ ਵਿੱਚ ਜਾਣ ਲਈ ਮਜਬੂਰ ਕਰ ਦਿੱਤਾ ਜਾਂਦਾ ਹੈ, ਜਿੱਥੇ ਕਦੇ ਕਦਾਈਂ ਮਾਂ-ਦਿਵਸ ਤੇ ਗੁਲਦਸਤਾ ਦੇ ਕੇ ਵਰਾਇਆ ਜਾਂਦਾ ਹੈ। ਕੀ ਮਾਵਾਂ ਦੀ ਕੁਰਬਾਨੀ ਦਾ ਇਹੀ ਮੁੱਲ ਰਹਿ ਗਿਆ? ਮੇਰੇ ਇੱਕ ਬਜ਼ੁਰਗ ਪਾਠਕ ਮੈਨੂੰ ਆਪਣੀ ਇਸ ਤਰ੍ਹਾਂ ਦੀ ਆਪ ਬੀਤੀ ਸੁਣਾ ਰੋ ਪਏ।

ਮਾਂ ਦੇ ਪਿਆਰ ਦੀ ਅਸਲ ਕੀਮਤ ਕਿਸੇ ਯਤੀਮ ਬੱਚੇ ਨੂੰ ਪੁੱਛ ਕੇ ਦੇਖੋ ਜਿਹੜਾ ਵਿਚਾਰਾ 'ਮਾਂ' ਲਫ਼ਜ਼ ਕਹਿਣ ਲਈ ਤਰਸਿਆ ਹੁੰਦਾ ਹੈ। ਉਹ ਲੋਕ ਨਸੀਬਾਂ ਵਾਲੇ ਹਨ ਜੋ ਅਜੇ ਤੱਕ ਮਾਂ ਦੇ ਪਿਆਰ ਦਾ ਨਿੱਘ ਮਾਣ ਰਹੇ ਹਨ। 'ਮਾਂ ਦਾ ਦਿੱਲ' ਕਵਿਤਾ ਸ਼ਾਇਦ ਤੁਸੀਂ ਵੀ ਪੜ੍ਹੀ ਹੋਏਗੀ- ਜਿਸ ਵਿੱਚ ਇੱਕ



ਕਲਯੁਗੀ ਪੁਤਰ, ਆਪਣੀ ਮਹਿਬੂਬਾ ਦੇ ਕਹਿਣ ਤੇ ਮਾਂ ਦਾ ਕਲੇਜਾ ਕੱਢ ਕੇ ਲਿਜਾ ਰਿਹਾ ਹੁੰਦਾ ਹੈ ਤਾਂ ਰਸਤੇ ਵਿੱਚ ਠੇਡਾ ਖਾ ਕੇ ਡਿਗ ਪੈਂਦਾ ਹੈ...ਉਸ ਵੇਲੇ ਵੀ ਮਾਂ ਦੇ ਦਿਲ ਵਿਚੋਂ ਆਵਾਜ਼ ਨਿਕਲਦੀ ਹੈ, 'ਪੁੱਤਰਾ ਕਿਧਰੇ ਸੱਟ ਤਾਂ ਨਹੀਂ ਲੱਗੀ?' ਪੁੱਤ ਕਿੰਨਾ ਵੀ ਨਿਕੰਮਾ ਹੋਵੇ, ਮਾਂ ਦੇ ਮੂੰਹੋਂ ਕਦੇ ਉਸ ਲਈ ਬਦਅਸੀਸ ਨਹੀਂ ਨਿਕਲਦੀ। ਸਾਥੀਓ! ਦੁਨੀਆਂ ਦੀ ਹਰ ਸ਼ੈਅ ਪੈਸੇ ਨਾਲ ਖਰੀਦੀ ਜਾ ਸਕਦੀ ਹੈ ਲੇਕਿਨ 'ਮਾਂਵਾਂ ਦੀਆਂ ਦੁਆਵਾਂ' ਕਿਧਰੇ ਮੁੱਲ ਨਹੀਂ ਮਿਲਦੀਆਂ। ਇਨ੍ਹਾਂ ਦੁਆਵਾਂ ਜਾਂ ਅਸੀਸਾਂ ਵਿੱਚ ਬੜੀ ਵੱਡੀ ਤਾਕਤ ਹੁੰਦੀ ਹੈ। ਇਸੇ ਲਈ ਤਾਂ ਕਿਹਾ ਜਾਂਦਾ ਹੈ-'ਲੈ ਅਸੀਸਾਂ ਮਾਂ ਦੇ ਪਾਸੋਂ, ਭਰ ਲੈ ਆਪਣੀ ਸੱਖਣੀ ਝੋਲ!'

ਕੋਈ ਸਮਾਂ ਸੀ, ਪਰਿਵਾਰ ਦਾ ਕੋਈ ਵੀ ਜੀਅ ਘਰੋਂ ਬਾਹਰ ਜਾਂਦਾ ਤਾਂ ਬਜ਼ੁਰਗਾਂ ਦੇ ਚਰਨ ਛੂਹ ਕੇ, ਆਸ਼ੀਰਵਾਦ ਲੈ ਕੇ ਜਾਂਦਾ। ਸ਼ਾਇਦ ਮਾਪਿਆਂ ਦੀਆਂ ਅਸੀਸਾਂ ਕਾਰਨ ਹੀ, ਉਸ ਦਾ ਕਾਰਜ ਵੀ ਸਹਿਜੇ ਹੀ ਨੇਪਰੇ ਚੜ੍ਹ ਜਾਂਦਾ। ਅਸੀਂ ਵੀ ਜਦ ਛੋਟੇ ਹੁੰਦੇ ਪੇਪਰ ਦੇਣ ਜਾਂਦੇ ਤਾਂ- ਸਾਡੇ ਬੀਜ਼ੀ (ਮਾਂ) ਸਾਡੇ ਮੂੰਹ ਵਿੱਚ ਦੋ ਚਮਚੇ ਦਹੀਂ ਦੇ ਜ਼ਰੂਰ ਪਾਉਂਦੇ ਤੇ ਨਾਲ ਹੀ ਅਸੀਸਾਂ ਦੇਈ ਜਾਂਦੇ। ਕੁੱਝ ਸਿਆਣੀ ਹੋ ਕੇ ਸਮਝ ਆਈ ਕਿ ਦਹੀਂ ਖਿਲਾਉਣਾ ਤਾਂ ਇੱਕ ਬਹਾਨਾ ਸੀ, ਸਾਨੂੰ ਜਾਣ ਤੋਂ ਪਹਿਲਾਂ ਅਸ਼ੀਰਵਾਦ ਦੇਣ ਦਾ। ਸੱਚ ਜਾਣਿਓ-ਬਜ਼ੁਰਗਾਂ ਦੀਆਂ ਇਨ੍ਹਾਂ ਅਸੀਸਾਂ ਵਿੱਚ ਇੱਕ ਕਰਾਮਾਤੀ ਸ਼ਕਤੀ ਸੀ, ਜੋ ਸਾਡੇ ਕੰਮ ਸੁਤੇ ਸਿੱਧ ਹੀ ਹੋ ਜਾਂਦੇ। ਇੱਕੀਵੀ ਸਦੀ ਵਿੱਚ, ਮਨੋਵਿਗਿਆਨੀ ਜਾਂ ਮੈਡੀਟੇਸ਼ਨ ਵਾਲੇ ਇਸੇ ਨੂੰ 'ਪੌਜ਼ਿਟਿਵ ਵਾਈਬਰੇਸ਼ਨਜ਼' ਦਾ ਨਾਮ ਦੇਣ ਲੱਗ ਪਏ ਹਨ।

ਅਜੋਕੇ ਯੁੱਗ ਦੀ ਤੇਜ਼-ਰਫਤਾਰ ਜ਼ਿੰਦਗੀ ਵਿੱਚ ਅਸੀਂ ਮਾਵਾਂ ਦੀਆਂ ਅਸੀਸਾਂ ਤੋਂ ਵਾਂਝੇ ਹੋ ਗਏ ਹਾਂ। ਬਹੁਤੇ ਪਰਿਵਾਰ ਬਜ਼ੁਰਗਾਂ ਨੂੰ ਨਾਲ ਵੀ ਨਹੀਂ ਰੱਖਦੇ। ਤੇ ਜਿੱਥੇ ਬਜ਼ੁਰਗ ਰਹਿੰਦੇ ਵੀ ਪਰਿਵਾਰ ਨਾਲ ਹਨ, ਉੱਥੇ ਵੀ ਕੰਮਾਂ 'ਤੇ ਜਾਣ ਦੀ ਕਾਹਲ ਵਿੱਚ ਬਜ਼ੁਰਗਾਂ ਨੂੰ ਮਿਲ ਕੇ ਜਾਣ ਦੀ ਲੋੜ ਹੀ ਨਹੀਂ ਸਮਝੀ ਜਾਂਦੀ। ਜੇ ਦੇਖਿਆ ਜਾਵੇ ਤਾਂ-'ਅੱਛਾ ਮਾਤਾ ਜੀ, ਮੈਂ ਚਲਦਾਂ...ਸ਼ਾਮ ਨੂੰ ਇੰਨੇ ਵਜੇ ਆਵਾਂਗਾ' ਕਹਿਣ ਲਈ ਸ਼ਾਇਦ ਦੋ ਸੈਕੰਡ ਦਾ ਸਮਾਂ ਮਸੀਂ ਲਗਦਾ ਹੋਵੇ, ਪਰ ਅਫਸੋਸ! ਕਿ ਅਸੀਂ ਇੰਨਾ ਸਮਾਂ ਵੀ ਬਜ਼ੁਰਗਾਂ ਦੀ ਖੁਸ਼ੀ ਲਈ ਨਹੀਂ ਕੱਢ ਸਕਦੇ। ਜਿਨ੍ਹਾਂ ਮਾਪਿਆਂ ਨੇ ਸਾਨੂੰ ਚਾਰ ਪੰਜ ਬੱਚਿਆਂ ਨੂੰ ਲੋੜਾਂ ਥੁੜ੍ਹਾਂ ਦੇ ਹੁੰਦਿਆਂ ਵੀ, ਵਧੀਆ ਤਰੀਕੇ ਨਾਲ ਪਾਲਿਆ ਹੁੰਦਾ ਹੈ- ਉਹ ਸਾਰੇ ਬੱਚੇ ਰਲ ਕੇ ਵੀ ਆਪਣੇ ਬਜ਼ੁਰਗ ਮਾਂ-ਬਾਪ ਨੂੰ ਨਹੀਂ ਰੱਖ ਸਕਦੇ!

ਸਾਥੀਓ! ਮਾਂ ਦਾ ਕਰਜ਼ ਤਾਂ ਕਿਸੇ ਵੀ ਕੀਮਤ ਤੇ ਨਹੀਂ ਚੁਕਾਇਆ ਜਾ ਸਕਦਾ। ਜਿੰਨਾ ਚਿਰ ਮਾਂ ਦਾ ਸਾਇਆ ਸਿਰ ਤੇ ਮੌਜੂਦ ਹੈ, ਮਾਵਾਂ ਨੂੰ ਪਿਆਰ-ਸਤਿਕਾਰ ਦੇ ਕੇ, ਅਸੀਂ ਉਸ ਬੇਸ਼ਕੀਮਤੀ ਦੌਲਤ ਨਾਲ ਮਾਲਾ-ਮਾਲ ਹੋ ਸਕਦੇ ਹਾਂ-ਜੋ ਸਾਨੂੰ 'ਦੁਆਵਾਂ' ਦੇ ਰੂਪ ਵਿੱਚ ਮੁਫ਼ਤ 'ਚ ਹੀ ਮਿਲ ਜਾਣੀ ਹੈ। ਮਾਪਿਆਂ ਦੇ ਬੋਲਾਂ ਵਿੱਚ ਵੀ ਕਿਸੇ ਮਹਾਂ-ਪੁਰਸ਼ ਜਾਂ ਪੂਰਨ ਸੰਤ-ਮਹਾਤਮਾ ਦੇ ਬੋਲਾਂ ਤੋਂ ਘੱਟ ਤਾਕਤ ਨਹੀਂ ਹੁੰਦੀ। ਜਿਸ ਨੇ ਮਾਪਿਆਂ ਦੀ ਸੇਵਾ ਕਰ ਲਈ, ਉਸ ਨੂੰ ਤੀਰਥਾਂ ਤੇ ਜਾ ਕੇ ਇਸ਼ਨਾਨ ਕਰਨ ਦੀ ਜ਼ਰੂਰਤ ਨਹੀਂ। ਕਈ ਐਸੇ ਲੋਕ ਵੀ ਹਨ ਜਿਨ੍ਹਾਂ ਦੇ ਮਾਪੇ ਤਾਂ ਬ੍ਰਿਧ ਆਸ਼ਰਮਾਂ ਵਿੱਚ ਰੁਲਦੇ ਹਨ ਪਰ ਉਹ ਧਰਮ-ਅਸਥਾਨਾਂ 'ਤੇ ਜਾ ਕੇ ਆਪਣੀ ਤੇ ਆਪਣੇ ਬੱਚਿਆਂ ਦੇ ਸੁੱਖ ਦੀ ਅਰਦਾਸ ਕਰਦੇ ਹਨ। ਭਾਈ! ਜੋ ਬੀਜਾਂਗੇ, ਉਹੀ ਵੱਢਾਂਗੇ।

ਮੁੱਕਦੀ ਗੱਲ ਕਿ ਚੌਵੀ ਘੰਟੇ ਵਿੱਚੋਂ ਜੇ ਪੰਦਰਾਂ ਵੀਹ ਮਿੰਟ ਜਾਂ ਅੱਧਾ ਘੰਟਾ ਮਾਵਾਂ ਦੇ ਨਾਮ ਕਰਕੇ, ਢੇਰ ਸਾਰੀਆਂ ਦੁਆਵਾਂ ਪ੍ਰਾਪਤ ਹੋ ਜਾਣ, ਜੋ ਜੀਵਨ ਦੀਆਂ ਮੁਸ਼ਕਲਾਂ ਹੱਲ ਕਰਨ ਲਈ ਤਾਕਤ ਬਣ ਜਾਣ ਤਾਂ ਕਿਸੇ ਸਾਧ ਬਾਬੇ ਅੱਗੇ ਨੱਕ ਰਗੜ ਕੇ ਆਸ਼ੀਰਵਾਦ ਲੈਣ ਦੀ ਲੋੜ ਨਹੀਂ ਪਏਗੀ...ਤੇ ਸਾਡਾ ਜਿਉਣਾ ਧੰਨ ਹੋ ਜਾਏਗਾ!

ਸੋਚ ਲੈਣਾ ਜੇ ਵਿਹਲ ਮਿਲੇ ਤਾਂ!

# ਗਰੀਬੀ ਹੰਢਾਉਂਦੇ ਰਹੇ ਦੋ ਦੋਸਤ ਇਉਂ ਮਿਲੇ

ਸੰਨ 1972 ਵਿੱਚ ਜਦ ਮੈਂ ਨੌਵੀਂ-ਦਸਵੀਂ ਕਰਨ ਲਈ ਨਵਾਂ ਸ਼ਹਿਰ ਦੁਆਬੇ ਸਕੂਲੇ ਦਾਖਲਾ ਲਿਆ ਤਾਂ ਮੇਰੇ ਬਾਪ ਨੇ ਮੈਨੂੰ ਪੰਜਾਹ ਰੁਪਏ ਦਾ ਪੁਰਾਣਾ ਸਾਈਕਲ ਲੈ ਕੇ ਦਿੱਤਾ। ਸਾਈਕਲ ਵੀ ਨਵਾਂ ਸ਼ਹਿਰੋਂ ਹੀ ਖ੍ਰੀਦਿਆ ਸੀ, ਸੋ ਪਿੰਡ ਨੂੰ ਮੁੜਦੇ ਵਕਤ ਭਾਈਆ ਜੀ ਅਸਮਾਨਪੁਰ ਦੇ ਪ੍ਰੀਤੂ ਸਾਈਕਲਾਂ ਵਾਲੇ ਦੀ ਦੁਕਾਨ 'ਤੇ ਆਏ ਅਤੇ ਪ੍ਰੀਤੂ ਨੂੰ 'ਨੋਟ ਕਰਾਇਆ' ਕਿ ਆਹ ਮੇਰਾ ਮੁੰਡਾ ਜਦ ਵੀ ਆਪਣੇ ਸਾਈਕਲ ਦੀ ਮੁਰੰਮਤ ਕਰਾਉਣ ਤੇਰੇ ਕੋਲ ਆਵੇ ਤਾਂ ਇਹਦੇ ਕੋਲੋਂ ਪੈਸੇ ਨਹੀਂ ਮੰਗਣੇ, ਉਹ ਤੈਨੂੰ ਮੈਂ ਦੇ ਦਿਆ ਕਰਾਂਗਾ! ਪ੍ਰੀਤੂ ਮਿਸਤਰੀ ਦੀ ਖਾਸੀਅਤ ਇਹ ਸੀ ਕਿ ਉਹ ਸਾਈਕਲ ਨੂੰ ਅਚਾਨਕ ਪਿਆ ਨੁਕਸ ਠੀਕ ਕਰਕੇ ਬਿਨਾਂ ਕਹੇ ਤੋਂ, ਹੋਰ ਸਾਰੇ ਨੱਟ-ਬੋਲਟ ਚੈੱਕ ਕਰਦਾ ਤੇ ਲੋੜੀਂਦੀ ਮੁਰੰਮਤ ਆਪੇ ਹੀ ਕਰ ਦਿੰਦਾ।

ਜੇ ਕਦੇ ਆਉਂਦੇ-ਜਾਂਦੇ ਮੇਰਾ ਸਾਈਕਲ ਅਸਮਾਨ ਪੁਰ ਤੋਂ ਕਿਤੇ ਦੂਰ ਪੰਚਰ ਵਗੈਰਾ ਹੋ ਜਾਣਾ ਤਾਂ ਮੈਂ ਸਾਈਕਲ ਘੜੀਸਦੇ ਨੇ ਤੁਰ ਕੇ ਪ੍ਰੀਤੂ ਦੀ ਦੁਕਾਨ 'ਤੇ ਹੀ ਪਹੁੰਚਣਾ! ਉਨ੍ਹਾਂ ਦਿਨਾਂ ਵਿੱਚ ਹੀ ਪ੍ਰੀਤੂ ਕੋਲ ਪਿੰਡ ਚੜ੍ਹ ਮਜਾਰੇ ਦਾ ਇੱਕ ਗਰੀਬ ਜਿਹਾ ਮੁੰਡਾ ਵੀ ਸਾਈਕਲਾਂ ਦਾ ਕੰਮ ਸਿੱਖਣ ਆ ਲੱਗਾ। ਕੰਮ ਸਿਖਾਉਣ ਵੇਲੇ ਪ੍ਰੀਤੂ ਉਹਨੂੰ ਝਿੜਕੇ ਵੀ ਮਾਰਦਾ ਤੇ ਕਦੇ ਕਦੇ ਹਲਕੀ ਜਿਹੀ ਚਪੇੜ ਵੀ ਮਾਰ ਦਿੰਦਾ! ਮੈਨੂੰ ਬੜਾ ਤਰਸ ਆਉਣਾ! ਮੇਰੇ ਦਸਵੀਂ ਪਾਸ ਕਰਨ ਵੇਲੇ ਤੱਕ ਉਹ ਮੁੰਡਾ ਕਾਫੀ ਟ੍ਰੇਂਡ ਹੋ ਗਿਆ ਤੇ ਪ੍ਰੀਤੂ ਵਾਂਗ ਹੀ ਸਾਈਕਲਾਂ ਦੀ ਮੁਰੰਮਤ ਕਰਨ ਲੱਗ ਪਿਆ।

ਪ੍ਰੀਤੂ ਦੇ ਚੜ੍ਹਾਈ ਕਰ ਜਾਣ 'ਤੇ ਇਸ ਚੜ੍ਹ ਮਜਾਰੀਏ ਦੀਸ਼ ਨਾਂ ਦੇ ਮੁੰਡੇ ਨੇ ਜਾਡਲੇ ਆਪਣੀ ਦੁਕਾਨ ਪਾ ਲਈ। ਮੇਰੇ ਕੋਲ ਉਹੀ 'ਨਾਲੋਵਰ ਮਾਰਕਾ' ਪੁਰਾਣਾ ਸਾਈਕਲ ਰਿਹਾ, ਜਿਸ ਦੀ ਗਾਹੇ-ਬਗਾਹੇ ਮੁਰੰਮਤ ਕਰਾਉਣ ਲਈ ਮੈਂ ਜਾਡਲੇ ਦੀਸ਼ ਦੀ ਦੁਕਾਨ 'ਤੇ ਜਾਣਾ ਸ਼ੁਰੂ ਕਰ ਦਿੱਤਾ।

ਅੰਤਾਂ ਦੀ ਗਰੀਬੀ ਨਾਲ ਜੂਝਦੇ ਦੀਸ਼ ਦੀ ਦੁਕਾਨ ਕਾਮਯਾਬ ਨਾ ਹੋ ਸਕੀ। ਚੜ੍ਹੇ ਮਹੀਨੇ ਕਿਰਾਇਆ ਨਹੀਂ ਸੀ 'ਕੱਠਾ ਹੁੰਦਾ ਵਿਚਾਰੇ ਕੋਲੋਂ! ਸੋ ਉਸਨੇ ਮਜਬੂਰੀ ਵੱਸ ਆਪਣਾ ਸੰਦ-ਸੰਦੇੜਾ, ਚੜ੍ਹ ਮਜਾਰੇ ਆਪਣੇ ਤਿੰਨ ਕੁ ਖਾਨਿਆਂ ਵਾਲੇ ਘਰ ਵਿੱਚ ਹੀ ਰੱਖ ਲਿਆ! ਇੱਧਰ ਮੈਂ ਵੀ ਗਰੀਬੀ ਕਾਰਨ ਹੋਰ ਨਵਾਂ ਸਾਈਕਲ ਖਰੀਦ ਨਾ ਸਕਿਆ। ਮੇਰੇ ਉਸੇ ਪੁਰਾਣੇ ਸਾਈਕਲ ਦਾ ਕੁੱਝ ਨਾ ਕੁੱਝ ਵਿਗੜਿਆ ਹੀ ਰਹਿੰਦਾ! ਸਦਾ ਚੂਲ ਢਿੱਲੀ ਹੀ ਰਹਿੰਦੀ। ਸੋ ਮੈਂ ਵੀ 'ਦੀਸ਼ ਦਾ ਦੀਵਾਨਾ' ਉਹਦੇ ਮਗਰੇ ਮਗਰ



ਚੜ੍ਹ ਮਜਾਰੇ ਜਾ ਕੇ ਸਾਈਕਲ ਦੀ ਮੁਰੰਮਤ ਕਰਾਉਣ ਲੱਗ ਪਿਆ। ਇੰਜ ਸਾਡੀ ਦੋਹਾਂ ਗਰੀਬਾਂ ਦੀ ਆਪਸੀ ਦੋਸਤੀ ਵੀ ਪੈ ਗਈ। ਕਿਉਂ ਕਿ ਆਮ ਕਾਰੀਗਰਾਂ ਨਾਲੋਂ ਉਹ ਮਿਹਨਤਾਨਾਂ ਬਹੁਤ ਘੱਟ ਲੈਂਦਾ ਸੀ ਤੇ ਮੇਰੇ ਨਾਲ ਕਦੇ ਕਦੇ ਹੁਧਾਰ ਵੀ ਕਰ ਲੈਂਦਾ। ਮੈਨੂੰ ਯਾਦ ਐ ਕਿ ਉਹਦੇ ਘਰੇ ਕੋਈ ਸਦਮਾਂ ਹੋਣ 'ਤੇ ਮੈਂ ਇੱਕ ਵਾਰ ਉਸਦੇ ਨਿੱਕੇ ਜਿਹੇ ਕੱਚੇ ਕੋਠੇ ਵਿੱਚ ਸਹਿਜ ਪਾਠ ਦਾ ਭੋਗ ਵੀ ਪਾਇਆ ਸੀ!

ਫਿਰ ਸਮੇਂ ਦਾ ਕਈ ਦਹਾਕਿਆਂ ਦਾ ਵਕਫਾ ਪੈ ਗਿਆ। ਅਸੀਂ ਦੋਵੇਂ ਆਪੋ ਆਪਣੀ ਕਬੀਲਦਾਰੀ ਦੇ ਗੇੜ 'ਚ ਫਸੇ ਇੱਕ-ਦੂਜੇ ਲਈ ਅਗਿਆਤ ਬਣ ਗਏ !

ਹੁਣ ਸੰਨ 2022 ਦੇ ਅਕਤੂਬਰ ਮਹੀਨੇ ਮੈਂ ਅਮਰੀਕਾ ਤੋਂ ਆਪਣੇ ਪਿੰਡ ਗਿਆ ਹੋਇਆ ਸਾਂ। ਸਾਡੇ ਪਿੰਡ ਦੇ ਗੁਰਦੁਆਰਾ ਸਾਹਿਬ ਵਿੱਚ ਗੁਰਪੁਰਬ ਸਬੰਧੀ ਪਏ ਭੋਗ ਮੌਕੇ ਆਏ ਹੋਏ ਇੱਕ ਰਾਗੀ ਸਿੰਘ ਨੇ ਦੱਸਿਆ ਕਿ ਮੈਂ ਚੜ੍ਹ ਮਜਾਰੇ ਪਿੰਡ ਤੋਂ ਹਾਂ। ਚੜ੍ਹ ਮਜਾਰੇ ਦਾ ਨਾਂ ਸੁਣ ਕੇ ਮੈਨੂੰ 'ਸਾਈਕਲ-ਮੁਰੰਮਤੀ ਮਿੱਤਰ' ਦੀਸ਼ ਦਾ ਚੇਤਾ ਆ ਗਿਆ! ਉਸ ਰਾਗੀ ਸਿੰਘ ਨੂੰ ਮੈਂ ਦੀਸ਼ ਨਾਲ ਆਪਣੀ ਪੁਰਾਣੀ ਦੋਸਤੀ ਬਾਰੇ ਗੱਲਾਂ ਕਰਦਿਆਂ ਕਿਹਾ ਕਿ ਕਿਸੇ ਦਿਨ ਮੈਂ ਉਹਨੂੰ ਮਿਲਣ ਜਾਵਾਂਗਾ!

ਲਉ ਜੀ, ਦੂਜੇ ਦਿਨ ਹੀ ਸੁਵਖਤੇ ਸਾਡਾ ਗੇਟ ਖੜਕਿਆ! ਹੱਥ ਵਿੱਚ ਡੱਬਾ ਅਤੇ ਕਾਰਡ ਲਈ ਦੀਸ਼ ਵਿਹੜੇ 'ਚ ਆ ਖੜ੍ਹਾ ਹੋਇਆ! ਮੈਂ ਉਹਨੂੰ ਘੁੱਟ ਕੇ ਜੱਫੀ 'ਚ ਲੈ ਲਿਆ! ਉਸਨੂੰ ਦੇਖਦਿਆਂ ਸਾਰ ਮੈਨੂੰ 'ਵੈਲਡਿੰਗ' ਕੀਤੇ 'ਫ੍ਰੇਮ' ਵਾਲਾ ਆਪਣਾ ਸਾਈਕਲ ਚੇਤੇ ਆ ਗਿਆ! ਨਾਲੇ ਅਸਮਾਨਪੁਰ, ਜਾਡਲੇ ਅਤੇ ਚੜ੍ਹ ਮਜਾਰੇ ਦੇ ਕਈ ਪੁਰਾਣੇ ਵਾਕਿਆਤ ਜਿਹਨ 'ਚ ਘੁੰਮਣ ਲੱਗ ਪਏ!

ਆਪਣੇ ਬੇਟੇ ਦੇ ਵਿਆਹ ਦਾ ਕਾਰਡ ਦੇਣ ਆਇਆ ਦੀਸ਼ ਜਦ ਮੈਨੂੰ ਵਾਰ ਵਾਰ 'ਜ਼ਰੂਰ ਆਉਣ' ਲਈ ਕਹਿਣ ਲੱਗਾ ਤਾਂ ਮੈਂ ਪਸੀਜਦਿਆਂ ਹੋਇਆਂ ਉਸਨੂੰ ਦੁਬਾਰਾ ਗਲਵਕੜੀ ਪਾਉਂਦਿਆਂ ਕਿਹਾ ਕਿ ਵੀਰਿਆ, ਸੌ ਰੁਝੇਵੇਂ ਛੱਡ ਕੇ ਵੀ ਮੈਂ ਤੇਰੇ ਘਰ ਜ਼ਰੂਰ ਪਹੁੰਚਾਂ ਗਾ! ਸਾਡੇ ਘਰੇ ਕਾਰ ਖੜ੍ਹੀ ਦੇਖ ਕੇ ਉਸਨੇ ਖੁਸ਼ ਹੁੰਦਿਆਂ ਮੈਨੂੰ ਦੱਸਿਆ ਕਿ ਹੁਣ 'ਤੁਹਾਡੇ ਇਸ ਨਿਮਾਣੇ ਭਰਾ' 'ਤੇ ਵੀ ਪੂਰੀ ਕਿਰਪਾ ਹੈ ਮਾਲਕ ਦੀ!

ਸੱਚ ਮੁਚ ਜਦ ਮੈਂ ਉਹਦੇ ਘਰੇ ਅਖੰਡਪਾਠ ਦੇ ਭੋਗ ਸਮੇਂ ਪਹੁੰਚਿਆ ਤਾਂ ਬਾਗੋ-ਬਾਗ ਹੁੰਦਿਆਂ ਉਸਨੇ ਘਰੇ ਆਏ 'ਕੱਲੇ 'ਕੱਲੇ ਮਹਿਮਾਨ ਨਾਲ ਮੇਰਾ ਤੁਆਰਫ ਕਰਾਇਆ! ਇਸ ਮੌਕੇ ਉਹਦੇ ਚਿਹਰੇ ਦੇ ਹਾਵ-ਭਾਵ ਦੱਸ ਰਹੇ ਸਨ ਕਿ ਉਸਨੂੰ ਮੇਰੇ ਆਉਣ ਦਾ ਕਿੰਨਾ ਚਾਅ-ਉਮਾਹ ਹੋ ਰਿਹੈ! ਸਮਾਗਮ ਵਿੱਚ ਵੀ ਉਹ ਮੇਰੇ ਗੋਡੇ ਨਾਲ ਗੋਡਾ ਜੋੜ ਕੇ ਬੈਠਾ ਰਿਹਾ! ਉਸੇ ਦਿਨ ਇੱਕ-ਦੋ ਹੋਰ ਕਾਰਜਾਂ 'ਤੇ ਨਾ ਪਹੁੰਚ ਸਕਣ ਸਦਕਾ 'ਖਿਮਾਂ ਮੰਗ ਲੈਣ' ਦੀ ਸੋਚ ਕੇ ਮੈਂ ਦੀਸ਼ ਦੇ ਘਰ ਹੀ ਪੂਰੇ ਸਮਾਗਮ ਦਾ ਅਨੰਦ ਮਾਣਿਆ!ਲੰਗਰ ਛਕ ਕੇ ਤੁਰਨ ਵੇਲੇ ਜਦ ਉਸਨੇ ਮੈਨੂੰ ਜਲੇਬੀਆਂ ਵਾਲੇ ਲਿਫਾਫੇ ਦੇ ਨਾਲ ਇੱਕ ਨੀਲੀ ਦਸਤਾਰ ਦੀ ਭੇਟ ਕੀਤੀ ਤਾਂ ਵੈਰਾਗ ਨਾਲ ਮੇਰੀਆਂ ਅੱਖਾਂ ਵੀ ਛਲਕ ਪਈਆਂ!

# ਖੇਡ ਖੇਤਰ 'ਚ ਜਿਨਸੀ ਸ਼ੋਸ਼ਣ ਅਤੇ ਨਿਆਂ ਲਈ ਸੰਘਰਸ਼

23 ਅਪਰੈਲ ਤੋਂ ਭਾਰਤ ਦੀਆਂ ਚੋਟੀ ਦੀਆਂ ਪਹਿਲਵਾਨ ਲੜਕੀਆਂ ਸਾਥੀ ਪਹਿਲਵਾਨਾਂ ਅਤੇ ਹੋਰ ਇਨਸਾਫ਼ਪਸੰਦਾਂ ਦੇ ਸਹਿਯੋਗ ਨਾਲ ਜੰਤਰ-ਮੰਤਰ ਦਿੱਲੀ ਵਿਖੇ ਸੰਘਰਸ਼ 'ਚ ਡਟੀਆਂ ਹੋਈਆਂ ਹਨ। ਸਮਾਜਿਕ ਜਥੇਬੰਦੀਆਂ, ਸੰਘਰਸ਼ਸ਼ੀਲ ਤਾਕਤਾਂ, ਖਾਪ ਪੰਚਾਇਤਾਂ, ਲੇਖਕ ਸਭਾਵਾਂ ਅਤੇ ਹੋਰ ਜਥੇਬੰਦੀਆਂ ਉਨ੍ਹਾਂ ਵੱਲੋਂ ਉਠਾਏ ਮੁੱਦੇ ਨਾਲ ਇਕਮੁੱਠਤਾ ਪ੍ਰਗਟਾ ਰਹੀਆਂ ਹਨ ਅਤੇ ਕਾਫ਼ਲੇ ਲੈ ਕੇ ਹਮਾਇਤ 'ਚ ਪਹੁੰਚ ਰਹੀਆਂ ਹਨ। 24 ਖਾਪ ਪੰਚਾਇਤਾਂ ਨੇ ਸਾਂਝਾ ਮਤਾ ਪਾਸ ਕਰ ਕੇ ਸਰਕਾਰ ਨੂੰ ਬ੍ਰਿਜਭੂਸ਼ਨ ਸ਼ਰਨ ਸਿੰਘ ਨੂੰ ਗ੍ਰਿਫ਼ਤਾਰ ਕਰਨ ਲਈ ਪੰਦਰਾਂ ਦਿਨ ਦਾ ਅਲਟੀਮੇਟਮ ਦੇ ਦਿੱਤਾ ਹੈ। ਸੰਯੁਕਤ ਕਿਸਾਨ ਮੋਰਚੇ ਨੇ ਵੀ ਸੰਘਰਸ਼ ਦੀ ਹਮਾਇਤ 'ਚ ਪੂਰੇ ਮੁਲਕ 'ਚ ਸਰਗਰਮੀ ਉਲੀਕੀ ਹੈ। ਬੇਸ਼ੱਕ ਲੜਕੀਆਂ ਭਾਰਤੀ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ

**ਬੂਟਾ ਸਿੰਘ ਮਹਿਮੂਦਪੁਰ**
ਫੋਨ: +91-94634-74342

ਅਤੇ ਭਾਜਪਾ ਐੱਮ.ਪੀ. ਬ੍ਰਿਜਭੂਸ਼ਣ ਦੀ ਗ੍ਰਿਫ਼ਤਾਰੀ ਦੀ ਮੰਗ ਕਰ ਰਹੀਆਂ ਹਨ ਪਰ ਉਨ੍ਹਾਂ ਦੇ ਸੰਘਰਸ਼ ਦਾ ਮਹੱਤਵ ਕਿਤੇ ਵੱਡਾ ਅਤੇ ਅਰਥ-ਸੰਭਾਵਨਾਵਾਂ ਵਾਲਾ ਹੈ। ਦਰਅਸਲ, ਉਹ ਸਮੁੱਚੇ ਔਰਤ ਵਰਗ ਦੇ ਜਿਨਸੀ ਸ਼ੋਸ਼ਣ ਨੂੰ ਰੋਕਣ ਲਈ ਮਾਣ-ਸਨਮਾਨ ਅਤੇ ਸੁਰੱਖਿਆ ਦੀ ਲੜਾਈ ਲੜ ਰਹੀਆਂ ਹਨ।

ਪੰਜ ਮਹੀਨਿਆਂ 'ਚ ਉਨ੍ਹਾਂ ਨੂੰ ਦੂਜੀ ਵਾਰ ਸੜਕਾਂ ਉੱਪਰ ਆਉਣਾ ਪਿਆ ਹੈ। ਪਹਿਲਾ ਧਰਨਾ ਉਨ੍ਹਾਂ ਨੇ ਜਨਵਰੀ ਮਹੀਨੇ 'ਚ ਦਿੱਤਾ ਸੀ ਜੋ ਕੇਂਦਰੀ ਖੇਡ ਮੰਤਰੀ ਅਨੁਰਾਗ ਠਾਕੁਰ ਨੇ ਇਹ ਵਾਅਦਾ ਕਰ ਕੇ ਵਾਪਸ ਕਰਵਾ ਦਿੱਤਾ ਸੀ ਕਿ ਉਨ੍ਹਾਂ ਵੱਲੋਂ ਲਗਾਏ ਦੋਸ਼ਾਂ ਦੀ ਜਾਂਚ ਕਰਵਾਈ ਜਾਵੇਗੀ। ਇਹ ਸਿਰਫ਼ ਸੰਘਰਸ਼ ਨੂੰ ਖਤਮ ਕਰਾਉਣ ਲਈ ਕੀਤਾ ਝੂਠਾ ਵਾਅਦਾ ਸੀ। 'ਬਾਹੂਬਲੀ' ਬ੍ਰਿਜਭੂਸ਼ਣ ਤੋਂ ਪੁੱਛਗਿੱਛ ਨਹੀਂ ਕੀਤੀ ਗਈ। ਸਰਕਾਰ ਨੇ ਜਾਂਚ ਲਈ ਜੋ 'ਓਵਰਸਾਈਟ ਕਮੇਟੀ' ਬਣਾਈ ਉਸ ਦੀ ਰਿਪੋਰਟ ਵਿਚ ਜਿਨਸੀ ਸ਼ੋਸ਼ਣ ਦੇ ਮੁੱਖ ਮੁੱਦੇ ਉੱਪਰ ਮਿੱਟੀ ਪਾ ਕੇ ਮਾਮੂਲੀ ਸਿਫ਼ਾਰਸ਼ਾਂ ਕੀਤੀਆਂ ਗਈਆਂ ਜਿਸ ਨਾਲ ਪੀੜਤਾਂ ਨੂੰ ਕਮੇਟੀ ਰਾਹੀਂ ਜਾਂਚ ਤੋਂ ਭਰੋਸਾ ਉੱਠ ਗਿਆ। ਇਸੇ ਲਈ ਪਹਿਲਵਾਨ ਲੜਕੀਆਂ ਨੂੰ ਮੁੜ ਸੰਘਰਸ਼ ਵਿੱਢਣਾ ਪਿਆ। ਹੁਣ ਵੀ ਅਨੁਰਾਗ ਠਾਕੁਰ ਬਿਆਨਬਾਜ਼ੀ ਕਰ ਕੇ ਦੁਨੀਆ ਨੂੰ ਗੁਮਰਾਹ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ ਕਿ 'ਨਿਰਪੱਖ ਜਾਂਚ ਹੋਣ ਦਿਓ ਅਤੇ ਦਿੱਲੀ ਪੁਲਿਸ ਦੁੱਧ ਦਾ ਦੁੱਧ ਅਤੇ ਪਾਣੀ ਦਾ ਪਾਣੀ ਨਿਤਾਰ ਦੇਵੇਗੀ।' ਕੀ ਦੇਸ਼-ਦੁਨੀਆ ਦੇ ਲੋਕ ਨਹੀਂ ਜਾਣਦੇ ਕਿ ਆਰ.ਐੱਸ.ਐੱਸ.-ਭਾਜਪਾ ਦੀ ਸ਼ਾਖਾ ਬਣ ਚੁੱਕੀ ਅਤੇ ਕੇਂਦਰੀ ਗ੍ਰਹਿ ਮੰਤਰਾਲੇ ਦੇ ਇਸ਼ਾਰੇ 'ਤੇ ਨੱਚਦੀ ਦਿੱਲੀ ਪੁਲਿਸ ਕਿਸ ਤਰ੍ਹਾਂ ਦੀ 'ਨਿਰਪੱਖ' ਜਾਂਚ ਕਰਦੀ ਹੈ?

ਨਿਆਂ ਦੀ ਮੰਗ ਕਰਨ ਵਾਲਿਆਂ ਨੂੰ ਇਕ ਪਾਸੇ ਹਕੂਮਤ, ਰਾਜ-ਮਸ਼ੀਨਰੀ ਅਤੇ ਦਰਬਾਰੀ ਮੀਡੀਆ ਨਾਲ ਮੱਥਾ ਲਾਉਣਾ ਪੈਂਦਾ ਹੈ ਅਤੇ ਦੂਜੇ ਪਾਸੇ ਉਨ੍ਹਾਂ ਨੂੰ ਆਪਣੇ ਹੀ ਖੇਤਰ ਦੀਆਂ ਉਨ੍ਹਾਂ ਨਾਮਵਰ ਹਸਤੀਆਂ ਦੇ ਵਿਰੋਧ ਦਾ ਵੀ ਸਾਹਮਣਾ ਕਰਨਾ ਪੈਂਦਾ ਹੈ ਜਿਨ੍ਹਾਂ ਦੀ ਜ਼ਮੀਰ ਮਰ ਚੁੱਕੀ ਹੈ, ਜਿਨ੍ਹਾਂ ਨੇ ਅੱਖਾਂ ਉੱਪਰ ਐਨੀ ਮੋਟੀ ਪੱਟੀ ਬੰਨ੍ਹ ਰੱਖੀ ਹੈ ਕਿ ਉਨ੍ਹਾਂ ਨੂੰ ਸਿਰਫ਼ ਮੁਲਕ ਦੀ ਬਦਨਾਮੀ ਦਿਸਦੀ ਹੈ, ਨਿਆਂ ਲਈ ਸੰਘਰਸ਼ ਉਨ੍ਹਾਂ ਲਈ ਕੋਈ ਮਾਇਨੇ ਨਹੀਂ ਰੱਖਦਾ। ਇਸ ਮਾਮਲੇ 'ਚ ਵੀ ਕੁਸ਼ਤੀ ਸਮੇਤ ਖੇਡ ਖੇਤਰ ਦੇ ਮਸ਼ਹੂਰ ਸ਼ਖਸਾਂ ਨੇ ਚੁੱਪ ਧਾਰੀ ਹੋਈ ਹੈ। ਇਨ੍ਹਾਂ ਸਾਰਿਆਂ ਦੇ ਲੜਾਈ ਤੋਂ ਦੂਰ ਰਹਿਣ ਦੇ ਆਪੋ-ਆਪਣੇ ਬਹਾਨੇ ਹਨ। ਪੀ.ਟੀ. ਊਸ਼ਾ ਵਰਗਿਆਂ ਨੂੰ ਸਿਰਫ਼ ਤੇ ਸਿਰਫ਼ ਖੇਡ ਖੇਤਰ ਦਾ 'ਅਨੁਸ਼ਾਸਨ ਭੰਗ ਹੋਣ' ਦੀ ਅਤੇ ਸੰਘਰਸ਼ ਨਾਲ ਮੁਲਕ ਦੀ ਬਦਨਾਮੀ ਹੋਣ ਦੀ ਚਿੰਤਾ ਹੈ, ਖਿਡਾਰਨਾਂ ਦੇ ਜਿਨਸੀ ਸ਼ੋਸ਼ਣ ਦੀ ਉਨ੍ਹਾਂ ਨੂੰ ਕੋਈ ਚਿੰਤਾ ਨਹੀਂ ਹੈ। ਉਨ੍ਹਾਂ ਨੂੰ ਆਰ.ਐੱਸ.ਐੱਸ.-ਭਾਜਪਾ ਦੇ ਔਰਤਾਂ ਨੂੰ ਮੁੜ ਮੱਧਯੁਗੀ ਦਾਬੇ 'ਚ ਧੱਕਣ ਦੇ ਰਾਜਨੀਤਕ ਏਜੰਡੇ ਅਤੇ ਇਸ ਏਜੰਡੇ ਦੇ ਬੇਹੱਦ ਖਤਰਨਾਕ ਅੰਜਾਮਾਂ ਨਾਲ ਕੋਈ ਸਰੋਕਾਰ ਨਹੀਂ ਹੈ।



ਬ੍ਰਿਜਭੂਸ਼ਣ ਮਾਮੂਲੀ ਮੁਜਰਿਮ ਨਹੀਂ ਹੈ। ਸ਼ਿਕਾਇਤ ਦਰਜ ਕਰਾਉਣ ਵਾਲੀਆਂ ਸੱਤ ਪਹਿਲਵਾਨਾਂ ਵਿਚੋਂ ਦੋ ਨੇ ਉਸ ਵਿਰੁੱਧ ਜਿਨਸੀ ਸ਼ੋਸ਼ਣ ਦੀਆਂ ਅੱਠ ਘਟਨਾਵਾਂ ਦੇ ਵੇਰਵੇ ਦਿੱਤੇ ਹਨ। ਉਸ ਵਿਰੁੱਧ 40 ਦੇ ਕਰੀਬ ਸੰਗੀਨ ਫ਼ੌਜਦਾਰੀ ਕੇਸ ਦਰਜ ਹੋਏ ਜਿਨ੍ਹਾਂ ਵਿਚ ਕਤਲ, ਇਰਾਦਾ ਕਤਲ, ਲੁੱਟਖੋਹ ਦੇ ਕੇਸ ਸਨ ਜਿਨ੍ਹਾਂ ਵਿਚੋਂ 30 ਵਿਚ ਉਹ ਆਪਣੇ ਰਸੂਖ ਦੇ ਜ਼ੋਰ ਬਰੀ ਹੋ ਗਿਆ। ਚਾਰ ਕੇਸ ਗੈਂਗਸਟਰ ਐਕਟ ਤਹਿਤ ਦਰਜ ਹੋਏ। ਜੇਕਰ ਯੂ.ਪੀ. ਦੇ ਪਿੰਡ ਦਾ ਇਕ ਆਮ ਪਹਿਲਵਾਨ ਵੱਖ-ਵੱਖ ਲੋਕ ਸਭਾ ਹਲਕਿਆਂ ਤੋਂ ਪੰਜ ਵਾਰ ਭਾਜਪਾ ਦੀ ਟਿਕਟ ਤੋਂ ਅਤੇ ਇਕ ਵਾਰ ਸਮਾਜਵਾਦੀ ਪਾਰਟੀ ਦੀ ਟਿਕਟ ਤੋਂ ਮੈਂਬਰ ਪਾਰਲੀਮੈਂਟ ਬਣ ਕੇ ਅਤੇ ਭਾਰਤੀ ਕੁਸ਼ਤੀ ਫੈਡਰੇਸ਼ਨ ਦਾ ਬਿਨਾਂ ਵਿਰੋਧ ਪ੍ਰਧਾਨ ਬਣ ਕੇ ਤਰੱਕੀ ਦੀਆਂ ਬੁਲੰਦੀਆਂ ਛੂੰਹਦਾ ਹੈ ਤਾਂ ਇਸ ਪਿੱਛੇ ਉਸ ਦੇ 'ਖਾਸ' ਗੁਣਾਂ ਦਾ ਕ੍ਰਿਸ਼ਮਾ ਹੈ। ਇੰਡੀਅਨ ਐਕਸਪ੍ਰੈੱਸ ਦੀ ਰਿਪੋਰਟ ਉਸ ਦੇ ਇਨ੍ਹਾਂ 'ਗੁਣਾਂ' ਦਾ ਖੁਲਾਸਾ ਕਰਦੀ ਹੈ। ਉਸ ਨੇ ਬਾਬਰੀ ਮਸਜਿਦ ਢਾਹੁਣ ਵਿਚ ਹਿੱਸਾ ਲਿਆ ਸੀ। ਸੀ.ਬੀ.ਆਈ. ਨੇ ਬਾਬਰੀ ਮਸਜਿਦ ਕੇਸ ਵਿਚ ਭਾਜਪਾ ਆਗੂਆਂ ਐੱਲ.ਕੇ. ਅਡਵਾਨੀ, ਮੁਰਲੀ ਮਨੋਹਰ ਜੋਸ਼ੀ, ਉਮਾ ਭਾਰਤੀ ਆਦਿ ਦੇ ਨਾਲ ਬ੍ਰਿਜਭੂਸ਼ਣ ਨੂੰ ਵੀ ਨਾਮਜ਼ਦ ਕੀਤਾ ਸੀ ਪਰ 2020 'ਚ ਸਾਰੇ ਦੋਸ਼ੀਆਂ ਨੂੰ ਦੋਸ਼ਾਂ ਤੋਂ ਬਰੀ ਕਰ ਦਿੱਤਾ ਗਿਆ। 1990ਵਿਆਂ 'ਚ ਉਹ ਹਿੰਦੂ ਸੰਤਾਂ ਅਤੇ ਰਾਮ ਮੰਦਰ ਅੰਦੋਲਨ ਦੇ ਆਗੂਆਂ ਨਾਲ ਅਕਸਰ ਨਜ਼ਰ ਆਉਂਦਾ ਸੀ ਅਤੇ ਇਕ ਤੇਜ਼-ਤਰਾਰ ਭਗਵਾਂ ਆਗੂ ਬਣ ਕੇ ਉੱਭਰਿਆ। ਰਿਪੋਰਟ ਅਨੁਸਾਰ ਉਸ ਉੱਪਰ 1992 'ਚ ਗੈਂਗਸਟਰ ਦਾਊਦ ਇਬਰਾਹਿਮ ਦੇ ਸਾਥੀਆਂ ਦੀ ਮਦਦ ਕਰਨ ਦੇ ਇਲਜ਼ਾਮ 'ਚ ਟਾਡਾ ਕਾਨੂੰਨ ਵੀ ਲਗਾਇਆ ਗਿਆ ਸੀ ਅਤੇ ਉਹ ਕਈ ਮਹੀਨੇ ਤਿਹਾੜ ਜੇਲ੍ਹ ਵਿਚ ਵੀ ਰਿਹਾ ਸੀ। ਫਿਰ ਉਸ ਨੇ ਸਿਆਸਤ ਦੇ ਖੇਤਰ ਵਿਚ ਪੈਰ ਰੱਖਿਆ ਅਤੇ ਐਸੇ ਆਗੂ ਦੇ ਰੂਪ 'ਚ ਦਬਦਬਾ ਬਣਾ ਲਿਆ ਜੋ ਸਰਕਾਰਾਂ ਨੂੰ ਆਪਣੇ ਫ਼ੈਸਲੇ ਵਾਪਸ ਲੈਣ ਲਈ ਮਜਬੂਰ ਕਰ ਸਕਦਾ ਹੈ। ਯੂ.ਪੀ. ਦੀ ਤਤਕਾਲੀ ਮੁੱਖ ਮੰਤਰੀ ਮਾਇਆਵਤੀ ਨੇ ਗੌਂਡਾ ਦਾ ਨਾਮ ਬਦਲ ਕੇ ਲੋਕਨਾਇਕ ਜੈਪ੍ਰਕਾਸ਼ ਨਰਾਇਣ ਨਗਰ ਰੱਖਣ ਦੀ ਕੋਸ਼ਿਸ਼ ਕੀਤੀ ਸੀ। ਬ੍ਰਿਜਭੂਸ਼ਣ ਦੇ ਵਿਰੋਧ ਕਾਰਨ ਮਾਇਆਵਤੀ ਨੂੰ ਫ਼ੈਸਲਾ ਵਾਪਸ ਲੈਣਾ ਪਿਆ ਸੀ। ਬ੍ਰਿਜਭੂਸ਼ਣ ਮੌਕੇ ਅਨੁਸਾਰ ਦਲ-ਬਦਲੀ ਕਰਨ 'ਚ ਮਾਹਿਰ ਹੈ। ਜਦੋਂ ਭਾਜਪਾ ਨੇ ਵੋਟਿੰਗ ਦੇ ਸਵਾਲ 'ਤੇ ਉਸ ਨੂੰ ਕੱਢ ਦਿੱਤਾ ਤਾਂ ਉਹ ਸਮਾਜਵਾਦੀ ਪਾਰਟੀ 'ਚ ਚਲਾ ਗਿਆ ਅਤੇ 2014 ਤੋਂ ਪਹਿਲਾਂ ਹਵਾ ਦਾ ਰੁਖ ਦੇਖ ਕੇ ਮੁੜ ਭਾਜਪਾ 'ਚ ਆ ਗਿਆ।

ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ ਕਹਾਉਣ ਵਾਲੇ ਭਾਰਤੀ ਸਟੇਟ ਵਿਚ ਨਿਆਂ ਲਈ ਸੰਘਰਸ਼ ਬੇਹੱਦ ਬਿਖੜਾ ਰਾਹ ਹੈ। ਬੇਹੱਦ ਤਾਕਤਵਰ ਮੁਜਰਿਮ ਬ੍ਰਿਜਭੂਸ਼ਣ ਵਿਰੁੱਧ ਐੱਫ.ਆਈ.ਆਰ. ਦਰਜ ਕਰਾਉਣ ਲਈ ਵੀ ਅੰਤਰਰਾਸ਼ਟਰੀ ਪੱਧਰ ਦੀਆਂ ਖਿਡਾਰਨਾਂ ਨੂੰ ਸੁਪਰੀਮ ਕੋਰਟ ਦਾ ਦਰਵਾਜ਼ਾ ਖੜਕਾਉਣਾ ਪਿਆ। ਆਖਿਰਕਾਰ ਸੁਪਰੀਮ ਕੋਰਟ ਨੂੰ ਉਨ੍ਹਾਂ ਦੀ ਆਵਾਜ਼ ਦਾ ਨੋਟਿਸ ਲੈਣਾ ਪਿਆ ਅਤੇ ਦਿੱਲੀ ਪੁਲਿਸ ਨੂੰ ਉਸ ਵਿਰੁੱਧ ਦੋ ਐੱਫ.ਆਈ.ਆਰ ਦਰਜ ਕਰਨੀਆਂ ਪਈਆਂ ਜੋ ਕੇਂਦਰੀ ਗ੍ਰਹਿ ਮੰਤਰਾਲੇ ਦੇ ਇਸ਼ਾਰੇ 'ਤੇ ਉਨ੍ਹਾਂ ਦੀਆਂ ਸ਼ਿਕਾਇਤਾਂ ਨੂੰ ਤਿੰਨ ਮਹੀਨੇ ਤੋਂ ਨਜ਼ਰਅੰਦਾਜ਼ ਕਰ ਰਹੀ ਸੀ। ਹੁਣ ਉਸ ਨੂੰ ਗ੍ਰਿਫ਼ਤਾਰ ਕਰਾਉਣ ਲਈ ਸਖਤ ਲੜਾਈ ਲੜਨੀ ਪੈ ਰਹੀ ਹੈ। ਹਕੂਮਤ ਦੀ ਪੁਸ਼ਤਪਨਾਹੀ ਮਾਣ ਰਹੇ ਇਸ ਦਰਿੰਦੇ ਦੇ ਸਿਰ ਨੂੰ ਸੱਤਾ ਦਾ ਹੰਕਾਰ ਇਸ ਕਦਰ ਚੜ੍ਹ ਚੁੱਕਾ ਹੈ ਕਿ ਪਹਿਲਵਾਨਾਂ ਲੜਕੀਆਂ ਨੂੰ ਮੀਡੀਆ ਕੈਮਰਿਆਂ ਅੱਗੇ ਅਤੇ ਵੀਡੀਓ ਪੋਸਟ ਕਰ ਕੇ ਖੁੱਲ੍ਹੇਆਮ ਧਮਕੀਆਂ ਦੇ ਰਿਹਾ ਹੈ। ਉਹ ਐਲਾਨੀਆ ਤੌਰ 'ਤੇ ਕਹਿ ਰਿਹਾ ਹੈ ਕਿ ਜੇ ਮੋਦੀ-ਅਮਿਤ ਸ਼ਾਹ ਅਤੇ ਜੇ.ਪੀ. ਨੱਢਾ ਕਹਿਣਗੇ ਤਾਂ ਉਹ ਅਸਤੀਫ਼ਾ ਦੇ ਦੇਵੇਗਾ। ਉਸ ਨੂੰ ਪਤਾ ਹੈ ਕਿ ਬਲਾਤਕਾਰੀਆਂ, ਭਗਵੇਂ ਦਹਿਸ਼ਤਗਰਦਾਂ ਦੇ ਇਹ ਸਰਪ੍ਰਸਤ ਜ਼ਬਾਨ ਹੀ ਨਹੀਂ ਖੋਲ੍ਹਣਗੇ ਅਤੇ ਉਸ ਨੂੰ ਅਸਤੀਫ਼ਾ ਦੇਣ ਲਈ ਨਹੀਂ ਕਹਿਣਗੇ। ਕਿਉਂਕਿ ਅਸਤੀਫ਼ਾ ਲਏ ਜਾਣ 'ਤੇ ਉਹ ਇਨ੍ਹਾਂ ਦੇ ਪਾਪਾਂ ਦਾ ਭਾਂਡਾ ਭੰਨ ਦੇਵੇਗਾ।

ਮਿਸਟਰ ਮੋਦੀ ਕਰਨਾਟਕ ਦੀ ਚੋਣ ਮੁਹਿੰਮ 'ਚ 'ਜੈ ਬਜਰੰਗ ਬਲੀ' ਅਤੇ 'ਭਾਰਤ ਮਾਤਾ ਕੀ ਜੈ' ਦੇ ਨਾਅਰਿਆਂ ਦਰਮਿਆਨ 'ਨਾਰੀ ਸ਼ਕਤੀ' ਦੇ ਹੋਕਰੇ ਰਿਹਾ ਹੈ ਪਰ ਮੁਲਕ ਦੀ ਰਾਜਧਾਨੀ ਵਿਚ ਨਿਆਂ ਦੀ ਮੰਗ ਕਰ ਰਹੀਆਂ ਲੜਕੀਆਂ ਨੂੰ ਉਸ ਦੀ ਹਕੂਮਤ ਆਪਣੀ 'ਬਲਾਤਕਾਰੀ ਸ਼ਕਤੀ' ਦੇ ਦੀਦਾਰ ਕਰਵਾ ਰਹੀ ਹੈ। ਵੱਡੀ ਗਿਣਤੀ 'ਚ ਪੁਲਿਸ ਫੋਰਸ ਅਤੇ ਬੈਰੀਕੇਡ ਲਗਾ ਕੇ ਦਹਿਸ਼ਤ ਪਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਪੁਲਿਸ ਹਕੂਮਤ ਦੇ ਇਸ਼ਾਰੇ 'ਤੇ ਪਾਣੀ, ਬਿਜਲੀ, ਹੋਰ ਰੋਜ਼ਮੱਰਾ ਜ਼ਰੂਰਤ ਦੀਆਂ ਚੀਜ਼ਾਂ ਦੀ ਸਪਲਾਈ ਬੰਦ ਕਰ ਕੇ, ਲੜਕੀਆਂ ਅਤੇ ਧਰਨੇ ਦੀ ਹਮਾਇਤ ਕਰਨ ਵਾਲਿਆਂ ਨਾਲ ਬਦਤਮੀਜ਼ੀ ਕਰ ਕੇ ਅਤੇ ਤਾਕਤ ਵਰਤ ਕੇ ਉਨ੍ਹਾਂ ਦਾ ਮਨੋਬਲ ਤੋੜਨ ਦੀ ਕੋਸ਼ਿਸ਼ ਕਰ ਰਹੀ ਹੈ। ਸ਼ਾਹੀਨ ਬਾਗ਼ ਮੋਰਚੇ, ਕਿਸਾਨ ਸੰਘਰਸ਼, ਜੇ.ਐੱਨ.ਯੂ., ਜਾਮੀਆ ਮਿਲੀਆ, ਦਿੱਲੀ ਯੂਨੀਵਰਸਿਟੀ ਦੇ ਵਿਦਿਆਰਥੀ ਅੰਦੋਲਨਾਂ ਨੂੰ ਕੁਚਲਣ ਲਈ ਦਿੱਲੀ ਪੁਲਿਸ ਨੇ ਬੇਖੌਫ਼ ਹੋ ਕੇ ਗੁੰਡਾਗਰਦੀ ਕੀਤੀ ਸੀ ਅਤੇ ਭਗਵੇਂ ਗੁੰਡਿਆਂ/ਦਹਿਸ਼ਤਵਾਦੀਆਂ ਨਾਲ ਮਿਲ ਕੇ ਅੰਦੋਲਨਕਾਰੀਆਂ ਉੱਪਰ ਜਬਰ ਕੀਤਾ ਸੀ ਉਸੇ ਨਮੂਨੇ 'ਤੇ ਹੁਣ ਪਹਿਲਵਾਨਾਂ ਦੇ ਸੰਘਰਸ਼ ਵਿਰੁੱਧ ਦਹਿਸ਼ਤ ਦਾ ਮਾਹੌਲ ਬਣਾਇਆ ਜਾ ਰਿਹਾ ਹੈ। ਕਠੂਆ ਸਮੂਹਿਕ ਬਲਾਤਕਾਰ/ਕਤਲ ਕੇਸ, ਉਨਾਓ ਬਲਾਤਕਾਰ ਕੇਸ ਅਤੇ ਹਾਥਰਸ ਬਲਾਤਕਾਰ ਵਰਗੇ ਕੇਸਾਂ 'ਚ ਮੋਦੀ ਨੇ ਜ਼ਬਾਨ ਨਹੀਂ ਸੀ ਖੋਲ੍ਹੀ। ਇਸ ਕੇਸ 'ਚ ਵੀ ਉਹ 'ਸਾਈਲੈਂਟ ਮੋਡ' ਵਿਚ ਹੈ ਜਿਵੇਂ ਕੁਝ ਹੋਇਆ ਹੀ ਨਾ ਹੋਵੇ। ਤਮਗੇ ਜਿੱਤ ਕੇ ਆਈਆਂ ਇਨ੍ਹਾਂ ਹੀ ਪਹਿਲਵਾਨ ਲੜਕੀਆਂ ਨੂੰ 'ਸ਼ਾਬਾਸ਼' ਦੇ ਕੇ ਵਾਹ-ਵਾਹ ਖੱਟਣੀ ਹੋਵੇ, ਭਗਵੇਂ ਦਹਿਸ਼ਤਵਾਦੀਆਂ ਦੀ ਤਾਰੀਫ਼ ਕਰਨੀ ਹੋਵੇ ਜਾਂ ਮਮਤਾ ਬੈਨਰਜੀ ਜਾਂ ਸੋਨੀਆ ਗਾਂਧੀ ਵਰਗੀਆਂ ਵਿਰੋਧੀ-ਧਿਰ ਦੀਆਂ ਆਗੂਆਂ ਉੱਪਰ ਵਿਅੰਗ ਕੱਸਣੇ ਹੋਣ ਤਾਂ ਉਸ ਦੀ ਜ਼ਬਾਨ ਫਟਾਫਟ ਖੁੱਲ੍ਹ ਜਾਂਦੀ ਹੈ। ਨਿਆਂ ਦੇ ਸਵਾਲ ਉੱਪਰ ਉਸ ਦੀ ਜੀਭ ਠਾਕੀ ਜਾਂਦੀ ਹੈ।

ਦਰਅਸਲ, ਹੁਕਮਰਾਨ ਧਿਰ ਦੇ ਚਹੇਤਿਆਂ ਅਤੇ ਰਾਜਕੀ ਤੇ ਰਾਜਸੀ ਪੁਸ਼ਤਪਨਾਹੀ ਮਾਣਦੇ ਡਾਢਿਆਂ ਵੱਲੋਂ ਜਿਨਸੀ ਸ਼ੋਸ਼ਣ ਦੀਆਂ ਕਹਾਣੀਆਂ 'ਚ ਕੁਝ ਵੀ ਹੈਰਾਨੀਜਨਕ ਨਹੀਂ ਹੈ ਅਤੇ ਨਾ ਮਜ਼ਲੂਮਾਂ ਦਾ ਨਿਆਂ ਲਈ ਸੰਘਰਸ਼ ਨਵੀਂ ਗੱਲ ਹੈ। ਸਰਸੇ ਵਾਲੇ ਸਾਧ ਵਿਰੁੱਧ ਸਾਧਵੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਜਾਨ-ਹੂਲਵੀਂ ਲੜਾਈ ਲੜਨੀ ਪਈ ਸੀ। ਇਸੇ ਤਰ੍ਹਾਂ ਦੀਆਂ ਸੈਂਕੜੇ ਮਿਸਾਲਾਂ ਮਿਲ ਜਾਣਗੀਆਂ ਜਿੱਥੇ ਨਿਆਂ ਲਈ ਮਜ਼ਲੂਮਾਂ ਆਪਣੀ ਜਾਨ ਜ਼ੋਖਮ 'ਚ ਪਾ ਕੇ ਸੱਤਾ, ਮੁਜਰਿਮਾਂ ਅਤੇ ਪੁਲਿਸ ਦੇ ਗੱਠਜੋੜ ਨਾਲ ਲੜਨਾ ਪਿਆ। ਫ਼ਰਕ ਸਿਰਫ਼ ਇਹ ਹੈ ਕਿ ਆਰ.ਐੱਸ.ਐੱਸ.-ਭਾਜਪਾ ਦੇ ਰਾਜ ਵਿਚ ਇਹ ਸੰਘਰਸ਼ ਹੋਰ ਜ਼ਿਆਦਾ ਕਠਿਨ ਹੋ ਗਿਆ ਹੈ। ਭਗਵੀਂ ਹਕੂਮਤ ਅਜਿਹੇ ਮੁਜਰਿਮਾਂ ਨੂੰ ਬਚਾਉਣ ਲਈ ਹੋਰ ਵੀ ਜ਼ਿਆਦਾ ਬੇਸ਼ਰਮੀ ਨਾਲ ਉਨ੍ਹਾਂ ਦੀ ਪਿੱਠ 'ਤੇ ਖੜ੍ਹੀ ਦੇਖੀ ਜਾ ਸਕਦੀ ਹੈ। ਦੰਗਈ, ਦਹਿਸ਼ਤਵਾਦੀ, ਬਲਾਤਕਾਰੀ ਅਤੇ ਗੁੰਡੇ ਜ਼ਮੀਨੀ ਪੱਧਰ 'ਤੇ ਸੰਘ ਬ੍ਰਿਗੇਡ ਦੇ ਕਾਰਿੰਦੇ ਹਨ ਜਿਨ੍ਹਾਂ ਉੱਪਰ ਭਗਵੀਂ ਧੌਂਸਬਾਜ਼ ਸਿਆਸਤ ਟਿਕੀ ਹੋਈ ਹੈ। ਇਸੇ ਲਈ ਭਾਜਪਾ ਦੇ ਸਾਬਕਾ ਕੇਂਦਰੀ ਮੰਦਰੀ ਚਿਨਮਯਾਨੰਦ ਅਤੇ ਉਨਾਓ ਬਲਾਤਕਾਰ-ਕਤਲ ਕੇਸ ਦੇ ਮੁਜਰਿਮ ਭਾਜਪਾ ਵਿਧਾਇਕ ਕੁਲਦੀਪ ਸੈਂਗਰ ਹੱਥੋਂ ਜਿਨਸੀ ਸ਼ੋਸ਼ਣ ਦਾ ਸ਼ਿਕਾਰ ਹੋਈਆਂ ਲੜਕੀਆਂ ਦੀ ਆਵਾਜ਼ ਨੂੰ ਦਬਾਉਣ ਲਈ ਆਰ.ਐੱਸ.ਐੱਸ.-ਭਾਜਪਾ ਨੇ ਪੂਰੀ ਤਾਕਤ ਝੋਕ ਦਿੱਤੀ ਸੀ। ਕਸ਼ਮੀਰੀ ਬੱਚੀ ਆਸਿਫ਼ਾ ਦੇ ਕਾਤਲ ਬਲਾਤਕਾਰੀਆਂ ਨੂੰ ਬਚਾਉਣ ਲਈ ਭਾਜਪਾ ਨੇ ਤਿਰੰਗੇ ਝੰਡੇ ਚੁੱਕ ਕੇ ਮੁਜ਼ਾਹਰੇ ਕੀਤੇ ਸਨ। ਗੁਜਰਾਤ ਕਤਲੇਆਮ ਦੌਰਾਨ ਬਿਲਕੀਸ ਬਾਨੋ ਨਾਲ ਸਮੂਹਿਕ ਬਲਾਤਕਾਰ ਕਰਨ ਵਾਲੇ ਸਜ਼ਾਯਾਫ਼ਤਾ ਮੁਜਰਿਮਾਂ ਦੀ ਸਜ਼ਾ ਮਾਫ਼ ਕਰ ਕੇ ਉਨ੍ਹਾਂ ਨੂੰ ਜੇਲ੍ਹਾਂ 'ਚੋਂ ਰਿਹਾ ਕੀਤਾ ਗਿਆ ਅਤੇ 'ਸੰਸਕਾਰੀ ਬ੍ਰਾਹਮਣ' ਐਲਾਨ ਕੇ ਸਨਮਾਨਿਆ ਗਿਆ। ਘਿਨਾਉਣੇ ਬਲਾਤਕਾਰੀਆਂ-ਮੁਜਰਿਮਾਂ ਨੂੰ ਤਾਂ ਰਾਜਨੀਤਕ ਜ਼ਰੂਰਤ 'ਚੋਂ ਹਰ ਹਾਕਮ ਜਮਾਤੀ ਪਾਰਟੀ ਬਚਾਉਂਦੀ ਹੈ, ਭਾਜਪਾ ਲਈ ਵੀ ਆਪਣੇ ਪੂਰਬ ਆਂਚਲ ਦੇ ਵੋਟ ਬੈਂਕ ਨੂੰ ਬਚਾਉਣ ਲਈ ਇਸ ਦਰਿੰਦੇ ਨੂੰ ਬਚਾਉਣ ਦਾ ਮਸਲਾ ਹੈ। ਪਰ ਆਰ.ਐੱਸ.ਐੱਸ.-ਭਾਜਪਾ ਦਾ ਇਸ ਪਿੱਛੇ ਬਕਾਇਦਾ ਮਨੂਵਾਦੀ ਵਿਚਾਰਧਾਰਕ ਪ੍ਰੋਜੈਕਟ ਵੀ ਹੈ। ਉਹ ਕਿਸੇ ਵੀ ਕੀਮਤ 'ਤੇ ਔਰਤਾਂ ਦੀ ਹੱਕ-ਜਤਾਈ ਨੂੰ ਕੁਚਲ ਕੇ ਉਨ੍ਹਾਂ ਨੂੰ ਸਮਾਜ ਦੀ ਕਥਿਤ ਇੱਜ਼ਤ ਲਈ ਮੂੰਹ ਨਾ ਖੋਲ੍ਹਣ ਵਾਲੀ 'ਸੰਸਕਾਰੀ ਨਾਰੀ' ਬਣਾ ਕੇ ਰੱਖਣਾ ਚਾਹੁੰਦੇ ਹਨ। ਇਸੇ ਲਈ, ਔਰਤਾਂ ਦੇ ਮਾਣ-ਸਨਮਾਨ ਅਤੇ ਹੱਕ-ਜਤਾਈ ਲਈ ਸੰਘਰਸ਼ ਦਾ ਮਹੱਤਵ ਹੁਣ ਹੋਰ ਵੀ ਜ਼ਿਆਦਾ ਹੈ ਅਤੇ ਹਰ ਨਿਆਂਪਸੰਦ ਨੂੰ ਪਹਿਲਵਾਨ ਲੜਕੀਆਂ ਦੇ ਹੱਕ 'ਚ ਸੜਕਾਂ ਉੱਪਰ ਆਉਣਾ ਚਾਹੀਦਾ ਹੈ।

---

# ਦਫਤਰਾਂ ਦਾ ਚੱਕਰਵਿਊ

ਸੁਖਦੇਵ ਸਿੰਘ ਮੇਰਾ ਸਹਿਕਰਮੀ ਸੀ। ਇਸ ਦੇ ਇਲਾਵਾ ਹੋਰ ਵੀ ਬਹੁਤ ਸਾਰੀਆਂ ਸਮਾਨਤਾਵਾਂ ਸਾਡੀ ਨੇੜਤਾ ਦਾ ਕਾਰਨ ਬਣੀਆਂ। ਸਮਾਜਿਕ ਅਤੇ ਆਰਥਿਕ ਤੌਰ 'ਤੇ ਅਸੀਂ ਹੇਠਲੇ ਵਰਗ ਵਿਚੋਂ ਆਏ ਸਾਂ। ਨੌਕਰੀ 'ਤੇ ਆਉਣ ਕਰ ਕੇ ਆਰਥਿਕ ਤੌਰ 'ਤੇ ਕੁਝ ਸੁਧਾਰ ਹੋਇਆ ਸੀ।

**ਗੁਰਦੀਪ ਢੁੱਡੀ**
ਫੋਨ: +91-95010-20731

ਉਹ ਘਰ ਵਿਚ ਇਕੱਲਾ ਕਮਾਊ ਹੋਣ ਕਰ ਕੇ ਅਜੇ ਵੀ ਚਾਦਰ ਦੇਖ ਕੇ ਪੈਰ ਪਸਾਰਨ ਵਾਲੀ ਰਮਜ਼ ਵਿਚ ਚੱਲਦਾ ਸੀ ਅਤੇ ਸਮਾਂ ਵਿਹਾਅ ਚੁੱਕੇ ਸਕੂਟਰ ਜਾਂ ਸਾਈਕਲ 'ਤੇ ਸਵਾਰ ਹੋਣ ਵਿਚ ਮਾਣ ਮਹਿਸੂਸ ਕਰਦਾ ਸੀ। ਦੋ ਬੱਚਿਆਂ- ਧੀ ਤੇ ਪੁੱਤਰ ਦਾ ਬਾਪ ਹੋਣ ਕਰ ਕੇ ਬੜੇ ਵਾਰੀ ਉਸ ਦੇ ਮੱਥੇ ਦੀਆਂ ਲਕੀਰਾਂ ਕੁਝ ਉਭਰੀਆਂ ਮੈਂ ਦੇਖਦਾ।

ਸੰਭਲ ਸੰਭਲ ਕੇ ਪੱਬ ਧਰਦਿਆਂ ਵੀ ਇਕ ਦਿਨ ਕਾਰ ਦੀ ਲੋੜ ਉਸ ਦੀ ਜ਼ੁਬਾਨ 'ਤੇ ਆ ਗਈ। ਮੇਰੇ ਇਕ ਹੋਰ ਜਾਣਕਾਰ ਵਿਕਾਸ ਕੁਮਾਰ ਨੇ ਬਹੁਤ ਸੰਭਾਲ ਕੇ ਰੱਖੀ ਕਾਰ ਵਿਕਾਊ ਕੀਤੀ ਹੋਈ ਸੀ। ਵਿਕਾਸ ਕੁਮਾਰ ਨਵੀਂ ਕਾਰ ਲੈਂਦਾ ਸੀ ਅਤੇ ਸੱਤ ਅੱਠ ਸਾਲ ਤੋਂ ਵੱਧ ਆਪਣੇ ਕੋਲ ਨਹੀਂ ਰੱਖਦਾ ਸੀ। ਇਉਂ ਉਸ ਦੀ ਇਹ ਕਾਰ ਸੁਖਦੇਵ ਸਿੰਘ ਨੇ ਲੈ ਲਈ। ਕੁਝ ਦਿਨਾਂ ਬਾਅਦ ਉਹਨੇ ਕਾਰ ਦੀ ਰਜਿਸਟ੍ਰੇਸ਼ਨ ਆਪਣੇ ਨਾਮ ਕਰਾਉਣ ਲਈ ਫਾਈਲ ਜ਼ਿਲ੍ਹਾ ਟ੍ਰਾਂਸਪੋਰਟ ਦਫ਼ਤਰ ਜਮ੍ਹਾਂ ਕਰਵਾ ਦਿੱਤੀ। ਲੋੜੀਂਦੀ ਫੀਸ ਭਰਨ ਮਗਰੋਂ ਦਫ਼ਤਰ ਦੇ ਸੰਬੰਧਿਤ ਮੁਲਾਜ਼ਮ ਨੇ ਉਸ ਨੂੰ ਪੰਦਰਾਂ ਦਿਨਾਂ ਬਾਅਦ ਪਤਾ ਕਰਨ ਦਾ ਹੁਕਮ ਦੇ ਦਿੱਤਾ।

ਕਲਰਕ ਵਾਲੀ ਪਰਚੀ ਲੈ ਕੇ ਸੁਖਦੇਵ ਸਿੰਘ ਨੇ ਜਦੋਂ ਦਫ਼ਤਰ ਤੋਂ ਪਤਾ ਕੀਤਾ ਤਾਂ ਅਜੇ ਉਸ ਦੀ ਕਾਰ ਉਸ ਦੇ ਨਾਮ ਨਾ ਚੜ੍ਹੀ ਹੋਣ ਕਰ ਕੇ ਪੰਦਰਾਂ ਦਿਨ ਦੀ ਪਰਚੀ ਨਾਲ ਪੰਦਰਾਂ ਦਿਨ ਹੋਰ ਉਡੀਕ ਕਰਨ ਲਈ ਆਖਿਆ ਗਿਆ। ਅਖੀਰ ਮਹੀਨੇ ਬਾਅਦ ਕਾਰ ਸੁਖਦੇਵ ਸਿੰਘ ਦੇ ਨਾਮ ਦੀ ਹੋਣ ਦੀ ਕਾਪੀ ਉਸ ਦੇ ਹੱਥ ਆ ਗਈ। ਆਪਣੇ ਕੋਲ ਲਿਆ ਕੇ ਜਦੋਂ ਉਸ ਨੇ ਰਜਿਸਟ੍ਰੇਸ਼ਨ ਕਾਪੀ ਚੰਗੀ ਤਰ੍ਹਾਂ ਦੇਖੀ ਤਾਂ ਇਸ ਵਿਚ ਵੱਡੀ ਗਲਤੀ ਸੀ। ਕਾਪੀ ਲੈ ਕੇ ਜਦੋਂ ਉਹ ਸੰਬੰਧਿਤ ਮੁਲਾਜ਼ਮ ਕੋਲ ਗਿਆ ਤਾਂ ਉਸ ਨੇ ਇਸ ਨੂੰ ਕਲੈਰੀਕਲ ਗਲਤੀ ਹੋਣ ਦੀ ਗੱਲ ਆਖ ਕੇ ਫਾਰਮ ਦੁਬਾਰਾ ਭਰ ਕੇ ਸੋਧ ਕੀਤੇ ਜਾਣ ਲਈ ਲੋੜੀਂਦੀ ਫੀਸ ਜਮ੍ਹਾ ਕਰਾਉਣ ਲਈ ਆਖਿਆ।

"ਪਰ ਸਰ, ਮੈਂ ਤਾਂ ਫਾਈਲ ਠੀਕ ਭਰ ਕੇ ਦਿੱਤੀ ਸੀ। ਹੁਣ ਮੈਂ ਫਾਈਲ ਦੁਬਾਰਾ ਕਿਉਂ ਭਰਾਂ! ਇਹ ਗਲਤੀ ਤੁਹਾਡੇ ਕੋਲੋਂ ਹੋਈ ਹੈ। ਇਸ ਨੂੰ ਠੀਕ ਕਰ ਕੇ ਦਿਓ।"

"ਨਹੀਂ ਜੀ, ਇਹ ਗਲਤੀ ਹੋ ਗਈ ਹੈ। ਚਾਹੇ ਇਹ ਤੁਹਾਡੇ ਕੋਲੋਂ ਹੋਈ ਹੈ, ਚਾਹੇ ਸਾਡੇ ਤੋਂ। ਤੁਹਾਨੂੰ ਫਾਈਲ ਵੀ ਭਰਨੀ ਪੈਣੀ ਹੈ ਅਤੇ ਗਲਤੀ ਠੀਕ ਕਰਾਉਣ ਦੀ ਫੀਸ ਵੀ ਜਮ੍ਹਾ ਕਰਾਉਣੀ ਪੈਣੀ ਹੈ।"

ਸੁਖਦੇਵ ਸਿੰਘ ਆਪਣੀ ਗੱਲ ਲੈ ਕੇ ਸੰਬੰਧਿਤ ਅਫਸਰ ਦੇ ਕਮਰੇ ਵਿਚ ਗਿਆ। ਅਫਸਰ ਨੇ ਵੀ ਕਲਰਕ ਵਾਲੀ ਗੱਲ ਸੁਣਾ ਕੇ ਸੁਖਦੇਵ ਸਿੰਘ ਨੂੰ ਚਲੇ ਜਾਣ ਲਈ ਕਿਹਾ, "ਦੇਖੋ ਭਾਈ ਸਾਹਿਬ, ਇਹ ਗਲਤੀ ਹੋ ਗਈ ਹੈ। ਕਿਸੇ ਤੋਂ ਵੀ ਹੋਈ ਹੈ। ਕੰਮ ਤਾਂ ਦਫ਼ਤਰੀ ਪਰੋਸੀਜ਼ਰ ਨਾਲ ਹੋਣਾ ਹੈ। ਇਸ ਲਈ ਜਾਓ, ਫਾਈਲ ਅਤੇ ਫੀਸ ਭਰ ਕੇ ਕਾਗਜ਼ ਜਮ੍ਹਾ ਕਰਵਾ ਦੇਵੋ। ਸਾਡਾ ਸਮਾਂ ਬਰਬਾਦ ਨਾ ਕਰੋ।" ਵਾਕ ਦੇ ਅਖੀਰਲੇ ਸ਼ਬਦ ਅਫਸਰ ਨੇ ਵਾਹਵਾ ਜ਼ੋਰ ਦੇ ਕੇ ਆਖੇ, ਜਿਵੇਂ ਸੁਖਦੇਵ ਸਿੰਘ ਨੇ ਕੋਈ ਬੱਜਰ ਗਲਤੀ ਕੀਤੀ ਹੋਵੇ। ਇਹ ਵਾਕਿਆ ਸੁਣ ਕੇ ਮੈਨੂੰ ਪੁਰਾਤਨ ਕਥਾ 'ਮਹਾਂਭਾਰਤ' ਵਿਚਲਾ ਇਕ ਬਿਰਤਾਂਤ ਯਾਦ ਆ ਗਿਆ।

ਕਥਾ ਵਿਚਲੇ ਯੁੱਧ ਕਲਾ ਦੇ ਗੁਰੂ ਦਰੋਣਾਚਾਰੀਆ ਨੇ ਦੁਰਯੋਧਨ ਨੂੰ ਯੁੱਧ 'ਕਿਸੇ ਵੀ ਤਰ੍ਹਾਂ' ਜਿੱਤ ਕੇ ਦੇਣ ਦਾ ਵਾਅਦਾ ਕੀਤਾ ਸੀ। ਯੁੱਧ ਜਿੱਤਣ ਲਈ ਉਸ ਨੇ ਉਹ ਸਮਾਂ ਚੁਣਿਆ ਜਦੋਂ ਕ੍ਰਿਸ਼ਨ ਜੀ ਅਤੇ ਅਰਜਨ ਯੁੱਧ ਖੇਤਰ ਤੋਂ ਦੂਰ ਚਲੇ ਜਾਣਗੇ। ਇਸ ਸਮੇਂ ਉਸ ਨੇ ਚੱਕਰਵਿਊ ਦੀ ਰਚਨਾ ਕਰਨੀ ਸੀ। ਕ੍ਰਿਸ਼ਨ ਜੀ ਅਤੇ ਅਰਜਨ ਤੋਂ ਬਿਨਾ ਪਾਂਡਵ ਸੈਨਾ ਵਿਚ ਕੋਈ ਵੀ ਚੱਕਰਵਿਊ ਤੋੜਨਾ ਨਹੀਂ ਜਾਣਦਾ ਸੀ। ਇਸ ਤਰ੍ਹਾਂ ਦਰੋਣਾਚਾਰੀਆ ਚੱਕਰਵਿਊ ਦੀ ਰਚਨਾ ਕਰ ਕੇ ਪਾਂਡਵਾਂ ਦੇ ਰਾਜੇ ਯੁੱਧਿਸ਼ਟਰ ਨੂੰ ਕੈਦੀ ਬਣਾ ਲਵੇਗੀ। ਰਾਜੇ ਦੇ ਕੈਦੀ ਹੋਣ ਦੀ ਸੂਰਤ ਵਿਚ ਪਾਂਡਵ ਸੈਨਾ ਹਾਰੀ ਹੋਈ ਮੰਨੀ ਜਾਵੇਗੀ ਅਤੇ ਯੁੱਧ ਸਮਾਪਤ ਹੋ ਜਾਵੇਗਾ। ਇੱਥੇ ਆ ਕੇ ਨੀਤੀ ਜਾਂ ਫਿਰ ਹੋਰ ਕੁਝ ਕੰਮ ਨਹੀਂ ਕਰਦਾ ਸੀ। ਬੱਸ ਪਿਆਰ ਅਤੇ ਯੁੱਧ ਵਿਚ ਸਭ ਕੁਝ ਜਾਇਜ਼ ਵਾਲੀ ਗੱਲ ਹੀ ਚੱਲਦੀ ਸੀ।

ਅੰਗਰੇਜ਼ੀ ਰਾਜ ਸਮੇਂ ਇਸ ਕਥਾ ਦੇ ਉਪਰਲੇ ਪ੍ਰਸੰਗ ਨੂੰ ਲੈ ਕੇ ਹੀ ਸ਼ਾਇਦ ਬਾਬੂ ਅਤੇ ਫਾਈਲ ਕਲਚਰ ਬਣਾਇਆ ਹੋਵੇ! ਅੰਗਰੇਜ਼ ਭਾਵੇਂ ਭਾਰਤ ਵਿਚੋਂ ਚਲੇ ਗਏ, ਦੇਸ਼ ਆਜ਼ਾਦ ਹੋ ਗਿਆ, ਲੋਕਤੰਤਰੀ ਪ੍ਰਕਿਰਿਆ ਵੀ ਲਾਗੂ ਹੋ ਗਈ ਪਰ ਫਾਈਲ ਤੇ ਬਾਬੂ ਕਲਚਰ ਜਿਉਂ ਦਾ ਤਿਉਂ ਬਰਕਰਾਰ ਹੈ। ਇਸ ਲੋਕਤੰਤਰੀ ਪ੍ਰਕਿਰਿਆ ਵਿਚ ਲੋਕਾਂ ਦੇ ਚੁਣੇ ਹੋਏ ਨੁਮਾਇੰਦੇ ਸ਼ਾਸਕ ਬਣ ਗਏ। ਦੇਖਣ ਵਿਚ ਆਉਂਦਾ ਹੈ ਕਿ ਸਾਡੇ ਸ਼ਾਸਕ ਕੋਈ ਕੰਮ ਕਰਨ ਲਈ ਬਿਆਨ ਇਸ ਤਰ੍ਹਾਂ ਦਿੰਦੇ ਹਨ ਜਿਵੇਂ ਇਹ ਕੰਮ ਜਲਦੀ ਹੀ ਹੋ ਜਾਵੇਗਾ ਪਰ ਜਿਵੇਂ ਹੀ ਸ਼ਾਸਕਾਂ ਦੇ ਹੁਕਮ ਪ੍ਰਸ਼ਾਸਕਾਂ ਦੇ ਹੱਥਾਂ ਅਤੇ ਫਾਈਲਾਂ ਵਿਚ ਜਾਂਦੇ ਹਨ ਤਿਵੇਂ ਹੀ ਇਨ੍ਹਾਂ ਫਾਈਲਾਂ ਦੀ ਤੋਰ ਅਤੇ ਪ੍ਰਕਿਰਤੀ ਵਿਚ ਅੰਤਾਂ ਦੀ ਤਬਦੀਲੀ ਆਉਣੀ ਸ਼ੁਰੂ ਹੋ ਜਾਂਦੀ ਹੈ। ਬੜੀ ਵਾਰੀ ਤਾਂ ਇਹ ਦਰੋਣਾਚਾਰੀਆ ਦੇ ਚੱਕਰਵਿਊਹ ਬਣ ਜਾਂਦੀਆਂ ਹਨ ਜਿਸ ਨੂੰ ਸ਼ਾਸਕ ਵੀ ਤੋੜਨਾ ਨਹੀਂ ਜਾਣਦੇ ਹਨ ਅਤੇ ਕੰਮ ਵਿਚਾਰੇ ਦਮ ਤੋੜ ਜਾਂਦੇ ਹਨ।

*ਗਣੇਸ਼ ਨਰਾਇਣ ਦੇਵੀ ਨੇ ਭਾਸ਼ਾ ਵਿਗਿਆਨ, ਮਾਨਵ ਵਿਗਿਆਨ ਅਤੇ ਸਾਹਿਤਕ ਆਲੋਚਨਾ ਵਰਗੇ ਮਹੱਤਵਪੂਰਨ ਖੇਤਰਾਂ ਵਿਚ ਕੰਮ ਕੀਤਾ ਹੈ; ਕਈ ਕਿਤਾਬਾਂ ਅਤੇ ਖੋਜ ਪੱਤਰ ਲਿਖੇ ਹਨ ਜੋ ਗਿਆਨ ਅਤੇ ਸੱਤਾ ਦੇ ਸੰਬੰਧਾਂ ਦੀ ਅਤੇ ਇਹ ਛਾਣਬੀਣ ਕਰਦੇ ਹਨ ਕਿ ਕੁਲੀਨ ਵਰਗ ਨੇ ਪੂਰੇ ਮਨੁੱਖੀ ਇਤਿਹਾਸ ਵਿਚ ਗਿਆਨ ਨੂੰ ਪਰਿਭਾਸ਼ਿਤ ਕਿਵੇਂ ਕੀਤਾ ਹੈ ਅਤੇ ਉਸ ਉੱਪਰ ਇਜਾਰੇਦਾਰੀ ਕਿਵੇਂ ਬਣਾਈ ਹੈ। ਉਹ ਵੜੋਦਰਾ ਵਿਚ ਭਾਸ਼ਾ ਖੋਜ ਅਤੇ ਪ੍ਰਕਾਸ਼ਨ ਕੇਂਦਰ ਅਤੇ ਗੁਜਰਾਤ ਦੇ ਤੇਜਗੜ੍ਹ ਵਿਚ ਆਦਿਵਾਸੀ ਅਕਾਦਮੀ ਦੇ ਸੰਸਥਾਪਕ ਹਨ ਜੋ ਆਦਿਵਾਸੀ ਸਿੱਖਿਆ ‘ਤੇ ਕੰਮ ਕਰਦੇ ਹਨ। 2010 ਵਿਚ ਦੇਵੀ ਨੇ ਪੀਪਲਜ਼ ਲਿੰਗੂਇਸਟਿਕ ਸਰਵੇ ਆਫ ਇੰਡੀਆ ਦੀ ਪ੍ਰਧਾਨਗੀ ਕੀਤੀ ਜਿਸ ਨੇ 780 ਜੀਵਿਤ ਭਾਰਤੀ ਭਾਸ਼ਾਵਾਂ ਉੱਪਰ ਖੋਜ ਕੀਤੀ। ਉਹ ਸਾਹਿਤ ਅਕਾਦਮੀ ਪੁਰਸਕਾਰ, ਸਾਰਕ ਸਾਹਿਤਕ ਪੁਰਸਕਾਰ, ਪ੍ਰਿੰਸ ਕਲਾਜ ਪੁਰਸਕਾਰ, ਕੌਮਾਂਤਰੀ ਲਿੰਗੁਆਪੈਕਸ ਐਵਾਰਡ ਅਤੇ ਪਦਮਸ੍ਰੀ ਐਵਾਰਡ ਸਮੇਤ ਕਈ ਹੋਰ ਪੁਰਸਕਾਰਾਂ ਨਾਲ ਨਵਾਜੇ ਜਾ ਚੁੱਕੇ ਹਨ। 2015 ‘ਚ ਉਨ੍ਹਾਂ ਨੇ ਸਾਹਿਤ ਅਕਾਦਮੀ ਇਨਾਮ ਜੇਤੂ ਕੰਨੜ ਲੇਖਕ ਅਤੇ ਤਰਕਸ਼ੀਲ ਐੱਮ.ਐੱਮ. ਕਲਬੁਰਗੀ ਦੇ ਕਤਲ ਉੱਪਰ ਸੰਸਥਾ ਦੀ ਚੁੱਪ ਦੇ ਵਿਰੋਧ ‘ਚ ਆਪਣਾ ਸਾਹਿਤ ਅਕਾਦਮੀ ਪੁਰਸਕਾਰ ਵਾਪਸ ਕਰ ਦਿੱਤਾ। ਅਕਤੂਬਰ 2022 ‘ਚ ਦੇਵੀ ਸਮੇਤ ਲੱਗਭੱਗ ਅੱਸੀ ਵਿਦਵਾਨਾਂ ਦੇ ਆਲਮੀ ਸਮੂਹ ਨੇ 600 ਪੰਨਿਆਂ ਦੀ ਰਿਪੋਰਟ ਜਾਰੀ ਕੀਤੀ– ‘ਹੋਲੋਸੀਨ ਤੋਂ ਬਾਅਦ ਭਾਰਤ: ਪਿਛਲੇ ਬਾਰਾਂ ਹਜ਼ਾਰ ਸਾਲਾਂ ‘ਚ ਵਾਤਾਵਰਨ, ਲੋਕ, ਜੀਵਨ, ਵਿਚਾਰ, ਪ੍ਰਗਟਾਵੇ, ਗਠਨ, ਅੰਦੋਲਨ, ਪਰੰਪਰਾਵਾਂ ਅਤੇ ਪਰਿਵਰਤਨ।’ ਇਹ ਭਾਰਤੀ ਇਤਿਹਾਸ ਦੇ 12000 ਸਾਲਾਂ ਦਾ ਦਸਤਾਵੇਜ਼ ਹੈ। ਕਾਰਵਾਂ ਦੇ ਮਲਟੀਮੀਡੀਆ ਰਿਪੋਰਟਰ ਸ਼ਾਹਿਦ ਤਾਂਤਰੇ ਨੇ ਇਸ ਰਿਪੋਰਟ ਬਾਰੇ, ਰਾਸ਼ਟਰੀ ਸਵੈਮ ਸੇਵਕ ਸੰਘ ਤੇ ਇਸ ਦੇ ਚੁਣਾਵੀ ਵਿੰਗ ਭਾਰਤੀ ਜਨਤਾ ਪਾਰਟੀ ਵੱਲੋਂ ਭਾਰਤੀ ਇਤਿਹਾਸ ਨੂੰ ਮੁੜ ਲਿਖਣ ਦੀਆਂ ਕੋਸ਼ਿਸ਼ਾਂ, ਮੁਤਵਾਜ਼ੀ ਗਿਆਨ ਪ੍ਰਣਾਲੀਆਂ, ਸੱਜੇ ਪੱਖੀਆਂ ਵੱਲੋਂ ਬੀ.ਆਰ. ਅੰਬੇਡਕਰ ਉੱਪਰ ਕਬਜ਼ਾ ਕਰਨ, ਹਿੰਦੀ ਨੂੰ ਪ੍ਰਮੁੱਖਤਾ ਦੇਣ ਆਦਿ ਮੁੱਦਿਆਂ ਉੱਪਰ ਉਨ੍ਹਾਂ ਨਾਲ ਗੱਲਬਾਤ ਕੀਤੀ। ਇਸ ਲਿਖਤ ਦਾ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਕੀਤਾ ਹੈ।*

# ਇਤਿਹਾਸ ਲੋਕਾਂ ਦੇ ਚੇਤਿਆਂ ਵਿਚ ਜ਼ਿੰਦਾ ਰਹੇਗਾ

## ਇਤਿਹਾਸ ਦੇ ਭਗਵੇਕਰਨ ਬਾਰੇ ਉਘੇ ਵਿਦਵਾਨ ਜੀ.ਐੱਨ. ਦੇਵੀ ਨਾਲ ਮੁਲਾਕਾਤ

**ਸ਼ਾਹਿਦ ਤਾਂਤਰੇ:** ਇਹ ਦੇਖਦੇ ਹੋਏ ਕਿ ਭਾਰਤ ਦੀ ਧਾਰਨਾ ਮੁਕਾਬਲਤਨ ਨਵੀਂ ਹੈ, ਉਪ ਮਹਾਂਦੀਪ ਦੇ ਇਤਿਹਾਸ ਦੇ ਪਿਛਲੇ 12000 ਸਾਲ ਮਹੱਤਵਪੂਰਨ ਕਿਉਂ ਹਨ?



**ਗਣੇਸ਼ ਨਰਾਇਣ ਦੇਵੀ:** 19ਵੀਂ ਸਦੀ ਦੌਰਾਨ ਜਦੋਂ ਜਦੋਂ ਯੂਰਪ ਵਿਚ ਇਤਿਹਾਸ ਦਾ ਅਧਿਐਨ ਸ਼ੁਰੂ ਹੋਇਆ

**ਮੁਲਾਕਾਤੀ: ਸ਼ਾਹਿਦ ਤਾਂਤਰੇ**
**ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ**

ਅਤੇ ਸਾਡੇ ਲਈ ਇਸ ਦੇ ਦੂਜੇ ਅੱਧ ‘ਚ ਇਕ ਪ੍ਰਵਿਰਤੀ ਉੱਭਰੀ ਜਿਸ ਨੇ ਭਾਰਤੀ ਅਤੀਤ ਨੂੰ ਆਧੁਨਿਕ, ਮੱਧਕਾਲੀ ਅਤੇ ਪ੍ਰਾਚੀਨ ਇਤਿਹਾਸ ਵਿਚ ਵੰਡ ਦਿੱਤਾ। ਜਦੋਂ ਯੂਰਪੀ ਇਤਿਹਾਸ ਰੁਕ ਗਿਆ ਤਾਂ ਉਸ ਸਮੇਂ ਉੱਪਰ ਪੁਰਾਤਨ ਭਾਰਤੀ ਇਤਿਹਾਸ ਰੁਕ ਗਿਆ। ਮੈਕਸ ਮੂਲਰ ਵਰਗੇ ਵਿਦਵਾਨਾਂ ਦਾ ਕਹਿਣਾ ਹੈ ਕਿ ਵੇਦ ਸਾਡੇ ਕੋਲ ਸਾਡੇ ਅਤੀਤ ਦੇ ਸੱਚ ਨੂੰ ਸਥਾਪਤ ਕਰਨ ਲਈ ਹਾਸਲ ਪਹਿਲੀ ਮੌਖਿਕ ਗਵਾਹੀ ਹਨ, ਇਸ ਲਈ ਯੂਰਪੀ ਇਤਿਹਾਸਕਾਰ ਉੱਥੇ ਹੀ ਰੁਕ ਗਏ। ਉਸੇ ਸਮੇਂ, 1830 ਦੇ ਦਹਾਕੇ ਵਿਚ ਪੁਰਾਤੱਤਵ ਵਿਗਿਆਨ ਉੱਭਰ ਰਿਹਾ ਸੀ ਅਤੇ ਪੁਰਾਤੱਤਵ ਵਿਗਿਆਨੀਆਂ ਨੇ ਵੇਦਾਂ ਤੋਂ ਪਹਿਲੇ ਅਤੀਤ ਦਾ ਅਧਿਐਨ ਕਰਨਾ ਸ਼ੁਰੂ ਕਰ ਦਿੱਤਾ। ਇਤਿਹਾਸ ਦਾ ਸਾਡਾ ਅਧਿਐਨ ਉਪ ਮਹਾਂਦੀਪ ਵਿਚ ਮਨੁੱਖੀ ਆਵਾਸ ਦੇ ਅਨੁਰੂਪ ਨਹੀਂ ਸੀ ਸਗੋਂ ਉਸ ਸਮੇਂ ਦੇ ਅਕਾਦਮਿਕ ਵਿਚਾਰਾਂ ਦੇ ਅਨੁਰੂਪ ਸੀ।

ਇਹ ਬਿਲਕੁਲ ਸਹੀ ਹੈ ਪਰ ਪਿਛਲੇ ਵੀਹ ਸਾਲਾਂ ਦੌਰਾਨ ਪ੍ਰਾਚੀਨ ਅਨੁਵੰਸ਼ਕੀ ਦੇ ਅਧਿਐਨ ਨੇ ਬਹੁਤ ਉੱਨਤ ਸਥਿਤੀ ਹਾਸਲ ਕਰ ਲਈ ਅਤੇ ਇਸ ਕਾਰਨ ਸੱਜੇ ਪੱਖੀ ਇਤਿਹਾਸਕਾਰਾਂ ਨੇ ਵੱਡੇ ਵੱਡੇ ਦਾਅਵੇ ਕਰਨੇ ਸ਼ੁਰੂ ਕਰ ਦਿੱਤੇ ਕਿ ਸਿੰਧੂ ਸਭਿਅਤਾ ਦੇ ਪੁਰਾਤੱਤਵੀ ਅਤੀਤ ਅਤੇ ਵੈਦਿਕ ਸਭਿਅਤਾ ਦੇ ਇਤਿਹਾਸਕ ਅਤੀਤ ਵਿਚ ਬਹੁਤ ਨਿਰੰਤਰਤਾ ਹੈ ਪਰ ਭਾਸ਼ਾ ਵਿਗਿਆਨ ਇਸ ਦੀ ਇਜਾਜ਼ਤ ਨਹੀਂ ਦਿੰਦਾ। 1900 ਈਸਾ ਪੂਰਵ ਵਿਚ ਸਿੰਧੂ ਸਭਿਅਤਾ ਦਾ ਪਤਨ ਹੋਇਆ ਅਤੇ ਫਿਰ 1400 ਈਸਾ ਪੂਰਵ ਵਿਚ ਵੈਦਿਕ ਸਭਿਅਤਾ ਹੌਲੀ ਹੌਲੀ ਉਭਰੀ ਅਤੇ 7ਵੀਂ ਸਦੀ ਈਸਾ ਪੂਰਵ ਵਿਚ ਪੂਰੀ ਤਰ੍ਹਾਂ ਵਧੀ-ਫੁੱਲੀ। ਇਸ ਤੋਂ ਬਾਅਦ ਬੁੱਧ ਧਰਮ ਆਉਂਦਾ ਹੈ। ਇਉਂ 500 ਸਾਲ ਦਾ ਫ਼ਾਸਲਾ ਹੋ ਗਿਆ। ਇਹ ਕੁਝ ਵੀ ਸਾਬਤ ਨਹੀਂ ਕਰਦਾ ਕਿ ਨਿਰੰਤਰਤਾ ਸੀ।


ਇਤਿਹਾਸ ਨਿਰੰਤਰਤਾ ਦੀ ਕਹਾਣੀ ਹੈ ਪਰ ਨਾਲ ਹੀ ਅ-ਨਿਰੰਤਰਤਾ ਦੀ ਕਹਾਣੀ ਵੀ ਹੈ। ਸਿੰਧੂ ਸਭਿਅਤਾ ਦੇ ਅਧਿਐਨ ਨੂੰ ਭਾਰਤੀ ਪੂਰਵ-ਇਤਿਹਾਸ ਜਾਂ ਭਾਰਤੀ ਅਤੀਤ ਦੀ ਸ਼ੁਰੂਆਤ ਨਹੀਂ ਬਣਾਇਆ ਜਾ ਸਕਦਾ ਕਿਉਂਕਿ ਸਿੰਧੂ ਸਭਿਅਤਾ, ਸ਼ਹਿਰੀ ਸਭਿਅਤਾ ਸੀ ਜੋ ਉਦੋਂ ਤੱਕ ਸੰਭਵ ਨਹੀਂ ਹੋ ਸਕਦੀ ਸੀ ਜਦੋਂ ਤੱਕ ਖੇਤੀਬਾੜੀ ਪਹਿਲਾਂ ਹੀ ਏਨੀ ਵਿਕਸਤ ਨਹੀਂ ਕਰ ਲਈ ਜਾਂਦੀ ਜੋ ਧਨ ਇਕੱਠਾ ਕਰਨ ਦੀ ਇਜਾਜ਼ਤ ਦੇ ਦੇਵੇ। ਲਗਭਗ 5000 ਈਸਵੀ ਪੂਰਵ ਵਿਚ ਖੇਤੀ ਈਰਾਨ ਤੋਂ ਭਾਰਤ ਵਿਚ ਆਈ। 7000 ਸਾਲ ਪਿੱਛੇ ਜਾਣਾ ਪਵੇਗਾ ਪਰ ਉਹ ਲੋਕ ਅਚਾਨਕ ਖੇਤੀਬਾੜੀ ਵੱਲ ਕਿਵੇਂ ਮੁੜੇ ਜੋ ਸ਼ਿਕਾਰੀ ਅਤੇ ਕੰਦ-ਮੂਲ ਇਕੱਠਾ ਕਰਨ ਵਾਲੇ ਸਨ? ਇਹ ਇਕ ਹੋਰ ਸਵਾਲ ਹੈ ਜਿਸ ਦਾ ਜਵਾਬ ਦਿੱਤਾ ਜਾਣਾ ਹੈ। ਇਸ ਦੇ ਲਈ ਸਾਨੂੰ ਖ਼ਾਨਾਬਦੋਸ਼ ਸ਼ਿਕਾਰੀ ਭਾਈਚਾਰਿਆਂ ਦੇ ਲਈ ਹੋਰ 1500 ਸਾਲ ਪਿੱਛੇ ਜਾਣਾ ਪਵੇਗਾ ਅਤੇ ਇਹ ਸਾਨੂੰ ਮਹਾਨ ਇਤਿਹਾਸਕ ਘਟਨਾ ਦੇ ਨੇੜੇ ਲੈ ਜਾਂਦਾ ਹੈ।

ਇਹ ਪੌਣਪਾਣੀ ਦਾ ਬਹੁਤ ਹੀ ਮਹੱਤਵਪੂਰਨ ਪਰਿਵਰਤਨ ਸੀ - ਠੰਢੇ ਪੌਣ-ਪਾਣੀ ਵਿਚ ਤਬਦੀਲੀ ਆਉਣਾ ਸ਼ੁਰੂ ਹੋਇਆ ਅਤੇ ਤਾਪਮਾਨ ਵਧਿਆ। ਇਸ ਨਾਲ ਭਾਰਤ ਦੀ ਧਰਤੀ ਦੇ ਦੋ ਤਿਹਾਈ ਹਿੱਸੇ ਉੱਪਰ ਬਰਫ਼ ਦੀ ਚਾਦਰ ਪਿਘਲ ਗਈ। ਸਮੇਂ ਦੇ ਉਸ ਪਲ ਨੂੰ ਹੋਲੋਸੀਨ, ਯਾਨੀ ਮੌਜੂਦਾ ਯੁੱਗ ਕਿਹਾ ਜਾਂਦਾ ਹੈ ਅਤੇ ਇਹ ਲਗਭਗ 9500 ਈਸਾ ਪੂਰਵ ਭਾਵ 12000 ਸਾਲ ਪਹਿਲਾਂ ਦਾ ਹੈ। ਇਹ ਮੁਲਕ ਦੇ ਵੱਖ-ਵੱਖ ਹਿੱਸਿਆਂ ਵਿਚ ਵੱਖ-ਵੱਖ ਸਮਿਆਂ ‘ਤੇ ਲਗਾਤਾਰ ਪਰਵਾਸ, ਤਬਦੀਲੀ, ਅ-ਨਿਰੰਤਰਤਾ ਅਤੇ ਨਿਰੰਤਰਤਾ ਦੀ ਕਹਾਣੀ ਹੈ। ਪੰਜਾਬ ਵਿਚ ਜੋ ਵਾਪਰਿਆ, ਉਹ ਉਸੇ ਸਮੇਂ ਉੜੀਸਾ ਜਾਂ ਕੇਰਲ ਵਿਚ ਨਹੀਂ ਹੋਇਆ ਅਤੇ ਇਸ ਲਈ ਭਾਰਤ ਦੀਆਂ ਸਭਿਅਤਾਵਾਂ ਅਤੇ ਇਸ ਤੋਂ ਬਾਅਦ ਦੀਆਂ ਸ਼ਾਖਾਵਾਂ ਨੂੰ ਭਾਰਤ ਦੇ ਬਹੁਤ ਸਾਰੇ ਇਤਿਹਾਸਾਂ ਦੇ ਪ੍ਰਸੰਗ ‘ਚ ਦੇਖਣਾ ਜ਼ਰੂਰੀ ਹੈ। ਇਹ ਅਕਾਦਮਿਕ ਪਹਿਲੂ ਹੈ।

ਭਾਰਤ ਸਰਕਾਰ ਦੇ ਸੰਸਕ੍ਰਿਤੀ ਮੰਤਰਾਲੇ ਨੇ ਭਾਰਤ ਦੇ ਪਿਛਲੇ 12000 ਸਾਲਾਂ ਦੇ ਦੀ ਸਮੀਖਿਆ ਕਰਨ ਲਈ ਕਮੇਟੀ ਬਣਾਈ ਸੀ ਅਤੇ ਉਸ ਕਮੇਟੀ ਵਿਚ ਸਿਰਫ਼ ਉੱਤਰੀ ਭਾਰਤੀ ਸ਼ਾਮਲ ਸਨ - ਦੱਖਣ, ਉੱਤਰ ਪੂਰਬ ਤੋਂ ਕੋਈ ਨਹੀਂ, ਕੋਈ ਔਰਤ, ਕੋਈ ਇਸਾਈ, ਕੋਈ ਮੁਸਲਮਾਨ, ਕੋਈ ਦਲਿਤ ਨਹੀਂ, ਕੋਈ ਆਦਿਵਾਸੀ ਨਹੀਂ। ਅਜਿਹੀ ਕਮੇਟੀ ਦੇ ਮਨੋਰਥ ਬਾਰੇ ਸ਼ੱਕ ਪੈਦਾ ਹੁੰਦਾ ਹੈ ਕਿ ਇਹ ਐੱਨ.ਸੀ.ਈ.ਆਰ.ਟੀ. ਦੀਆਂ ਕਿਤਾਬਾਂ ਰਾਹੀਂ ਬੱਚਿਆਂ ਉੱਪਰ ਕੀ ਥੋਪ ਸਕਦੀ ਹੈ ਅਤੇ ਇਹ ਭਾਰਤ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਕਿਵੇਂ ਤਬਾਹਕੁਨ ਹੋ ਸਕਦੀ ਹੈ। ਭਾਰਤ ਦਾ 12000 ਸਾਲਾਂ ਦਾ ਇਤਿਹਾਸ ਬਹੁਤ ਸਾਰੀਆਂ ਲੜਾਈਆਂ, ਸੰਘਰਸ਼ਾਂ, ਤ੍ਰਾਸਦੀਆਂ ਅਤੇ ਹਿੰਸਕ ਜਨੂਨ ਦੇ ਕਈ ਪਲਾਂ ਨਾਲ ਭਰਿਆ ਪਿਆ ਹੈ। ਫਿਰ ਵੀ ਇਸ ਦੇ ਕੇਂਦਰ ਵਿਚ ਸਾਡਾ ਸਾਰਾ ਅਤੀਤ ਸਾਨੂੰ ਸਹਿਣਸ਼ੀਲ, ਦਿਆਲੂ, ਮਾਨਵੀ, ਸਵੈ-ਸੰਜਮੀ ਹੋਣਾ ਸਿਖਾਉਂਦਾ ਹੈ। ਇਸ ਗ਼ੈਰ-ਅਕਾਦਮਿਕ ਵਜ੍ਹਾ ਕਰ ਕੇ ਵੀ ਪਿਛਲੇ 12000 ਸਾਲਾਂ ਅਤੇ ਇਸ ਤੋਂ ਵੀ ਪਹਿਲਾਂ ਦੇ ਭਾਰਤੀ ਅਤੀਤ ਨੂੰ ਦੇਖਣਾ ਜ਼ਰੂਰੀ ਸੀ।

**ਸ਼ਾਹਿਦ ਤਾਂਤਰੇ:** ਹੋਲੋਸੀਨ ਰਿਪੋਰਟ ਜਾਰੀ ਕਰਨ ਸਮੇਂ ਤੁਸੀਂ ਆਪਣੇ ਭਾਸ਼ਣ ਵਿਚ ਕਿਹਾ ਸੀ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਭਾਰਤੀ ਇਤਿਹਾਸ ਦੇ ਕੁਝ ਪਹਿਲੂਆਂ ਨੂੰ ਸੋਧਣ ਲਈ ਵੱਡੀ ਯੋਜਨਾ ਦੇ ਰੂਪ ‘ਚ ਇਤਿਹਾਸ ਨੂੰ ਮੁੜ ਲਿਖਣ ਲਈ 2018 ਵਿਚ ਕਮੇਟੀ ਨਿਯੁਕਤ ਕੀਤੀ। ‘ਵੱਡੀ ਯੋਜਨਾ’ ਅਤੇ ਉਨ੍ਹਾਂ ‘ਕੁਝ ਪਹਿਲੂਆਂ’ ਤੋਂ ਤੁਹਾਡਾ ਕੀ ਭਾਵ ਹੈ?

**ਗਣੇਸ਼ ਨਰਾਇਣ ਦੇਵੀ:** ਵੱਡੀ ਯੋਜਨਾ ਬਹਾਦਰੀ ਵਾਲੇ ਕੰਮ ਕਰਨ ਵਾਲੇ ਸ਼ਾਸਨ ਨੂੰ ਦਰਸਾਉਣ ਦੀ ਹੈ। ਬਹਾਦਰੀ ਵਾਲੇ ਕੰਮਾਂ ਕਰ ਕੇ ਅਨਿਆਂ ਹੋਣਾ ਵੀ ਜ਼ਰੂਰੀ ਹੈ। ਨਾਇਕ ਹਮੇਸ਼ਾ ਅਨਿਆਂ ਅਤੇ ਗ਼ਲਤ ਕੰਮਾਂ ਦਾ ਬਦਲਾ ਲੈਂਦਾ ਹੈ।



ਗਣੇਸ਼ ਨਰਾਇਣ ਦੇਵੀ

ਜੇ ਕੋਈ ਇਹ ਕਹਿ ਕੇ ਇਤਿਹਾਸ ਰਚਦਾ ਹੈ ਕਿ ਅਸੀਂ ਸੁਨਹਿਰੀ ਯੁਗ ਵਿਚ ਰਹਿੰਦੇ ਸਾਂ ਅਤੇ ਫਿਰ ਇਹ ਹੋਰ ਲੋਕ ਆਏ ਜਿਨ੍ਹਾਂ ਨੇ ਸਾਡੀ ਖ਼ੁਸ਼ੀ ਖੋਹ ਲਈ, ਸਾਡੀ ਵਿਗਿਆਨਕ ਉੱਤਮਤਾ, ਸੋਚ ਦੀ ਉੱਤਮਤਾ ਖੋਹ ਲਈ ਅਤੇ ਸਿਰਫ਼ ਵਿਦੇਸ਼ੀ ਵਿਚਾਰ ਸਾਡੇ ਉੱਪਰ ਥੋਪ ਕੇ ਸਾਨੂੰ ਦੋਇਮ ਦਰਜੇ ਦੇ ਨਾਗਰਿਕ ਬਣਾ ਦਿੱਤਾ, ਤੇ ਹੁਣ ਜੇਕਰ ਕੋਈ ਇਹ ਦਾਅਵਾ ਕਰੇ ਕਿ ਮੈਂ ਉਨ੍ਹਾਂ ਪਿਛਲੇ ਪਾਪਾਂ ਦਾ ਬਦਲਾ ਲੈਣ, ਭਾਰਤ ਨੂੰ ਸ਼ੁੱਧ ਕਰਨ ਅਤੇ ਇਸ ਨੂੰ ਸਾਰੇ ਵਿਦੇਸ਼ੀ ਵਿਚਾਰਾਂ ਅਤੇ ਸਾਡੇ ਸਮਾਜ ਨੂੰ ਪ੍ਰਦੂਸ਼ਿਤ ਕਰਨ ਵਾਲੇ ਵਿਦੇਸ਼ੀਆਂ ਤੋਂ ਛੁਟਕਾਰਾ ਦਿਵਾਉਣ ਲਈ ਆਇਆ ਹਾਂ ਤਾਂ ਉਹ ਬੰਦਾ ਨਾਇਕ ਦੇ ਰੂਪ ‘ਚ ਉਭਰੇਗਾ। ਇਸ ਦੇ ਲਈ ਇਤਿਹਾਸ ਨੂੰ ਗ਼ਲਤ ਤਰੀਕੇ ਨਾਲ ਲਿਖਣ ਦੀ ਜ਼ਰੂਰਤ ਪਵੇਗੀ।

ਕਮੇਟੀ ਉਸ ਤਰ੍ਹਾਂ ਦਾ ਸੱਚ ਤਜਵੀਜ਼ ਕਰਨ ਵਾਲੇ ਇਤਿਹਾਸ ਦੇ ਗ੍ਰੰਥਾਂ ਨੂੰ ਪੇਸ਼ ਕਰ ਸਕਦੀ ਹੈ ਜੋ ਇਤਿਹਾਸ ਦੀ ਸਚਾਈ ਤੋਂ ਬਹੁਤ ਦੂਰ ਹੋਣ। ਸੱਚ ਤਾਂ ਇਹ ਹੈ ਕਿ ਕੋਈ ਹੁਕਮਰਾਨ ਮੁਸਲਮਾਨ ਹੋ ਸਕਦਾ ਹੈ, ਉਸ ਦਾ ਜਰਨੈਲ ਹਿੰਦੂ ਹੋ ਸਕਦਾ ਹੈ ਅਤੇ ਕੋਈ ਹੁਕਮਰਾਨ ਹਿੰਦੂ ਹੋ ਸਕਦਾ ਹੈ ਤੇ ਉਸ ਦਾ ਜਰਨੈਲ ਮੁਸਲਮਾਨ ਹੋ ਸਕਦਾ ਹੈ। ਸੱਚ ਤਾਂ ਇਹ ਹੈ ਕਿ ਕਿਸੇ ਦਰਗਾਹ ਉੱਪਰ ਹਿੰਦੂ, ਮੁਸਲਮਾਨ ਅਤੇ ਇਸਾਈ, ਸਾਰੇ ਪੂਜਾ ਕਰਦੇ ਸਨ। ਇੱਕੋ ਕਵਿਤਾ ਵਿਚ ਫ਼ਾਰਸੀ ਅਤੇ ਸੰਸਕ੍ਰਿਤ ਭਾਸ਼ਾਵਾਂ ਦਾ ਮੇਲ ਹੋ ਸਕਦਾ ਹੈ। ਦੁਨੀਆ ਦੇ ਸਾਰੇ ਹਿੱਸਿਆਂ ਤੋਂ ਲੋਕ ਆਏ ਅਤੇ ਦੱਖਣੀ ਏਸ਼ੀਆ ਨੇ ਉਨ੍ਹਾਂ ਦਾ ਸਵਾਗਤ ਕੀਤਾ ਕਿਉਂਕਿ ਇਹ ਸਥਾਨ ਸਾਰਿਆਂ ਨੂੰ ਨਾਲ ਲੈ ਕੇ ਚੱਲਣ ਵਾਲਾ ਹੈ ਪਰ ਜੇ ਕੋਈ ਨਵਾਂ ਇਤਿਹਾਸ ਲੋਕਾਂ ਨੂੰ ਇਸ ਸਥਾਨ ਨੂੰ ਵਿਸ਼ੇਸ਼ ਸਥਾਨ ਦੇ ਤੌਰ ‘ਤੇ ਦਿਖਾਉਂਦਾ ਹੈ ਤਾਂ ਇਹ ਸੰਵਿਧਾਨ ਦੀ ਭਾਵਨਾ ਅਤੇ ਭਾਰਤੀ ਸਭਿਅਤਾ ਦੀ ਭਾਵਨਾ ਦੀ ਉਲੰਘਣਾ ਹੈ।

**ਸ਼ਾਹਿਦ ਤਾਂਤਰੇ:** ਕੀ ਤੁਹਾਨੂੰ ਡਰ ਹੈ ਕਿ ਭਾਰਤ ਵਿਚ ਅਜਿਹਾ ਹੋਵੇਗਾ?

**ਗਣੇਸ਼ ਨਰਾਇਣ ਦੇਵੀ:** ਜੇਕਰ ਇਹ ਕਾਬੂ ਤੋਂ ਬਾਹਰ ਹੋ ਜਾਂਦਾ ਹੈ, ਜੇਕਰ ਕੋਈ ਸਵਾਲ ਨਹੀਂ ਉਠਾਉਂਦਾ, ਜੇਕਰ ਇਸ ਦਾ ਬੌਧਿਕ ਢੰਗ ਨਾਲ ਮੁਕਾਬਲਾ ਨਹੀਂ ਕੀਤਾ ਜਾਂਦਾ ਤਾਂ ਡਰ ਬਣਿਆ ਰਹੇਗਾ। ਇਸ ਨੂੰ ਚੁਣੌਤੀ ਦੇਣ ਅਤੇ ਪੜਤਾਲ ਕਰਨ ਦੀ ਜ਼ਰੂਰਤ ਹੈ ਪਰ ਸਿਰਫ਼ ਚੁਣੌਤੀ ਦੇਣਾ ਜਾਂ ਸਵਾਲ ਕਰਨਾ ਹੀ ਕਾਫ਼ੀ ਆਲੰਕਾਰਿਕ ਹੋ ਸਕਦਾ ਹੈ। ਇਸ ਲਈ ਵਿਵਾਦ ਵਿਚ ਪੈਣ ਦੀ ਬਜਾਇ ਸਭ ਤੋਂ ਵਧੀਆ ਤਰੀਕਾ ਇਹ ਹੈ ਕਿ ਕਿਤਾਬਾਂ ਦਾ ਐਸਾ ਸੈੱਟ ਤਿਆਰ ਕਰਨਾ ਜੋ ਪਿਛਲੇ 12000 ਸਾਲਾਂ ਦੇ ਅਤੀਤ ਦਾ ਵਰਨਣ ਕਰਦਾ ਹੋਵੇ, ਜੋ ਇਤਿਹਾਸ ਦੇ ਵਿਗਿਆਨ, ਤਰਕ ਅਤੇ ਸਪਸ਼ਟ ਵਿਦਵਤਾ ਉੱਪਰ ਆਧਾਰਿਤ ਹੋਵੇ।

ਮੈਂ ਇਹ ਨਹੀਂ ਕਹਿ ਰਿਹਾ ਕਿ ਇਤਿਹਾਸ ਬਾਰੇ ਸਿਰਫ਼ ਮੇਰਾ ਨਜ਼ਰੀਆ ਹੀ ਸਹੀ ਹੈ, ਮੇਰੀ ਸੱਭਿਆਚਾਰ ਮੰਤਰਾਲੇ ਉੱਪਰ ਸਵਾਲ ਉਠਾਉਣ ‘ਚ ਕੋਈ ਦਿਲਚਸਪੀ ਨਹੀਂ ਹੈ, ਉਹ ਆਪਣੀ ਸਮਰੱਥਾ ਅਨੁਸਾਰ ਆਪਣਾ ਕੰਮ ਕਰ ਰਿਹਾ ਹੈ। ਮੇਰੀ ਦਿਲਚਸਪੀ ਬਦਲ ਤਿਆਰ ਕਰਨ ਵਿਚ ਹੈ ਜੋ ਉਨ੍ਹਾਂ ਲਈ ਉਪਲਬਧ ਹੋਵੇ ਜੋ ਵਧੇਰੇ ਵਿਗਿਆਨਕ ਅਤੇ ਵਧੇਰੇ ਤਰਕਸ਼ੀਲ (ਇਤਿਹਾਸ) ਚੁਣਨਾ ਚਾਹੁੰਦੇ ਹਨ।

**ਸ਼ਾਹਿਦ ਤਾਂਤਰੇ:** ਕੀ ਇਸ ਕਮੇਟੀ ਨੇ ਤੁਹਾਡੇ ਨਾਲ ਸੰਪਰਕ ਕੀਤਾ?

**ਗਣੇਸ਼ ਨਰਾਇਣ ਦੇਵੀ:** ਨਹੀਂ, ਮੈਂ ਸਿੱਖਿਅਤ ਇਤਿਹਾਸਕਾਰ ਨਹੀਂ ਹਾਂ ਪਰ ਉਹ ਸਿੱਖਿਅਤ ਇਤਿਹਾਸਕਾਰਾਂ ਨਾਲ ਵੀ ਸੰਪਰਕ ਨਹੀਂ ਕਰ ਰਹੇ। ਉਨ੍ਹਾਂ ਕੋਲ ਜਾਂ ਤਾਂ ਵੱਖ-ਵੱਖ ਸਰਕਾਰੀ ਸੰਸਥਾਵਾਂ ਦੇ ਸਾਬਕਾ ਅਧਿਕਾਰੀ ਹਨ ਜਾਂ ਕੁਝ ਐਸੇ ਲੋਕ ਹਨ ਜੋ ਨਾਗਪੁਰ (ਆਰ.ਐੱਸ.ਐੱਸ.) ਦੇ ਬਹੁਤ ਕਰੀਬ ਹਨ।

**ਸ਼ਾਹਿਦ ਤਾਂਤਰੇ:** ਇਤਿਹਾਸਕਾਰੀ ਜਾਂ ਇਤਿਹਾਸ ਕਿਵੇਂ ਲਿਖਿਆ ਜਾਂਦਾ ਹੈ, ਇਸ ਦੀ ਪ੍ਰਕਿਰਿਆ ਨੂੰ ਲੈ ਕੇ ਬਹਿਸ ਹੁੰਦੀ ਰਹੀ ਹੈ। ਜਦੋਂ ਅਸੀਂ ਕਹਿੰਦੇ ਹਾਂ ਭਾਰਤ ਦਾ ਇਤਿਹਾਸ ਜਾਂ ਲੋਕਾਂ ਦਾ ਇਤਿਹਾਸ ਜਾਂ ਰਾਜ ਦੀ ਵਿਚਾਰਧਾਰਾ ਤਾਂ ਸਾਡਾ ਕਹਿਣ ਦਾ ਭਾਵ ਕੀ ਹੁੰਦਾ ਹੈ?

**ਗਣੇਸ਼ ਨਰਾਇਣ ਦੇਵੀ:** 9ਵੀਂ ਜਾਂ 10ਵੀਂ ਸਦੀ ਵਿਚ ਰਾਜਸ਼ੇਖਰ ਨਾਮ ਦੇ ਚਿੰਤਕ ਹੋਏ ਹਨ ਜਿਸ ਨੇ ਕਾਵਿ ਸਿਧਾਂਤ ਉੱਪਰ ਕਈ ਨਾਟਕ ਅਤੇ ਇਕ ਕਿਤਾਬ ਲਿਖੀ। ਉਸ ਕਿਤਾਬ ਵਿਚ ਉਸ ਨੇ ਇਤਿਹਾਸ ਨੂੰ ਦੋ ਹਿੱਸਿਆਂ ਵਿਚ ਵੰਡਿਆ ਹੈ। ਇਕ ਕਿਸਮ ਦਾ ਇਤਿਹਾਸ ਇਕੱਲੇ ਬੀਰਾਂ/ਨਾਇਕਾਂ ਦਾ ਹੁੰਦਾ ਹੈ ਅਤੇ ਦੂਜਾ ਅਨੇਕ ਨਾਇਕਾਂ ਦਾ। ਉਸ ਨੇ ਮਿਸਾਲ ਦਿੱਤੀ- ਰਾਮਾਇਣ ਇਕ ਨਾਇਕ ਦੀ ਕਹਾਣੀ ਹੈ ਅਤੇ ਮਹਾਂਭਾਰਤ ਕਈ ਨਾਇਕਾਂ ਦੀ ਕਹਾਣੀ ਹੈ। ਰਾਜਸ਼ੇਖਰ ਨੇ ਕਿਹਾ ਕਿ ਇਤਿਹਾਸ ਰਚਣ ਦਾ ਸਭ ਤੋਂ ਵਧੀਆ ਤਰੀਕਾ ਇਹ ਹੈ ਕਿ ਇਸ ਨੂੰ ਕਈ ਨਾਇਕਾਂ ਅਤੇ ਵੰਨ-ਸਵੰਨਤਾਵਾਂ ਦਾ ਇਤਿਹਾਸ ਬਣਾ ਦਿੱਤਾ ਜਾਵੇ ਕਿਉਂਕਿ ਇਤਿਹਾਸਕ ਸੱਚਾਈ ਇਕ ਸਾਂਚੇ ਵਿਚ ਨਹੀਂ ਬੰਦੀ। ਇੱਥੋਂ ਤੱਕ ਕਿ ਜੇ ਇਤਿਹਾਸ ਇਹ ਕਹਿੰਦਾ ਹੈ ਕਿ ਇਕ ਕਾਰਨ ਅਤੇ ਇਕ ਪਰਿਣਾਮ ਹੈ ਤਾਂ ਕਈ ਅਪਵਾਦ ਹੋ ਸਕਦੇ ਹਨ ਅਤੇ ਉਨ੍ਹਾਂ ਅਪਵਾਦਾਂ ਦਾ ਵਿਸ਼ਲੇਸ਼ਣ ਅਤੇ ਵਿਆਖਿਆ ਵੀ ਹੋਣੀ ਚਾਹੀਦੀ ਹੈ। ਇਤਿਹਾਸ ਦਾ ਵਹਾਅ ਸਿੱਧਾ ਨਹੀਂ ਸਗੋਂ ਸਤਲੁਜ ਦੇ ਵਹਿਣ ਵਾਂਗ ਹੈ। ਸਤਲੁਜ ਸ਼ਬਦ ਸ਼ਤਦਰੂ ਤੋਂ ਬਣਿਆ ਹੈ ਜਿਸ ਦਾ ਭਾਵ ਹੈ- 100 ਘੋੜੇ। ਇਤਿਹਾਸ 100 ਘੋੜਿਆਂ ਦੀ ਤਾਕਤ ਨਾਲ ਵੱਖ-ਵੱਖ ਦਿਸ਼ਾਵਾਂ ਵਿਚ ਅੱਗੇ ਵਧਦਾ ਹੈ ਅਤੇ ਇਤਿਹਾਸਕਾਰਾਂ ਦਾ ਕੰਮ ਧਾਰਾਵਾਂ ਦੀ ਬਹੁਤਾਤ ਨੂੰ ਅੱਖੋਂ ਪਰੋਖੇ ਕੀਤੇ ਬਗ਼ੈਰ ਇਨ੍ਹਾਂ ਸਭ ਨੂੰ ਇਕ ਥਾਂ ਜੋੜਨਾ ਹੈ।

**ਸ਼ਾਹਿਦ ਤਾਂਤਰੇ:** ਕੀ ਤੁਹਾਨੂੰ ਲੱਗਦਾ ਹੈ ਕਿ ਭਾਰਤੀ ਇਤਿਹਾਸ ਮੁੜ ਲਿਖਿਆ ਜਾ ਰਿਹਾ ਹੈ? ਜੇ ਹਾਂ, ਤਾਂ ਕਿਉਂ?

**ਗਣੇਸ਼ ਨਰਾਇਣ ਦੇਵੀ:** ਇਹ ਤੱਥ ਹੈ ਕਿ ਸਾਰੇ ਇਤਿਹਾਸਾਂ ਨੂੰ ਹਰ ਸਮੇਂ ਮੁੜ ਲਿਖਿਆ ਜਾਂਦਾ ਹੈ ਕਿਉਂਕਿ ਇਤਿਹਾਸ ਦਾ ਨਿਰਮਾਣ ਵਰਤਮਾਨ ਵਿਚ ਹੁੰਦਾ ਹੈ ਅਤੇ ਇਹ ਵਰਤਮਾਨ ਦੀ ਮਾਨਸਿਕਤਾ ਦੇ ਅਨੁਕੂਲ ਹੁੰਦਾ ਹੈ - ਸਾਰਾ ਲਿਖਤ ਇਤਿਹਾਸ ਆਪਣੇ ਸਮੇਂ ਦੀ ਉਪਜ ਹੈ। ਹਾਂ, ਇਸ ਨੂੰ ਮੁੜ ਲਿਖਿਆ ਜਾ ਰਿਹਾ ਹੈ ਪਰ ਇਤਿਹਾਸ ਨੂੰ ਮੁੜ ਲਿਖਣ ਦੇ ਕਈ ਤਰੀਕੇ ਹਨ। ਇਕ ਤਰੀਕਾ ਹੈ ਅਤੀਤ ਦੀਆਂ ਬਾਰੀਕੀਆਂ ਨੂੰ ਸਾਹਮਣੇ ਲਿਆ ਕੇ, ਸਮਝ ਨੂੰ ਡੂੰਘਾ ਅਤੇ ਵਿਸ਼ਾਲ ਬਣਾਇਆ ਜਾਵੇ। ਦੂਜਾ ਤਰੀਕਾ ਇਹ ਹੈ ਕਿ ਅਤੀਤ ਨੂੰ ਸੁਧਾਰਿਆ ਜਾਵੇ ਤਾਂ ਜੋ ਵਰਤਮਾਨ ਵਿਚ ਲੋਕਾਂ ਨੂੰ ਹਿਪਨੋਟਾਈਜ਼ ਕੀਤਾ ਜਾ ਸਕੇ ਅਤੇ ਉਨ੍ਹਾਂ ਨੂੰ ਸਵਾਲ ਤੋਂ ਦੂਰ ਕੀਤਾ ਜਾ ਸਕੇ। ਆਮ ਤੌਰ ‘ਤੇ ਅਕਾਦਮਿਕ ਇਤਿਹਾਸਕਾਰਾਂ ਨੇ ਸਮਝ ਦਾ ਵਿਸਤਾਰ ਕੀਤਾ ਹੈ ਅਤੇ ਇਤਿਹਾਸਕ ਦ੍ਰਿਸ਼ਟੀ ਦੇ ਦੁਮੇਲ ਨੂੰ ਵਿਸ਼ਾਲ ਕੀਤਾ ਹੈ ਪਰ ਤਾਨਾਸ਼ਾਹੀ ਰਾਜ ਦੇ ਸਮੇਂ ‘ਚ ਇਤਿਹਾਸ ਦੀ ਸਮਝ ਖ਼ਤੋਤ ਮਾਰੀ, ਸੁੰਗੜਵੀਂ, ਤੰਗ ਅਤੇ ਰਾਜ ਭਗਤੀ ਵੱਲ ਸੇਧਤ ਹੋ ਜਾਂਦੀ ਹੈ, ਵਫ਼ਾਦਾਰੀ, ਅਤਿ-ਰਾਸ਼ਟਰਵਾਦ ਅਤੇ ਇਹੋ ਜਿਹੀਆਂ ਚੀਜ਼ਾਂ ਪੈਦਾ ਕਰਦੀ ਹੈ।

**ਸ਼ਾਹਿਦ ਤਾਂਤਰੇ:** ਕੀ ਤੁਹਾਨੂੰ ਲੱਗਦਾ ਹੈ ਕਿ ਅੱਜ ਮੁਲਕ ਵਿਚ ‘ਅਤਿ ਰਾਸ਼ਟਰਵਾਦ’ ਅਤੇ ‘ਰਾਜ-ਭਗਤੀ’ ਦਾ ਸੰਚਾਰ ਹੋ ਗਿਆ ਹੈ?

**ਗਣੇਸ਼ ਨਰਾਇਣ ਦੇਵੀ:** ਫੈਡਰਲਿਜ਼ਮ ਦੀ ਗੱਲ ਕਰੋ ਤਾਂ ਦੇਸ਼ਧ੍ਰੋਹ ਬਣ ਜਾਂਦੀ ਹੈ, ਵੰਨ-ਸਵੰਨਤਾ ਦੀ ਗੱਲ ਕਰੋ ਤਾਂ ਇਹ ਦੇਸ਼ਧ੍ਰੋਹ ਬਣ ਜਾਂਦਾ ਹੈ, ਵੱਖਰੇ ਵਿਚਾਰਾਂ ਦੀ ਗੱਲ ਕਰੋ ਤਾਂ ਯੂ.ਏ.ਪੀ.ਏ. ਲੱਗ ਜਾਂਦਾ ਹੈ, ਤੇ ਸੱਚ ਬੋਲਣ ਦੀ ਕੋਸ਼ਿਸ਼ ਕਰੋ ਤਾਂ ਟਰੌਲ ਉਸ ਵਿਅਕਤੀ ਉੱਪਰ ਟੁੱਟ ਪੈਂਦੇ ਹਨ। ਕਿਉਂਕਿ ਇਹ ਸਭ ਹੋ ਰਿਹਾ ਹੈ ਅਤੇ ਸੰਵਿਧਾਨ ਵਿਚ ਦਰਜ ਨਿਆਂ, ਬਰਾਬਰੀ ਅਤੇ ਆਜ਼ਾਦੀ ਦੇ ਸਿਧਾਂਤਾਂ ਨੂੰ ਸੁੰਗੇੜਿਆ ਜਾ ਰਿਹਾ ਹੈ ਤਾਂ ਇਕ ਬਾਹਰਮੁਖੀ ਨਿਰੀਖਕ ਲਈ ਇਹ ਪੁੱਛਣ ਦਾ ਵਧੀਆ ਕਾਰਨ ਹੈ ਕਿ ਕੀ ਇਹ ਤਾਨਾਸ਼ਾਹੀ ਰਾਜ ਨਹੀਂ ਹੈ। ਆਲੇ-ਦੁਆਲੇ ਦੇ ਚਿੰਨ੍ਹ ਮੈਨੂੰ ਇਹ ਸਵਾਲ ਪੁੱਛਣ ਲਈ ਪ੍ਰੇਰਦੇ ਹਨ ਅਤੇ ਐਸਾ ਕੁਝ

(ਬਾਕੀ ਅਗਲੇ ਸਫੇ ‘ਤੇ)

# ਇਨਸਾਫ ਲਈ ਇੰਤਜ਼ਾਰ !



ਕੰਵਲਜੀਤ ਕੌਰ ਗਿੱਲ

ਆਮ ਕਿਹਾ ਜਾਂਦਾ ਹੈ ਕਿ ਨਿਆਂ ਵਿਚ ਦੇਰੀ ਤੋਂ ਭਾਵ ਹੈ, ਨਿਆਂ ਦੇਣ ਤੋਂ ਇਨਕਾਰ ਹੈ। ਓਲੰਪਿਕ ਖੇਡਾਂ ਵਿਚ ਹੋਏ ਕੁਸ਼ਤੀ ਮੁਕਾਬਲਿਆਂ 'ਚ ਤਗਮੇ ਜਿੱਤ ਕੇ ਭਾਰਤ ਦਾ ਨਾਮ ਰੌਸ਼ਨ ਕਰਨ ਵਾਲੀਆਂ ਸਾਧਾਰਨ ਪਰਿਵਾਰਾਂ ਦੀਆਂ ਕੁੜੀਆਂ ਆਪਣੇ ਨਾਲ ਹੋਏ ਜਿਨਸੀ ਸ਼ੋਸ਼ਣ ਵਿਰੁੱਧ ਰੋਸ ਪ੍ਰਦਰਸ਼ਨ ਕਰ ਰਹੀਆਂ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਜਿਨਸੀ ਸ਼ੋਸ਼ਣ ਕਿਸੇ ਅਣਜਾਣ ਬੰਦੇ ਨੇ ਨਹੀਂ ਸਗੋਂ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਬ੍ਰਿਜ ਭੂਸ਼ਣ ਸ਼ਰਨ ਸਿੰਘ ਨੇ ਕੀਤਾ ਹੈ। ਇਸ ਰੋਸ ਪ੍ਰਦਰਸ਼ਨ ਦੀ ਅਗਵਾਈ ਪਹਿਲਵਾਨ ਖਿਡਾਰਨਾਂ ਵਿਨੇਸ਼ ਫੋਗਾਟ ਅਤੇ ਸਾਕਸ਼ੀ ਮਲਿਕ ਕਰ ਰਹੀਆਂ ਹਨ। ਚਾਰ ਮਹੀਨੇ ਪਹਿਲਾਂ ਜਨਵਰੀ ਵਿਚ ਇਹ ਕੁੜੀਆਂ ਫੈਡਰੇਸ਼ਨ ਦੇ ਪ੍ਰਧਾਨ ਅਤੇ ਉਸ ਦੇ ਸਾਥੀ ਕੋਚਾਂ ਵਿਰੁੱਧ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾਉਣ ਗਈਆਂ ਪਰ ਉਨ੍ਹਾਂ ਨੂੰ ਇਹ ਕਹਿ ਕੇ ਟਾਲ ਦਿੱਤਾ ਕਿ ਪੁਲਿਸ ਸਾਰੇ ਮਾਮਲੇ ਦੀ ਤਹਿਕੀਕਾਤ ਕਰ ਰਹੀ ਹੈ, ਕਮੇਟੀ ਬਣੀ ਹੋਈ ਹੈ ਜਿਸ ਦੀਆਂ ਸਿਫ਼ਾਰਸ਼ਾਂ ਤੋਂ ਬਾਅਦ ਹੀ ਕੋਈ ਕਾਰਵਾਈ ਹੋਵੇਗੀ ਅਤੇ ਰਿਪੋਰਟ ਦਰਜ ਕੀਤੀ ਜਾ ਸਕਦੀ ਹੈ। ਕਾਨੂੰਨਨ ਔਰਤਾਂ ਦੇ ਜਿਨਸੀ ਸ਼ੋਸ਼ਣ ਦੀ ਸ਼ਿਕਾਇਤ ਪ੍ਰਾਪਤ ਹੋਣ 'ਤੇ ਤੁਰੰਤ ਰਿਪੋਰਟ ਦਰਜ ਹੁੰਦੀ ਹੈ ਤੇ ਬਾਅਦ ਵਿਚ ਪੁੱਛ ਪੜਤਾਲ ਦਾ ਸਿਲਸਿਲਾ ਸ਼ੁਰੂ ਹੁੰਦਾ ਹੈ ਕਿਉਂਕਿ ਅਜਿਹੇ ਕੇਸਾਂ ਵਿਚ ਕੋਈ ਮੌਕੇ ਦਾ ਗਵਾਹ ਨਹੀਂ ਹੁੰਦਾ। ਨਵੰਬਰ 2013 ਨੂੰ ਲਲਿਤ ਕੁਮਾਰੀ ਕੇਸ ਵਿਚ ਸੁਪਰੀਮ ਕੋਰਟ ਨੇ ਆਦੇਸ਼ ਦਿੱਤੇ ਸਨ ਕਿ ਸ਼ਿਕਾਇਤ ਵਿਚ ਗੰਭੀਰ ਅਪਰਾਧ ਦੇ ਅੰਸ਼ ਹੋਣ ਤਾਂ ਤੁਰੰਤ ਕੇਸ ਦਰਜ ਕੀਤਾ ਜਾਣਾ ਚਾਹੀਦਾ ਹੈ। ਇਨ੍ਹਾਂ ਕੁਸ਼ਤੀ ਖਿਡਾਰਨਾਂ ਵੱਲੋਂ ਲਗਾਏ ਦੋਸ਼ਾਂ ਦੀ ਜਾਂਚ ਕਰਨ ਵਾਸਤੇ ਪ੍ਰਸਿੱਧ ਮੁੱਕੇਬਾਜ਼ ਮੈਰੀਕਾਮ ਦੀ ਨਿਗਰਾਨੀ ਹੇਠ ਕਮੇਟੀ ਬਣਾ ਦਿੱਤੀ ਗਈ ਜਿਸ ਨੇ ਆਪਣੀ ਰਿਪੋਰਟ ਤਿਆਰ ਕਰ ਦਿੱਤੀ ਪਰ ਸਬੰਧਿਤ ਵਿਭਾਗ ਨੇ ਇਸ ਨੂੰ ਰਿਲੀਜ਼ ਨਾ ਕਰਨ ਦੀ ਤਾਕੀਦ ਕੀਤੀ। ਇਨ੍ਹਾਂ ਪੀੜਤ ਕੁੜੀਆਂ ਨੇ ਚਾਰ ਮਹੀਨੇ ਇੰਤਜ਼ਾਰ ਕੀਤਾ ਪਰ ਬ੍ਰਿਜ ਭੂਸ਼ਣ ਖਿਲਾਫ਼ ਰਿਪੋਰਟ ਦਰਜ ਨਾ ਕੀਤੀ ਗਈ ਅਤੇ ਨਾ ਹੀ ਉਨ੍ਹਾਂ ਕੋਚਾਂ ਵਿਰੁੱਧ ਕੋਈ ਕਾਰਵਾਈ ਕੀਤੀ ਗਈ। ਉਲਟਾ ਇਨ੍ਹਾਂ ਕੁੜੀਆਂ ਨੂੰ ਡਰਾਇਆ ਧਮਕਾਇਆ ਜਾਂਦਾ ਰਿਹਾ।

ਇੰਤਜ਼ਾਰ ਕਰਨ ਦੀ ਵੀ ਕੋਈ ਹੱਦ ਹੁੰਦੀ ਹੈ। ਨਿਰਾਸ਼ ਹੋ ਕੇ ਘਰ ਬੈਠਣ ਦੀ ਥਾਂ ਇਨ੍ਹਾਂ ਬਹਾਦਰ ਧੀਆਂ ਨੇ ਇਨਸਾਫ਼ ਪ੍ਰਾਪਤ ਕਰਨ ਦਾ ਨਿਸ਼ਚਾ ਕਰ ਲਿਆ। ਉਨ੍ਹਾਂ ਸਰੀਰਕ ਤੌਰ 'ਤੇ ਤਕੜੇ ਹੋਣ ਦੇ ਨਾਲ-ਨਾਲ ਆਪਣੀ ਮਾਨਸਿਕ ਸ਼ਕਤੀ ਨੂੰ ਪਛਾਣਿਆ ਅਤੇ ਚਾਰ ਮਹੀਨੇ ਦੇ ਇੰਤਜ਼ਾਰ ਤੋਂ ਬਾਅਦ ਆਪਣੇ ਨਾਲ ਹੋਏ ਅਣਮਨੁੱਖੀ ਕਾਰੇ ਵਿਰੁੱਧ ਇਨਸਾਫ਼ ਪ੍ਰਾਪਤ ਕਰਨ ਲਈ ਧਰਨੇ 'ਤੇ ਬੈਠ ਗਈਆਂ। ਸਾਡੇ ਦੇਸ਼ ਦੀ ਸੁਪਰੀਮ ਕੋਰਟ ਹਰਕਤ ਵਿਚ ਆਈ ਅਤੇ ਦਿੱਲੀ ਦੀ ਪੁਲਿਸ ਨੂੰ ਹਦਾਇਤ ਕੀਤੀ ਕਿ ਅਜਿਹੇ ਸੰਗੀਨ ਜੁਰਮ ਲਈ ਅਤੇ ਨਾਗਰਿਕਾਂ ਦੇ ਮੁੱਢਲੇ ਅਧਿਕਾਰਾਂ ਦੀ ਰਾਖੀ ਕਰਦਿਆਂ ਮੁਲਜ਼ਮ ਵਿਰੁੱਧ ਮੁੱਢਲੀ ਰਿਪੋਰਟ ਦਰਜ ਕੀਤੀ ਜਾਵੇ।



ਭਾਰਤੀ ਸਮਾਜ ਦਾ ਆਮ ਵਰਤਾਰਾ ਹੈ ਕਿ ਔਰਤ, ਲੜਕੀ ਜਾਂ ਬੱਚੀ ਨਾਲ ਜ਼ਿਆਦਤੀ ਹੋਣ ਜਾਂ ਅਜਿਹੀ ਹਿੰਸਕ ਘਟਨਾ ਵਾਪਰਨ 'ਤੇ ਉਸੇ ਨੂੰ ਚੁੱਪ ਰਹਿਣ ਲਈ ਕਿਹਾ ਜਾਂਦਾ ਹੈ। ਘਰ ਪਰਿਵਾਰ ਦੀ ਨਮੋਸ਼ੀ, ਜਾਤ ਬਰਾਦਰੀ ਵਿਚ ਨੱਕ ਕੱਟਿਆ ਜਾਣਾ ਜਾਂ ਵਿਆਹ ਆਦਿ ਵਿਚ ਮੁਸ਼ਕਿਲ ਆਉਣ ਦੇ ਡਰ ਤੋਂ ਇਨ੍ਹਾਂ ਅਪਰਾਧਾਂ ਦੀ ਪੁਲਿਸ ਵਿਚ ਸ਼ਿਕਾਇਤ ਹੀ ਨਹੀਂ ਕੀਤੀ ਜਾਂਦੀ ਕਿਉਂਕਿ ਜਿਨਸੀ ਸ਼ੋਸ਼ਣ ਜਿਹੇ ਘਿਨਾਉਣੇ ਅਪਰਾਧ ਜ਼ਿਆਦਾਤਰ ਜਾਣਕਾਰਾਂ, ਦੋਸਤਾਂ ਜਾਂ ਮਰਦ ਰਿਸ਼ਤੇਦਾਰਾਂ ਵੱਲੋਂ ਹੀ ਕੀਤੇ ਜਾਂਦੇ ਹਨ। ਇਸ ਤੋਂ ਇਲਾਵਾ ਪਿੰਡ ਪੰਚਾਇਤ ਦੀਆਂ ਮੋਹਤਬਰ ਧਿਰਾਂ ਵੀ ਕੇਸ ਰਫ਼ਾ-ਦਫ਼ਾ ਕਰਨ ਲਈ ਜ਼ੋਰ ਪਾਇਆ ਜਾਂਦਾ ਹੈ। ਇੱਥੋਂ ਤੱਕ ਕਿ ਹੌਸਲਾ ਕਰ ਕੇ ਰਿਪੋਰਟ ਦਰਜ ਕਰਵਾਉਣ ਲਈ ਕੁੜੀ ਨੂੰ ਸੁਣਨਾ ਪੈਂਦਾ ਹੈ ਕਿ ਔਰਤ ਨਾਲ ਮਾੜੀ ਮੋਟੀ ਜ਼ਿਆਦਤੀ ਤਾਂ ਹੋ ਹੀ ਜਾਂਦੀ ਹੈ, ਐਵੇਂ ਗੱਲ ਵਧਾਉਣੀ ਠੀਕ ਨਹੀਂ। ਇਹ ਮਰਦ ਪ੍ਰਧਾਨ ਸਮਾਜ ਦੀ ਮਾੜੀ ਮਾਨਸਿਕਤਾ ਹੀ ਬੋਲ ਰਹੀ ਹੁੰਦੀ ਹੈ ਜਿਹੜੀ ਔਰਤ ਨੂੰ ਜ਼ਿੰਦਗੀ ਦੇ ਹਰ ਮੋੜ, ਹਰ ਖਿੱਤੇ ਵਿਚ ਸਹਿਣੀ ਤੇ ਸੁਣਨੀ ਪੈਂਦੀ ਹੈ। ਅੱਜ ਦੇ ਤਕਨੀਕੀ ਯੁੱਗ ਵਿਚ ਵੀ ਮਰਦ ਇਹ ਸਹਿਣ ਨਹੀਂ ਕਰ ਸਕਿਆ ਕਿ ਔਰਤ ਉਸ ਦੇ ਬਰਾਬਰ ਆਣ ਖੜ੍ਹੀ ਹੋਵੇ। ਅਜੇ ਵੀ ਮਰਦ, ਔਰਤ ਦਾ ਮਾਲਕ ਬਣ ਕੇ ਹੀ ਰਹਿਣਾ ਚਾਹੁੰਦਾ ਹੈ, ਸਾਥੀ ਨਹੀਂ।

ਔਰਤ ਮਰਦ ਵਿਚਾਲੇ ਨਾ-ਬਰਾਬਰੀ ਹੋਣ ਦੇ ਬਾਵਜੂਦ ਸਿੱਖਿਆ, ਸਿਹਤ, ਉਦਯੋਗ ਤੇ ਹੋਰ ਸੇਵਾਵਾਂ ਆਦਿ ਸਾਰੇ ਖੇਤਰਾਂ ਵਿਚ ਅੱਜ ਔਰਤ ਦੀ ਸ਼ਮੂਲੀਅਤ ਦਿਖਾਈ ਦਿੰਦੀ ਹੈ। ਔਰਤ ਹਰ ਖੇਤਰ ਵਿਚ ਆਪਣੀ ਕਾਬਲੀਅਤ ਤੇ ਵਧੀਆ ਕਾਰਗੁਜ਼ਾਰੀ ਦਾ ਪ੍ਰਦਰਸ਼ਨ ਵੀ ਕਰ ਰਹੀ ਹੈ। ਕੁੜੀਆਂ ਹਰ ਪ੍ਰਕਾਰ ਦੀਆਂ ਖੇਡਾਂ ਵਿਚ ਵੀ ਹਿੱਸਾ ਲੈ ਰਹੀਆਂ ਹਨ। ਪਹਿਲਾਂ ਕ੍ਰਿਕਟ, ਤਲਵਾਰਬਾਜ਼ੀ, ਪਹਿਲਵਾਨੀ ਆਦਿ ਵਿਚ ਕੁੜੀਆਂ ਘੱਟ ਹੀ ਨਜ਼ਰ ਆਉਂਦੀਆਂ ਸਨ। ਹੁਣ ਕੁੜੀਆਂ ਨਾ ਸਿਰਫ਼ ਹਰ ਖੇਡ ਵਿਚ ਭਾਗ ਲੈ ਰਹੀਆਂ ਹਨ ਸਗੋਂ ਨਵੇਂ ਰਿਕਾਰਡ ਵੀ ਸਿਰਜ ਰਹੀਆਂ ਹਨ। ਮੁਸ਼ਕਿਲ ਇਹ ਹੈ ਕਿ ਉਨ੍ਹਾਂ ਨੂੰ ਮਰਦ ਕੋਚਾਂ ਦੀਆਂ ਕੋਝੀਆਂ ਹਰਕਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਖੇਡਾਂ ਦੀ ਪ੍ਰੈਕਟਿਸ ਕਰਨ ਵਾਸਤੇ ਘਰ ਤੋਂ ਦੂਰ, ਦੂਸਰੀਆਂ ਥਾਵਾਂ ਉਪਰ ਮੈਚ ਖੇਡਣ, ਟਰਾਇਲ ਆਦਿ ਲਈ ਜਾਣਾ ਪੈਂਦਾ ਹੈ। ਉਹ ਆਪਣੇ ਕੋਚ/ਗੁਰੂ ਉੱਪਰ ਪਿਤਾ ਸਮਾਨ ਵਿਸ਼ਵਾਸ ਕਰ ਕੇ ਚਲੀਆਂ ਜਾਂਦੀਆਂ ਹਨ। ਮਾਪੇ ਵੀ ਇਸੇ ਵਿਸ਼ਵਾਸ ਤਹਿਤ ਉਨ੍ਹਾਂ ਨੂੰ ਭੇਜ ਦਿੰਦੇ ਹਨ। ਇਨ੍ਹਾਂ ਖਿਡਾਰਨਾਂ ਨੇ ਦੋਸ਼ ਲਗਾਇਆ ਕਿ ਬ੍ਰਿਜ ਭੂਸ਼ਨ ਨੇ ਇਸੇ ਹਾਲਾਤ ਦਾ ਫ਼ਾਇਦਾ ਉਠਾਇਆ ਤੇ ਸੱਤ ਤੋਂ ਵੀ ਵਧੇਰੇ ਲੜਕੀਆਂ ਦਾ ਜਿਨਸੀ ਸ਼ੋਸ਼ਣ ਕੀਤਾ। ਇਨ੍ਹਾਂ ਵਿਚੋਂ ਇੱਕ ਲੜਕੀ ਤਾਂ ਅਜੇ ਨਾਬਾਲਗ ਹੈ। ਇਹੋ ਜਿਹੇ ਵਰਤਾਰੇ ਦਾ ਨਾ ਸਿਰਫ਼ ਸਬੰਧਿਤ ਕੁੜੀਆਂ ਸੰਤਾਪ ਸਹਿੰਦੀਆਂ ਹਨ ਸਗੋਂ ਸਮੁੱਚੇ ਸਮਾਜ ਵਿਚ ਇਸ ਦਾ ਗ਼ਲਤ ਸੰਕੇਤ ਜਾਂਦਾ ਹੈ। ਸਾਧਾਰਨ ਘਰਾਂ ਦੇ ਮਾਪੇ ਆਪਣੀਆਂ ਧੀਆਂ ਨੂੰ ਬਾਹਰ ਭੇਜਣ ਤੋਂ ਗੁਰੇਜ਼ ਕਰਨ ਲੱਗਦੇ ਹਨ। ਕੁੜੀਆਂ ਦੇ ਮਨੋਬਲ ਨੂੰ ਠੇਸ ਪਹੁੰਚਦੀ ਹੈ। ਉਹ ਸੋਚਣ ਲਈ ਮਜਬੂਰ ਹੋ ਜਾਂਦੀਆਂ ਹਨ ਕਿ ਆਖ਼ਰ ਉਨ੍ਹਾਂ ਦਾ ਕਸੂਰ ਕੀ ਸੀ?

ਸੁਆਲ ਪੈਦਾ ਹੁੰਦਾ ਹੈ ਕਿ ਅਜਿਹੀ ਮਾਨਸਿਕਤਾ ਵਾਲਿਆਂ ਨੂੰ ਕੌਣ ਬਚਾ ਰਿਹਾ ਹੈ? ਇਸ ਪਿੱਛੇ ਮਕਸਦ ਕੀ ਹੈ? ਲੜਕੀਆਂ ਨੂੰ ਇਨਸਾਫ਼ ਕਿਉਂ ਨਹੀਂ ਮਿਲ ਰਿਹਾ? ਸਪਸ਼ਟ ਹੈ ਕਿ ਇਹੋ ਜਿਹੇ ਦਰਿੰਦਿਆਂ ਨੂੰ ਰਾਜਨੀਤਕ ਸ਼ਹਿ ਪ੍ਰਾਪਤ ਹੁੰਦੀ ਹੈ। ਆਪਣੀ ਪਾਰਟੀ ਦਾ ਅਕਸ ਖ਼ਰਾਬ ਹੋਣ ਤੋਂ ਬਚਾਉਣ ਲਈ ਪੀੜਤਾਂ ਨੂੰ ਕਈ ਪ੍ਰਕਾਰ ਦੇ ਲਾਲਚ (ਪੈਸਾ, ਪੁਜੀਸ਼ਨ, ਪਾਵਰ) ਆਦਿ ਦੇ ਕੇ ਭਰਮਾਉਣ ਜਾਂ ਮੂੰਹ ਬੰਦ ਰੱਖਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਲਾਲਚ ਦੇਣ ਵਾਲਾ ਖੇਡਿਆ ਪੱਤਾ ਬਾਜ਼ੀ ਜਿੱਤਣ ਵਿਚ ਅਸਫਲ ਹੋਣ 'ਤੇ ਧਮਕੀਆਂ ਦੇਣ ਦਾ ਦੌਰ ਚਲਦਾ ਹੈ। ਕਰੀਅਰ ਖ਼ਰਾਬ ਕਰਨ, ਜਾਨੋਂ ਮਾਰਨ, ਚਰਿੱਤਰਹੀਣ ਜਾਂ ਬਦਚਲਨ ਔਰਤ ਹੋਣ ਦਾ ਠੱਪਾ ਲਾਉਣ ਜਾਂ ਘਰ ਪਰਿਵਾਰ ਵਾਲਿਆਂ ਉਪਰ ਹਮਲਾ ਕਰਨ ਆਦਿ ਦੀ ਧਮਕੀ ਦਿੱਤੀ ਜਾਂਦੀ ਹੈ। ਕਦੇ ਰੋਸ ਪ੍ਰਗਟਾ ਰਹੀਆਂ ਪੀੜਤ ਕੁੜੀਆਂ ਉਪਰ ਹਮਲਾ ਕਰਵਾਇਆ ਜਾਂਦਾ ਹੈ। ਰਿਪੋਰਟਾਂ ਆ ਰਹੀਆਂ ਹਨ ਕਿ ਇਨ੍ਹਾਂ ਕੁਸ਼ਤੀ ਖਿਡਾਰਨਾਂ ਅਤੇ ਪੁਲਿਸ ਵਿਚਾਲੇ ਝੜਪ ਹੋਈ ਹੈ। ਉਨ੍ਹਾਂ ਵਿਚੋਂ ਕਈਆਂ ਦੇ ਗੰਭੀਰ ਸੱਟਾਂ ਵੀ ਲੱਗੀਆਂ ਹਨ। ਘਟਨਾ ਸਥਾਨ 'ਤੇ ਖ਼ਬਰ ਸਾਰ ਲੈਣ ਪਹੁੰਚੀ ਮਹਿਲਾ ਕਮਿਸ਼ਨ ਦੀ ਸੰਵਿਧਾਨਕ ਅਥਾਰਟੀ ਦੀ ਵੀ ਪੁਲਿਸ ਨੇ ਪਰਵਾਹ ਨਹੀਂ ਕੀਤੀ। ਅਸੀਂ ਸਾਰੇ ਭਲੀ-ਭਾਂਤ ਜਾਣਦੇ ਹਾਂ ਕਿ ਔਰਤ ਜੇਕਰ ਸਦੀਆਂ ਤੋਂ ਗ਼ੁਲਾਮ ਰਹੀ ਹੈ ਤਾਂ ਉਹੀ ਔਰਤ ਸਦੀਆਂ ਤੋਂ ਸੰਘਰਸ਼ ਵੀ ਕਰਦੀ ਆ ਰਹੀ ਹੈ।

ਇਹ ਜੁਝਾਰੂ ਔਰਤਾਂ ਦੇ ਜੋਸ਼, ਸੂਝ-ਬੂਝ ਅਤੇ ਦ੍ਰਿੜ੍ਹ ਇਰਾਦਿਆਂ ਦਾ ਹੀ ਨਤੀਜਾ ਹੈ ਕਿ ਅੱਜ ਦੀ ਔਰਤ ਤਰੱਕੀ ਦੀਆਂ ਬੁਲੰਦੀਆਂ ਨੂੰ ਛੂਹਣ ਦੇ ਕਾਬਲ ਹੋ ਰਹੀ ਹੈ। ਉਹ ਆਪਣੇ ਅਧਿਕਾਰਾਂ ਪ੍ਰਤੀ ਜਾਗਰੂਕ ਹੋ ਰਹੀਆਂ ਹਨ ਅਤੇ ਉਨ੍ਹਾਂ ਨੂੰ ਆਪਣੀ ਸੰਵਿਧਾਨਕ ਨਿਆਂ ਪ੍ਰਣਾਲੀ ਵਿਚ ਪੂਰਨ ਵਿਸ਼ਵਾਸ ਹੈ ਕਿ ਇਸ ਕੇਸ ਵਿਚ ਵੀ ਉਨ੍ਹਾਂ ਨੂੰ ਨਿਆਂ/ਇਨਸਾਫ਼ ਮਿਲੇਗਾ।

ਇਹ ਆਪਣੇ ਆਪ ਵਿਚ ਕਿੰਨਾ ਘਿਨਾਉਣਾ ਵਰਤਾਰਾ ਹੈ; ਇੱਕ ਪਾਸੇ ਸ਼ੋਸ਼ਣ ਦਾ ਸ਼ਿਕਾਰ ਹੋਈਆਂ ਕੁੜੀਆਂ ਇਨਸਾਫ਼ ਦੀ ਮੰਗ ਕਰ ਰਹੀਆਂ ਹਨ ਤੇ ਮੁਲਜ਼ਮ ਉਪਰ ਗ੍ਰਿਫ਼ਤਾਰੀ ਆਦਿ ਵਰਗੀ ਕੋਈ ਕਾਰਵਾਈ ਨਹੀਂ ਹੋ ਰਹੀ। ਦੂਜੇ ਪਾਸੇ ਧਰਨੇ ਵਾਲੀ ਥਾਂ ਦੀ ਬਿਜਲੀ ਪਾਣੀ ਦੀ ਸਪਲਾਈ ਕੱਟ ਦੇਣਾ, ਭੋਜਨ ਪਹੁੰਚਾਉਣ ਵਾਲਿਆਂ ਨੂੰ ਰੋਕਣਾ, ਇਹ ਸਭ ਕੁਝ ਕਿਸ ਗੱਲ ਦਾ ਪ੍ਰਤੀਕ ਹੈ? ਭਾਰਤੀ ਓਲੰਪਿਕ ਐਸੋਸੀਏਸ਼ਨ ਦੀ ਮੁਖੀ ਪੀ.ਟੀ. ਊਸ਼ਾ ਨੇ ਚਾਹੇ ਪ੍ਰਦਰਸ਼ਨਕਾਰੀ ਪਹਿਲਵਾਨਾਂ ਨਾਲ ਬਾਅਦ ਵਿਚ ਮੁਲਾਕਾਤ ਕੀਤੀ ਪਰ ਉਨ੍ਹਾਂ ਦੇ ਪ੍ਰਦਰਸ਼ਨ ਦੇ ਢੰਗ ਉੱਪਰ ਨਸੀਹਤ ਦੇ ਰੂਪ ਵਿਚ ਟਿੱਪਣੀ ਕਰਨ ਨੂੰ ਕਿਸੇ ਵੀ ਪ੍ਰਕਾਰ ਨਾਲ ਵਾਜਬ ਨਹੀਂ ਠਹਿਰਾਇਆ ਜਾ ਸਕਦਾ। ਜੇ ਆਪਣੇ ਹੱਕਾਂ ਦੀ ਪ੍ਰਾਪਤੀ ਵਾਸਤੇ ਸੜਕਾਂ 'ਤੇ ਬੈਠਣ ਨਾਲ ਦੇਸ਼ ਦਾ ਅਕਸ ਖ਼ਰਾਬ ਹੁੰਦਾ ਹੈ ਤਾਂ ਕੀ ਸੱਤਾ ਦੇ ਨਸ਼ੇ ਵਿਚ ਚੂਰ ਬਾਸ਼ਿੰਦਿਆਂ ਦਾ ਖਿਡਾਰਨਾਂ ਨਾਲ ਬਦਤਮੀਜ਼ੀ ਤੇ ਅਣਮਨੁੱਖੀ ਵਿਹਾਰ ਕਰਨਾ ਅਤੇ ਹਾਲਾਤ ਦਾ ਨਾਜਾਇਜ਼ ਫ਼ਾਇਦਾ ਉਠਾਉਣ ਨਾਲ ਦੇਸ਼ ਵਾਹ ਵਾਹ ਖੱਟਦਾ ਹੈ? ਜਾਂ ਫਿਰ ਦੇਸ਼ ਦਾ ਸਿਰ ਮਾਣ ਨਾਲ ਉੱਚਾ ਹੁੰਦਾ ਹੈ?

ਆਜ਼ਾਦੀ ਦੇ ਜਸ਼ਨ ਮਨਾਉਂਦਿਆਂ ਨਾਰੀ ਸ਼ਕਤੀਕਰਨ ਦੇ ਹੋਕੇ ਦੇਣਾ, ਉਨ੍ਹਾਂ ਪ੍ਰਤੀ ਬੋਲੀ ਜਾਂਦੀ ਭੱਦੀ ਭਾਸ਼ਾ ਨੂੰ ਸੁਧਾਰਨ ਦੀ ਅਪੀਲ ਕਰਨਾ, ਬੇਟੀ ਬਚਾਓ, ਬੇਟੀ ਪੜ੍ਹਾਓ ਆਦਿ ਸਭ ਕੁਝ ਵਿਅਰਥ ਹੈ, ਜੇ ਬਲਾਤਕਾਰ ਤੇ ਜਿਨਸੀ ਸ਼ੋਸ਼ਣ ਦੇ ਦੋਸ਼ੀਆਂ ਨੂੰ ਬਣਦੀ ਸਜ਼ਾ ਹੀ ਨਹੀਂ ਮਿਲਣੀ। ਜਦੋਂ ਧੀਆਂ ਨੂੰ ਜ਼ਲੀਲ ਕੀਤਾ ਜਾਂਦਾ ਹੈ, ਇਨਸਾਫ਼ ਦੀ ਹਕੀਕੀ ਮੰਗ ਵਾਸਤੇ ਧੀਆਂ ਨੂੰ ਸੜਕਾਂ 'ਤੇ ਬੈਠਣ ਲਈ ਮਜਬੂਰ ਹੋਣਾ ਪੈਂਦਾ ਹੈ ਤਾਂ ਉਸ ਵੇਲੇ 'ਬੇਟੀ ਬਚਾਓ' ਵਾਲੇ ਚੁੱਪ ਕਿਉਂ ਧਾਰੀ ਬੈਠੇ ਹਨ? ਕੀ ਇਨ੍ਹਾਂ ਹਾਲਾਤ ਵਿਚ ਬੇਟੀਆਂ ਬਚਣਗੀਆਂ? ਹਰਿਆਣਾ ਰਾਜ ਵਿਚ ਲਿੰਗ ਅਨੁਪਾਤ ਮੁੜ ਕੁੜੀਆਂ ਦੇ ਉਲਟ ਜਾਣ ਦਾ ਸਪਸ਼ਟ ਕਾਰਨ ਹੈ ਕਿ ਉਹ ਮਰਦ ਪ੍ਰਧਾਨ ਸਮਾਜ ਵਿਚ ਸੁਰੱਖਿਅਤ ਨਹੀਂ ਹਨ। ਇਸ ਪਿੱਤਰੀ ਸੱਤਾ ਵਾਲੇ ਸਮਾਜ ਵਿਚ ਮਰਦ ਔਰਤ ਦਾ ਦਰਜਾ ਬਰਾਬਰ ਨਹੀਂ ਹੈ। ਅੱਜ ਵੀ ਔਰਤ ਪ੍ਰਤੀ ਮਾੜੀ ਸੋਚ ਭਾਰੂ ਹੈ। ਇਸ ਪ੍ਰਕਾਰ ਦੇ ਵਰਤਾਰੇ ਦਾ ਰਾਜਨੀਤਕ ਪਹਿਲੂ ਵੀ ਹੈ। ਹਾਕਮ ਜਮਾਤ ਸੱਤਾ ਦੇ ਨਸ਼ੇ ਵਿਚ ਇਸ ਹੱਦ ਤੱਕ ਚੂਰ ਹੈ ਕਿ ਤੁਸੀਂ ਉਸ ਵਿਰੁੱਧ ਆਵਾਜ਼ ਨਹੀਂ ਉਠਾ ਸਕਦੇ। ਉਹ ਆਵਾਜ਼ ਭਾਵੇਂ ਕਿਸੇ ਪੀੜਤ ਦੀ ਹੋਵੇ ਤੇ ਭਾਵੇਂ ਪੱਤਰਕਾਰ ਦੀ। ਇੱਥੋਂ ਤੱਕ ਕਿ ਵਿਰੋਧ ਪ੍ਰਦਰਸ਼ਨ ਕਰ ਰਹੀਆਂ ਕੁੜੀਆਂ ਦੀ ਹਮਾਇਤ ਵਿਚ ਆਉਣ ਵਾਲਿਆਂ ਨੂੰ ਵੀ ਨੁਕਸਾਨ ਪਹੁੰਚਾਇਆ ਜਾ ਰਿਹਾ ਹੈ।

ਹਾਕਮ ਸ਼ਾਇਦ ਦੋ ਸਾਲ ਪਹਿਲਾਂ ਸਫ਼ਲਤਾਪੂਰਵਕ ਚੱਲੇ ਕਿਸਾਨ ਅੰਦੋਲਨ ਨੂੰ ਭੁੱਲ ਗਏ ਹਨ ਜਿਹੜਾ ਸੂਖਮ ਪੱਧਰ 'ਤੇ ਇੱਕ ਪਿੰਡ ਤੋਂ ਸ਼ੁਰੂ ਹੋਇਆ ਤੇ ਸ਼ਹਿਰਾਂ, ਕਸਬਿਆਂ, ਸੂਬਿਆਂ ਨੂੰ ਕਲਾਵੇ ਵਿਚ ਲੈਂਦਾ ਹੋਇਆ ਕੌਮੀ ਅਤੇ ਕੌਮਾਂਤਰੀ ਹੱਦਾਂ ਨੂੰ ਵੀ ਪਾਰ ਕਰ ਗਿਆ ਸੀ। ਅੰਤ ਹਕੂਮਤ ਨੂੰ ਜਨਤਕ ਰੋਹ ਅੱਗੇ ਗੋਡੇ ਟੇਕਣੇ ਪਏ ਸਨ। ਤੀਲ੍ਹਾ-ਤੀਲ੍ਹਾ ਰਲ ਕੇ ਬਹੁਕਰ ਬਣਨ ਵਿਚ ਦੇਰ ਨਹੀਂ ਲੱਗਦੀ। ਜ਼ਰੂਰੀ ਹੈ ਕਿ ਸਿਰਫ਼ ਖੇਡ ਜਗਤ ਦੀਆਂ ਐਸੋਸੀਏਸ਼ਨਾਂ ਹੀ ਆਪਣੇ ਖਿਡਾਰੀਆਂ ਸਮੇਤ ਇਸ ਵਿਰੋਧ ਪ੍ਰਦਰਸ਼ਨ ਵਿਚ ਸ਼ਾਮਿਲ ਨਾ ਹੋਣ ਸਗੋਂ ਸਾਰੀਆਂ ਸਰਕਾਰੀ, ਗੈਰ-ਸਰਕਾਰੀ ਸੰਸਥਾਵਾਂ ਵਿਚ ਕੰਮ ਕਰਦੇ ਇਨਸਾਫ਼ਪਸੰਦ ਲੋਕ ਅਤੇ ਜਥੇਬੰਦੀਆਂ ਦੇ ਕਾਰਕੁਨ ਇਕੱਠੇ ਹੋਣ ਇਸ ਮਾਮਲੇ ਵਿਚ ਇਨਸਾਫ਼ ਮਿਲਣਾ ਯਕੀਨੀ ਬਣਾਉਣ। ਇਨ੍ਹਾਂ ਮਾਣਮੱਤੀਆਂ ਕੁਸ਼ਤੀ ਖਿਡਾਰਨਾਂ ਨਾਲ ਚੇਤੰਨ ਵਰਗ ਦਾ ਹਰ ਵਿਅਕਤੀ ਖੜ੍ਹਾ ਹੈ ਅਤੇ ਔਰਤਾਂ ਪ੍ਰਤੀ ਇਸ ਵਰਤਾਰੇ ਦਾ ਪੁਰਜ਼ੋਰ ਵਿਰੋਧ ਕਰਦਾ ਹੈ। ਸਾਨੂੰ ਸਾਰਿਆਂ ਨੂੰ ਪਤਾ ਹੈ ਕਿ ਇਹ ਸਾਡੀਆਂ ਧੀਆਂ- ਭੈਣਾਂ ਹਨ ਅਤੇ ਔਰਤਾਂ ਵਿਰੁੱਧ ਹੋ ਰਹੇ ਹਰ ਪ੍ਰਕਾਰ ਦੇ ਵਿਤਕਰੇ, ਜ਼ੁਲਮ ਅਤੇ ਹਿੰਸਾ ਦਾ ਜੜ੍ਹੋਂ ਖ਼ਾਤਮਾ ਕਰਨ ਲਈ ਸੰਘਰਸ਼ ਜਾਰੀ ਰਹੇਗਾ।

# ਇਤਿਹਾਸ ਲੋਕਾਂ ਦੇ ਚੇਤਿਆਂ ਵਿਚ ਜ਼ਿੰਦਾ ਰਹੇਗਾ


*(ਪਿਛਲੇ ਸਫੇ ਦੀ ਬਾਕੀ)*

ਨਹੀਂ ਹੈ ਜਿਸ ਨਾਲ ਮੈਂ ਇਸ ਦੋਸ਼ ਦਾ ਖੰਡਨ ਕਰ ਸਕਾਂ ਕਿ ਰਾਜ ਤਾਨਾਸ਼ਾਹੀ ਬਣ ਗਿਆ ਹੈ।

**ਸ਼ਾਹਿਦ ਤਾਂਤਰੇ:** ਸਕੂਲਾਂ ਅਤੇ ਕਾਲਜਾਂ ਵਿਚ ਪੜ੍ਹਾਏ ਜਾ ਰਹੇ ਪਾਠਕ੍ਰਮ ਨੂੰ ਕੁਝ ਤਰੀਕਿਆਂ ਨਾਲ ਬਦਲਿਆ ਜਾ ਰਿਹਾ ਹੈ - ਸਕੂਲੀ ਪਾਠ ਪੁਸਤਕਾਂ ਵਿਚੋਂ ਮੁਗਲ ਇਤਿਹਾਸ ਨੂੰ ਹਟਾਉਣਾ, ਗੁਜਰਾਤ ਦੰਗਿਆਂ ਦੇ ਹਵਾਲੇ ਅਤੇ ਗਾਂਧੀ ਦੇ ਕਤਲ ਤੋਂ ਬਾਅਦ ਆਰ.ਐੱਸ.ਐੱਸ. ਉੱਪਰ ਪਾਬੰਦੀ ਲੱਗਣ ਵਰਗੀਆਂ ਘਟਨਾਵਾਂ ਨੂੰ ਹਟਾਉਣਾ। ਅਜਿਹਾ ਕਿਉਂ ਹੋ ਰਿਹਾ ਹੈ? ਇਸ ਦੇ ਪਿੱਛੇ ਕੌਣ ਹਨ ਅਤੇ ਉਹ ਕੀ ਹਾਸਲ ਕਰਨਾ ਚਾਹੁੰਦੇ ਹਨ?

**ਗਣੇਸ਼ ਨਰਾਇਣ ਦੇਵੀ:** ਅੱਜ ਇਹ ਤਾਕਤਾਂ ਭਾਰਤ ਦੇ ਅਤੀਤ ਦੇ ਛੇ ਯੁਗਾਂ ਨੂੰ ਸਾਵਰਕਰ ਦੀ ਕਿਤਾਬ ਭਾਰਤ ਦੇ ਇਤਿਹਾਸ ਦੇ ਛੇ ਸੁਨਹਿਰੀ ਪੰਨੇ (ਸਿਕਸ ਗੋਲਡਨ ਪੇਜਿਜ਼ ਇਨ ਇੰਡੀਅਨ ਹਿਸਟਰੀ) ਅਨੁਸਾਰ ਚਿੱਤਰਤ ਕਰਨ 'ਚ ਰੁਚੀ ਰੱਖਦੀਆਂ ਹਨ; ਤੇ ਉਸ ਵਿਚ ਮੱਧਕਾਲ ਜਿਸ ਵਿਚ ਇਸਲਾਮੀ ਕਲਾ, ਇਸਲਾਮੀ ਸਾਮਰਾਜ, ਇਸਲਾਮੀ ਤਰੱਕੀ ਦਾ ਬੋਲਬਾਲਾ ਸੀ, ਨੂੰ ਹਨੇਰੇ ਯੁਗ ਵਜੋਂ ਦੇਖਿਆ ਜਾਂਦਾ ਹੈ ਪਰ ਮੁਗਲ ਕਾਲ ਹੀ ਨਹੀਂ, 1100 ਈਸਵੀ ਤੋਂ ਲੈ ਕੇ ਪੂਰੇ 1000 ਸਾਲ ਭਾਰਤ ਵਿਚ ਬਹੁਤ ਵੱਡੀ ਤਰੱਕੀ ਅਤੇ ਵਿਕਾਸ ਦਾ ਦੌਰ ਰਿਹਾ ਹੈ - ਭਾਵੇਂ ਇਹ ਮੁਸਲਮਾਨਾਂ ਨੇ ਜਾਂ ਹਿੰਦੂਆਂ ਨੇ ਜਾਂ ਜੈਨੀਆਂ ਨੇ ਜਾਂ ਬੋਧੀਆਂ ਨੇ ਜਾਂ ਸਿੱਖਾਂ ਨੇ ਕੀਤਾ ਪਰ ਹੋਇਆ ਇਹ ਭਾਰਤ ਵਿਚ ਹੀ ਸੀ। ਕਲਾ, ਸੁਹਜ ਸ਼ਾਸਤਰ, ਇਮਾਰਤਸਾਜ਼ੀ, ਸੰਗੀਤ, ਨਗਰ ਯੋਜਨਾਬੰਦੀ ਦੇ ਪ੍ਰਸੰਗ 'ਚ ਦੇਖੀਏ ਤਾਂ ਅਜਿਹਾ ਹੋਇਆ। ਸ਼ੇਰ ਸ਼ਾਹ ਸੂਰੀ ਨੇ ਮੁਲਕ ਦਾ ਪਹਿਲਾ ਜ਼ਮੀਨੀ ਸਰਵੇਖਣ ਕਰਵਾਇਆ, ਜ਼ਮੀਨ ਦੀ ਮਾਲਕੀ ਨੂੰ ਤਰਕਸੰਗਤ ਰੂਪ 'ਚ ਤਿਆਰ ਕਰਵਾਇਆ ਅਤੇ ਇਸ ਤਰ੍ਹਾਂ ਸ਼ੋਸ਼ਣ ਨੂੰ ਘਟਾਇਆ। ਪੂਰੇ ਦੌਰ ਨੂੰ ਕਾਲੇ ਯੁਗ ਵਜੋਂ ਪੇਸ਼ ਕਰਨਾ ਮੂਰਖ਼ਤਾ ਹੈ ਅਤੇ ਇਹ ਗ਼ਲਤ ਹੈ।

ਮਿਸਾਲ ਵਜੋਂ ਤਾਮਿਲ ਅਤੇ ਕੰਨੜ ਨੂੰ ਛੱਡ ਕੇ ਸ਼ਾਇਦ ਸਾਰੀਆਂ ਆਧੁਨਿਕ ਭਾਰਤੀ ਭਾਸ਼ਾਵਾਂ ਸ਼ਾਇਦ ਇਸ ਦੌਰ 'ਚ ਵਿਕਸਿਤ ਹੋਈਆਂ; ਭਾਵੇਂ ਉਹ ਬੰਗਾਲੀ, ਉੜੀਆ, ਪੰਜਾਬੀ, ਗੁਜਰਾਤੀ, ਮਰਾਠੀ, ਤੇਲਗੂ, ਮਲਿਆਲਮ ਅਤੇ ਕਸ਼ਮੀਰੀ ਹੋਣ। ਇਸ ਲਈ, ਜੇਕਰ ਆਧੁਨਿਕ ਭਾਰਤੀ ਭਾਸ਼ਾਵਾਂ ਦਾ ਵਿਕਾਸ ਹੁੰਦਾ ਹੈ; ਮਹਾਨ ਸੰਤ ਉੱਭਰਦੇ ਹਨ ਅਤੇ ਸ਼ਾਨਦਾਰ ਸਾਹਿਤਕ ਪਰੰਪਰਾ, ਸੂਫ਼ੀਵਾਦ ਅਤੇ ਭਗਤੀ ਦਾ ਨਿਰਮਾਣ ਕਰਦੇ ਹਨ, ਉਹ ਲੋਕਾਂ ਨੂੰ ਮਹਾਨ ਮਾਨਵਤਾਵਾਦ ਸਿਖਾਉਂਦੇ ਹਨ; ਜ਼ਮੀਨੀ ਸੁਧਾਰ ਪੇਸ਼ ਕੀਤੇ ਜਾਂਦੇ ਹਨ; ਉਸ ਕਾਲ ਨੂੰ ਹਨੇਰਾ ਦਾ ਯੁਗ ਕਿਵੇਂ ਕਿਹਾ ਜਾ ਸਕਦਾ ਹੈ? ਮੁਲਕ ਵਿਚੋਂ ਮੁਸਲਮਾਨ ਹੁਕਮਰਾਨਾਂ ਦੀ ਯਾਦ ਨੂੰ ਮਿਟਾਉਣਾ ਇਕ ਵਿਗਾੜ ਹੈ, ਇਹ ਇਤਿਹਾਸ ਨਹੀਂ ਹੈ। ਇਸੇ ਤਰ੍ਹਾਂ ਬੁੱਧ ਧਰਮ ਅਤੇ ਸਨਾਤਨ ਧਰਮ ਦਾ ਆਪਸੀ ਟਕਰਾਅ ਸਾਡੇ ਇਤਿਹਾਸ ਦਾ ਹਿੱਸਾ ਹੈ ਪਰ ਜੇਕਰ ਬੁੱਧ ਧਰਮ ਨੂੰ ਪਾਸੇ ਕਰ ਕੇ ਸਿਰਫ਼ ਸਨਾਤਨ ਨੂੰ ਹੀ ਚਮਕਾਇਆ ਜਾਵੇ ਤਾਂ ਇਹ ਇਤਿਹਾਸ ਦਾ ਮਿਥਕਰਨ ਹੋਵੇਗਾ।



*ਮਨਮਰਜ਼ੀ ਨਾਲ ਇਤਿਹਾਸ ਦੀ ਤੋੜ-ਮਰੋੜ।*

ਇਸੇ ਤਰ੍ਹਾਂ ਇਤਿਹਾਸ ਦੇ ਵੱਖ-ਵੱਖ ਵਿਗਿਆਨਕ ਦ੍ਰਿਸ਼ਟੀਕੋਣ ਸਿੰਧੂ ਸਭਿਅਤਾ ਦੇ ਪਤਨ ਅਤੇ ਵੇਦਿਕ ਸਭਿਅਤਾ ਦੇ ਉਦੈ ਦਰਮਿਆਨ ਖਾਈ ਨੂੰ ਦਰਸਾਉਂਦੇ ਹਨ। ਅਸੀਂ ਨਹੀਂ ਜਾਣਦੇ ਕਿ ਉਨ੍ਹਾਂ 500 ਸਾਲਾਂ ਦੌਰਾਨ ਅਸਲ ਵਿਚ ਕੀ ਹੋਇਆ ਸੀ। ਅਸੀਂ ਬਾਅਦ ਦੀ ਸਿੰਧੂ ਸਭਿਅਤਾ ਬਾਰੇ ਕੁਝ ਜਾਣਦੇ ਹਾਂ, ਇਕ ਵੱਖਰੇ ਰੂਪ 'ਚ ਜਿਸ ਨੂੰ ਗੰਧਾਰ ਕਾਲ ਕਿਹਾ ਜਾਂਦਾ ਹੈ ਪਰ ਜੇਕਰ ਕੋਈ ਇਹ ਦਾਅਵਾ ਕਰੇ ਕਿ ਸੰਸਕ੍ਰਿਤ ਭਾਸ਼ਾ - ਜੋ 1400 ਈਸਵੀ ਪੂਰਵ ਤੋਂ ਪਹਿਲਾਂ ਭਾਰਤ ਵਿਚ ਨਹੀਂ ਆਈ ਸੀ - ਪਹਿਲਾਂ ਮੌਜੂਦ ਸੀ, ਕਿ ਇਹ ਸਿੰਧੂ ਸਭਿਅਤਾ ਦੀ ਭਾਸ਼ਾ ਸੀ ਜੋ ਸਿੰਧੂ ਸਭਿਅਤਾ ਬਾਰੇ ਵਿਗਿਆਨਕ ਤੌਰ 'ਤੇ ਸਥਾਪਿਤ ਤਮਾਮ ਸੱਚਾਈਆਂ ਦੇ ਸਾਹਮਣੇ ਨਹੀਂ ਟਿਕਦਾ। ਜਿੱਥੇ ਅਸੀਂ ਇਸ ਬਾਰੇ ਬਹੁਤ ਕੁਝ ਜਾਣਦੇ ਹਾਂ ਪਰ ਅਸੀਂ ਅਜੇ ਵੀ ਕਾਫ਼ੀ ਨਹੀਂ ਜਾਣਦੇ ਹਾਂ।


ਕੋਈ ਚਾਹੇ ਤਾਂ ਵੀ ਇਤਿਹਾਸ ਨੂੰ ਦੁਬਾਰਾ ਨਹੀਂ ਲਿਖ ਸਕਦਾ। ਜਦੋਂ ਕੋਈ ਵਿਚਾਰਧਾਰਾ ਅਤਿਵਾਦੀ ਰਾਸ਼ਟਰਵਾਦ ਨੂੰ ਉਤਸ਼ਾਹਤ ਕਰਨ ਦੀ ਕੋਸ਼ਿਸ਼ ਕਰਦੀ ਹੈ ਤਾਂ ਇਹ ਉਸ ਮਾਣਮੱਤੀ ਪਰੰਪਰਾ ਦੀਆਂ ਖ਼ਾਮੀਆਂ ਜਾਂ ਸਾਡੇ ਪੁਰਖਿਆਂ ਦੀਆਂ ਨਾਕਾਮੀਆਂ ਨੂੰ ਦੇਖੇ ਬਿਨਾ ਸਿਰਫ਼ ਇਕ ਮਾਣਮੱਤੇ ਅਤੀਤ ਨੂੰ ਚਿੱਤਰਤ ਕਰਨਾ ਚਾਹੁੰਦੀ ਹੈ ਪਰ ਹਰ ਪੀੜ੍ਹੀ ਨੂੰ ਅਤੀਤ ਤੋਂ ਸਿੱਖਣ ਦੀ ਲੋੜ ਹੈ - ਸਾਡੇ ਪੁਰਖਿਆਂ ਨੇ ਕੀ ਹਾਸਲ ਕੀਤਾ ਅਤੇ ਉਹ ਕਿੱਥੇ ਅਸਫ਼ਲ ਹੋਏ। ਜੇ ਅਜਿਹੇ ਝੂਠੇ ਦਾਅਵਿਆਂ ਨੂੰ ਵਿਦਿਆਰਥੀਆਂ ਦੇ ਹਲਕ 'ਚ ਉਤਾਰ ਦਿੱਤਾ ਗਿਆ ਤਾਂ ਸਮੁੱਚੀ ਨੌਜਵਾਨ ਪੀੜ੍ਹੀ ਨੂੰ ਝੂਠੀ ਤਸਵੀਰ ਮਿਲੇਗੀ, ਉਹ ਇਤਿਹਾਸ ਨੂੰ ਗੰਭੀਰਤਾ ਨਾਲ ਲੈਣ ਤੋਂ ਅਸਮਰੱਥ ਹੋ ਜਾਣਗੇ। ਇਕ ਸਭਿਅਤਾ ਜਾਂ ਇਕ ਕੌਮ ਜੋ ਆਪਣੇ ਆਪ ਨੂੰ ਆਲੋਚਨਾਤਮਕ ਤੌਰ 'ਤੇ ਦੇਖਣਾ ਨਹੀਂ ਜਾਣਦੀ ਹੈ, ਵਿਕਾਸ ਕਰਨ ਵਿਚ ਅਸਫ਼ਲ ਰਹੇਗੀ। ਲੋਕ ਸਿਰਫ਼ ਕਾਲਪਨਿਕ ਮਹਿਮਾ ਦਾ ਆਨੰਦ ਲੈਣਗੇ ਅਤੇ ਸਵੈ-ਸੰਤੁਸ਼ਟੀ ਦੀ ਝੂਠੀ ਭਾਵਨਾ ਨਾਲ ਭਰੇ ਰਹਿਣਗੇ ਜਿਸ ਨਾਲ ਖੜੋਤ ਪੈਦਾ ਹੋਵੇਗੀ।

ਚਾਹੇ ਕੋਈ ਪਸੰਦ ਕਰੇ ਜਾਂ ਨਾ ਕਰੇ, ਮਹਾਤਮਾ ਗਾਂਧੀ ਦਾ ਨਾਮ ਸਦਾ ਜਿਉਂਦਾ ਰਹੇਗਾ। ਇਹ ਸੱਚ ਹੈ ਕਿ ਉਸ ਦਾ ਕਤਲ ਕੀਤਾ ਗਿਆ ਸੀ। ਜਿਸ ਸ਼ਖ਼ਸ ਨੇ ਗਾਂਧੀ ਨੂੰ ਮਾਰਿਆ, ਉਸ ਦਾ ਨਾਂ ਸਭ ਨੂੰ ਪਤਾ ਹੈ, ਉਸ ਦੇ ਮਨਸ਼ੇ ਪਤਾ ਹਨ ਅਤੇ ਜਿਸ ਫ਼ਲਸਫ਼ੇ ਨੇ ਉਸ ਨੂੰ ਗਾਂਧੀ ਦਾ ਕਤਲ ਕਰਨ ਲਈ ਪ੍ਰੇਰਿਆ, ਉਹ ਪਹਿਲਾਂ ਹੀ ਸਾਰੀ ਦੁਨੀਆ ਨੂੰ ਪਤਾ ਹੈ। ਇਸ ਨੂੰ ਭਵਿੱਖ ਦੇ ਬੱਚਿਆਂ ਤੋਂ ਲੁਕੋਣਾ ਬੇਹੱਦ ਬਚਕਾਨਾ ਹੈ। ਇਸ ਦੀ ਕੋਈ ਵੀ ਅਕਾਦਮਿਕ ਵਾਜਬੀਅਤ ਨਹੀਂ ਹੈ।

ਇਤਿਹਾਸਕ ਤੱਥਾਂ ਯਾਦਦਾਸ਼ਤ ਅਤੇ ਧਰਾਤਲ ਨੂੰ ਬਰਕਰਾਰ ਰੱਖਣ ਦੇ ਹੋਰ ਸਾਧਨ ਲੱਭ ਲੈਣਗੇ। ਰਾਮਾਇਣ ਅਤੇ ਮਹਾਂਭਾਰਤ ਦੇ ਮੁਤਵਾਜ਼ੀ ਰੂਪ ਮੌਖਿਕ ਪਰੰਪਰਾਵਾਂ ਵਿਚ ਬਚੇ ਹੋਏ ਹਨ। ਗੁਜਰਾਤ ਕਤਲੇਆਮ ਵਿਚ ਹਜ਼ਾਰਾਂ ਪਰਿਵਾਰ ਪ੍ਰਭਾਵਿਤ ਹੋਏ ਸਨ ਅਤੇ ਉਨ੍ਹਾਂ ਵਿੱਚੋਂ ਬਹੁਤੇ ਪਰਿਵਾਰ ਅਜੇ ਵੀ ਉੱਥੇ ਹਨ। ਇਤਿਹਾਸ ਵਿਚ ਜੋ ਇਸ ਤੱਥ ਨੂੰ ਦਬਾਇਆ ਜਾ ਰਿਹਾ ਹੈ, ਨੇੜ ਭਵਿੱਖ 'ਚ ਉਹ ਹਾਸੋਹੀਣੀ ਕਾਰਵਾਈ ਬਣ ਜਾਵੇਗਾ। ਜਦੋਂ ਇਹ ਸਰਕਾਰ ਜਾਏਗੀ ਤੇ ਕੋਈ ਹੋਰ ਸਰਕਾਰ ਆਏਗੀ ਤਾਂ ਉਹ ਸਰਕਾਰ ਇਨ੍ਹਾਂ ਤੱਥਾਂ ਨੂੰ ਮੁੜ ਸੁਰਜੀਤ ਕਰੇਗੀ। ਇਸ ਨੂੰ ਯਾਦਦਾਸ਼ਤ ਤੋਂ ਮਿਟਾਇਆ ਨਹੀਂ ਜਾ ਸਕਦਾ। ਜਨਤਾ ਦੀ ਯਾਦਦਾਸ਼ਤ ਓਨੀ ਕਮਜ਼ੋਰ ਨਹੀਂ ਜਿੰਨੀ ਹਾਕਮ ਸਮਝ ਰਹੇ ਹਨ। ਉਹ ਚੀਜ਼ਾਂ ਨੂੰ ਬਹੁਤ ਲੰਬੇ ਸਮੇਂ ਤੱਕ ਚੇਤੇ ਰੱਖਦੇ ਹਨ, ਭਾਵੇਂ ਉਹ ਖੁੱਲ੍ਹ ਕੇ ਨਾ ਵੀ ਬੋਲਣ। ***(ਚੱਲਦਾ)***

# ਕੋਚੀ ਕੌਮਾਂਤਰੀ ਕਲਾ ਕੁੰਭ ਵਿਚ ਪੰਜਾਬ ਦੀ ਪੈੜ

***ਕੋਚੀ (ਕੇਰਲ) ਦਾ ਦੋ ਸਾਲਾ ਕੌਮਾਂਤਰੀ ਕਲਾ ਮੇਲਾ ਆਪਣੇ ਨਾਲ ਬੜਾ ਕੁਝ ਲੈ ਕੇ ਆਉਂਦਾ ਹੈ। ਇਸ ਵਾਰ ਇਸ ਕਲਾ ਮੇਲੇ ਵਿਚ ਪੰਜਾਬ ਨੇ ਭਰਪੂਰ ਹਾਜ਼ਰੀ ਲੁਆਈ ਹੈ ਜਿਸ ਦੇ ਅਹਿਮ ਵੇਰਵੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਮਲਟੀਮੀਡੀਆ ਸੈਂਟਰ ਦੇ ਡਾਇਰੈਕਟਰ ਅਤੇ ਦਸਤਾਵੇਜ਼ੀ ਫਿਲਮਸਾਜ਼ ਦਲਜੀਤ ਅਮੀ ਨੇ ਆਪਣੇ ਇਸ ਲੇਖ ਵਿਚ ਦਰਜ ਕੀਤੇ ਹਨ।***




***ਕੋਚੀ (ਕੇਰਲ) ਦੇ ਕੌਮਾਂਤਰੀ ਕਲਾ ਮੇਲੇ ਵਿਚ ਪੰਜਾਬ ਦੀ ਹਾਜ਼ਰੀ।***

ਕੋਚੀ ਦਾ ਦੋ ਸਾਲਾ ਕੌਮਾਂਤਰੀ ਕਲਾ ਮੇਲਾ (ਕੋਚੀ-ਮੁਜ਼ੀਰਿਸ ਬਿਨਾਲੇ) 23 ਦਸੰਬਰ ਤੋਂ 10 ਅਪਰੈਲ ਤੱਕ ਨੁਮਾਇਸ਼ਾਂ ਲਗਾ ਕੇ ਮੁਕੰਮਲ ਹੋ ਗਿਆ। ਇਸ ਮੇਲੇ ਦਾ ਨਾਅਰਾ ਸੀ, 'ਸਿਆਹੀ ਅਤੇ ਅੱਗ ਤੁਹਾਡੀਆਂ ਰਗਾਂ ਵਿਚ ਰਵਾਂ ਹੈ।' ਇਸ ਦਾ ਬਿਆਨੀਆ ਸੀ ਕਿ ਦੋ ਸਾਲਾ ਕਲਾ ਮੇਲਾ ਮਹਿਜ਼ ਸਬਬੀ ਜੁੜਿਆ ਸੰਜੋਗ ਨਹੀਂ ਹੁੰਦਾ। ਇਹ ਉਦਾਸੀਆਂ ਦੇ ਸਾਹਮਣੇ ਖੜ੍ਹੀ ਕੀਤੀ ਜਾਣ ਵਾਲੀ ਵਾੜ ਵਾਂਗ ਨਾਮੁਮਕਿਨ ਜਾਪਦਾ ਖ਼ਿਆਲ ਹੈ। ਅਸੀਂ ਮਨੁੱਖਾ ਨਸਲ ਅਤੇ ਆਪਣੀਆਂ ਬਿਰਾਦਰੀਆਂ ਦੀ ਕਾਬਲੀਅਤ ਤੋਂ ਵਾਕਿਫ਼ ਹਾਂ ਜੋ ਨਾਜ਼ੁਕ ਅਤੇ ਮੁਸ਼ਕਲ ਹਾਲਾਤ ਵਿਚ ਕਲਾਮਈ



ਅੰਦਾਜ਼ ਵਿਚ ਵਿਕਸਦੀ ਰਹਿੰਦੀ ਹੈ। ਇਹੋ ਕਾਬਲੀਅਤ ਇਨਕਾਰ ਕਰਦੀ ਹੈ ਕਿ ਸ਼ਾਇਰੀ, ਬੋਲੀਆਂ, ਕਲਾ, ਮੌਸਿਕੀ, ਆਸ਼ਾਵਾਦ ਅਤੇ ਕਟਾਕਸ਼ ਦੇ ਭਰਮ ਤੋਂ

**ਦਲਜੀਤ ਅਮੀ**
**ਫੋਨ: +91-72919-77145**

ਮੁਕਤ ਹੋ ਜਾਣਾ ਚਾਹੀਦਾ ਹੈ। ਜੁਗਤ ਵਜੋਂ ਕਥਾਕਾਰੀ ਦੀ ਅਨੰਤ ਤਾਕਤ, ਸਿਆਹੀ ਦਾ ਹੱਦਾਂ-ਬੰਨੇ ਤੋੜ ਦੇਣ ਵਾਲਾ ਜ਼ੋਰ, ਕਟਾਕਸ਼ ਅਤੇ ਮਜ਼ਾਕ ਦੀ ਤਬਦੀਲੀ-ਪਸੰਦ ਅੱਗ ਵਿਚ ਅਟੁੱਟ ਯਕੀਨ ਹੀ ਇਸ ਦੌਰ ਵਿਚ ਨਾਮੁਮਕਿਨ ਨੂੰ ਮੁਮਕਿਨ ਕਰਨ ਦਾ ਹੌਸਲਾ ਦਿੰਦਾ ਹੈ। ਇਸੇ ਬਿਆਨੀਏ ਵਿਚ ਸੁਆਲ ਹੈ ਕਿ ਜਦੋਂ ਅਸੀਂ ਕੁਝ ਸੁਣਦੇ, ਦੇਖਦੇ, ਸਹੇਜਦੇ, ਸੋਚਦੇ ਅਤੇ ਬਣਾਉਂਦੇ ਹਾਂ ਤਾਂ ਕੀ ਹਾਸਿਲ ਹੁੰਦਾ ਹੈ? ਇੱਕ ਤਾਂ ਸਭ ਤੋਂ ਇਕਾਂਤ ਵਿਚ ਕੀਤੇ ਸਫ਼ਰ ਵੀ ਤਨਹਾ ਨਹੀਂ ਹੁੰਦੇ ਸਗੋਂ ਉਨ੍ਹਾਂ ਰਾਹਾਂ ਉੱਤੇ ਅਸੀਂ ਸਰਬ-ਸਾਂਝੀ ਸੁਰਤ ਅਤੇ ਸੋਚ ਦੇ ਸਰੋਵਰ ਦਾ ਜਲ ਛਕਦੇ ਹਾਂ। ਜਦੋਂ ਅਸੀਂ ਇਕੱਲੇ ਕੰਮ ਕਰਦੇ ਹਾਂ ਤਾਂ ਅਸੀਂ ਹੋਰਾਂ ਦੀ ਆਵਾਜ਼ ਬੁਲੰਦ ਕਰਦੇ ਹਾਂ। ਇਹ ਸਮਾਜਿਕ ਸਰਗਰਮੀ ਹੈ ਜੋ ਅਸੀਂ ਸਿਰਜਣਾ ਕਰਦੇ ਹੋਏ ਸਾਂਝੇ ਤੌਰ ਉੱਤੇ ਕਰਦੇ ਹਾਂ।

ਇਸ ਹਵਾਲੇ ਨਾਲ ਕੋਚੀ ਦੇ ਦੋ ਸਾਲਾ ਕੌਮਾਂਤਰੀ ਕਲਾ ਮੇਲੇ ਵਿਚ ਸਥਾਪਨ ਕਲਾ (ਇੰਸਟਾਲੇਸ਼ਨ) ਮਰਕਜ਼ੀ ਸੀ ਜਿਸ ਵਿਚ ਚਿੱਤਰਕਾਰੀ, ਫੋਟੋਕਾਰੀ, ਡਿਜੀਟਲ ਅਤੇ ਵੀਡੀਓ ਦੇ ਨਾਲ-ਨਾਲ ਬਹੁਤ ਸਾਰੀ ਸਮੱਗਰੀ ਅਤੇ ਇਨ੍ਹਾਂ ਦਾ ਵੰਨ-ਸਵੰਨੀ ਸੰਜੋਗੀ ਵਿਓਂਤਬੰਦੀ ਸ਼ਾਮਿਲ ਹੋਈ। ਕੋਚੀ ਵਿਚ ਸਮੁੰਦਰ ਦੇ ਕੰਢੇ ਬਣੀਆਂ ਵੱਖ-ਵੱਖ ਥਾਵਾਂ ਵਿਚ ਤਕਰੀਬਨ ਸਮੁੱਚੇ ਮੇਲੇ ਦਾ ਘੇਰਾ ਸੱਤ-ਅੱਠ ਕਿਲੋਮੀਟਰ ਬਣਦਾ ਸੀ ਅਤੇ ਹਰ ਥਾਂ ਦਾ ਕੋਈ ਬੂਹਾ ਜਾਂ ਖਿੜਕੀ ਸਮੁੰਦਰ ਵੱਲ ਖੁੱਲ੍ਹਦੀ ਸੀ। ਇੱਕ ਪਾਸੇ ਨੁਮਾਇਸ਼ਾਂ ਵਾਲੀਆਂ ਥਾਵਾਂ ਉੱਤੇ ਬਸਤਾਨੀ ਦੌਰ ਦੀਆਂ ਯਾਦਾਂ ਦੀ ਝਲਕ ਪੈਂਦੀ ਸੀ ਅਤੇ ਦੂਜੇ ਪਾਸੇ ਸਮੁੰਦਰ ਵਿਚ ਹੋ ਰਹੀ ਆਵਾਜਾਈ ਅਤੇ ਢੋਆ-ਢੁਆਈ ਬਸਤਾਨੀ ਦੌਰ ਤੋਂ ਪਹਿਲੀਆਂ ਅਤੇ ਬਾਅਦ ਦੀਆਂ ਕੜੀਆਂ ਜੋੜਦੀ ਸੀ। ਪੁਰਾਤਨ ਦਾ ਵਿਚਕਾਰਲੇ ਦੌਰ ਰਾਹੀਂ ਸਮਕਾਲੀ ਦੌਰ ਨਾਲ ਰਾਬਤਾ ਨੁਮਾਇਸ਼ਾਂ ਕਈ ਤਰ੍ਹਾਂ ਨਾਲ ਪੇਸ਼ ਕਰਦੀਆਂ ਸਨ। ਕੁਝ ਨਾਮੀ ਕਲਾਕਾਰਾਂ ਦੀਆਂ ਪੁਰਾਣੀਆਂ ਕਲਾ-ਕਿਰਤਾਂ ਅਤੇ ਨਵੇਂ ਕਲਾਕਾਰਾਂ ਦੀਆਂ ਸਮਕਾਲੀ ਕਿਰਤਾਂ ਨਾਲ ਇੱਕ ਲੜੀ ਬਣਦੀ ਸੀ। ਮਨੁੱਖੀ ਤਜਰਬੇ ਦੀ ਵੱਖ-ਵੱਖ ਕਲਾ ਰੂਪਾਂ ਵਿਚ ਨੁਮਾਇੰਦਗੀ ਇੱਕ ਹੋਰ ਲੜੀ ਬਣਾਉਂਦੀ ਸੀ। ਇੱਕੋ ਖ਼ਿਆਲ ਦੀ ਵੱਖ-ਵੱਖ ਕਲਾਕਾਰਾਂ ਅਤੇ ਵੱਖ-ਵੱਖ ਸਮੇਂ ਵਿਚ ਹੋਈ ਨੁਮਾਇੰਦਗੀ ਇੱਕ ਹੋਰ ਲੜੀ ਬਣਾ ਦਿੰਦੀ ਸੀ। ਅਜਿਹੀਆਂ ਲੜੀਆਂ ਦੇ ਉਭਰਨ ਦੀ ਗੁੰਜਾਇਸ਼ ਦਰਸ਼ਕ ਦੇ ਤਜਰਬੇ, ਸਮਝ ਅਤੇ ਸੂਹਜ ਨਾਲ ਜੁੜ ਕੇ ਵਧ ਰਹੀ ਸੀ।

ਇਸ ਲੇਖ ਦਾ ਮਕਸਦ ਇਸ ਕਲਾ ਮੇਲੇ ਵਿਚ ਪੰਜਾਬ ਦੀ ਨੁਮਾਇੰਦਗੀ ਨੂੰ ਸ਼ਮੂਲੀਅਤ, ਰੂਪ ਅਤੇ ਵਿਸ਼ਾ ਪੱਖ ਤੋਂ ਦੇਖਣਾ ਹੈ। ਹਰ ਆਲਮੀ ਮਨੁੱਖ ਵਾਂਗ ਕਲਾ ਰਸੀਏ ਵਜੋਂ ਪੰਜਾਬੀ ਬੰਦੇ ਦੀ ਦਿਲਚਸਪੀ ਕਲਾ ਦੇ ਇਸ ਸਮੁੱਚੇ ਮੇਲੇ ਵਿਚ ਹੋ ਸਕਦੀ ਹੈ। ਲੇਖ ਇਹ ਸਮਝਣ ਦਾ ਉਪਰਾਲਾ ਹੈ ਕਿ ਇਸ ਮੇਲੇ ਦੀ ਪੰਜਾਬ ਦੇ ਕਿਸ ਕਲਾਕਾਰ, ਕਲਾ ਕਿਰਤ ਜਾਂ ਕਲਾ ਰੂਪ ਵਿਚ ਦਿਲਚਸਪੀ ਹੈ। ਇੰਝ ਵੀ ਕਿਹਾ ਜਾ ਸਕਦਾ ਹੈ ਕਿ ਪੰਜਾਬ ਦੀ ਕਿਹੜੀ ਕਲਾ ਇਸ ਮੇਲੇ ਨੂੰ ਜਾਂਦੇ ਰਾਹ ਉੱਤੇ ਸਵਾਰ ਹੁੰਦੀ ਹੈ।

ਸਥਾਪਨਾ ਕਲਾ ਦੀਆਂ ਦੋ ਨੁਮਾਇਸ਼ਾਂ ਕਲਾਕਾਰ ਜਿਤਿਸ਼ ਕਾਲਾਤ ਨੇ ਕੀਤੀਆਂ ਹਨ ਜੋ ਆਜ਼ਾਦੀ ਦੇ 75 ਵਰ੍ਹਿਆਂ ਨਾਲ ਆਪਣਾ ਸੰਵਾਦ ਕਰਦੀਆਂ ਹਨ। ਇੱਕ ਸਥਾਪਨਾ ਦਾ ਨਾਮ 'ਕਵਰਿੰਗ ਲੈਟਰ' ਹੈ ਜੋ ਦੂਜੀ ਆਲਮੀ ਜੰਗ ਤੋਂ ਕੁਝ ਹਫ਼ਤੇ ਪਹਿਲਾਂ ਮੋਹਨ ਦਾਸ ਕਰਮ ਚੰਦ ਗਾਂਧੀ ਦੀ ਹਿਟਲਰ ਨੂੰ ਲਿਖੀ ਚਿੱਠੀ ਦੀ ਸਮਕਾਲੀ ਪੇਸ਼ਕਾਰੀ ਹੈ। ਹਨੇਰੇ ਕਮਰੇ ਵਿਚ ਗਾਂਧੀ ਦੀ ਚਿੱਠੀ ਦੇ ਸ਼ਬਦ ਧੁੰਦ ਦੇ ਪਰਦੇ ਉੱਤੇ ਚਲਦੇ ਹਨ। ਧੁੰਦ ਦੇ ਛਟਣ ਸਾਰ ਹੀ ਇਹ ਸ਼ਬਦ ਲੋਪ ਹੋ ਜਾਂਦੇ ਹਨ। ਅਮਨ ਦੇ ਦੂਤ ਨੇ ਹਿੰਸਾ ਦੇ ਅਲੰਬਰਦਾਰ ਨੂੰ 'ਪਿਆਰੇ ਦੋਸਤ' ਕਹਿ ਕੇ ਚਿੱਠੀ ਲਿਖੀ ਹੈ ਜਿਸ ਦੇ ਸ਼ਬਦ ਇਤਿਹਾਸ ਨੇ ਅਣਸੁਣੇ ਕਰ ਦਿੱਤੇ ਹਨ। ਦਰਸ਼ਕ ਦੇ ਸਾਹਮਣੇ ਇਹ ਇਤਿਹਾਸਕ ਚਿੱਠੀ ਆਪਣੀ ਕਲਾ ਵਰਤਾਉਂਦੀ ਹੈ ਤਾਂ ਇਹ ਸਮਕਾਲੀ ਦੌਰ ਨਾਲ ਪੇਚੀਦਾ ਸੰਵਾਦ ਛੇੜ ਦਿੰਦੀ ਹੈ।

ਜਿਤਿਸ਼ ਕਾਲਾਤ ਨੇ ਵੱਖ-ਵੱਖ ਕਲਾਕਾਰਾਂ ਦੀਆਂ ਕਲਾਕਿਰਤਾਂ ਨੂੰ ਸੰਜੋਗ ਕੇ ਦੂਜੀ ਨੁਮਾਇਸ਼ ਦੀ ਸਥਾਪਨਾ ਕੀਤੀ ਹੈ ਜਿਸ ਦਾ ਨਾਮ 'ਟੈਂਗਲਡ ਹਿਰਾਰਕੀਜ਼' (ਉਲਝੇ ਦਰਜੇ) ਹੈ। ਇਸ ਨੁਮਾਇਸ਼ ਵਿਚ 1947 ਦੀ ਵੰਡ ਨਾਲ ਜੁੜੀਆਂ ਕਲਾ ਕਿਰਤਾਂ ਅਤੇ ਦਸਤਾਵੇਜ਼ ਹਨ। ਇਨ੍ਹਾਂ ਵਿਚ ਚਿੱਠੀਆਂ, ਚਿੱਤਰ, ਤਸਵੀਰਾਂ, ਨਕਸ਼ੇ ਅਤੇ ਦਸਤਾਵੇਜ਼ਾਂ ਦੀਆਂ ਨਕਲਾਂ ਹਨ ਜਿਨ੍ਹਾਂ ਦੀ ਸਥਾਪਨਾ ਹੱਦਾਂ-ਸਰਹੱਦਾਂ, ਬਾਮੁਕਾਮੀ-ਬੇਮੁਕਾਮੀ, ਕਹਿ-ਅਣਕਹੇ, ਸੁਣੇ-ਅਣਸੁਣੇ, ਕਲੇਸ਼ ਅਤੇ ਪੀੜ ਵਰਗੀਆਂ ਹਕੀਕਤਾਂ ਅਤੇ ਅਹਿਸਾਸ ਦੀ ਗੁੰਜਾਇਸ਼ ਫਰੋਲਣ ਦਾ ਸਬੱਬ ਬਣਦੀ ਹੈ। ਦਰਜਣ ਤੋਂ ਜ਼ਿਆਦਾ ਕਲਾਕਾਰਾਂ ਵਿਚ ਫੋਟੋਕਾਰ ਹੈਨਰੀ ਕਾਰਟੀਅਰ-ਬਰੈਸੋਂ ਅਤੇ ਹੋਮੀ ਵਿਆਰਵਾਲਾ ਸ਼ਾਮਿਲ ਹਨ। ਪੰਜਾਬੀ ਮੂਲ ਦਾ ਸਰਦਾਰੀ ਲਾਲ ਪਰਾਸ਼ਰ ਹੈ ਜਿਸ ਨੇ ਵੰਡ ਦੇ ਫ਼ਿਰਕੂ ਕਤਲੇਆਮ ਦਾ ਸੇਕ ਆਪਣੇ ਪਿੰਡੇ ਉੱਤੇ ਹੰਢਾਇਆ ਹੈ ਅਤੇ ਲਾਹੌਰ ਤੋਂ ਬਾਅਦ ਸ਼ਿਮਲਾ, ਚੰਡੀਗੜ੍ਹ, ਮੁੰਬਈ ਅਤੇ ਦਿੱਲੀ ਵਿਚ ਕਲਾ ਸਿਰਜਣ ਦਾ ਕੰਮ ਕੀਤਾ। ਪਰਾਸ਼ਰ ਦੀਆਂ ਡਰਾਇੰਗਾਂ ਉਸ ਦੌਰ ਦੇ ਬੇਪਛਾਣ ਪਨਾਹਗੀਰਾਂ ਦੀਆਂ ਕਹਾਣੀਆਂ ਸੁਣਾਉਂਦੀਆਂ ਹਨ। ਇਨ੍ਹਾਂ ਬੇਪਛਾਣਾਂ ਦੀ ਪਛਾਣ ਇਸ ਨੁਮਾਇਸ਼ ਦਾ ਹਿੱਸਾ ਬਣ ਕੇ ਕਾਲ ਮੁਕਤ ਹੋ ਜਾਂਦੀ ਹੈ। ਸਥਾਪਨਾ ਕਲਾ ਦੀਆਂ ਇਨ੍ਹਾਂ ਦੋ ਨੁਮਾਇਸ਼ਾਂ ਨੂੰ ਪੇਸ਼ ਕਰਨ ਵਾਲੀ ਕਿਰਨ ਨਾਦਰਾ ਦਾ ਕਹਿਣਾ ਹੈ, "ਜਿਤਿਸ਼ ਕਾਲਾਤ ਦੇ ਇਨ੍ਹਾਂ ਦੋ ਕੰਮਾਂ ਦਾ ਧੁਰਾ ਦੋ ਇਤਿਹਾਸਕ ਘੜੀਆਂ ਬਣੀਆਂ ਹਨ। ਅਸੀਂ ਆਸ ਕਰਦੇ ਹਾਂ ਕਿ ਇਹ ਨੁਮਾਇਸ਼ਾਂ ਸੰਵਾਦ ਨੂੰ ਗਾਂਧੀ ਅਤੇ ਵੰਡ ਤੋਂ ਘੇਰੇ ਤੋਂ ਪਾਰ ਲੈ ਜਾਣਗੀਆਂ ਅਤੇ ਦਰਸ਼ਕ ਸੰਗਤ ਮੌਜੂਦਾ ਦੌਰ ਦੀਆਂ ਵੰਡੀਆਂ ਅਤੇ ਤਬਾਹੀਆਂ ਨੂੰ ਉਸੇ ਰੁਝਾਨ ਦੀ ਕੜੀ ਵਜੋਂ ਵੇਖ ਸਕੇਗੀ।" ਪੰਜਾਬੀਆਂ ਦੀ ਆਪਸ ਵਿਚ ਵੱਢਾ-ਟੁੱਕੀ ਦੀ ਪੀੜ ਹੁਣ ਚੌਥੀ ਪੀੜ੍ਹੀ ਤੱਕ ਰਿਸ ਗਈ ਹੈ ਜੋ ਪ੍ਰੇਤ ਅੰਗ ਦੀ ਪੀੜ ਵਾਂਗ ਹੈ। ਕੋਚੀ ਕਲਾ ਮੇਲਾ 'ਪ੍ਰੇਤ ਅੰਗ ਦੀ ਪੀੜ' ਵਾਲੀ ਧਾਰਨਾ ਰਾਹੀਂ ਖ਼ਸੂਸੀ ਤਜਰਬੇ ਨੂੰ ਵਡੇਰੇ ਰੁਝਾਨ ਦੀ ਕੜੀ ਵਜੋਂ ਪੇਸ਼ ਕਰਦਾ ਹੈ। ਇਹ ਮੇਲਾ ਪੰਜਾਬ ਨੂੰ ਆਲਮੀ ਤਜਰਬੇ ਦਾ ਹਿੱਸਾ ਬਣਾਉਂਦਾ ਹੋਇਆ ਦਰਦਮੰਦੀ ਦਾ ਬੁਲਾਰਾ ਬਣਨ ਦੀ ਸੱਦ ਮਾਰਦਾ ਹੈ।

ਪਿਛਲੇ ਦਿਨਾਂ ਵਿਚ ਫ਼ਾਨੀ ਸੰਸਾਰ ਤੋਂ ਵਿਦਾ ਹੋਏ ਵਿਵਾਨ ਸੁੰਦਰਮ ਦੀਆਂ ਦੋ ਕਲਾ ਲੜੀਆਂ ਦੇ ਚਿੱਤਰ ਕੋਚੀ ਕਲਾ ਮੇਲੇ ਵਿਚ ਸ਼ਾਮਿਲ ਸਨ। ਵਿਵਾਨ ਦੀ 1972 ਵਿਚ ਬਣਾਈ ਗਈ ਚਿੱਤਰ ਲੜੀ 'ਦਿ ਹਾਈਟਸ ਆਫ ਮਾਚੋ ਪੀਚੋ' ਦੀਆਂ ਡਰਾਇੰਗ ਹਨ। ਇਸ ਲੜੀ ਵਿਚ ਪੱਚੀ ਡਰਾਇੰਗ ਹਨ ਜੋ ਪਾਬਲੋ ਨੈਰੂਦਾ ਦੀ ਇਸੇ ਨਾਮ ਦੀ ਨਜ਼ਮ ਨੂੰ ਸਿਜਦਾ ਹਨ। ਇਸ ਦੇ ਨਾਲ ਵਿਵਾਨ ਦੀ 1978 ਵਿਚ ਬਣਾਈ ਗਈ ਅੱਠ ਚਿੱਤਰਾਂ ਦੀ ਲੜੀ 'ਏ ਜਰਨੀ ਟੂ ਮੈਕਸੀਕੋ' ਦੀਆਂ ਡਰਾਇੰਗ ਇਸ ਨੁਮਾਇਸ਼ ਵਿਚ ਸ਼ਾਮਿਲ ਸਨ ਜੋ ਲੰਘੇ ਦੌਰ ਦੇ ਹੁਕਮਰਾਨ ਦੀ ਤਾਕਤ ਅਤੇ ਜਕੜ ਨੂੰ ਪੇਸ਼ ਕਰਦੀਆਂ ਹਨ। ਵਿਵਾਨ ਆਪਣੀ ਆਖ਼ਰੀ ਨੁਮਾਇਸ਼ ਨੂੰ ਚੱਲਦਾ ਛੱਡ ਗਿਆ ਹੈ ਜੋ ਕੋਚੀ ਵਿਚ ਸਮੁੰਦਰ ਦੇ ਕਿਨਾਰੇ ਲੱਗੀ ਹੋਈ ਹੈ। ਵਿਵਾਨ ਦੀਆਂ ਕਲਾ ਕਿਰਤਾਂ ਸਫ਼ਰਯਾਫ਼ਤਾ ਪੰਜਾਬੀ ਬੰਦੇ ਦੇ ਆਲਮੀ ਖ਼ਾਸੇ ਅਤੇ ਫ਼ਿਕਰਾਂ ਨੂੰ ਪੇਸ਼ ਕਰਦੀਆਂ ਹਨ ਜਿਨ੍ਹਾਂ ਨਾਲ ਸੱਤਰਵਿਆਂ ਦੇ ਦਹਾਕੇ ਦੇ ਨਕਸ਼ ਉਘੜ ਆਉਂਦੇ ਹਨ। ਸੱਤਰਵਿਆਂ ਦਾ ਪੰਜਾਬੀ ਕਲਾ ਅਤੇ ਸਾਹਿਤ ਜਗਤ ਇਸੇ ਖ਼ਾਸੇ ਦੀ ਹੋਣੀ ਆਪਣੇ ਹੱਡੀਂ ਹੰਢਾ ਰਿਹਾ ਸੀ। ਵਿਵਾਨ ਉਸੇ ਹੋਣੀ ਦੀ ਕੌਮਾਂਤਰੀ ਤੰਦ ਫੜਨ ਦਾ ਉਪਰਾਲਾ ਕਰਦਾ ਜਾਪਦਾ ਹੈ।

ਕੋਚੀ ਕਲਾ ਮੇਲੇ ਵਿਚ ਪੰਜਾਬੀ ਬੰਦੇ ਦੀ ਸਮਕਾਲੀ ਨੁਮਾਇੰਦਗੀ ਕਿਸਾਨ ਮੋਰਚੇ ਰਾਹੀਂ ਹੋਈ ਹੈ। ਇਹ ਨੁਮਾਇੰਦਗੀ ਤਿੰਨ ਵੱਖ-ਵੱਖ ਨੁਮਾਇਸ਼ਾਂ ਵਿਚ ਵੱਖ-ਵੱਖ ਕਲਾ ਰੂਪਾਂ ਅਤੇ ਕਲਾਕਾਰਾਂ ਦੇ ਕੰਮ ਵਿਚ ਦਰਜ ਹੋਈ ਹੈ।

ਜਸ਼ਨਦੀਪ ਕੌਰ ਨੇ ਵਿਦਿਆਰਥੀਆਂ ਵਾਲੇ ਪਾਸੇ ਆਪਣੀ ਸਥਾਪਨਾ ਕੀਤੀ ਹੈ ਜਿਸ ਦਾ ਨਾਮ 'ਪੋਸਟਕਾਰਡ ਫਰੌਮ ਪਰੋਟੈਸਟ' (ਮੋਰਚੇ ਤੋਂ ਚਿੱਠੀਆਂ) ਹੈ। ਸਰਕਾਰੀ ਆਰਟ ਕਾਲਜ ਚੰਡੀਗੜ੍ਹ ਵਿਚੋਂ ਪੜ੍ਹਾਈ ਕਰਨ ਵਾਲੀ ਜਸ਼ਨਦੀਪ ਕੌਰ ਨੇ ਕਿਸਾਨ ਮੋਰਚੇ ਦੀਆਂ ਕਹਾਣੀਆਂ, ਕਵਿਤਾਵਾਂ ਅਤੇ ਰੋਜ਼ਾਨਾ ਜ਼ਿੰਦਗੀ ਨੂੰ ਆਪਣੀ ਕਲਾ ਦਾ ਵਿਸ਼ਾ ਬਣਾਇਆ ਹੈ ਜਿਸ ਵਿਚ ਲੋਕਾਂ ਦੇ ਜ਼ੋਰ, ਜ਼ਬਤ ਅਤੇ ਸਿਦਕ ਦੇ ਨਜ਼ਾਰਿਆਂ ਅਤੇ ਆਵਾਜ਼ਾਂ ਨੂੰ ਪੇਸ਼ ਕੀਤਾ ਹੈ। ਇਸ ਪੇਸ਼ਕਾਰੀ ਰਾਹੀਂ ਕਿਸਾਨ ਮੋਰਚੇ ਅਤੇ ਨਾਇਨਸਾਫ਼ੀ ਖ਼ਿਲਾਫ਼ ਹੋਰ ਸੰਘਰਸ਼ਾਂ ਦੀ ਸਾਂਝ ਉਘੜਦੀ ਹੈ। ਮੋਰਚੇ ਦੇ ਕੁਝ ਭਾਵੁਕ ਪਲ ਮਾਨਵੀ ਪੱਖ ਉਘਾੜਦੇ ਹੋਏ ਇਸ ਦੀ ਅਹਿਮੀਅਤ ਦੇ ਵਸੀਹ ਘੇਰੇ ਨੂੰ ਪੇਸ਼ ਕਰਦੇ ਹਨ। ਜਸ਼ਨਦੀਪ ਨੇ ਆਪਣੀਆਂ ਚਿੱਠੀਆਂ ਨੂੰ ਕੰਡਿਆਲੀ ਤਾਰ ਉੱਤੇ ਟੰਗਿਆਂ ਹੈ ਜੋ ਕਿਸਾਨ ਮੋਰਚੇ ਦੀਆਂ ਯਾਦਾਂ ਤਾਜ਼ੀਆਂ ਕਰਦੀਆਂ ਹਨ। ਇਹ ਚਿੱਠੀਆਂ ਜਸ਼ਨਦੀਪ ਨੇ ਕਿਸਾਨ ਮੋਰਚੇ ਦੀ ਹਮਾਇਤ ਵਿਚ ਖ਼ਸੂਸੀ ਤੌਰ ਉੱਤੇ ਬਣਾਈਆਂ ਸਨ ਅਤੇ ਇੱਕ ਮੁਹਿੰਮ ਤਹਿਤ ਇਨ੍ਹਾਂ ਉੱਤੇ ਲੋਕਾਂ ਤੋਂ ਲਿਖਵਾਇਆ ਸੀ। ਇਹ ਕੰਡਿਆਲੀ ਤਾਰ ਦੀ ਆਪਣੀ ਬਾਤ ਹਕੂਮਤੀ ਜਬਰ ਦੇ ਘੋੜੇ ਉੱਤੇ ਸਵਾਰ ਹੈ ਜੋ ਦਰਸ਼ਕ ਸੰਗਤ ਦੇ ਮਨ ਵਿਚ ਕਸ਼ਮੀਰ ਤੋਂ ਕੋਰੀਆ ਤੱਕ ਗਸ਼ਤ ਕਰਦੀ ਹੈ। ਰਾਹ ਵਿਚ ਕਿਸਾਨ ਮੋਰਚਾ ਆਉਂਦਾ ਹੈ ਜਿਸ ਦੀ ਇਨਸਾਫ਼ਪਸੰਦੀ ਦੇ ਆਲਮੀ ਇਤਿਹਾਸ ਨਾਲ ਗੂੜ੍ਹਾ ਸਾਕ ਹੈ। ਕੰਡਿਆਲੀ ਤਾਰ ਉੱਤੇ ਲਟਕੀਆਂ ਤਸਵੀਰਾਂ ਕਿਸਾਨ ਮੋਰਚੇ ਦਾ ਤੰਬੂ ਬਣ ਜਾਂਦੀਆਂ ਹਨ ਜੋ ਆਰਜ਼ੀ ਮੁਕਾਮ ਹੁੰਦਾ ਹੋਇਆ ਵੀ ਕਦੀਮੀ ਨਾਬਰੀ ਦਾ ਪੱਕਾ ਟਿਕਾਣਾ ਹੈ। ਕਲਾ ਹੈ ਕਿ ਇਹ ਆਰਜ਼ੀ ਅਤੇ ਸਥਾਈ ਦੀ ਵੰਡੀ ਨੂੰ ਪੋਲਾ ਕਰ ਦਿੰਦੀ ਹੈ। ਸਥਾਪਨ ਕਲਾ ਦੀ ਖ਼ੂਬਸੂਰਤੀ ਹੈ ਕਿ ਇਹ ਹਰ ਥਾਂ ਅਤੇ ਸਮੱਗਰੀ ਨੂੰ ਆਪਣੇ ਵਿਚ ਸਮੋ ਲੈਂਦੀ ਹੈ। ਕਿਸਾਨ ਮੋਰਚੇ ਦਾ ਕੰਡਿਆਲੀ ਤਾਰ ਵਾਲਾ ਤੰਬੂ ਜਸ਼ਨਦੀਪ ਦੀ ਨੁਮਾਇਸ਼ ਵਜੋਂ ਇੱਕ ਛੋਟੇ ਜਿਹੇ ਦੁਧੀਆ ਕੰਧਾਂ ਵਾਲੇ ਕਮਰੇ ਵਿਚ ਲੱਗਿਆ ਹੈ। ਇਹ ਕੰਧਾਂ ਹਕੂਮਤ ਦਾ ਘੇਰਾ ਹੋ ਨਿਬੜੀਆਂ ਹਨ ਅਤੇ ਮੋਰਚੇ ਦਾ ਖੇੜਾ ਕਿਸੇ ਕਦੀਮੀ ਇਤਿਹਾਸ ਦੀ ਕਲਾ ਬਣ ਵਾਪਰ ਰਿਹਾ ਹੈ।



ਉਸ ਨੇ ਆਪਣੀ ਸਥਾਪਨਾ ਵਿਚ ਮੋਰਚੇ ਦੀਆਂ ਆਵਾਜ਼ਾਂ ਆਉਂਦੀਆਂ ਹਨ ਅਤੇ ਇੱਕ ਪਾਸੇ ਲੱਕੜ ਵਿਚ ਮੇਖਾਂ ਉੱਗ ਆਈਆਂ ਹਨ ਜੋ ਸੜਕ ਉੱਤੇ ਕਿਸਾਨ ਮੋਰਚੇ ਦੇ ਸਾਹਮਣੇ ਲਗਾਈਆਂ ਕਿੱਲ੍ਹਾਂ ਦੀ ਯਾਦ ਤਾਜ਼ਾ ਕਰਦੀਆਂ ਹਨ ਪਰ ਨਾਲ ਹੀ ਮੋਰਚਿਆਂ ਦੇ ਰਾਹ ਵਿਚ ਆਉਂਦੀਆਂ ਹਕੂਮਤੀ ਰੋਕਾਂ ਦੀ ਤਸ਼ਬੀਹੀ ਨੁਮਾਇੰਦਗੀ ਕਰਦੀਆਂ ਹਨ।

ਇਸ ਸਾਕ ਦੀ ਬਾਤ ਪ੍ਰੀਆ ਸੇਨ ਨੇ ਆਪਣੀ ਸਥਾਪਨਾ ਵਿਚ ਕੀਤੀ ਹੈ। ਉਸ ਦੀ ਸਥਾਪਨਾ ਦਾ ਧੁਰਾ ਦਿੱਲੀ ਸ਼ਹਿਰ ਅਤੇ ਇਸ ਦਾ ਕਰੋਨਾ ਵਾਇਰਸ ਦੇ ਦੌਰ ਵਾਲਾ ਹਾਲੀਆ ਇਤਿਹਾਸ ਹੈ। ਉਸ ਦੀ ਵੀਡੀਓ ਸਥਾਪਨਾ ਵਿਚ ਸ਼ਾਹੀਨ ਬਾਗ਼ ਅਤੇ ਕਿਸਾਨ ਮੋਰਚੇ ਦਾ ਸਾਂਝਾ ਨਾਤੂਆ ਉਘੜਦਾ ਹੈ। ਸ਼ਾਹੀਨ ਬਾਗ਼ ਦਾ ਨਾਅਰਾ 'ਹਮ ਕਿਆ ਚਾਹਤੇ, ਆਜ਼ਾਦੀ' ਸਹਿਜੇ ਹੀ ਕਿਸਾਨ ਮੋਰਚੇ ਦੇ 'ਅਸੀਂ ਜਿੱਤ ਕੇ ਜਾਂਵਾਂਗੇ' ਵਿਚ ਬਦਲ ਜਾਂਦਾ ਹੈ। ਪੰਜਾਬ ਇਸ ਦੌਰ ਵਿਚ ਦਿੱਲੀ ਤੋਂ ਕੀਤੇ ਜਾ ਰਹੇ ਫ਼ੈਸਲਿਆਂ ਨੂੰ ਹੁੰਗਾਰਾ ਭਰਦਾ ਰਿਹਾ ਹੈ। ਕਸ਼ਮੀਰ ਦੇ ਹਾਲਾਤ ਅਤੇ ਘੱਟ-ਗਿਣਤੀਆਂ ਦੇ ਸੁਆਲ ਪੰਜਾਬ ਦੇ ਫ਼ਿਕਰਾਂ ਵਿਚ ਸ਼ਾਮਿਲ ਰਹੇ ਅਤੇ ਕਿਸਾਨ ਮੋਰਚੇ ਰਾਹੀਂ ਤਾਂ ਪੰਜਾਬ ਦਾ ਦਿੱਲੀ ਨਾਲ ਸੰਵਾਦ ਜ਼ਿਆਦਾ ਹੀ ਗਹਿਗੱਚ ਹੋਇਆ ਸੀ। ਇਹ ਪੰਜਾਬ ਪ੍ਰੀਆ ਸੇਨ ਦੀ ਸਥਾਪਨਾ ਵਿਚ ਦਰਜ ਹੈ ਜੋ ਬਦਲਦੇ ਹਾਲਾਤ ਵਿਚ ਸ਼ਹਿਰ ਅਤੇ ਸ਼ਹਿਰੀ ਦੇ ਆਪਸੀ ਰਿਸ਼ਤੇ ਨੂੰ ਸਮਝਣ ਦਾ ਉਪਰਾਲਾ ਹੈ।


ਹਰਿਆਣਾ ਦੀ ਪੰਡਿਤ ਲਖਮੀ ਚੰਦ ਸਟੇਟ ਯੂਨੀਵਰਸਿਟੀ ਆਫ ਪਰਫਾਰਮਿੰਗ ਐਂਡ ਵਿਜ਼ੁਅਲ ਆਰਟ, ਰੋਹਤਕ ਦੀ ਵਿਦਿਆਰਥੀ ਅੰਜਲੀ ਗਰੇਵਾਲ ਨੇ ਆਪਣੀ ਸਥਾਪਨਾ 'ਹੌਰੀਫਿਕ ਲਾਈਨਜ਼' (ਭਿਆਨਕ ਹੱਦਬੰਦੀਆਂ) ਵਿਚ ਆਪਣੇ ਸਮਾਜ ਵਿਚ ਦੇਖੀਆਂ-ਸਮਝੀਆਂ ਪਿਤਰਕੀ ਅਤੇ ਜਾਤ ਦੀਆਂ ਹੱਦਬੰਦੀਆਂ ਬਾਰੇ ਅਣਕਹੇ ਅਤੇ ਅਕਹਿ, ਪੀੜ ਅਤੇ ਸਦਮੇ ਦੀ ਬੋਲੀ ਸਿਰਜਣ ਦਾ ਉਪਰਾਲਾ ਕਰਦੀ ਹੈ। ਇਨ੍ਹਾਂ ਹੱਦਬੰਦੀਆਂ ਦੀ ਪੇਸ਼ਕਾਰੀ ਲਈ ਉਹ ਸੁਰੱਖਿਆ ਦਸਤਿਆਂ ਵੱਲੋਂ ਇਸਤਲੇਮਾਲ ਕੀਤੇ ਜਾਣ ਵਾਲੇ ਬੈਰੀਕੇਡਾਂ ਦੀ ਵਰਤੋਂ ਕਰਦੀ ਹੈ ਜੋ ਸਿੰਘੂ, ਟਿੱਕਰੀ ਅਤੇ ਹੋਰ ਥਾਵਾਂ ਉੱਤੇ ਕਿਸਾਨ ਮੋਰਚੇ ਸਾਹਮਣੇ ਕੀਤੀ ਹੱਦਬੰਦੀ ਦੀਆਂ ਕਤਾਰਾਂ ਬਣ ਜਾਂਦੀਆਂ ਹਨ।

ਜਿਤਿਨ ਠੁਕਰਾਲ ਅਤੇ ਸੁਮੀਰ ਟਾਗਰਾ ਦੀ ਸਥਾਪਨਾ ਵਿਚ ਕਿਸਾਨ ਮੋਰਚੇ ਦੀ ਨੁਮਾਇੰਦਗੀ 'ਟਰਾਲੀ ਟਾਈਮਜ਼' ਅਖ਼ਬਾਰ ਦੀ ਨੁਮਾਇਸ਼ ਨਾਲ ਹੁੰਦੀ ਹੈ। ਇਹ ਦੋਵੇਂ ਕਲਾਕਾਰਾਂ ਕਿਸਾਨ ਮੋਰਚੇ ਦੌਰਾਨ 'ਟਰਾਲੀ ਟਾਈਮਜ਼' ਨਾਮ ਦੇ ਅਖ਼ਬਾਰ ਦੀ ਵਿਓਂਤਬੰਦੀ ਕਰਦੇ ਸਨ। ਇਨ੍ਹਾਂ ਦੀ ਸਥਾਪਨਾ ਛੋਟੇ ਰਸਾਲਿਆਂ ਬਾਰੇ ਹੈ ਜਿਸ ਵਿਚ ਇਨ੍ਹਾਂ ਨੇ 'ਟਰਾਲੀ ਟਾਈਮਜ਼' ਨੂੰ ਸ਼ਾਮਿਲ ਕੀਤਾ ਹੈ।

ਇਸ ਤਰ੍ਹਾਂ ਕੋਚੀ ਕਲਾ ਮੇਲੇ ਵਿਚ ਪੰਜਾਬ ਦੀ ਨੁਮਾਇੰਦਗੀ ਲਈ ਇਤਿਹਾਸ ਦੀਆਂ ਦੋ ਵੱਡੀਆਂ ਘਟਨਾਵਾਂ ਹਵਾਲਾ ਬਣੀਆਂ ਹਨ ਜੋ ਤਤਕਾਲੀ ਅਤੇ ਸਮਕਾਲੀ ਦੌਰ ਨੂੰ ਪੇਸ਼ ਕਰਦੀਆਂ ਹਨ। ਇਸ ਦੇ ਨਾਲ ਹੀ ਦਰਸ਼ਕ ਸਾਹਮਣੇ ਲਗਾਤਾਰਤਾ ਬਾਰੇ ਸੋਚਣ ਦੀ ਗੁੰਜਾਇਸ਼ ਖੁੱਲ੍ਹ ਜਾਂਦੀ ਹੈ। ਇਹ ਲਗਾਤਾਰਤਾ ਜਿੱਥੇ ਸਮੇਂ ਵਿਚ ਉਡਾਰੀ ਮਾਰਦੀ ਹੈ ਤਾਂ ਉੱਥੇ ਜੁਗਰਾਫ਼ੀਏ ਦੇ ਦਿੱਸਹੱਦਿਆਂ ਨੂੰ ਨਕਸ਼ਿਆਂ ਦੀਆਂ ਹੱਦਾਂ ਤੋਂ ਮੁਕਤ ਕਰ ਦਿੰਦੀ ਹੈ। ਇਹ ਦਿਲਚਸਪੀ ਹੈ ਕਿ ਪੰਜਾਬ ਦੀ ਕਿਹੜੀ ਆਰਜ਼ੂਮੰਦੀ ਕੌਮਾਂਤਰੀ ਕਲਾ ਮੇਲਿਆਂ ਵਿਚ ਦਰਜ ਹੁੰਦੀ ਹੈ ਅਤੇ ਕਿਸ ਰੂਪ ਵਿਚ ਜ਼ਾਹਿਰ ਹੁੰਦੀ ਹੈ। ਇਹ ਸੋਚਣਾ ਹੋਰ ਵੀ ਦਿਲਚਸਪ ਹੈ ਕਿ ਇਹ ਪੰਜਾਬੀ ਬੰਦੇ ਦੇ ਮਨ ਦੀਆਂ ਤੰਦਾਂ ਕਿਵੇਂ ਤੁਣਕਦੀ ਹੈ ਅਤੇ ਆਲਮੀ ਸ਼ਹਿਰੀ ਦੀ ਕਿਸ ਜਗਿਆਸਾ ਦੀ ਤ੍ਰਿਪਤੀ ਕਰਦੀ ਹੈ ਜਾਂ ਕਿਸ ਤਰ੍ਹਾਂ ਦੀ ਜਗਿਆਸਾ ਨੂੰ ਪ੍ਰਚੰਡ ਕਰਦੀ ਹੈ।

# ਗਹਿਰੀਆਂ ਗੱਲਾਂ ਕਰਦੀ ਫਿਲਮ 'ਅਮਰ ਪ੍ਰੇਮ'

***ਫਿਲਮ 'ਅਮਰ ਪ੍ਰੇਮ' ਮੂਲੋਂ ਵੱਖਰੀ ਕਹਾਣੀ 'ਤੇ ਆਧਾਰਿਤ ਫਿਲਮ ਹੈ। ਇਹ ਅਜਿਹੀ ਔਰਤ ਦੀ ਕਹਾਣੀ ਹੈ ਜੋ ਆਤਮਕ ਤੌਰ 'ਤੇ ਪਵਿੱਤਰ ਹੈ ਪਰ ਵੇਸਵਾ ਹੈ। ਉਹ ਆਪਣੇ ਕੋਲ ਆਉਣ ਵਾਲੇ ਆਨੰਦ ਬਾਬੂ ਪ੍ਰਤੀ ਸ਼ਰਧਾ ਰੱਖਦੀ ਹੈ। ਇਹ ਫਿਲਮ ਇਸੇ ਲਈ ਵੱਖਰੀ ਹੈ। ਫਿਲਮ ਦੇ ਨਿਰਦੇਸ਼ਕ ਸ਼ਕਤੀ ਸਾਮੰਤਾ ਨੇ ਇਸ ਫਿਲਮ ਅੰਦਰ ਬਹੁਤ ਬੇਜੋੜ ਦ੍ਰਿਸ਼ ਸਿਰਜੇ ਹਨ ਜੋ ਦਰਸ਼ਕਾਂ ਦੇ ਚੇਤਿਆਂ ਅੰਦਰ ਸਦਾ-ਸਦਾ ਲਈ ਬੈਠ ਜਾਂਦੇ ਹਨ।***







*ਫਿਲਮ 'ਅਮਰ ਪ੍ਰੇਮ' ਦਾ ਪੋਸਟਰ, ਬੰਗਲਾ ਵਿਚ ਬਣੀ ਫਿਲਮ 'ਨਿਸ਼ੀ ਪਦਮਾ' ਦਾ ਪੋਸਟਰ, ਫਿਲਮ 'ਅਮਰ ਪ੍ਰੇਮ' ਦੇ ਇਕ ਦ੍ਰਿਸ਼ ਵਿਚ ਰਾਜੇਸ਼ ਖੰਨਾ ਤੇ ਸ਼ਰਮੀਲਾ ਟੈਗੋਰ ਅਤੇ ਫਿਲਮ ਨਿਰਦੇਸ਼ਕ ਸ਼ਕਤੀ ਸਮੰਤਾ।*



**ਤਰਸੇਮ ਬਸ਼ਰ**

ਫਿਲਮ 'ਗਾਈਡ' ਬਾਰੇ ਗੱਲ ਕਰਦਿਆਂ ਲਿਖਿਆ ਸੀ ਕਿ ਕਈ ਰਚਨਾਵਾਂ ਨਾਲ ਬੇਇਨਸਾਫੀ ਹੋ ਜਾਂਦੀ ਹੈ, ਜਦੋਂ ਅਸੀਂ ਉਸ ਦੀ ਆਤਮਾ ਨੂੰ ਸਮਝਣ ਵਿਚ ਖੁੰਝ ਜਾਂਦੇ ਹਾਂ। ਨਾ ਤਾਂ 'ਗਾਈਡ' ਹੀ ਪ੍ਰੇਮ ਕਹਾਣੀ ਸੀ, ਨਾ ਹੀ ਆਪਣੇ ਸਮੇਂ ਦੀ ਮਕਬੂਲ ਫਿਲਮ 'ਅਮਰ ਪ੍ਰੇਮ' (1972) ਕੋਈ ਪ੍ਰਚਲਿਤ ਪ੍ਰੇਮ ਕਹਾਣੀ ਹੈ। ਇਹਨਾਂ ਨੂੰ ਸਮਝਣ ਦੀ ਲੋੜ ਹੈ, ਇਹ ਗਹਿਰੀਆਂ ਫਿਲਮਾਂ ਹਨ, ਸ਼ਾਇਦ ਤਵੱਕੋ ਤੋਂ ਜ਼ਿਆਦਾ ਗਹਿਰੀਆਂ।

ਪ੍ਰੇਮ ਕੀ ਹੈ? ਦੋ ਵਿਅਕਤੀਆਂ ਦਾ ਆਪਸੀ ਆਕਰਸ਼ਣ ਜਿਸ ਦੀ ਆਖਰੀ ਮੰਜ਼ਿਲ ਜਿਸਮਾਨੀ ਮਿਲਨ ਹੈ। ਇੱਕ ਦੌਰ ਤੱਕ ਕਾਫੀ ਹੱਦ ਤੱਕ ਹੁਣ ਵੀ ਨੌਜਵਾਨ ਪੀੜ੍ਹੀ ਪਿਆਰ ਦੀ ਇਹੀ ਪਰਿਭਾਸ਼ਾ ਜਾਣਦੀ ਹੈ ਪਰ ਸ਼ਕਤੀ ਸਾਮੰਤ ਦੀ 'ਅਮਰ ਪ੍ਰੇਮ' ਵਿਚ ਅਜਿਹੀ ਪ੍ਰੇਮ ਕਹਾਣੀ ਨਹੀਂ। ਇਹ ਪਿਆਰ ਨੂੰ ਜਿਸਮਾਂ ਤੱਕ ਮਹਿਦੂਦ ਨਾ ਰੱਖ ਕੇ ਸਮਿਆਂ ਦੇ ਖਤਮ ਹੋਣ ਤੋਂ ਬਾਅਦ ਰਹਿਣ ਦੀ ਗੱਲ ਕਰਦੀ ਹੈ। ਪ੍ਰੇਮ ਦੇ ਸੰਸਾਰ ਤੋਂ ਵੱਡੇ ਹੋਣ ਦੀ ਗੱਲ! ਇਹ ਪ੍ਰੇਮ ਨੂੰ ਸ਼ਰਧਾ ਵਿਚ ਬਦਲਣ ਦੀ ਸੂਖਮ ਪ੍ਰਕਿਰਿਆ ਦੇਖਣ ਦਾ ਮੌਕਾ ਦਿੰਦੀ ਫਿਲਮ ਹੈ।

ਆਪਣੇ ਨਾਮ 'ਅਮਰ ਪ੍ਰੇਮ' ਨੂੰ ਪਰਿਭਾਸ਼ਿਤ ਕਰਦੀ ਇਹ ਫਿਲਮ ਦੋ ਜਿਸਮਾਂ ਦੀ ਕਹਾਣੀ ਮਾਤਰ ਨਾ ਹੋ ਕੇ ਪ੍ਰੇਮ ਦੇ ਆਨੰਤ ਪਸਾਰੇ ਦੀ ਕਥਾ ਹੈ। ਸ਼ਰਧਾ, ਪ੍ਰੇਮ ਦਾ ਹੀ ਅਗਲਾ ਪੜਾਅ ਹੈ; ਮਮਤਾ ਵੀ ਪ੍ਰੇਮ ਹੈ; ਮਨੁੱਖਤਾ ਦਾ ਸੰਕਲਪ ਵੀ ਪ੍ਰੇਮ ਦਾ ਪਸਾਰਾ ਹੈ। ਕਰੁਣਾ ਅਤੇ ਦਿਆਲਤਾ ਕਮਜ਼ੋਰੀ ਨਹੀਂ। ਪ੍ਰੇਮ ਦੇ ਮੂਲ ਨੂੰ ਸਮਝਣ ਤੋਂ ਬਾਅਦ ਕਮਜ਼ੋਰੀ ਬਲਕਿ ਸ਼ਕਤੀ ਬਣ ਕੇ ਤੁਹਾਡੇ ਨਾਲ ਹੁੰਦੀ ਹੈ। ਨਿਜ ਦੀ ਨਿਜਾਤ ਤੋਂ ਬਾਅਦ ਪ੍ਰੇਮ ਕਰਨ ਲਈ ਤੁਹਾਡਾ ਦਾਇਰਾ ਅਸੀਮ ਹੋ ਜਾਂਦਾ ਹੈ।

ਕਹਾਣੀ ਨੂੰ ਮੁਖ਼ਤਸਰ ਕਹਿਣਾ ਹੋਵੇ ਤਾਂ ਇਹ ਅਜਿਹੀ ਮਹਿਲਾ ਦੀ ਕਹਾਣੀ ਹੈ ਜੋ ਆਤਮਿਕ ਤੌਰ 'ਤੇ ਪਵਿੱਤਰ ਹੈ ਪਰ ਵੇਸਵਾ ਹੈ। ਉਹ ਆਪਣੇ ਕੋਲ ਆਉਣ ਵਾਲੇ ਆਨੰਦ ਬਾਬੂ ਪ੍ਰਤੀ ਸ਼ਰਧਾ ਰੱਖਦੀ ਹੈ। ਇਹ ਫਿਲਮ ਇਸੇ ਲਈ ਵੱਖਰੀ ਹੈ, ਨਹੀਂ ਤਾਂ ਇੱਥੇ ਲਿਖਿਆ ਜਾਂਦਾ ਕਿ ਉਹ ਆਨੰਦ ਨੂੰ ਪਿਆਰ ਕਰਦੀ ਸੀ; ਉਹ ਗਵਾਂਢ ਵਿਚ ਰਹਿੰਦੇ ਉਸ ਬੱਚੇ ਪ੍ਰਤੀ ਅਸੀਮ ਮੋਹ ਰੱਖਦੀ ਹੈ ਜਿਸ ਦੀ ਮਾਂ ਗੁਜ਼ਰ ਚੁੱਕੀ ਹੈ ਪਰ ਸਾਧਾਰਨ ਪ੍ਰਤੀਤ ਹੁੰਦੀ ਇਹ ਕਹਾਣੀ ਫਿਲਮ ਵਿਚ ਅਤਿਅੰਤ ਮਾਰਮਿਕ ਤੌਰ 'ਤੇ ਦੇਖਣ ਨੂੰ ਮਿਲਦੀ ਹੈ।

ਪੂਰੀ ਫਿਲਮ ਦੀ ਗੱਲ ਕਰਨ ਤੋਂ ਪਹਿਲਾਂ ਇਹ ਦੱਸ ਦੇਵਾਂ ਕਿ ਫਿਲਮ ਦੀ ਕਹਾਣੀ ਸਾਹਿਤਕ ਕਹਾਣੀ 'ਤੇ ਆਧਾਰਿਤ ਸੀ, ਲੇਖਕ ਸਨ ਵਿਭੂਤੀ ਭੂਸ਼ਨ ਬੰਦੋਪਾਧਿਆਇ। ਇਹ ਬੰਗਲਾ ਕਹਾਣੀ ਸੀ 'ਹਿੰਗੋਰ ਕੋਚੋਰੀ' ਜਿਸ ਦਾ ਹਿੰਦੀ ਸਿਰਲੇਖ ਸੀ 'ਹੀਂਗ ਕੀ ਕਚੌਰੀਆਂ'। ਇਸ ਦੇ ਕਿਰਦਾਰ ਆਮ ਨਹੀਂ ਸਨ, ਇਸ ਵਿਚ ਪ੍ਰੇਮ ਕਹਾਣੀ ਸੀ ਪਰ ਰਵਾਇਤ ਤੋਂ ਪਰ੍ਹਾਂ ਸੀ, ਕਹਾਣੀ ਅੰਦਰ ਆਕਰਸ਼ਣ ਸੀ, ਸੁੱਚੀ ਚਮਕ ਸੀ। ਸੋ, ਜਲਦੀ ਹੀ ਇਸ 'ਤੇ ਬੰਗਲਾ ਵਿਚ ਫਿਲਮ ਬਣ ਗਈ-'ਨਿਸ਼ੀ ਪਦਮਾ'। ਇਹ ਅਰਵਿੰਦ ਮੁਖਰਜੀ ਨੇ ਬਣਾਈ ਸੀ ਜਿਹਨਾਂ ਦੀ ਪਟਕਥਾ 'ਤੇ ਬਾਅਦ ਵਿਚ 'ਅਮਰ ਪ੍ਰੇਮ' ਦਾ ਨਿਰਮਾਣ ਹੋਇਆ।

ਕਹਾਣੀ ਤਿੰਨ ਕਿਰਦਾਰਾਂ ਦੇ ਆਲੇ-ਦੁਆਲੇ ਘੁੰਮਦੀ ਹੈ: ਪੁਸ਼ਪਾ (ਸ਼ਰਮੀਲਾ ਟੈਗੋਰ), ਆਨੰਦ (ਰਾਜੇਸ਼ ਖੰਨਾ ) ਅਤੇ ਨੰਦੂ (ਬਾਲ ਕਲਾਕਾਰ)। ਤਿੰਨੋਂ ਇੱਕ ਦੂਜੇ ਪ੍ਰਤੀ ਸਨੇਹ ਰੱਖਦੇ ਹਨ। ਦਿਲਚਸਪ ਗੱਲ ਇਹ ਹੈ ਕਿ ਤਿੰਨਾਂ ਦਾ ਆਪਸ ਵਿਚ ਕੋਈ ਅਜਿਹਾ ਰਿਸ਼ਤਾ ਨਹੀਂ ਹੈ ਜਿਸ ਨੂੰ ਕੋਈ ਸਮਾਜਿਕ ਨਾਮ ਦਿੱਤਾ ਜਾ ਸਕੇ। ਪੁਸ਼ਪਾ ਦੇ ਪਤੀ ਨੇ ਦੂਜੀ ਸ਼ਾਦੀ ਕਰ ਲਈ ਤਾਂ ਉਸ ਉਪਰ ਹੁੰਦੇ ਜ਼ੁਲਮ ਹੋਰ ਵਧ ਗਏ। ਅਖੀਰ ਉਹ ਆਪਣੀ ਮਾਂ ਕੋਲ ਆ ਜਾਂਦੀ ਹੈ। ਪਿੰਡ ਵਿਚ ਨੇਪਾਲ ਬਾਬੂ (ਮਦਨ ਪੁਰੀ) ਉਸ ਨੂੰ ਝੂਠ ਬੋਲ ਕੇ ਕਲਕੱਤੇ ਵੇਸਵਾ ਕੋਲ ਵੇਚ ਦਿੰਦਾ ਹੈ। ਹਾਲਾਤ ਹੀ ਇਸ ਤਰ੍ਹਾਂ ਦੇ ਹੋ ਚੁੱਕੇ ਹਨ ਕਿ ਪੁਸ਼ਪਾ ਕੋਲ ਹੋਰ ਕੋਈ ਚਾਰਾ ਨਹੀਂ ਹੈ। ਉਹ ਭਾਵੇਂ ਪ੍ਰਤੀਕੂਲ ਮਾਹੌਲ ਵਿਚ ਰਹਿ ਰਹੀ ਹੈ ਪਰ ਆਤਮਿਕ ਤੌਰ 'ਤੇ ਪਵਿੱਤਰ ਹੈ।

ਉਧਰ, ਆਨੰਦ ਬਾਬੂ ਆਪਣੀ ਘਰੇਲੂ ਜ਼ਿੰਦਗੀ ਤੋਂ ਬੇਜਾਰ ਹੈ। ਉਸ ਦੀ ਪਤਨੀ ਨੂੰ ਉਸ ਦੀ ਪ੍ਰਵਾਹ ਨਹੀਂ ਜਦਕਿ ਉਹ ਪ੍ਰੇਮ ਨਾਲ ਜ਼ਿੰਦਗੀ ਬਸਰ ਕਰਨ ਵਾਲਾ ਇਨਸਾਨ ਹੈ। ਇਸੇ ਨਿਰਾਸ਼ਾ ਵਿਚ ਉਹ ਸ਼ਰਾਬ ਪੀਣ ਦਾ ਆਦੀ ਹੋ ਚੁੱਕਿਆ ਹੈ। ਉਹ ਆਰਥਿਕ ਤੌਰ 'ਤੇ ਖੁਸ਼ਹਾਲ ਪਰਿਵਾਰ ਤੋਂ ਹੈ। ਬੇਜਾਰੀ ਦੇ ਇਸੇ ਆਲਮ ਵਿਚ ਇੱਕ ਦਿਨ ਉਹ ਰਿਕਸ਼ੇ ਵਾਲੇ ਨੂੰ ਕਹਿੰਦਾ ਹੈ ਕਿ ਉਹ ਉਸ ਨੂੰ 'ਕਿਤੇ' ਵੀ ਲੈ ਚੱਲੇ। ਰਿਕਸ਼ੇ ਵਾਲੇ ਨੇ ਉਸ ਦੀ ਨਿਰਾਸ਼ਾ ਨੂੰ ਤਾੜ ਲਿਆ, ਉਸ ਨੇ ਆਪਣੇ ਹਿਸਾਬ ਨਾਲ ਉਸ 'ਕਿਤੇ' ਦਾ ਮਤਲਬ ਕੱਢ ਲਿਆ ਸੀ! ਉਹ ਉਸ ਨੂੰ ਵੇਸਵਾਵਾਂ ਦੇ ਮੁਹੱਲੇ ਵਿਚ ਲੈ ਆਉਂਦਾ ਹੈ। ਅਣਜਾਣੇ ਵਿਚ ਵਾਪਰੀ ਇਹ ਘਟਨਾ ਕਹਾਣੀ ਦਾ ਧੁਰਾ ਹੈ। ਆਨੰਦ ਬਾਬੂ ਉਥੇ ਨਹੀਂ ਸੀ ਆਉਣਾ ਚਾਹੁੰਦਾ, ਉਹ ਰਿਕਸ਼ੇ ਵਾਲੇ ਨੂੰ ਵਾਪਸ ਜਾਣ ਲਈ ਕਹਿ ਰਿਹਾ ਹੈ ਤੇ ਇਸੇ ਵਕਤ ਉਸ ਦੇ ਕੰਨਾਂ ਵਿਚ ਸੁਰੀਲੀ ਜਿਹੀ ਆਵਾਜ਼ ਪੈਂਦੀ ਹੈ।

ਇਹ ਆਵਾਜ਼ ਪੁਸ਼ਪਾ ਦੀ ਹੈ; ਪੁਸ਼ਪਾ ਨਾਲ ਜਾਣ-ਪਛਾਣ ਤੋਂ ਬਾਅਦ ਅਨੰਦ ਬਾਬੂ ਅਕਸਰ ਉਸ ਕੋਲ ਆਉਣ ਲੱਗ ਪੈਂਦਾ ਹੈ। ਉਸ ਦੀ ਨਿਰਾਸ਼ਾ ਅਤੇ ਭਟਕਣਾ ਦਾ ਮਾਕੂਲ ਠਿਕਾਣਾ। ਆਨੰਦ ਦੀ ਮਨਸ਼ਾ ਵੀ ਗਲਤ ਨਹੀਂ ਹੈ; ਮੁੱਢਲੇ ਤੌਰ 'ਤੇ ਉਹ ਵਧੀਆ ਇਨਸਾਨ ਹੈ। ਇਤਫਾਕਨ, ਮੀਂਹ ਵਾਲੇ ਇੱਕ ਦਿਨ ਪੁਸ਼ਪਾ ਦੀ ਮੁਲਾਕਾਤ ਉਨ੍ਹਾਂ ਦੇ ਹੀ ਪਿੰਡ ਦੇ ਸ਼ਰਮਾ ਜੀ ਨਾਲ ਹੁੰਦੀ ਹੈ ਜਿਨ੍ਹਾਂ ਦੀ ਪਤਨੀ ਆਪਣੇ ਬੇਟੇ ਨੂੰ ਛੱਡ ਕੇ ਗੁਜ਼ਰ ਗਈ ਹੈ।

ਨੰਦੂ ਬਹੁਤ ਪਿਆਰਾ ਬੱਚਾ ਹੈ ਪਰ ਮਾਂ ਤੋਂ ਬਗੈਰ ਉਸ ਦੀ ਜ਼ਿੰਦਗੀ ਆਸਾਨ ਨਹੀਂ; ਉਤੋਂ ਉਸ ਦੇ ਪਿਤਾ ਨੇ ਦੂਜੀ ਸ਼ਾਦੀ ਕਰ ਲਈ ਹੈ। ਉਹਨਾਂ ਦਾ ਘਰ ਪੁਸ਼ਪਾ ਦੇ ਕੋਠੇ ਦੇ ਨੇੜੇ ਹੀ ਹੈ ਤਾਂ ਨੰਦੂ ਅਕਸਰ ਉਸ ਕੋਲ ਆਉਂਦਾ ਜਾਂਦਾ ਹੈ। ਪੁਸ਼ਪਾ ਨੰਦੂ ਨੂੰ ਆਪਣੇ ਬੱਚਿਆਂ ਵਾਂਗ ਪਿਆਰ ਕਰਦੀ ਹੈ। ਆਨੰਦ ਬਾਬੂ ਅਕਸਰ ਖਾਣ ਲਈ ਸਮੋਸੇ ਅਤੇ ਕਚੌਰੀਆਂ ਲੈ ਕੇ ਆਉਂਦੇ ਹਨ। ਨੰਦੂ ਨੂੰ ਹੀਂਗ ਦੀਆਂ ਕਚੌਰੀਆਂ ਪਸੰਦ ਹਨ, ਨੰਦੂ ਨੂੰ ਕਚੌਰੀਆਂ ਖਾਂਦਾ ਦੇਖ ਕੇ ਪੁਸ਼ਪਾ ਬਹੁਤ ਖੁਸ਼ ਹੁੰਦੀ ਹੈ ਤੇ ਆਨੰਦ ਬਾਬੂ ਉਹਨਾਂ ਦੋਹਾਂ ਨੂੰ ਖੁਸ਼ ਦੇਖ ਕੇ ਖੁਸ਼ ਹੁੰਦੇ ਹਨ।

ਇਹਨਾਂ ਤਿੰਨਾਂ ਇਨਸਾਨਾਂ ਦੀ ਕਹਾਣੀ ਨਾਲ ਫਿਲਮ ਅੱਗੇ ਤੁਰੀ ਹੈ ਜੋ ਪ੍ਰੇਮ ਦੇ ਅਦਿੱਖ ਪਰ ਮਜ਼ਬੂਤ ਧਾਗਿਆਂ ਵਿਚ ਬੰਨ੍ਹੇ ਹੋਏ ਹਨ। ਨੰਦੂ ਨੂੰ ਪੁਸ਼ਪਾ ਕੋਲ ਜਾਣ ਤੋਂ ਰੋਕਿਆ ਜਾਂਦਾ ਹੈ ਕਿਉਂਕਿ ਸਮਾਜ ਅਨੁਸਾਰ ਉਹ ਚੰਗੀ ਜਗ੍ਹਾ ਨਹੀਂ ਹੈ, ਨੰਦੂ ਫਿਰ ਵੀ ਪੁਸ਼ਪਾ ਕੋਲ ਜਾਂਦਾ ਹੈ। ਉਹਨਾਂ ਵਿਚਕਾਰ ਜੋ ਰਿਸ਼ਤਾ ਕਾਇਮ ਹੋ ਜਾਂਦਾ ਹੈ, ਉਹ ਮਾਂ ਅਤੇ ਪੁੱਤ ਦੇ ਰਿਸ਼ਤਿਆਂ ਤੋਂ ਵੀ ਉਪਰ ਦਾ ਰਿਸ਼ਤਾ ਹੈ।

ਕੁਝ ਅਜਿਹਾ ਹੀ ਰਿਸ਼ਤਾ ਆਨੰਦ ਬਾਬੂ ਅਤੇ ਪੁਸ਼ਪਾ ਵਿਚਕਾਰ ਹੈ, ਪਾਕ ਤੇ ਪਵਿੱਤਰ।

ਫਿਲਮ ਵਿਚ ਵੇਸਵਾਵਾਂ ਪ੍ਰਤੀ ਸਮਾਜਿਕ ਨਜ਼ਰੀਏ 'ਤੇ ਵਿਅੰਗ ਕਰਦਾ ਇਕ ਬਹੁਤ ਮਹੱਤਵਪੂਰਨ ਦ੍ਰਿਸ਼ ਹੈ। ਦੁਰਗਾ ਪੂਜਾ ਮੌਕੇ ਮੂਰਤੀਆਂ ਦਾ ਨਿਰਮਾਣ ਹੋ ਰਿਹਾ ਹੈ ਪਰ ਇਹ ਪ੍ਰਥਾ ਵੀ ਹੈ ਕਿ ਉਸ ਵਿਚ ਕੋਠੇ ਤੋਂ ਲਿਆਂਦੀ ਗਈ ਮਿੱਟੀ ਜ਼ਰੂਰ ਪਾਈ ਜਾਂਦੀ ਹੈ। ਮੂਰਤੀ ਘਾੜਾ ਕੋਠੇ ਤੋਂ ਮਿੱਟੀ ਲੈ ਕੇ ਆਉਂਦਾ ਹੈ ਅਤੇ ਅਤੇ ਉਥੇ ਮੌਜੂਦ ਵੇਸਵਾਵਾਂ ਨੂੰ ਨਮਸਕਾਰ ਵੀ ਕਰਦਾ ਹੈ। ਨੰਦੂ ਵੀ ਉਥੇ ਮੌਜੂਦ ਹੈ ਤੇ ਵਰਤਾਰੇ ਨੂੰ ਸਮਝਣ ਦਾ ਯਤਨ ਕਰ ਰਿਹਾ ਹੈ। ਉਸ ਨੂੰ ਤਾਂ ਦੱਸਿਆ ਗਿਆ ਹੈ ਕਿ ਇਹ ਜਗ੍ਹਾ ਮਾੜੀ ਹੈ, ਇਸ ਦੀ ਵਿਧੀ ਨੂੰ ਪਵਿੱਤਰ ਮੂਰਤੀਆਂ ਲਈ ਕਿਉਂ ਵਰਤਿਆ ਜਾਵੇਗਾ? ਨੰਦੂ ਉਥੋਂ ਹੀ ਰਾਤ ਦੀ ਰਾਣੀ ਦਾ ਬੂਟਾ ਲਿਆਉਂਦਾ ਹੈ। ਉਹ ਬੂਟਾ ਆਨੰਦ ਬਾਬੂ, ਪੁਸ਼ਪਾ ਅਤੇ ਨੰਦੂ, ਪੁਸ਼ਪਾ ਦੇ ਵਿਹੜੇ ਵਿਚ ਲਗਾ ਦਿੰਦੇ ਹਨ। ਇਹ ਬੂਟਾ ਉਨ੍ਹਾਂ ਤਿੰਨਾਂ ਦੇ ਪਰਸਪਰ ਪ੍ਰੇਮ ਦਾ ਪ੍ਰਤੀਕ ਹੈ; ਉਹ ਪ੍ਰੇਮ ਜਿਸ ਨੂੰ ਸਮਾਜ ਕੋਈ ਰਿਸ਼ਤੇ ਦਾ ਨਾਮ ਨਹੀਂ ਦਿੰਦਾ, ਉਹ ਪ੍ਰੇਮ ਜਿਸ ਵਿਚ ਕੋਈ ਸਵਾਰਥ ਨਹੀਂ ਹੈ।

ਖ਼ੈਰ! ਸਮਾਂ ਬੀਤਦਾ ਹੈ, ਹਾਲਾਤ ਬਦਲਦੇ ਹਨ। ਨੰਦੂ ਵੱਡਾ ਹੋ ਕੇ ਇੰਜਨੀਅਰ ਬਣ ਗਿਆ ਹੈ। ਪੁਸ਼ਪਾ ਅੱਜ ਵੀ ਬਰਤਨ ਸਾਫ਼ ਕਰ ਕੇ ਆਪਣਾ ਗੁਜ਼ਾਰਾ ਕਰ ਰਹੀ ਹੈ। ਆਨੰਦ ਬਾਬੂ ਜੀ ਆਪਣੇ ਦੁਨਿਆਵੀ ਜ਼ਿੰਦਗੀ ਵਿਚ ਮੁਕਤ ਹੋ ਗਏ ਹਨ। ਨੰਦੂ ਪੁਸ਼ਪਾ ਦੀ ਤਲਾਸ਼ ਕਰਦਾ ਹੈ, ਉਸ ਪੁਸ਼ਪਾ ਦੀ ਜਿਸ ਨੇ ਉਸ ਦੀ ਮਾਂ ਨਾ ਹੁੰਦਿਆਂ ਵੀ ਮਾਂ ਤੋਂ ਵੱਧ ਪਿਆਰ ਕੀਤਾ ਹੈ। ਅਖੀਰ ਵਿਚ ਜਦੋਂ ਉਹ ਤਿੰਨੇ ਇਕੱਠੇ ਹੁੰਦੇ ਹਨ ਤਾਂ ਬਹੁਤ ਭਾਵੁਕ ਚਿੱਤਰਨ ਸਾਹਮਣੇ ਆਉਂਦਾ ਹੈ। ਕਮਾਲ!!! ਉਹ ਦ੍ਰਿਸ਼ ਯਾਦਾਂ ਵਿਚ ਵੱਸ ਜਾਂਦਾ ਹੈ ਜਦੋਂ ਨੰਦੂ ਪੁਸ਼ਪਾ ਨੂੰ ਆਪਣੇ ਘਰ ਲਿਜਾ ਰਿਹਾ ਹੈ ਅਤੇ ਬੁੱਢੇ ਹੋ ਚੁੱਕੇ ਆਨੰਦ ਬਾਬੂ ਉਨ੍ਹਾਂ ਨੂੰ ਅਸ਼ੀਰਵਾਦ ਦਿੰਦੇ ਹਨ। ਪੁਸ਼ਪਾ ਵੀ ਭਾਵੇਂ ਬੁੱਢੀ ਹੋ ਚੁੱਕੀ ਹੈ ਪਰ ਉਹ ਨੰਦੂ ਨਾਲ ਘਰ ਜਾਣ ਤੋਂ ਪਹਿਲਾਂ ਆਨੰਦ ਬਾਬੂ ਦੇ ਚਰਨ ਛੂੰਹਦੀ ਹੈ। ਉਹ ਦਰਅਸਲ ਅਨੰਦ ਬਾਬੂ ਦੇ ਚਰਨ ਨਹੀਂ ਛੂਹ ਕਰ ਰਹੀ, ਉਹ ਉਸ ਦੇ ਕਿਰਦਾਰ ਦੀ ਮਹਾਨਤਾ ਅੱਗੇ ਸਿਰ ਝੁਕਾ ਰਹੀ ਹੈ ਜਿਸ ਦੀ ਜ਼ਿੰਦਗੀ ਵਿਚ ਉਸ ਦਾ ਆਪਣਾ ਕੋਈ ਨਹੀਂ ਹੈ ਪਰ ਉਹ ਦੂਜਿਆਂ ਨੂੰ ਖੁਸ਼ ਦੇਖ ਕੇ ਖੁਸ਼ ਹੈ।

ਫਿਲਮ ਬਹੁਤ ਸਫਲ ਰਹੀ ਸੀ, ਇਸ ਦੇ ਬਾਵਜੂਦ ਸਫਲ ਰਹੀ ਸੀ ਕਿ ਇਸ ਵਿਚ ਕੋਈ ਹਾਸਰਸ ਕਲਾਕਾਰ ਨਹੀਂ ਸੀ, ਰੋਮਾਂਟਿਕ ਜੋੜੀ ਨਹੀਂ ਸੀ। ਹਾਂ ਸੱਚ, ਫਿਲਮ ਦੀ ਸਫਲਤਾ ਵਿਚ ਇਸ ਦੇ ਸੰਗੀਤ ਦਾ ਬਹੁਤ ਵੱਡਾ ਯੋਗਦਾਨ ਸੀ। ਫਿਲਮ ਵਿਚ ਸੰਗੀਤ ਦਿੱਤਾ ਸੀ ਰਾਹੁਲ ਦੇਵ ਬਰਮਨ ਨੇ; ਫਿਲਮ ਵਿਚ ਉਹਨਾਂ ਦੇ ਪਿਤਾ ਸਚਿਨ ਦੇਵ ਬਰਮਨ ਦੀ ਆਵਾਜ਼ ਵਿਚ ਇੱਕ ਗੀਤ ਵੀ ਸੁਣਨ ਨੂੰ ਮਿਲਦਾ ਹੈ: ਯੇਹ ਕਿਆ ਹੂਆ ਕੈਸੇ ਹੂਆ। ਕੁਛ ਤੋਂ ਲੋਗ ਕਹੇਂਗੇ ਵਰਗੇ ਕਿਸ਼ੋਰ ਕੁਮਾਰ ਦੇ ਉਦਾਸ ਗੀਤ ਅੱਜ ਵੀ ਸੁਣੇ ਜਾਂਦੇ ਹਨ। ਲਤਾ ਮੰਗੇਸ਼ਕਰ ਦੀ ਅਵਾਜ਼ ਵਿਚ ਇਕ ਬਿਹਤਰੀਨ ਗੀਤ ਵੀ ਸੁਣਨ ਨੂੰ ਮਿਲਦਾ ਹੈ- ਬੜਾ ਨਟਖਟ ਹੈ...।

ਇਹ ਆਨੰਦ ਬਖਸ਼ੀ ਦੇ ਗੀਤਕਾਰੀ ਦੇ ਦੌਰ ਵਿਚ ਸਭ ਤੋਂ ਅਹਿਮ ਅਤੇ ਮਕਬੂਲ ਫਿਲਮ ਹੈ, ਗੀਤ ਵੀ ਫਿਲਮ ਨੂੰ ਅੱਗੇ ਤੋਰਦੇ ਨਜ਼ਰ ਆਉਂਦੇ ਹਨ। ਇਹ ਹੁਨਰ ਹੁਣ ਬਹੁਤ ਘਟ ਨਜ਼ਰ ਆਉਂਦਾ ਹੈ। ਓਮ ਪ੍ਰਕਾਸ਼ ਬਹੁਤ ਥੋੜ੍ਹੇ ਸਮੇਂ ਲਈ ਸਕਰੀਨ 'ਤੇ ਨਜ਼ਰ ਆਉਂਦੇ ਹਨ ਪਰ ਥੋੜ੍ਹੇ ਸਮੇਂ ਵਿਚ ਹੀ ਸਭ ਨੂੰ ਆਪਣੇ ਨਾਲ ਜੋੜ ਲੈਂਦੇ ਹਨ। ਗੀਤ 'ਯੇਹ ਕਿਆ ਹੂਆ' ਵਿਚ ਉਹ ਪ੍ਰੇਸ਼ਾਨ ਤੇ ਦੁਖੀ ਆਨੰਦ ਬਾਬੂ ਨਾਲ ਝੂਮਦੇ ਨਜ਼ਰ ਆਉਂਦੇ ਹਨ ਪਰ ਆਨੰਦ ਬਾਬੂ ਜਦੋਂ ਜਾਂਦਾ ਹੈ, ਉਹਨਾਂ ਦੇ ਭਾਵ ਦੇਖਣ ਵਾਲੇ ਹਨ। ਝੂਮਦੇ-ਝੂਮਦੇ ਇਕਦਮ ਉਦਾਸ ਨਜ਼ਰ ਆਉਂਦੇ ਹਨ। ਇਹ ਪੰਜ ਕੁ ਸਕਿੰਟ ਦਾ ਦ੍ਰਿਸ਼ ਹੈ ਪਰ ਬਹੁਤ ਕੁਝ ਕਹਿ ਜਾਂਦਾ ਹੈ।

***ਫਿਲਮ ਦੀ ਕਹਾਣੀ ਸਾਹਿਤਕ ਕਹਾਣੀ 'ਤੇ ਆਧਾਰਿਤ ਸੀ, ਲੇਖਕ ਸਨ ਵਿਭੂਤੀ ਭੂਸ਼ਨ ਬੰਦੋਪਾਧਿਆਇ। ਇਹ ਬੰਗਲਾ ਕਹਾਣੀ ਸੀ 'ਹਿੰਗੋਰ ਕੋਚੋਰੀ' ਜਿਸ ਦਾ ਹਿੰਦੀ ਸਿਰਲੇਖ ਸੀ 'ਹੀਂਗ ਕੀ ਕਚੌਰੀਆਂ'। ਇਸ ਦੇ ਕਿਰਦਾਰ ਆਮ ਨਹੀਂ ਸਨ, ਇਸ ਵਿਚ ਪ੍ਰੇਮ ਕਹਾਣੀ ਸੀ ਪਰ ਰਵਾਇਤ ਤੋਂ ਪਰ੍ਹਾਂ ਸੀ, ਕਹਾਣੀ ਅੰਦਰ ਆਕਰਸ਼ਣ ਸੀ, ਸੁੱਚੀ ਚਮਕ ਸੀ। ਸੋ, ਜਲਦੀ ਹੀ ਇਸ 'ਤੇ ਬੰਗਲਾ ਵਿਚ ਫਿਲਮ ਬਣ ਗਈ-'ਨਿਸ਼ੀ ਪਦਮਾ'। ਇਹ ਅਰਵਿੰਦ ਮੁਖਰਜੀ ਨੇ ਬਣਾਈ ਸੀ ਜਿਹਨਾਂ ਦੀ ਪਟਕਥਾ 'ਤੇ ਬਾਅਦ ਵਿਚ 'ਅਮਰ ਪ੍ਰੇਮ' ਦਾ ਨਿਰਮਾਣ ਹੋਇਆ। ਕਹਾਣੀ ਤਿੰਨ ਕਿਰਦਾਰਾਂ ਦੇ ਆਲੇ-ਦੁਆਲੇ ਘੁੰਮਦੀ ਹੈ: ਪੁਸ਼ਪਾ (ਸ਼ਰਮੀਲਾ ਟੈਗੋਰ), ਆਨੰਦ (ਰਾਜੇਸ਼ ਖੰਨਾ ) ਅਤੇ ਨੰਦੂ (ਬਾਲ ਕਲਾਕਾਰ)। ਤਿੰਨੋਂ ਇੱਕ ਦੂਜੇ ਪ੍ਰਤੀ ਸਨੇਹ ਰੱਖਦੇ ਹਨ। ਦਿਲਚਸਪ ਗੱਲ ਇਹ ਹੈ ਕਿ ਤਿੰਨਾਂ ਦਾ ਆਪਸ ਵਿਚ ਕੋਈ ਅਜਿਹਾ ਰਿਸ਼ਤਾ ਨਹੀਂ ਹੈ ਜਿਸ ਨੂੰ ਕੋਈ ਸਮਾਜਿਕ ਨਾਮ ਦਿੱਤਾ ਜਾ ਸਕੇ। ਪੁਸ਼ਪਾ ਦੇ ਪਤੀ ਨੇ ਦੂਜੀ ਸ਼ਾਦੀ ਕਰ ਲਈ ਤਾਂ ਉਸ ਉਪਰ ਹੁੰਦੇ ਜ਼ੁਲਮ ਹੋਰ ਵਧ ਗਏ। ਅਖੀਰ ਉਹ ਆਪਣੀ ਮਾਂ ਕੋਲ ਆ ਜਾਂਦੀ ਹੈ। ਪਿੰਡ ਵਿਚ ਨੇਪਾਲ ਬਾਬੂ (ਮਦਨ ਪੁਰੀ) ਉਸ ਨੂੰ ਝੂਠ ਬੋਲ ਕੇ ਕਲਕੱਤੇ ਵੇਸਵਾ ਕੋਲ ਵੇਚ ਦਿੰਦਾ ਹੈ। ਹਾਲਾਤ ਹੀ ਇਸ ਤਰ੍ਹਾਂ ਦੇ ਹੋ ਚੁੱਕੇ ਹਨ ਕਿ ਪੁਸ਼ਪਾ ਕੋਲ ਹੋਰ ਕੋਈ ਚਾਰਾ ਨਹੀਂ ਹੈ। ਉਹ ਭਾਵੇਂ ਪ੍ਰਤੀਕੂਲ ਮਾਹੌਲ ਵਿਚ ਰਹਿ ਰਹੀ ਹੈ ਪਰ ਆਤਮਿਕ ਤੌਰ 'ਤੇ ਪਵਿੱਤਰ ਹੈ।***



*ਬੰਗਲਾ ਲੇਖਕ ਵਿਭੂਤੀ ਭੂਸ਼ਨ ਬੰਦੋਪਾਧਿਆਇ।*

# Noblesville

## *Trucks & Trailer Repair Shop*

**15203 Stony Creek Way,**
**Noblesville, IN 46060**



Truck & Trailer Alignment
Truck Oil Change
Truck & Trailer Brakes
Shock and Chambers
Drive Lines & AC Work
Tire Chnage, Repair, And Balance
Reefer Oil Change * DPF Work
Nox Sensor
Truck & Trailer Bushings
Air Compressor * Air Dryer
Radiator Change

Sam Bhullar: 317-995-2020
Gurbaksh S Randhawa
Call: 317-800-2976

# Reliable

## *Trucks & Trailer Repair Shop*

**7401 Brookville Road**
**Indianapolis, IN 46239**



Truck & Trailer Alignment
Truck Oil Change
Truck & Trailer Brakes
Shock and Chambers
Drive Lines & AC Work
Tire Chnage, Repair, And Balance
Reefer Oil Change * DPF Work
Nox Sensor
Truck & Trailer Bushings
Air Compressor * Air Dryer
Radiator Change

Gurbaksh S Randhawa:
317-800-2976
Sam Bhullar: 317-995-2020

# Reliable



## *Semi Trucks & Trailer Repair Shop*

**5520S Harding St., Suite : C,**
**Indianapolis, IN 46217**

Truck & Trailer Alignment
Truck Oil Change
Truck & Trailer Brakes
Shock and Chambers
Drive Lines & AC Work
Tire Chnage, Repair, And Balance
Reefer Oil Change * DPF Work
Nox Sensor
Truck & Trailer Bushings
Air Compressor * Air Dryer
Radiator Change

Jasbir Singh: 317-702-6302
Gurbaksh S Randhawa:
317-800-2976

# TRUCK PARTS KING USA

**Heavy duty Trucks & Trailer Parts**

## 7401 Brookville Road
## Indianapolis, IN 46239

**We will sell Trucks & Trailers tires as well.**

*COMING SOON...*

Gurbaksh S Randhawa
Call: 317-800-2976
Sam Bhullar: 317-995-2020